We are Hiring

EVEREST TRANSPORT INC

Company Drivers

For team 60 cents per mile+Safety Bonus.
For Single Driver Run 52 cents per mile.
Call, Goldy Ph: 260-797-1122

ਖੁਸ਼ਖਬਰੀ ! ਖੁਸ਼ਖਬਰੀ ! ਖੁਸ਼ਖਬਰੀ !
ਖੁੱਲ੍ਹ ਗਿਆ ਹੈ ! ਨਵਾਂ ਗਰੌਸਰੀ ਸਟੋਰ
Big Bazaar Indian Grocery & Sweets
5425 E. Thompson Rd. Indianapolis IN 46237
(South side of Indianapolis close to I-465 Exit 52)
ਗੁਰੂ ਘਰ ਅਤੇ ਧਾਰਮਕ ਪ੍ਰੋਗਰਾਮਾਂ ਤੇ ਗੁਰੂ ਘਰ ਦੇ ਪਾਠੀ ਸਿੰਘਾਂ ਲਈ ਵਿਸ਼ੇਸ਼ 10% ਛੋਟ
Ph: 317-640-2400

BUYING OR SELLING A HOME IN MICHIGAN
734-330-7933
734-459-1010
gary@soldbysingh.com
soldbysingh.com
RE/MAX CLASSIC
7 Offices to better Serve YOU!
Plymouth • Novi • Canton • Farmington Hills
Milford • Commerce Twp • Bloomfield Hills
Gurjeet Singh (Realtor)



Twentieth Year of Publication ਕੈਲੀਫੋਰਨੀਆ ਐਡੀਸ਼ਨ Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 20, Issue 9, March 2, 2019 20451 N. Plum Grove Rd., Palatine, IL 60074 Ph:847-359-0746, Fax:847-705-9388


# ਭਾਰਤੀ ਫੌਜ ਨੇ ਪਾਕਿਸਤਾਨ ਅੰਦਰ ਕੀਤੀ ਮਾਰ

## ਦਹਿਸ਼ਤੀ ਕੈਂਪ ਉਡਾਉਣ ਅਤੇ ਪੁਲਵਾਮਾ ਹਮਲੇ ਦਾ ਬਦਲਾ ਲੈਣ ਦਾ ਦਾਅਵਾ

**ਨਵੀਂ ਦਿੱਲੀ:** ਭਾਰਤ ਨੇ ਪਾਕਿਸਤਾਨ ਸਰਹੱਦ ਉਲੰਘ ਕੇ ਕੀਤੇ ਹਵਾਈ ਹਮਲੇ ਵਿਚ 350 ਅਤਿਵਾਦੀਆਂ ਨੂੰ ਮਾਰਨ ਦਾ ਦਾਅਵਾ ਕੀਤਾ ਹੈ। ਭਾਰਤ ਨੇ ਇਹ ਕਾਰਵਾਈ ਪੁਲਵਾਮਾ ਵਿਚ 14 ਫਰਵਰੀ ਨੂੰ ਅਤਿਵਾਦੀਆਂ ਵਲੋਂ ਸੀ.ਆਰ.ਪੀ.ਐਫ. ਦੇ ਕਾਫਲੇ ਉਤੇ ਹਮਲਾ ਕਰਕੇ 42 ਜਵਾਨਾਂ ਦੀ ਹੱਤਿਆ ਦੇ ਬਦਲੇ ਵਜੋਂ ਕੀਤੀ ਹੈ। ਇਸ ਹਮਲੇ ਪਿੱਛੋਂ ਦੋਵੇਂ ਮੁਲਕ ਇਕ ਦੂਜੇ ਦੇ ਖੁੱਲ੍ਹ ਕੇ ਆਹਮੋ-ਸਾਹਮਣੇ ਹਨ। ਭਾਰਤੀ ਫੌਜ ਨੇ ਪਾਕਿਸਤਾਨ ਦੇ 88 ਕਿਲੋਮੀਟਰ ਅੰਦਰ ਜਾ ਕੇ ਹਮਲਾ ਕੀਤਾ। ਹਮਲੇ ਵਿਚ 12 ਮਿਰਾਜ-2000 ਜਹਾਜ਼ਾਂ ਦੀ ਵਰਤੋਂ ਕੀਤੀ ਗਈ।

ਜਾਣਕਾਰੀ ਅਨੁਸਾਰ, ਇਸ ਹਮਲੇ ਦੀ ਰਣਨੀਤੀ 18 ਫਰਵਰੀ ਨੂੰ ਹੀ ਬਣ ਗਈ ਸੀ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਫੌਜ ਨੂੰ ਕੋਈ ਵੀ ਕਾਰਵਾਈ ਕਰਨ ਲਈ ਖੁੱਲ੍ਹੀ ਛੁੱਟੀ ਦੇ ਦਿੱਤੀ ਸੀ। ਭਾਰਤੀ ਫੌਜ ਉਤੇ ਹਮਲੇ ਤੋਂ ਤੁਰੰਤ ਬਾਅਦ ਮੋਦੀ ਸਰਕਾਰ ਨੇ ਇਸ ਲਈ ਪਾਕਿਸਤਾਨ ਨੂੰ ਦੋਸ਼ੀ ਠਹਿਰਾ ਦਿੱਤਾ ਸੀ; ਹਾਲਾਂਕਿ ਪਾਕਿਸਤਾਨ ਨੇ ਇਹ ਦੋਸ਼ ਮੁੱਢੋਂ ਰੱਦ ਕਰਦਿਆਂ ਸਬੂਤ ਦੇਣ ਦੀ ਗੱਲ ਆਖੀ ਸੀ। ਇਥੋਂ ਤੱਕ ਕਿ ਕਈ ਭਾਰਤੀ ਸਿਆਸਤਦਾਨਾਂ ਨੇ ਵੀ ਕਿਸੇ ਦੇਸ਼ ਨੂੰ ਧਰਮ ਜਾਂ ਜਾਤ ਦੇ ਨਾਮ ਉਤੇ ਅਤਿਵਾਦ ਨਾਲ ਜੋੜਨ ਉਤੇ ਇਤਰਾਜ਼ ਕੀਤਾ ਸੀ। ਇਨ੍ਹਾਂ ਵਿਚ ਪੰਜਾਬ ਦੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਅਤੇ ਪੰਜਾਬ ਏਕਤਾ ਪਾਰਟੀ ਦੇ ਮੁਖੀ ਸੁਖਪਾਲ ਸਿੰਘ ਖਹਿਰਾ ਵੀ ਸ਼ਾਮਲ ਸਨ ਪਰ ਅਜਿਹੇ ਆਗੂਆਂ ਨੂੰ ਦੇਸ਼ਧ੍ਰੋਹੀ ਕਹਿ ਕੇ ਇਨ੍ਹਾਂ ਦੀ ਆਲੋਚਨਾ ਕੀਤੀ ਗਈ।

ਦਰਅਸਲ, ਸਿਆਸੀ ਲਿਹਾਜ਼ ਤੋਂ ਮੋਦੀ ਸਰਕਾਰ ਨੂੰ ਇਹ ਕਾਰਵਾਈ ਕਰਨੀ ਹੀ ਪੈਣੀ ਸੀ। ਪਾਕਿਸਤਾਨ ਵਿਚ ਇਮਰਾਨ ਖਾਨ ਸਰਕਾਰ ਬਣੀ ਅਤੇ ਕਰਤਾਰਪੁਰ ਲਾਂਘੇ ਦੇ ਰੂਪ ਵਿਚ ਭਾਰਤੀਆਂ (ਸਿੱਖਾਂ) ਨੂੰ ਵੱਡਾ ਤੋਹਫਾ ਦਿੱਤਾ। ਇਸ ਤੋਂ ਬਾਅਦ ਪਾਕਿਸਤਾਨ ਵਾਲੇ ਪਾਸੇ ਜਿਸ ਤਰ੍ਹਾਂ ਜੰਗੀ ਪੱਧਰ ਉਤੇ ਕੰਮ ਹੋਇਆ, ਇਮਰਾਨ ਖਾਨ ਦੀ ਚਾਰੇ ਪਾਸੇ ਵਾਹ-ਵਾਹ ਹੋਈ। ਲੋਕ ਸਭਾ ਚੋਣਾਂ ਨੇੜੇ ਵੇਖ ਭਾਜਪਾ ਨੂੰ ਆਪਣੀ ਦੇਸ਼ ਭਗਤੀ ਦੀ ਮਿਸਾਲ ਦੇਣੀ ਹੀ ਪੈਣੀ ਸੀ। ਦਰਅਸਲ, ਭਾਜਪਾ 2014 ਵਿਚ ਸੱਤਾ ਸਾਂਭਣ ਤੋਂ ਲੈ ਕੇ ਵਿਕਾਸ ਦੇ ਨਾਅਰੇ ਨੂੰ ਅੱਗੇ ਰੱਖ ਮੈਦਾਨ ਵਿਚ ਉਤਰਦੀ ਰਹੀ ਸੀ ਪਰ ਜ਼ਿਮਨੀ ਚੋਣਾਂ ਵਿਚ ਲਗਾਤਾਰ ਹਾਰ ਤੋਂ ਬਾਅਦ ਵਿਕਾਸ ਦੀ ਥਾਂ ਦੇਸ਼ ਭਗਤੀ ਨੂੰ ਅੱਗੇ ਕਰਨਾ ਪਿਆ। ਉਤਰ ਪ੍ਰਦੇਸ਼ ਵਿਧਾਨ ਸਭਾ ਚੋਣਾਂ ਵਿਚ ਵੀ ਭਾਜਪਾ ਨੇ ਕਈ ਵੱਡੇ ਕਾਂਗਰਸੀ ਆਗੂਆਂ ਦੀਆਂ ਪਾਕਿਸਤਾਨੀ ਸਿਆਸੀ ਆਗੂਆਂ ਨਾਲ ਫੋਟੋਆਂ ਵਿਖਾ ਕੇ ਆਪਣੇ ਆਪ ਨੂੰ ਸੱਚੇ ਦੇਸ਼ ਭਗਤ ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਸੀ ਤੇ ਇਹ ਰਣਨੀਤੀ ਸਫਲ ਵੀ ਰਹੀ। ਹੁਣ ਪਾਕਿਸਤਾਨ ਖਿਲਾਫ ਕਾਰਵਾਈ ਪਿਛੋਂ ਫਿਰ ਹਰ ਪਾਸੇ 'ਜੈ ਜੈ ਮੋਦੀ' ਹੋਣੀ ਸ਼ੁਰੂ ਹੋ ਗਈ ਹੈ। ਇਥੋਂ ਤੱਕ ਹੀ ਵਿਰੋਧੀ ਧਿਰਾਂ ਵੀ ਭਾਜਪਾ ਸਰਕਾਰ ਦੀ ਇਸ ਕਾਰਵਾਈ ਦੇ ਹੱਕ ਵਿਚ ਖੜ੍ਹਨ ਲਈ ਮਜਬੂਰ ਹਨ।

ਇਸ ਨੂੰ ਮੋਦੀ ਦੀ ਦਲੇਰ ਕਾਰਵਾਈ ਵਜੋਂ ਪ੍ਰਚਾਰਿਆ ਜਾ ਰਿਹਾ ਹੈ। ਭਾਰਤੀ ਫੌਜ ਨੇ ਪਾਕਿਸਤਾਨ ਦੇ 88 ਕਿਲੋਮੀਟਰ ਅੰਦਰ ਜਾ ਕੇ ਹਮਲਾ ਕੀਤਾ ਤੇ 350 ਅਤਿਵਾਦੀ ਮਾਰਨ ਦਾ

(ਬਾਕੀ ਸਫਾ 6 ਉਤੇ)



### ਸਰਹੱਦੀ ਪਿੰਡਾਂ ਵਿਚ ਫਿਕਰਮੰਦੀ

ਭਾਰਤੀ ਹਵਾਈ ਸੈਨਾ ਵਲੋਂ ਪਾਕਿਸਤਾਨ ਦੇ ਬਾਲਾਕੋਟ ਸਥਿਤ ਦਹਿਸ਼ਤੀ ਕੈਂਪ 'ਤੇ ਕੀਤੇ ਗਏ ਹਮਲੇ ਮਗਰੋਂ ਫਾਜ਼ਿਲਕਾ-ਫਿਰੋਜ਼ਪੁਰ ਦੇ ਸਰਹੱਦੀ ਪਿੰਡਾਂ ਦੇ ਲੋਕਾਂ 'ਚ ਫ਼ਿਕਰਮੰਦੀ ਦਾ ਮਾਹੌਲ ਹੈ। ਹਮਲੇ ਤੋਂ ਬਾਅਦ ਕਿਸਾਨਾਂ ਨੇ ਸਰਹੱਦੀ ਪਿੰਡਾਂ 'ਚੋਂ ਖੇਤੀ ਮਸ਼ੀਨਰੀ ਅਤੇ ਖੇਤੀ ਸੰਦਾਂ ਨੂੰ ਕੱਢਣਾ ਸ਼ੁਰੂ ਕਰ ਦਿੱਤਾ ਹੈ। ਲੋਕਾਂ ਨੇ ਡਰੰਮਾਂ 'ਚੋਂ ਕਣਕ ਕੱਢ ਕੇ ਬੋਰੀਆਂ ਭਰ ਲਈਆਂ ਹਨ। ਪੁਲਿਸ ਤੇ ਫੌਜ ਨੇ ਮੁੱਖ ਸਰਹੱਦੀ ਸੜਕਾਂ 'ਤੇ ਸਾਂਝੇ ਨਾਕੇ ਲਾਏ ਹਨ ਤੇ ਫਿਰੋਜ਼ਪੁਰ-ਫਾਜ਼ਿਲਕਾ ਮਾਰਗ 'ਤੇ ਚੈਕਿੰਗ ਵਧ ਗਈ ਹੈ। ਭਾਰਤ-ਪਾਕਿ ਸਰਹੱਦ ਤੇ ਜੰਮੂ ਕਸ਼ਮੀਰ ਨਾਲ ਲੱਗਦੇ ਪਠਾਨਕੋਟ ਦੇ ਸਰਹੱਦੀ ਇਲਾਕਿਆਂ ਵਿਚ ਅਲਰਟ ਜਾਰੀ ਕਰ ਦਿੱਤਾ ਗਿਆ ਹੈ। ਬਾਮਿਆਲ ਦੇ ਸਰਹੱਦੀ ਇਲਾਕਿਆਂ ਵਿਚ ਪੁਲਿਸ ਨਾਕਿਆਂ 'ਤੇ ਵੀ ਪੁਲਿਸ ਚੌਕਸੀ ਵਧਾ ਦਿਤੀ ਗਈ ਹੈ। ਇਸ ਦੇ ਇਲਾਵਾ ਹਰ ਨਾਕੇ 'ਤੇ ਭਾਰਤੀ ਫੌਜ ਦੀ ਜਵਾਨ ਤਾਇਨਾਤ ਕਰ ਦਿੱਤੇ ਗਏ ਹਨ।

# ਬਹਿਬਲ ਕਾਂਡ: ਪੁਲਿਸ ਦੀ ਬੁਰਛਾਗਰਦੀ ਦੀਆਂ ਪਰਤਾਂ ਖੁੱਲ੍ਹੀਆਂ

**ਫਰੀਦਕੋਟ:** ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਰੋਸ ਵਜੋਂ ਸ਼ਾਂਤਮਈ ਧਰਨਾ ਦੇ ਰਹੀ ਸਿੱਖ ਸੰਗਤ ਉਤੇ ਗੋਲੀਆਂ ਚਲਾ ਕੇ ਦੋ ਸਿੱਖ ਨੌਜਵਾਨਾਂ ਦੀ ਹੱਤਿਆ ਮਾਮਲੇ ਦੀਆਂ ਪਰਤਾਂ ਖੁੱਲ੍ਹਣ ਲੱਗੀਆਂ ਹਨ। ਕੈਪਟਨ ਸਰਕਾਰ ਵੱਲੋਂ ਬਣਾਈ ਗਈ ਵਿਸ਼ੇਸ਼ ਜਾਂਚ ਟੀਮ (ਸਿੱਟ) ਨੇ ਦਾਅਵਾ ਕੀਤਾ ਹੈ ਕਿ ਪੁਲਿਸ ਨੇ ਆਪਣਾ ਗੁਨਾਹ ਛੁਪਾਉਣ ਲਈ ਆਪਣੇ ਹੀ ਵਾਹਨਾਂ ਉਤੇ ਆਪ ਗੋਲੀਆਂ ਚਲਾਈਆਂ।

ਇਸ ਤੋਂ ਇਲਾਵਾ ਸਿੱਟ ਨੇ ਫ਼ਰੀਦਕੋਟ ਦੇ ਜੁਡੀਸ਼ਲ ਮੈਜਿਸਟਰੇਟ ਮੂਹਰੇ ਭੇਤ ਖੋਲ੍ਹਿਆ ਕਿ ਸ਼ਾਂਤੀਪੂਰਵਕ ਧਰਨਾ ਦੇ ਰਹੇ ਪ੍ਰਦਰਸ਼ਨਕਾਰੀਆਂ 'ਤੇ ਬਿਨਾਂ ਭੜਕਾਹਟ ਦੇ ਗੋਲੀ ਚਲਾਉਣ ਦੀ ਘਟਨਾ ਨੂੰ ਛਿਪਾਉਣ ਲਈ ਮੁਲਜ਼ਮ ਪੁਲਿਸ ਅਧਿਕਾਰੀਆਂ ਦੇ ਇਸ਼ਾਰੇ 'ਤੇ ਸੀ.ਸੀ.ਟੀ.ਵੀ. ਫੁਟੇਜ ਨੂੰ ਨੁਕਸਾਨ ਪਹੁੰਚਾਇਆ ਗਿਆ। ਕੋਟਕਪੂਰਾ ਦੇ ਮੁੱਖ ਚੌਕ 'ਚ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ 'ਚ 14 ਅਕਤੂਬਰ 2015 ਨੂੰ ਵਾਪਰੀ ਗੋਲੀਬਾਰੀ ਦੀ ਘਟਨਾ ਕੈਦ ਹੋ ਗਈ ਸੀ।

ਸਿੱਟ ਨੇ ਅਦਾਲਤ 'ਚ ਕੁਝ ਵੀਡੀਓ ਕਲਿੱਪਾਂ ਚਲਾਈਆਂ ਜਿਨ੍ਹਾਂ 'ਚ ਦਾਅਵਾ ਕੀਤਾ ਗਿਆ ਕਿ ਪੁਲਿਸ ਨੇ ਪ੍ਰਦਰਸ਼ਨਕਾਰੀਆਂ 'ਤੇ ਜ਼ੁਲਮ ਢਾਹਿਆ। ਸਿੱਟ ਨੇ ਬਹਿਬਲ ਕਾਂਡ ਵਿਚ ਪੁਲਿਸ ਵੱਲੋਂ ਵਰਤੇ ਗਏ ਨਿੱਜੀ ਹਥਿਆਰ ਦੀ ਵੀ ਸ਼ਨਾਖਤ ਕਰ ਲਈ ਹੈ। ਪੁਲਿਸ ਨੇ ਸਿੱਖ ਸੰਗਤ ਉਪਰ ਗੋਲੀਆਂ ਚਲਾਉਣ ਤੋਂ ਬਾਅਦ ਸਵੈ-ਰੱਖਿਆ ਲਈ ਆਪਣੀਆਂ ਹੀ ਜਿਪਸੀਆਂ ਉਪਰ ਗੋਲੀਆਂ ਚਲਾ

(ਬਾਕੀ ਸਫਾ 6 ਉਤੇ)


India Palace Restaurant
And Banquet Hall
Restaurant-Fine Indian Cuisine
4213 Lafayette Road, Indianapolis, IN
(Ph:317-298-0773)
Banquet Hall Available Up to 550 People
Amber Indian Restaurant
Restaurant-Fine Indian Cuisine
12510 N. Meridian St., Carmel, IN
Ph: 317-580-0828
We do private party's & catering at your home or business.
Call, Lakhvir S. Johal
Ph: 317-709-7800
www.indianpalaceindy.com
www.AmberIndianRestaurantCarmel.com

BEST FARE GUARANTEE
WorldWide Travel
866 66 INDIA
46342
734 838 9998
24 ਘੰਟੇ ਐਮਰਜੈਂਸੀ ਸੇਵਾ
Please call our office for more details on latest fares

Buying/Selling
in Michigan
All types of Residential & Commercial properties. Gas Stations, Liquor Stores, Hotels, Plazas, Truck Terminals etc.
All types of loans.
Raj Shergill
Associate Broker
Landmark Realty
40600 Ann Arbor Rd., Suite# 150, Plymouth, MI 48170
Call: 734-751-4455
rajsshergill@yahoo.com

# ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ

**ਫਿਸ਼ਰਜ਼, ਇੰਡੀਆਨਾ (ਬਿਊਰੋ):** ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ ਇੰਡੀਆਨਾ ਦੀਆਂ ਸੰਗਤਾਂ ਨੇ ਇਥੇ ਗੁਰਦੁਆਰਾ ਗੁਰੂ ਨਾਨਕ ਦਰਬਾਰ ਵਿਖੇ ਸ਼ਰਧਾ ਭਾਵਨਾ ਅਤੇ ਉਤਸ਼ਾਹ ਨਾਲ ਮਨਾਇਆ। ਇਸ ਮੌਕੇ ਰਾਗੀ ਜਥੇ ਨੇ ਗੁਰੂ ਰਵਿਦਾਸ ਜੀ ਦੀ ਬਾਣੀ ਦਾ ਮਨੋਹਰ ਕੀਰਤਨ ਕਰ ਕੇ ਸੰਗਤਾਂ ਨੂੰ ਨਿਹਾਲ ਕੀਤਾ। ਬੁਲਾਰਿਆਂ ਨੇ ਗੁਰੂ ਰਵਿਦਾਸ ਜੀ ਦੇ ਜੀਵਨ ਅਤੇ ਉਨ੍ਹਾਂ ਦੀ ਰਚੀ ਬਾਣੀ ਬਾਰੇ ਵਿਚਾਰਾਂ ਦੀ ਸੰਗਤਾਂ ਨਾਲ ਸਾਂਝ ਪਾਈ ਅਤੇ ਕਿਹਾ ਕਿ ਗੁਰੂ ਰਵਿਦਾਸ ਜੀ ਨੇ ਜਾਤ-ਪਾਤ ਤੇ ਊਚ-ਨੀਚ ਦੇ ਭਿੰਨ ਭੇਦ ਤੋਂ ਉਪਰ ਉਠਣ ਅਤੇ ਮਨੁੱਖੀ ਬਰਾਬਰੀ ਦੇ ਅਸੂਲਾਂ 'ਤੇ ਪਹਿਰਾ ਦਿੱਤਾ। ਅੱਜ ਸਾਨੂੰ ਉਨ੍ਹਾਂ ਦੇ ਦੱਸੇ ਰਾਹ ਉਤੇ ਹੋਰ ਵੀ ਦ੍ਰਿੜਤਾ ਨਾਲ ਚੱਲਣ ਦੀ ਲੋੜ ਹੈ। ਇਸ ਮੌਕੇ ਸੰਗਤਾਂ ਨੇ ਗੁਰੂ ਕਾ ਲੰਗਰ ਪੂਰੀ ਸ਼ਰਧਾ ਨਾਲ ਤਿਆਰ ਕੀਤਾ ਜੋ ਸੰਗਤਾਂ ਵਿਚ ਅਤੁੱਟ ਵਰਤਿਆ।







## ਸੀ. ਬੀ. ਆਈ. ਵੱਲੋਂ ਚੰਦਾ ਕੋਛੜ ਖਿਲਾਫ ਲੁੱਕਆਊਟ ਨੋਟਿਸ

**ਨਵੀਂ ਦਿੱਲੀ:** ਸੀ.ਬੀ.ਆਈ. ਨੇ ਆਈ.ਸੀ.ਆਈ.ਸੀ.ਆਈ. ਬੈਂਕ ਦੀ ਸਾਬਕਾ ਸੀ. ਈ. ਓ. ਚੰਦਾ ਕੋਛੜ, ਉਸ ਦੇ ਪਤੀ ਦੀਪਕ ਅਤੇ ਵੀਡੀਓਕੌਨ ਗਰੁੱਪ ਦੇ ਐਮ.ਡੀ. ਵੇਣੂਗੋਪਾਲ ਧੂਤ ਖਿਲਾਫ ਲੁੱਕਆਊਟ ਨੋਟਿਸ ਜਾਰੀ ਕੀਤੇ ਹਨ। ਚੰਦਾ ਕੋਛੜ, ਦੀਪਕ ਤੇ ਧੂਤ ਖਿਲਾਫ ਕੇਸ ਦਰਜ ਕਰਨ ਮਗਰੋਂ ਇਹ ਕਾਰਵਾਈ ਕੀਤੀ ਗਈ ਹੈ।

ਅਧਿਕਾਰੀਆਂ ਮੁਤਾਬਕ ਵੀਡੀਓਕੌਨ ਗਰੁੱਪ ਨੂੰ 1875 ਕਰੋੜ ਰੁਪਏ ਦਾ ਕਰਜ਼ਾ ਦੇਣ 'ਚ ਹੋਏ ਘੋਟਾਲੇ 'ਚ ਮੁਲਜ਼ਮਾਂ ਨੂੰ ਵਿਦੇਸ਼ ਭੱਜਣ ਤੋਂ ਰੋਕਣ ਦਾ ਇਹ ਉਪਰਾਲਾ ਹੈ। ਲੁੱਕਆਊਟ ਨੋਟਿਸ ਤਹਿਤ ਇਮੀਗਰੇਸ਼ਨ ਅਧਿਕਾਰੀਆਂ ਨੂੰ ਜਾਣਕਾਰੀ ਦੇ ਦਿੱਤੀ ਜਾਂਦੀ ਹੈ ਕਿ ਜੇਕਰ ਸਬੰਧਤ ਮੁਲਜ਼ਮ ਵਿਦੇਸ਼ ਭੱਜਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਹ ਜਾਂਚ ਏਜੰਸੀ ਨੂੰ ਇਸ ਦੀ ਇਤਲਾਹ ਦਿੱਤੀ ਜਾਵੇ।

## ਮਮਤਾ ਦਾ ਪੰਜਾਬ ਦੌਰਾ ਮੁਲਤਵੀ

**ਚੰਡੀਗੜ੍ਹ:** ਪੱਛਮੀ ਬੰਗਾਲ ਦੀ ਮੁੱਖ ਮੰਤਰੀ ਤੇ ਟੀ.ਐਮ.ਸੀ ਦੀ ਸੁਪਰੀਮੋ ਮਮਤਾ ਬੈਨਰਜੀ ਦਾ ਪੰਜਾਬ ਦੌਰਾ ਮੁਲਤਵੀ ਹੋ ਗਿਆ ਹੈ। ਉਹ 26 ਫਰਵਰੀ ਨੂੰ ਆਉਂਦੀਆਂ ਲੋਕ ਸਭਾ ਚੋਣਾਂ 'ਚ ਭਾਜਪਾ ਨੂੰ ਹਰਾਉਣ ਲਈ ਗੈਰ ਭਾਜਪਾ ਪਾਰਟੀਆਂ ਦੇ ਪ੍ਰਤੀਨਿਧੀਆਂ ਦੀ ਮੀਟਿੰਗ 'ਚ ਸ਼ਾਮਲ ਹੋਣ ਲਈ ਮੁਹਾਲੀ ਆਉਣ ਵਾਲੀ ਸੀ।

# ਗੁਰੂ ਹਰਿ ਰਾਏ ਜੀ ਦਾ ਪ੍ਰਕਾਸ਼ ਪੁਰਬ ਮਨਾਇਆ

**ਸਿਨਸਿਨੈਟੀ, ਓਹਾਇਓ (ਬਿਊਰੋ):** ਸਥਾਨਕ ਗੁਰਦੁਆਰਾ ਨਾਨਕ ਸੁਸਾਇਟੀ ਦੀਆਂ ਸੰਗਤਾਂ ਨੇ ਪਿਛਲੇ ਦਿਨੀਂ ਸੱਤਵੀਂ ਪਾਤਸ਼ਾਹੀ ਗੁਰੂ ਹਰਿ ਰਾਏ ਸਾਹਿਬ ਦਾ ਪ੍ਰਕਾਸ਼ ਦਿਹਾੜਾ ਸ਼ਰਧਾ ਭਾਵਨਾ ਨਾਲ ਮਨਾਇਆ। ਅਖੰਡ ਪਾਠ ਦੇ ਭੋਗ ਉਪਰੰਤ ਗੁਰੂ ਘਰ ਦੇ ਵਜ਼ੀਰ ਨੇ ਗੁਰੂ ਹਰਿ ਰਾਏ ਸਾਹਿਬ ਦੇ ਜੀਵਨ ਬਾਰੇ ਸੰਖੇਪ ਜਾਣਕਾਰੀ ਦਿੱਤੀ। ਸਮਾਪਤੀ ਅਰਦਾਸ ਵੇਲੇ ਜੰਮੂ-ਕਸ਼ਮੀਰ ਵਿਚ ਸ਼ਹੀਦ ਹੋਏ ਸੈਨਿਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਪ੍ਰਤੀ ਗੁਰੂ ਮਹਾਰਾਜ ਅੱਗੇ ਅਰਦਾਸ ਵੀ ਕੀਤੀ ਗਈ।


ਤੰਦੂਰੀਏ, ਹੈਲਪਰ, ਡਿਸ਼ ਵਾਸ਼ਰ ਤੇ ਵੇਟਰ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ ਵਿਚ ਭਾਰਤੀ ਰੈਸਟੋਰੈਂਟ 'ਢਾਬਾ' ਲਈ ਤੰਦੂਰੀਏ, ਹੈਲਪਰ, ਡਿਸ਼ ਵਾਸ਼ਰ ਅਤੇ ਵੇਟਰ ਦੀ ਲੋੜ ਹੈ।
ਮੁਫਤ ਖਾਣਾ ਤੇ ਹੋਰ ਸਹੂਲਤਾਂ
ਸੰਪਰਕ ਕਰੋ: ਮਿਸਟਰ ਸਿੰਘ
ਫੋਨ: 608-886-2500
6-9



Singh Tax & Accounting Services LLC.

Individual & Business Taxes, Accounting, Payroll & Financial Consulting Services.

Please contact us to File Individual, Partnership, Corporation and Modified Tax Returns, Consultation for tax matters. Notary Public Services & response to IRS Tax matters services.

ਪੰਜਾਬੀ ਤੋਂ ਅੰਗਰੇਜ਼ੀ 'ਚ ਟਰਾਂਸਲੇਟ ਕਰਨ ਲਈ ਸੰਪਰਕ ਕਰੋ

Ph: 248-982-2036



Mohan Singh
M.COM, MBA (Finance), ACA
Master in Taxation.
IRS Enrolled agent,
Notary Public

Office Locations
Michigan:
38565 Joy Rd, Westland, MI 48185
Minnesota:
6043 Hudson Rd, Suite#399A
Woodbury, Minnesota 55125

Email : jhand_mohan@yahoo.com; www.SinghTaxServices.com



ਸਮੂਹ ਸਿੱਖ ਜਗਤ ਨੂੰ ਸਿੱਖਾਂ ਦੇ ਨਵੇਂ 551ਵੇਂ ਸਾਲ ਦੀ

ਲੱਖ ਲੱਖ ਵਧਾਈ

1999 ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪ੍ਰਵਾਣਿਤ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ 551ਵਾਂ ਨਵਾਂ ਸਾਲ ਪਹਿਲੀ ਚੇਤਰ, ਦਿਨ ਵੀਰਵਾਰ (14 ਮਾਰਚ 2019) ਨੂੰ ਆ ਰਿਹਾ ਹੈ। ਇਸੇ ਦਿਨ ਸੱਤਵੇਂ ਗੁਰੂ ਹਰਿ ਰਾਏ ਸਾਹਿਬ ਨੂੰ ਗੁਰਗੱਦੀ ਪ੍ਰਾਪਤੀ ਹੋਈ ਸੀ। ਇਸੇ ਨੂੰ ਮੁੱਖ ਰੱਖਦਿਆਂ ਦੁਨੀਆਂ ਭਰ ਵਿਚ ਸਿੱਖ ਇਨਵਾਇਰਮੈਂਟ ਡੇ ਮਨਾਇਆ ਜਾਂਦਾ ਹੈ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਇਸ ਮਹੱਤਤਾ ਨੂੰ ਮੁੱਖ ਰੱਖਦਿਆਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਲਾ ਮਹੱਲਾ ਸ਼ੁਰੂ ਕੀਤਾ ਸੀ।

ਗੁਰਦੁਆਰਾ ਪੈਲਾਟਾਈਨ ਵਿਖੇ ਨਵੇਂ ਸਾਲ ਸਬੰਧੀ ਸਮਾਗਮ 14 ਮਾਰਚ 2019, ਵੀਰਵਾਰ ਸ਼ਾਮ 6 ਤੋਂ 8:30 ਵਜੇ ਤੱਕ ਅਤੇ ਐਤਵਾਰ, 17 ਮਾਰਚ ਨੂੰ ਸਵੇਰੇ 9 ਵਜੇ ਤੋਂ ਦੁਪਹਿਰ ਇਕ ਵਜੇ ਤੱਕ ਵਿਸ਼ੇਸ਼ ਦੀਵਾਨ ਸਜਣਗੇ

ਬੇਨਤੀ ਕਰਤਾ: ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀ

SIKH Religious Society
PALATINE GURDWARA

Sikh Religious Society
1280 Winnetka St., Palatine IL 60067 Phone: (847) 358-1117
www.srschicago.org e-mail:contactus@srschicago.org

# ਹੰਗਾਮਿਆਂ ਭਰਿਆ ਰਿਹਾ ਪੰਜਾਬ ਵਿਧਾਨ ਸਭਾ ਦਾ ਬਜਟ ਇਜਲਾਸ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦਾ ਬਜਟ ਸਮਾਗਮ ਭਾਰੀ ਹੰਗਾਮਿਆਂ ਭਰਿਆ ਰਿਹਾ। ਸਦਨ ਵੱਲੋਂ ਆਉਂਦੇ ਵਿੱਤੀ ਸਾਲ ਲਈ ਖਜਾਨਾ ਬਿੱਲ ਅਤੇ ਅਨੁਪੂਰਕ ਮੰਗਾਂ ਨੂੰ ਪ੍ਰਵਾਨਗੀ ਦੇਣ ਤੋਂ ਇਲਾਵਾ 5 ਬਿੱਲਾਂ ਨੂੰ ਵੀ ਹਰੀ ਝੰਡੀ ਦਿੱਤੀ ਗਈ, ਕਿ ਸਰਕਾਰ ਨੂੰ ਛੱਡਣ ਤੋਂ ਇਕ ਦਿਨ ਪਹਿਲਾਂ ਅਨਾਜ ਖਰੀਦ ਲਿਮਟ ਦੇ ਵਿਵਾਦਿਤ 31 ਹਜ਼ਾਰ ਕਰੋੜ ਰੁਪਏ ਨੂੰ ਕਾਹਲੀ ਵਿਚ ਬੈਂਕ ਲੋਨ ਵਿਚ ਤਬਦੀਲ ਕਰ ਦਿੱਤਾ ਗਿਆ, ਜਿਸ ਕਾਰਨ ਪੰਜਾਬ ਦੇ ਖਜ਼ਾਨੇ 'ਤੇ ਇਹ ਵਾਧੂ ਭਾਰ ਪੈਣ ਕਾਰਨ ਸੂਬੇ



ਜਦੋਂਕਿ ਸਦਨ ਵਿਚ ਪਹਿਲੀ ਵਾਰ ਚਚੇਰੇ ਭਰਾਵਾਂ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਅਤੇ ਸੁਖਬੀਰ ਸਿੰਘ ਬਾਦਲ ਦਰਮਿਆਨ ਤਿੱਖੀ ਝੜਪ ਹੋਈ ਜਿਸ ਕਾਰਨ ਮਾਹੌਲ ਇੰਨਾ ਗਰਮਾ ਗਿਆ ਕਿ ਸਪੀਕਰ ਨੂੰ ਸਦਨ ਦੀ ਕਾਰਵਾਈ ਮੁਲਤਵੀ ਕਰਨ ਲਈ ਮਜਬੂਰ ਹੋਣਾ ਪਿਆ।

ਅਕਾਲੀ ਦਲ ਵੱਲੋਂ ਅੰਮ੍ਰਿਤਸਰ ਰੇਲ ਹਾਦਸੇ ਦੇ ਮੁੱਦੇ 'ਤੇ ਸਦਨ ਤੋਂ ਵਾਕਆਊਟ ਕੀਤਾ ਗਿਆ, ਜਦੋਂਕਿ ਆਮ ਆਦਮੀ ਪਾਰਟੀ ਵੱਲੋਂ ਵੱਖ-ਵੱਖ ਮੁੱਦਿਆਂ 'ਤੇ ਸਦਨ ਤੋਂ 3 ਵਾਰ ਵਾਕਆਊਟ ਕੀਤਾ ਗਿਆ। ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਆਉਂਦੇ ਵਿੱਤੀ ਸਾਲ ਲਈ ਪੇਸ਼ ਬਜਟ ਤਜਵੀਜ਼ਾਂ 'ਤੇ ਹੋਈ ਸਦਨ ਵਿਚ 2 ਦਿਨਾ ਬਹਿਸ ਦਾ ਜਵਾਬ ਦਿੰਦਿਆਂ ਮਗਰਲੀ ਅਕਾਲੀ-ਭਾਜਪਾ ਸਰਕਾਰ ਉਤੇ ਰਾਜ ਨਾਲ ਵੱਡਾ ਧੱਕਾ ਕਰਨ ਅਤੇ ਧ੍ਰੋਹ ਕਮਾਉਣ ਦਾ ਦੋਸ਼ ਲਗਾਉਂਦਿਆਂ ਕਿਹਾ ਗਿਆ ਕਿ ਇਹ ਸਰਕਾਰ ਪੰਜਾਬੀਆਂ ਦੇ ਚਿਹਰਿਆਂ ਤੋਂ ਖੁਸ਼ੀ ਹੀ ਲੈ ਗਈ। ਉਨ੍ਹਾਂ ਕਿਹਾ ਨੂੰ ਸਾਲਾਨਾ 2400 ਕਰੋੜ ਵਿਆਜ ਅਤੇ 800 ਕਰੋੜ ਮੂਲ ਦੇ ਰੂਪ ਵਿਚ ਅਦਾ ਕਰਨੇ ਪੈ ਰਹੇ ਹਨ।

ਉਨ੍ਹਾਂ ਸਦਨ ਵਿਚ ਰਾਜ ਦੇ ਸਾਬਕਾ ਮੁੱਖ ਸਕੱਤਰ ਸਰਵੇਸ਼ ਕੌਸ਼ਲ ਦਾ ਇਕ ਨੋਟ ਪੜ੍ਹਕੇ ਸੁਣਾਇਆ, ਜਿਸ ਵਿਚ ਉਨ੍ਹਾਂ ਦੱਸਿਆ ਸੀ ਕਿ ਪ੍ਰਧਾਨ ਮੰਤਰੀ ਸਕੱਤਰੇਤ ਨਾਲ ਹੋਈਆਂ ਮੀਟਿੰਗਾਂ ਤੋਂ ਬਾਅਦ ਕੇਂਦਰ 6000 ਕਰੋੜ ਰੁਪਏ ਦੀ ਸੂਬੇ ਨੂੰ ਉੱਕਾ-ਪੁੱਕਾ ਰਾਹਤ ਦੇਣ ਲਈ ਮੰਨ ਗਿਆ ਹੈ, ਜਦੋਂਕਿ 13000 ਕਰੋੜ ਰੁਪਏ ਸੂਬੇ ਨੂੰ ਆਪਣੇ ਸਿਰ ਲੈਣੇ ਪੈਣਗੇ ਅਤੇ ਕੋਈ 12000 ਕਰੋੜ ਰੁਪਏ ਬੈਂਕਾਂ ਨੂੰ ਆਪਣੇ ਸਿਰ ਲੈਣ ਲਈ ਕਿਹਾ ਜਾ ਸਕਦਾ ਹੈ ਅਤੇ ਸੂਬੇ ਨੂੰ 13000 ਕਰੋੜ ਬਦਲੇ 7 ਪ੍ਰਤੀਸ਼ਤ ਵਿਆਜ ਵਾਲੇ ਲੰਬੇ ਸਮੇਂ ਦੇ ਬਾਂਡ ਜਾਰੀ ਕਰਨ ਦੀ ਇਜਾਜ਼ਤ ਵੀ ਦਿੱਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਹੁਣ ਇਹ ਮੁੱਦਾ ਸਾਨੂੰ ਦੁਬਾਰਾ ਕੇਂਦਰ ਕੋਲੋਂ ਹੱਲ ਕਰਵਾਉਣ ਲਈ ਚਾਰਾਜੋਈ ਕਰਨੀ ਪੈ ਰਹੀ ਹੈ ਪਰ ਮਗਰਲੀ ਸਰਕਾਰ ਨੇ ਸੱਤਾ ਛੱਡਣ ਤੋਂ ਇਕ ਦਿਨ ਪਹਿਲਾਂ ਅਜਿਹਾ ਕਿਉਂ ਕੀਤਾ ਇਹ ਸਭ ਦੀ ਸਮਝ ਤੋਂ ਬਾਹਰ ਹੈ। ਵਿੱਤ ਮੰਤਰੀ ਨੇ ਸਦਨ ਵਿਚ ਐਲਾਨ ਕੀਤਾ ਕਿ ਬਹਿਸ ਦੌਰਾਨ ਜੋ ਕੁਝ ਮੁੱਦੇ ਸਾਹਮਣੇ ਆਏ ਉਨ੍ਹਾਂ ਨੂੰ ਮੁੱਖ ਮੰਤਰੀ ਨਾਲ ਵਿਚਾਰਨ ਤੋਂ ਬਾਅਦ ਰਾਜਪੁਰਾ, ਗਿੱਦੜਬਾਹਾ ਅਤੇ ਸ਼ਾਹਕੋਟ ਵਿਖੇ 3 ਟਰਾਮਾ ਸੈਂਟਰ ਸਥਾਪਤ ਕਰਨ ਦਾ ਵੀ ਫੈਸਲਾ ਲਿਆ ਗਿਆ ਹੈ, ਜਦੋਂਕਿ ਨੰਗਲ ਦੇ ਸਰਕਾਰੀ ਹਸਪਤਾਲ ਦੇ ਨਵੀਨੀਕਰਨ ਲਈ 3 ਕਰੋੜ ਦੀ ਵਿਸ਼ੇਸ਼ ਗ੍ਰਾਂਟ, ਰਾਜਪੁਰਾ ਵਿਖੇ ਪਾਣੀ ਦੀ ਵਰਤੋਂ ਲਈ ਲਿਫਟ ਸਿੰਚਾਈ ਖਾਤਰ 8.5 ਕਰੋੜ ਦੀ ਵਿਸ਼ੇਸ਼ ਗ੍ਰਾਂਟ, ਵਿਧਾਇਕ ਰਾਣਾ ਗੁਰਜੀਤ ਸਿੰਘ ਦੀ ਰਾਏ ਅਨੁਸਾਰ ਕਪੂਰਥਲਾ ਡਵੀਜ਼ਨ ਵਿਚ ਛੱਪੜਾਂ ਨੂੰ ਸਾਫ ਕਰ ਕੇ ਉਨ੍ਹਾਂ ਦਾ ਪਾਣੀ ਸਿੰਚਾਈ ਲਈ ਵਰਤਣ ਦੇ ਤਜਰਬੇ ਲਈ 3 ਕਰੋੜ, ਨੱਥੂ ਚਹਿਲ ਵਿਖੇ ਗਰਿੱਡ ਦੀ ਸਥਾਪਤੀ ਲਈ 12.5 ਕਰੋੜ, ਸੰਗਰੂਰ ਵਿਚ ਬਡਰੁੱਖਾਂ, ਜੋ ਕਿ ਮਹਾਰਾਜਾ ਰਣਜੀਤ ਸਿੰਘ ਦਾ ਜਨਮ ਸਥਾਨ



ਹੈ, ਵਿਖੇ ਉਨ੍ਹਾਂ ਦੀ ਯਾਦਗਾਰ ਕਾਇਮ ਕਰਨ ਦੀ ਉੱਠੀ ਮੰਗ ਨੂੰ ਮੁੱਖ ਰੱਖ ਕੇ ਇਕ ਕਰੋੜ ਦੀ ਗ੍ਰਾਂਟ, ਖੇਮਕਰਨ ਮਾਈਨਰ ਦੇ ਨਵੀਨੀਕਰਨ ਲਈ 8 ਕਰੋੜ ਦੀ ਵਿਸ਼ੇਸ਼ ਗਰਾਂਟ ਦਾ ਫੈਸਲਾ ਵੀ ਲਿਆ ਗਿਆ ਹੈ।

ਵਿੱਤ ਮੰਤਰੀ ਨੇ ਸਦਨ ਨੂੰ ਦੱਸਿਆ ਕਿ ਸੈਰ-ਸਪਾਟੇ ਲਈ ਰਾਜ ਦੇ ਬਜਟ ਵਿਚ 48 ਪ੍ਰਤੀਸ਼ਤ, ਖੇਡਾਂ ਦੇ ਬਜਟ ਵਿਚ ਵੀ 48 ਪ੍ਰਤੀਸ਼ਤ ਅਤੇ ਸਿੱਖਿਆ ਦੇ ਬਜਟ ਵਿਚ ਕੋਈ 10 ਪ੍ਰਤੀਸ਼ਤ ਦਾ ਵਾਧਾ ਕੀਤਾ ਗਿਆ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਅਕਾਲੀ ਦਲ ਅਤੇ ਭਾਜਪਾ ਵਲੋਂ 2017 ਵਿਚ ਸਰਕਾਰ ਛੱਡਣ ਮੌਕੇ 7791 ਕਰੋੜ ਦੇ ਬਿੱਲ ਖਜ਼ਾਨਿਆਂ ਵਿਚ ਬਿਨਾਂ ਅਦਾਇਗੀਆਂ ਦੇ ਛੱਡੇ ਗਏ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਕੁੱਲ ਘਰੇਲੂ ਉਤਪਾਦ ਦੇ ਵਾਧੇ ਦੀ ਦਰ ਜੋ 2016-17 ਵਿਚ 5.71 ਸੀ, 2017-18 ਵਿਚ 6.27 'ਤੇ ਪੁੱਜ ਗਈ ਅਤੇ 2018-19 ਵਿਚ 5.93 ਰਹਿਣ ਦੀ ਸੰਭਾਵਨਾ ਹੈ। ਸਾਡਾ ਵਿੱਤੀ ਘਾਟਾ 2.65 ਪ੍ਰਤੀਸ਼ਤ ਹੈ, ਜੋ ਕਿ ਨਿਰਧਾਰਤ ਪੈਮਾਨਿਆਂ ਵਿਚ ਹੈ ਪਰ ਉਨ੍ਹਾਂ ਮੰਨਿਆ ਕਿ ਚਾਲੂ ਸਾਲ ਦੌਰਾਨ ਸਰਕਾਰ 3000 ਕਰੋੜ ਦੀ ਬਿਜਲੀ ਸਬਸਿਡੀ ਨਹੀਂ ਦੇ ਸਕੇਗੀ, ਜਿਸ ਨੂੰ ਅਗਲੇ ਸਾਲ 'ਤੇ ਪਾਇਆ ਜਾ ਰਿਹਾ ਹੈ। ਕਰਜ਼ਾ ਲੈਣ ਦੀ ਪ੍ਰਤੀਸ਼ਤ, ਜੋ ਮਗਰਲੀ ਸਰਕਾਰ ਦੇ 10 ਸਾਲਾਂ ਦੌਰਾਨ 11 ਪ੍ਰਤੀਸ਼ਤ ਸੀ, ਹੁਣ ਘਟ ਕੇ 8 ਪ੍ਰਤੀਸ਼ਤ 'ਤੇ ਆ ਗਈ ਹੈ। ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਸਾਡੀ ਸਰਕਾਰ ਵੱਲੋਂ ਸ਼ਰਾਬ ਦੇ ਵਪਾਰ ਵਿਚ ਏਕਾਧਿਕਾਰ ਨੂੰ ਖਤਮ ਕਰ ਕੇ 729 ਛੋਟੇ ਕਾਰੋਬਾਰੀਆਂ ਨੂੰ ਵਪਾਰ ਵਿਚ ਸ਼ਾਮਲ ਕੀਤਾ।

ਸ. ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਜੇ ਅਕਾਲੀਆਂ ਨੇ ਉਨ੍ਹਾਂ ਦੇ ਦਾਅਵਿਆਂ ਅਨੁਸਾਰ ਸੂਬੇ ਦਾ ਵੱਡਾ ਵਿਕਾਸ ਕੀਤਾ ਸੀ, ਸੜਕਾਂ ਦੇ ਜਾਲ ਵਿਛਾਏ ਸਨ ਤਾਂ ਫਿਰ ਉਨ੍ਹਾਂ ਦੀ ਸਦਨ ਵਿਚ ਗਿਣਤੀ 60 ਤੋਂ 14 'ਤੇ ਕਿਉਂ ਆ ਗਈ ਅਤੇ ਉਨ੍ਹਾਂ ਨੂੰ ਮੁੱਖ ਵਿਰੋਧੀ ਧਿਰ ਬਣਨ ਦਾ ਵੀ ਲੋਕਾਂ ਵਲੋਂ ਮੌਕਾ ਨਹੀਂ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਅਕਾਲੀਆਂ ਵੱਲੋਂ ਕੇਵਲ ਪੰਜਾਬ ਨੂੰ ਲੁੱਟਣ ਦਾ ਕੰਮ ਕੀਤਾ ਗਿਆ, ਜਦੋਂਕਿ ਅਸੀਂ ਰਾਜ ਦੀ ਆਰਥਿਕਤਾ ਨੂੰ ਮੁੜ ਪੈਰਾਂ 'ਤੇ ਖੜ੍ਹਾ ਕਰਨ ਤੋਂ ਇਲਾਵਾ ਰਾਜ ਨੂੰ ਨਸ਼ਾ ਮੁਕਤ ਕਰਨ ਵੱਲ ਅੱਗੇ ਵੱਧ ਰਹੇ ਹਾਂ।

## ਬੈਲ ਗੱਡੀਆਂ ਦੀਆਂ ਦੌੜਾਂ ਨੂੰ ਪ੍ਰਵਾਨਗੀ ਸਣੇ 5 ਬਿੱਲ ਪਾਸ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਨੇ ਪੰਜ ਬਿੱਲ ਪਾਸ ਕਰ ਦਿੱਤੇ ਹਨ। ਇਨ੍ਹਾਂ ਬਿੱਲਾਂ ਵਿਚ ਕਿਲਾ ਰਾਏਪੁਰ ਦੀਆਂ ਪੇਂਡੂ ਖੇਡਾਂ ਵਿਚ ਬੈਲ ਗੱਡੀਆਂ ਦੀਆਂ ਦੌੜਾਂ ਨੂੰ ਪ੍ਰਵਾਨਗੀ ਦੇਣ ਦਾ ਬਿੱਲ ਵੀ ਸ਼ਾਮਲ ਹੈ। ਸਰਕਾਰ ਵੱਲੋਂ ਜਾਨਵਰਾਂ 'ਤੇ ਅਤਿਆਚਾਰ ਉਪਰ ਰੋਕ (ਸੋਧਨਾ ਬਿਲ) 2019 ਪੇਸ਼ ਕਰਦਿਆਂ ਕਿਹਾ ਗਿਆ ਕਿ ਪੰਜਾਬ ਦੀਆਂ ਰਵਾਇਤੀ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਇਹ ਬਿਲ ਲਿਆਂਦਾ ਗਿਆ ਹੈ। ਪੰਜਾਬ ਵਿਧਾਨ ਸਭਾ ਦਾ ਬਜਟ ਸੈਸ਼ਨ ਅਣਮਿਥੇ ਸਮੇਂ ਲਈ ਉਠਾ ਦਿੱਤਾ ਗਿਆ ਹੈ। ਪੰਜਾਬ ਦੇ ਵਿਧਾਇਕਾਂ ਨੂੰ ਜਨਵਰੀ ਮਹੀਨੇ ਅਸਾਸੇ ਐਲਾਨਣ ਸਬੰਧੀ ਕਾਨੂੰਨੀ ਤੌਰ 'ਤੇ ਪਾਬੰਦ ਕਰਦਿਆਂ ਪੰਜਾਬ ਵਿਧਾਨ ਸਭਾ (ਮੈਂਬਰਾਂ ਦੀਆਂ ਤਨਖਾਹਾਂ ਤੇ ਭੱਤੇ) ਸੋਧਨਾ ਬਿਲ ਵੀ ਪਾਸ ਕਰ ਦਿੱਤਾ ਗਿਆ। ਅੰਮ੍ਰਿਤਸਰ ਵਿਚ ਉਸਾਰੀਆਂ ਨੂੰ ਨਿਯਮਿਤ ਕਰਨ ਲਈ ਅੰਮ੍ਰਿਤਸਰ ਵਾਲਡ ਸਿਟੀ (ਉਦਯੋਗ ਕਰਨ ਦੀ ਮਾਨਤਾ) ਸੋਧ ਬਿਲ 2019 ਵੀ ਪਾਸ ਕਰ ਦਿੱਤਾ ਗਿਆ।


## ਮੂਲ ਨਾਨਕਸ਼ਾਹੀ ਕੈਲੰਡਰ ਅਪਨਾਓ

ਮਹੀਨਾ ਫੱਗਣ ਤੇ ਚੇਤ

| ਐਤਵਾਰ | ਸੋਮਵਾਰ | ਮੰਗਲਵਾਰ | ਬੁੱਧਵਾਰ | ਵੀਰਵਾਰ | ਸ਼ੁੱਕਰਵਾਰ | ਸਨਿੱਚਰਵਾਰ |
|---|---|---|---|---|---|---|
| | | 1 ਫੱਗਣ 12 ਫਰਵਰੀ | 2 ਫੱਗਣ 13 ਫਰਵਰੀ | 3 ਫੱਗਣ 14 ਫਰਵਰੀ | 4 ਫੱਗਣ 15 ਫਰਵਰੀ | 5 ਫੱਗਣ 16 ਫਰਵਰੀ |
| 6 ਫੱਗਣ 17 ਫਰਵਰੀ | 7 ਫੱਗਣ 18 ਫਰਵਰੀ | 8 ਫੱਗਣ 19 ਫਰਵਰੀ | 9 ਫੱਗਣ 20 ਫਰਵਰੀ | 10 ਫੱਗਣ 21 ਫਰਵਰੀ | 11 ਫੱਗਣ 22 ਫਰਵਰੀ | 12 ਫੱਗਣ 23 ਫਰਵਰੀ |
| 13 ਫੱਗਣ 24 ਫਰਵਰੀ | 14 ਫੱਗਣ 25 ਫਰਵਰੀ | 15 ਫੱਗਣ 26 ਫਰਵਰੀ | 16 ਫੱਗਣ 27 ਫਰਵਰੀ | 17 ਫੱਗਣ 28 ਫਰਵਰੀ | 18 ਫੱਗਣ 1 ਮਾਰਚ | 19 ਫੱਗਣ 2 ਮਾਰਚ |
| 20 ਫੱਗਣ 3 ਮਾਰਚ | 21 ਫੱਗਣ 4 ਮਾਰਚ | 22 ਫੱਗਣ 5 ਮਾਰਚ | 23 ਫੱਗਣ 6 ਮਾਰਚ | 24 ਫੱਗਣ 7 ਮਾਰਚ | 25 ਫੱਗਣ 8 ਮਾਰਚ | 26 ਫੱਗਣ 9 ਮਾਰਚ |
| 27 ਫੱਗਣ 10 ਮਾਰਚ | 28 ਫੱਗਣ 11 ਮਾਰਚ | 29 ਫੱਗਣ 12 ਮਾਰਚ | 30 ਫੱਗਣ 13 ਮਾਰਚ | 1 ਚੇਤ 14 ਮਾਰਚ | 2 ਚੇਤ 15 ਮਾਰਚ | 3 ਚੇਤ 16 ਮਾਰਚ |
| 4 ਚੇਤ 17 ਮਾਰਚ | 5 ਚੇਤ 18 ਮਾਰਚ | 6 ਚੇਤ 19 ਮਾਰਚ | 7 ਚੇਤ 20 ਮਾਰਚ | 8 ਚੇਤ 21 ਮਾਰਚ | 9 ਚੇਤ 22 ਮਾਰਚ | 10 ਚੇਤ 23 ਮਾਰਚ |
| 11 ਚੇਤ 24 ਮਾਰਚ | 12 ਚੇਤ 25 ਮਾਰਚ | 13 ਚੇਤ 26 ਮਾਰਚ | 14 ਚੇਤ 27 ਮਾਰਚ | 15 ਚੇਤ 28 ਮਾਰਚ | 16 ਚੇਤ 29 ਮਾਰਚ | 17 ਚੇਤ 30 ਮਾਰਚ |

1 ਫੱਗਣ (12 ਫਰਵਰੀ) ਬੰਦੀ ਛੋੜ ਦਿਵਸ
10 ਫੱਗਣ (21 ਫਰਵਰੀ) ਸਾਕਾ ਨਨਕਾਣਾ ਸਾਹਿਬ ਤੇ ਜੈਤੋ ਦਾ ਮੋਰਚਾ
1 ਚੇਤ (14 ਮਾਰਚ) ਹੋਲਾ ਮਹੱਲਾ, ਗੁਰਗੱਦੀ ਦਿਵਸ ਪਾਤਸ਼ਾਹੀ 7ਵੀਂ ਅਤੇ ਨਾਨਕਸ਼ਾਹੀ ਨਵਾਂ ਸਾਲ
2 ਚੇਤ (15 ਮਾਰਚ) ਦਿੱਲੀ ਫਤਿਹ ਭਾਈ ਬਘੇਲ ਸਿੰਘ
6 ਚੇਤ (19 ਮਾਰਚ) ਜੋਤੀ ਜੋਤਿ ਪਾਤਸ਼ਾਹੀ 6ਵੀਂ
12 ਚੇਤ (25 ਮਾਰਚ) ਸ਼ਹੀਦੀ ਦਿਨ ਭਾਈ ਸੁਬੇਗ ਸਿੰਘ ਤੇ ਸ਼ਾਹਬਾਜ਼ ਸਿੰਘ

ਉਹੀ ਤਰੀਕ ਹਰ ਸਾਲ, ਠੀਕ ਇਤਿਹਾਸ ਤਰਤੀਬ ਨਾਲ।

ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਬੇਨਤੀ ਹੈ ਕਿ ਧਾਰਮਕ ਤੇ ਇਤਿਹਾਸਕ ਦਿਹਾੜੇ ਮਨਾਉਣ ਵਿਚ ਇਕਸਾਰਤਾ ਲਿਆਉਣ ਲਈ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਅਪਨਾਓ

SIKH Religious Society PALATINE GURDWARA
Sikh Religious Society
1280 Winnetka St., Palatine IL 60067 Phone: (847) 358-1117
www.srschicago.org e-mail:contactus@srschicago.org



## Sky Film & DJ Vic




ਸਕਾਈ ਐਂਟਰਟੇਨਮੈਂਟ ਨੂੰ ਇਹ ਪੁਰਸਕਾਰ ਨਵੇਂ ਜੋੜਿਆਂ ਨਾਲ ਕੰਮ ਕਰਨ ਵਿੱਚ ਆਪਣੀ ਸ਼ਾਨਦਾਰ ਕਾਰਜਕਾਰੀ ਲਈ ਦਿੱਤਾ ਗਿਆ ਹੈ।

DJ/MC, Dhol, 4K Video, Photography, Room Lighting, Live Video Display, LED Dance Floor, Cloud Effects, Fireworks and More



Team Sky Films & Production

Contact - Gagan 734 674 1854
www.skymademymemories.com

# ਸਿੱਖ ਭਾਈਚਾਰੇ ਵੱਲੋਂ ਕੀਤੀ ਮਦਦ ਬਦਲੇ ਕਸ਼ਮੀਰੀਆਂ ਨੇ ਵੀ ਖੋਲ੍ਹੇ ਦਿਲ

**ਅੰਮ੍ਰਿਤਸਰ:** ਪੁਲਵਾਮਾ ਅਤਿਵਾਦੀ ਹਮਲੇ ਤੋਂ ਬਾਅਦ ਦੇਸ਼ ਦੇ ਕਈ ਹਿੱਸਿਆਂ ਵਿਚ ਕਸ਼ਮੀਰੀ ਵਿਦਿਆਰਥੀਆਂ ਦੀ ਸੁਰੱਖਿਆ ਵਾਪਸੀ ਲਈ ਸਿੱਖ ਭਾਈਚਾਰੇ ਵੱਲੋਂ ਕੀਤੇ ਗਏ ਯਤਨਾਂ ਦੇ ਸਿੱਟੇ ਵਜੋਂ ਕਸ਼ਮੀਰੀਆਂ ਨੇ ਵੀ ਸਿੱਖਾਂ ਲਈ ਆਪਣੇ ਦਿਲ ਖੋਲ੍ਹ ਦਿੱਤੇ ਹਨ।

ਕਸ਼ਮੀਰ ਘਾਟੀ ਵਿਚ ਵਸਦੇ ਕਸ਼ਮੀਰੀਆਂ ਨੇ ਸਿੱਖਾਂ ਨੂੰ ਵੱਖ ਵੱਖ ਸੇਵਾਵਾਂ ਦੀ ਮੁਫਤ ਪੇਸ਼ਕਸ਼ ਕੀਤੀ ਹੈ। ਅਤਿਵਾਦੀ ਹਮਲੇ ਤੋਂ ਬਾਅਦ ਦੇਸ਼ ਵਿਚ ਕਈ ਥਾਵਾਂ 'ਤੇ ਕਸ਼ਮੀਰੀ ਵਿਦਿਆਰਥੀਆਂ ਅਤੇ ਕਾਰੋਬਾਰੀਆਂ ਲਈ ਡਰ ਭੈਅ ਵਾਲਾ ਮਾਹੌਲ ਬਣ ਗਿਆ ਸੀ। ਕਈ ਥਾਵਾਂ 'ਤੇ ਉਨ੍ਹਾਂ ਨਾਲ ਬਦਸਲੂਕੀ ਵੀ ਹੋਈ ਹੈ ਅਤੇ ਡਰਾਇਆ ਧਮਕਾਇਆ ਵੀ ਗਿਆ ਹੈ।

ਇਸ ਮੌਕੇ ਸਿੱਖ ਭਾਈਚਾਰੇ ਦੇ ਲੋਕ ਇਨ੍ਹਾਂ ਬੇਦੋਸ਼ੇ ਕਸ਼ਮੀਰੀਆਂ ਦੇ ਬਚਾਅ ਲਈ ਅੱਗੇ ਆਏ ਸਨ ਅਤੇ ਉਨ੍ਹਾਂ ਦੀ ਸੁਰੱਖਿਅਤ ਵਾਪਸੀ ਦਾ ਪ੍ਰਬੰਧ ਕੀਤਾ ਹੈ। ਕਈ ਥਾਵਾਂ 'ਤੇ ਗੁਰਦੁਆਰਿਆਂ ਵਿਚ ਉਨ੍ਹਾਂ ਨੂੰ ਲੰਗਰ ਅਤੇ ਸੁਰੱਖਿਅਤ ਰਿਹਾਇਸ਼ ਵੀ ਮੁਹੱਈਆ ਕੀਤੀ ਗਈ। ਇਸ ਸਬੰਧੀ ਸੋਸ਼ਲ ਮੀਡੀਆ 'ਤੇ ਲਗਭਗ ਦੋ ਦਰਜਨ ਤੋਂ ਵੱਧ ਕਸ਼ਮੀਰੀਆਂ ਵੱਲੋਂ ਪੇਸ਼ ਕੀਤੀਆਂ ਸੇਵਾਵਾਂ ਦੀ ਪੇਸ਼ਕਸ਼ ਦੀ ਚਰਚਾ ਹੈ। ਇਨ੍ਹਾਂ ਸੇਵਾਵਾਂ ਦੀ ਪੇਸ਼ਕਸ਼ ਕਰਨ ਵਾਲਿਆਂ ਵਿਚ ਕਸ਼ਮੀਰ ਵਾਦੀ ਦੇ ਵਕੀਲ, ਡਾਕਟਰ, ਆਟੋ ਮੋਬਾਈਲ ਸੇਵਾਵਾਂ, ਹੋਟਲ ਸੇਵਾਵਾਂ ਵਾਲੇ ਸ਼ਾਮਲ ਹਨ।

ਇਸ ਸਬੰਧ ਵਿਚ ਅਨੰਤਨਾਗ ਵਿਖੇ ਆਰਪਥ ਕਲਾਸਿਸ ਨਾਂ ਹੇਠ ਕੋਚਿੰਗ ਕਲਾਸਾਂ ਚਲਾਉਂਦੇ ਪੀਰਜ਼ਾਦਾ ਹੁਸੈਨ ਨੇ ਆਖਿਆ ਕਿ ਉਨ੍ਹਾਂ ਆਪਣੇ ਕੋਚਿੰਗ ਕੇਂਦਰ ਵਿਚ 11ਵੀਂ ਤੇ 12ਵੀਂ ਦੇ ਸਿੱਖ ਵਿਦਿਆਰਥੀਆਂ ਨੂੰ ਨਾਨ-ਮੈਡੀਕਲ ਅਤੇ ਮੈਡੀਕਲ ਦੀ ਮੁਫਤ ਕੋਚਿੰਗ ਦੇਣ ਵਾਸਤੇ ਪੇਸ਼ਕਸ਼ ਕੀਤੀ ਹੈ। ਫਿਦਾ ਹੁਸੈਨ, ਜੋ ਕਿ ਪੇਪਰ ਮੈਸ਼ੇ ਨਾਲ ਕੰਧ ਨਕਾਸ਼ੀ ਦੀ ਕਲਾ ਦਾ ਮਾਹਿਰ ਹੈ, ਨੇ ਆਪਣੀਆਂ ਇਹ ਸੇਵਾਵਾਂ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਕੰਧ ਨਿਕਾਸੀ ਲਈ ਪੇਸ਼ ਕੀਤੀਆਂ ਹਨ। ਉਸ ਨੇ ਆਖਿਆ ਕਿ ਉਹ ਅਤੇ ਉਸ ਦੇ ਕੁਝ ਹੋਰ ਮਿੱਤਰ ਆਪਣੀਆਂ ਇਹ ਸੇਵਾਵਾਂ ਗੁਰੂ ਘਰ ਲਈ ਭੇਟ ਕਰਨਗੇ। ਬਾਰਾਮੂਲਾ ਦੇ ਵਕੀਲ ਹਿਲਾਲ ਅਹਿਮਦ ਡਾਰ ਨੇ ਆਖਿਆ ਕਿ ਅਪਰੈਲ ਮਹੀਨੇ ਤਕ ਕੋਈ ਵੀ ਸਿੱਖ ਜੇਕਰ ਆਪਣਾ ਕਾਨੂੰਨੀ ਕੇਸ ਉਨ੍ਹਾਂ ਕੋਲ ਆਵੇਗਾ ਤਾਂ ਉਹ ਬਿਨਾਂ ਕੋਈ ਕੇਸ ਲਏ, ਉਸ ਦਾ ਕੇਸ ਖਤਮ ਹੋਣ ਤਕ ਆਪਣੀਆਂ ਸੇਵਾਵਾਂ ਦੇਣਗੇ। ਇਸ ਸਬੰਧ ਵਿਚ ਕੋਈ ਫੀਸ ਨਹੀਂ ਵਸੂਲ ਕਰਨਗੇ।

ਸ੍ਰੀਨਗਰ ਵਿਖੇ ਅਲਜੀਜੀਆ ਹੋਟਲ ਦੇ ਮੁਸ਼ਤਾਕ ਆਯੂਬ ਨੇ ਆਖਿਆ ਕਿ ਜੇ ਕੋਈ ਸਿੱਖ ਭਰਾ ਸ੍ਰੀਨਗਰ ਆਉਂਦਾ ਹੈ ਅਤੇ ਉਸ ਦੇ ਹੋਟਲ ਵਿਚ ਠਹਿਰਣਾ ਚਾਹੁੰਦਾ ਹੈ ਤਾਂ ਉਹ ਮੁਫਤ ਰਿਹਾਇਸ਼ ਦਾ ਪ੍ਰਬੰਧ ਕਰਨਗੇ। ਕੁਪਵਾੜਾ ਵਿਖੇ ਸ਼ਾਹੀਨ ਮੈਡੀਕੇਡ ਦੇ ਬਸ਼ੀਰ ਅਹਿਮਦ ਨੇ ਆਖਿਆ ਕਿ ਇਕ ਸਾਲ ਵਾਸਤੇ ਸਿੱਖ ਭਾਈਚਾਰੇ ਦੇ ਲੋਕਾਂ ਕੋਲੋਂ ਡਾਕਟਰੀ ਸਲਾਹ ਵਾਸਤੇ ਕੋਈ ਫੀਸ ਨਹੀਂ ਵਸੂਲੀ ਜਾਵੇਗੀ। ਕਸ਼ਮੀਰੀਆਂ ਵਲੋਂ ਕੀਤੀ ਗਈ ਇਸ ਪੇਸ਼ਕਸ਼ ਦੀ ਸ਼ਲਾਘਾ ਕਰਦਿਆਂ ਜੰਮੂ ਕਸ਼ਮੀਰ ਦੇ ਆਲ ਪਾਰਟੀ ਸਿੱਖ ਕੋਆਰਡੀਨੇਸ਼ਨ ਕਮੇਟੀ ਦੇ ਮੁਖੀ ਜਗਮੋਹਨ ਸਿੰਘ ਰੈਣਾ ਨੇ ਆਖਿਆ ਕਿ ਸਿੱਖਾਂ ਵਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਦਿੱਤੇ ਗਏ ਉਪਦੇਸ਼ ਤਹਿਤ ਮਨੁੱਖਤਾ ਦੀ ਸੇਵਾ ਵਜੋਂ ਹੀ ਕਸ਼ਮੀਰੀ ਵਿਦਿਆਰਥੀਆਂ ਤੇ ਹੋਰਨਾਂ ਦੀ ਸਹਾਇਤਾ ਕੀਤੀ ਗਈ ਹੈ।



ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਆਖਿਆ ਕਿ ਸਿੱਖ ਭਾਈਚਾਰੇ ਵਲੋਂ ਜਿਥੇ ਪੁਲਵਾਮਾ ਅਤਿਵਾਦੀ ਹਮਲੇ ਦੀ ਸਖਤ ਨਿੰਦਾ ਕੀਤੀ ਗਈ ਹੈ ਅਤੇ ਹਮਲੇ ਵਿਚ ਮਾਰੇ ਗਏ ਜਵਾਨਾਂ ਨੂੰ ਸ਼ਰਧਾਂਜਲੀ ਦਿੱਤੀ ਗਈ ਹੈ, ਉਥੇ ਅਜਿਹੀ ਘਟਨਾ ਦਾ ਸਖਤ ਜਵਾਬ ਦੇਣ ਦਾ ਵੀ ਸਮਰਥਨ ਕੀਤਾ ਹੈ। ਲੇਕਿਨ ਕਿਸੇ ਨਿਰਦੋਸ਼ ਜਾਂ ਬੇਦੋਸ਼ੇ ਖਿਲਾਫ ਹਿੰਸਕ ਕਾਰਵਾਈ ਜਾਇਜ਼ ਨਹੀਂ ਹੈ, ਇਸ ਨਾਲ ਕਸ਼ਮੀਰੀਆਂ ਵਿਚ ਬੇਗਾਨਗੀ ਦੀ ਭਾਵਨਾ ਵਧੇਗੀ।

## ਕਸ਼ਮੀਰੀ ਵਿਦਿਆਰਥੀਆਂ ਲਈ ਮਦਦ ਡੈਸਕ ਕਾਇਮ

**ਚੰਡੀਗੜ੍ਹ:** ਪੰਜਾਬ ਪੁਲਿਸ ਨੇ ਕਸ਼ਮੀਰ ਦੇ ਲੋਕਾਂ ਦੀਆਂ ਸ਼ਿਕਾਇਤਾਂ ਦੇ ਫੌਰੀ ਨਿਪਟਾਰੇ ਲਈ ਵਿਸ਼ੇਸ਼ ਡੈਸਕ ਸਥਾਪਤ ਕੀਤਾ ਹੈ। ਇਹ ਡੈਸਕ ਪੁਲਿਸ ਦੇ ਟੋਲ ਫਰੀ ਨੰਬਰ 181 'ਤੇ ਮੁਹੱਈਆ ਹੋਵੇਗਾ। ਕੈਪਟਨ ਅਮਰਿੰਦਰ ਸਿੰਘ ਨੇ ਦਹਿਸ਼ਤੀ ਹਮਲਾ ਵਾਪਰਨ ਦੇ ਕੁਝ ਘੰਟਿਆਂ ਦੇ ਅੰਦਰ ਹੀ ਸੂਬੇ ਵਿਚ ਕਸ਼ਮੀਰੀਆਂ ਦੀ ਪੂਰੀ ਸੁਰੱਖਿਆ ਅਤੇ ਹਿਫਾਜ਼ਤ ਨੂੰ ਯਕੀਨੀ ਬਣਾਉਂਦਿਆਂ ਕਿਹਾ ਸੀ ਕਿ ਕਿਸੇ ਨੂੰ ਵੀ ਉਨ੍ਹਾਂ ਨੂੰ ਪਰੇਸ਼ਾਨ ਕਰਨ ਦੀ ਹਰਗਿਜ਼ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਵਿਸ਼ੇਸ਼ ਡੈਸਕ ਦਾ ਉਦੇਸ਼ ਪੰਜਾਬ ਵਿਚ ਰਹਿ ਰਹੇ ਕਸ਼ਮੀਰੀਆਂ ਨੂੰ ਪੂਰੀ ਸੁਰੱਖਿਆ ਮੁਹੱਈਆ ਕਰਵਾਉਣਾ ਹੈ।

## ਕਸ਼ਮੀਰੀਆਂ 'ਤੇ ਹਮਲੇ ਰੋਕਣ ਦੇ ਨਿਰਦੇਸ਼

**ਨਵੀਂ ਦਿੱਲੀ/ਸ੍ਰੀਨਗਰ:** ਪੁਲਵਾਮਾ ਦਹਿਸ਼ਤੀ ਹਮਲੇ ਮਗਰੋਂ ਮੁਲਕ ਦੇ ਵੱਖ ਵੱਖ ਹਿੱਸਿਆਂ ਵਿੱਚ ਕਸ਼ਮੀਰੀ ਲੋਕਾਂ, ਜਿਨ੍ਹਾਂ ਵਿਚ ਵਿਦਿਆਰਥੀ ਵੀ ਸ਼ਾਮਲ ਹਨ, ਨੂੰ ਨਿਸ਼ਾਨਾ ਬਣਾਏ ਜਾਣ ਦੇ ਮੱਦੇਨਜ਼ਰ ਸੁਪਰੀਮ ਕੋਰਟ ਨੇ ਪੰਜਾਬ ਸਮੇਤ 11 ਰਾਜਾਂ ਦੇ ਮੁੱਖ ਸਕੱਤਰਾਂ ਤੇ ਪੁਲਿਸ ਮੁਖੀਆਂ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਕਸ਼ਮੀਰੀਆਂ ਨਾਲ ਹੁੰਦੀ ਵਧੀਕੀ ਨੂੰ ਰੋਕਣ ਲਈ ਫੌਰੀ ਕਾਰਵਾਈ ਕਰਨ। ਜੰਮੂ ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀਆਂ ਮਹਿਬੂਬਾ ਮੁਫਤੀ ਤੇ ਉਮਰ ਅਬਦੁੱਲ੍ਹਾ ਨੇ ਸਿਖਰਲੀ ਅਦਾਲਤ ਦੇ ਇਸ ਫੈਸਲੇ ਦਾ ਸਵਾਗਤ ਕੀਤਾ ਹੈ।

## 'ਸਾਡੀ ਜੰਗ ਕਸ਼ਮੀਰੀਆਂ ਨਾਲ ਨਹੀਂ, ਅਤਿਵਾਦੀਆਂ ਖਿਲਾਫ'

**ਟੌਂਕ (ਰਾਜਸਥਾਨ):** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਮੁਲਕ ਦੀ ਜੰਗ ਕਸ਼ਮੀਰੀਆਂ ਨਾਲ ਨਹੀਂ ਸਗੋਂ ਅਤਿਵਾਦੀਆਂ ਖਿਲਾਫ ਹੈ। ਉਨ੍ਹਾਂ ਅਹਿਦ ਲਿਆ ਕਿ ਪੁਲਵਾਮਾ ਦਹਿਸ਼ਤੀ ਹਮਲੇ ਦੇ ਸਾਜ਼ਿਸ਼ਕਾਰਾਂ ਨੂੰ ਇਸ ਦੀ ਕੀਮਤ ਅਦਾ ਕਰਨੀ ਪਏਗੀ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਫੌਜ, ਸਰਕਾਰ ਅਤੇ ਮਾਂ ਭਵਾਨੀ ਦੇ ਆਸ਼ੀਰਵਾਦ 'ਤੇ ਭਰੋਸਾ ਰੱਖਣ। ਭਾਜਪਾ ਦੀ ਰੈਲੀ ਨੂੰ ਸੰਬੋਧਨ ਕਰਦਿਆਂ ਸ੍ਰੀ ਮੋਦੀ ਨੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ 'ਤੇ ਵਰ੍ਹਦਿਆਂ ਕਿਹਾ ਕਿ ਹੁਣ ਵੇਲਾ ਆ ਗਿਆ ਹੈ ਕਿ ਉਹ ਆਪਣੇ ਸ਼ਬਦਾਂ 'ਤੇ ਖਰਾ ਉਤਰੇ।

# ਪੰਜਾਬ 'ਚ ਪੀਣਯੋਗ ਪਾਣੀ ਦਾ ਤਾਰਨਾ ਪਵੇਗਾ ਮੁੱਲ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸਾਫ ਕਰ ਦਿੱਤਾ ਕਿ ਪੀਣਯੋਗ ਪਾਣੀ ਮੁਫਤ ਵਿਚ ਮੁਹੱਈਆ ਨਹੀਂ ਕੀਤਾ ਜਾਵੇਗਾ ਤੇ ਲੋਕਾਂ ਨੂੰ ਇਸ ਦਾ ਮੁੱਲ ਤਾਰਨਾ ਪਏਗਾ। ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਰਜ਼ੀਆ ਸੁਲਤਾਨਾ ਨੇ ਆਪਣੀ ਹੀ ਪਾਰਟੀ ਦੇ ਦੋ ਵਿਧਾਇਕਾਂ ਸੰਗਤ ਸਿੰਘ ਗਿਲਜ਼ੀਆਂ ਅਤੇ ਪਵਨ ਕੁਮਾਰ ਵੱਲੋਂ ਕੰਢੀ ਖੇਤਰ ਵਿਚ ਪੀਣ ਵਾਲੇ ਪਾਣੀ ਦੀ ਕਿੱਲਤ ਤੇ ਦੂਸ਼ਿਤ ਪਾਣੀ ਦੇ ਉਠਾਏ ਮੁੱਦੇ ਦਾ ਦੋ ਹਰਫੀ ਜਵਾਬ ਦਿੰਦਿਆਂ ਕਿਹਾ ਕਿ ਪਾਣੀ ਦੀ ਕਿੱਲਤ ਦਾ ਕਾਰਨ ਪਾਣੀ ਦਾ ਪੱਧਰ ਨਿਰੰਤਰ ਡਿੱਗਣਾ ਹੈ। ਇਸ ਲਈ ਸਰਕਾਰ ਕਿਸੇ ਵੀ ਸੂਰਤ ਵਿਚ ਪੀਣਯੋਗ ਪਾਣੀ ਮੁਫਤ ਮੁਹੱਈਆ ਨਹੀਂ ਕਰੇਗੀ ਅਤੇ ਬਕਾਇਦਾ ਪਾਣੀ ਦੀਆਂ ਕੀਮਤਾਂ ਵਸੂਲੀਆਂ ਜਾਣਗੀਆਂ। ਮੰਤਰੀ ਨੇ ਕਿਹਾ ਕਿ ਜੇ ਪਾਣੀ ਇੰਜ ਹੀ ਦਿੰਦੇ ਰਹੇ ਤਾਂ ਇਕ ਸਮੇਂ ਪਾਣੀ ਸੋਨੇ ਦੇ ਭਾਅ ਵਿਕੇਗਾ ਅਤੇ ਅਗਲੀਆਂ ਪੀੜ੍ਹੀਆਂ ਪਾਣੀ ਤੋਂ ਵਿਰਵੀਆਂ ਹੋ ਜਾਣਗੀਆਂ। ਕੰਢੀ ਖੇਤਰ ਲਈ ਪਾਣੀ ਦੀ ਕਿੱਲਤ ਦੂਰ ਕਰਨ ਲਈ 10 ਕਰੋੜ ਰੁਪਏ ਦੀ ਵਿਸ਼ੇਸ਼ ਗਰਾਂਟ ਪ੍ਰਵਾਨ ਕੀਤੀ ਹੈ।



'ਆਪ' ਦੇ ਬਾਗੀ ਵਿਧਾਇਕ ਜਗਦੇਵ ਸਿੰਘ ਕਮਾਲੂ ਨੇ ਮੌੜ ਬੰਬ ਕਾਂਡ ਵਿਚ ਪੀੜਤਾਂ ਨੂੰ ਇਨਸਾਫ ਨਾ ਦੇਣ ਦਾ ਮੁੱਦਾ ਉਠਾਇਆ, ਜਿਸ ਉਪਰ ਪਾਰਟੀ ਦੇ ਬਾਗੀ ਵਿਧਾਇਕਾਂ ਸਮੇਤ ਸਾਰੇ ਪਾਰਟੀ ਵਿਧਾਇਕਾਂ ਨੇ ਸਦਨ ਦਾ ਵਾਕਆਊਟ ਕੀਤਾ ਅਤੇ ਨਾਅਰੇਬਾਜ਼ੀ ਕੀਤੀ। ਵਿਧਾਇਕ ਅਮਨ ਅਰੋੜਾ ਨੇ ਆਵਾਜ਼ ਪ੍ਰਦੂਸ਼ਣ ਦਾ ਮੁੱਦਾ ਉਠਾਉਂਦਿਆਂ ਕਿਹਾ ਕਿ ਇਹ ਮਾਮਲਾ ਪਿਛਲੇ ਸੈਸ਼ਨ ਵਿਚ ਵੀ ਉਠਾਇਆ ਸੀ ਅਤੇ ਮੁੱਖ ਮੰਤਰੀ ਨੇ ਸਾਰੀਆਂ ਪਾਰਟੀਆਂ ਦੀ ਸਾਂਝੀ ਕਮੇਟੀ ਬਣਾ ਕੇ ਹੱਲ ਕੱਢਣ ਦਾ ਭਰੋਸਾ ਦਿੱਤਾ ਸੀ, ਪਰ ਅੱਜ ਤਕ ਕੁੱਝ ਨਹੀਂ ਹੋਇਆ। ਵਿਧਾਇਕ ਬਿਕਰਮ ਮਜੀਠੀਆ ਨੇ ਸਰਕਾਰੀ ਸਕੂਲਾਂ ਦੇ 12 ਲੱਖ ਗਰੀਬ ਬੱਚਿਆਂ ਨੂੰ ਵਰਦੀਆਂ ਨਾ ਦੇਣ ਦਾ ਮੁੱਦਾ ਉਠਾਇਆ। ਉਨ੍ਹਾਂ ਕਿਹਾ ਕਿ ਜੇ ਸਰਕਾਰ ਕੋਲ ਫੰਡ ਨਹੀਂ ਹਨ ਤਾਂ ਵਿਧਾਇਕਾਂ ਦੀ ਇਕ-ਇਕ ਮਹੀਨੇ ਦੀ ਤਨਖਾਹ ਕੱਟ ਕੇ ਵਰਦੀਆਂ ਦਾ ਪ੍ਰਬੰਧ ਕੀਤਾ ਜਾਵੇ।

# ਸਾਬਕਾ ਐਸ.ਪੀ. ਸਲਵਿੰਦਰ ਸਿੰਘ ਨੂੰ ਦਸ ਸਾਲ ਕੈਦ

**ਗੁਰਦਾਸਪੁਰ :** ਪਠਾਨਕੋਟ ਏਅਰਬੇਸ ਉਤੇ ਹਮਲੇ ਮਗਰੋਂ ਚਰਚਾ 'ਚ ਆਏ ਪੰਜਾਬ ਪੁਲਿਸ ਦੇ ਸਾਬਕਾ ਐਸ.ਪੀ. ਸਲਵਿੰਦਰ ਸਿੰਘ ਨੂੰ ਅਦਾਲਤ ਨੇ ਜਬਰ ਜਨਾਹ ਦੇ ਮਾਮਲੇ 'ਚ 10 ਸਾਲ ਤੇ ਭ੍ਰਿਸ਼ਟਾਚਾਰ ਦੇ ਮਾਮਲੇ 'ਚ ਪੰਜ ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਉਸ ਨੂੰ 50 ਹਜ਼ਾਰ ਰੁਪਏ ਜੁਰਮਾਨਾ ਵੀ ਕੀਤਾ ਗਿਆ ਹੈ। ਦੋਵੇਂ ਸਜ਼ਾਵਾਂ ਨਾਲ-ਨਾਲ ਚੱਲਣਗੀਆਂ। ਜ਼ਿਕਰਯੋਗ ਹੈ ਕਿ 15 ਫਰਵਰੀ ਨੂੰ ਇਸ ਮਾਮਲੇ ਵਿਚ ਸਲਵਿੰਦਰ ਸਿੰਘ ਨੂੰ ਦੋਸ਼ੀ ਠਹਿਰਾਇਆ ਗਿਆ ਸੀ ਤੇ ਜੇਲ੍ਹ ਭੇਜ ਦਿੱਤਾ ਗਿਆ ਸੀ। ਸੁਰੱਖਿਆ ਕਾਰਨਾਂ ਕਰ ਕੇ ਉਸ ਨੂੰ ਅੰਮ੍ਰਿਤਸਰ ਦੀ ਜੇਲ੍ਹ ਤਬਦੀਲ ਕਰ ਦਿੱਤਾ ਗਿਆ ਸੀ।



ਦੱਸਣਯੋਗ ਹੈ ਕਿ 2016 ਵਿਚ ਪੁਲਿਸ ਨੇ ਸਲਵਿੰਦਰ ਸਿੰਘ ਖਿਲਾਫ ਜਬਰ ਜਨਾਹ ਅਤੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਹੇਠ ਕੇਸ ਦਰਜ ਕੀਤਾ ਸੀ। ਗੀਤਾ ਭਵਨ ਰੋਡ ਗੁਰਦਾਸਪੁਰ ਦੀ ਇਕ ਔਰਤ ਨੇ ਤਤਕਾਲੀ ਮੁੱਖ ਮੰਤਰੀ ਨੂੰ ਧਾਰੀਵਾਲ ਵਿਚ ਕੀਤੇ ਜਾ ਰਹੇ ਸੰਗਤ ਦਰਸ਼ਨ ਦੌਰਾਨ ਦਰਖਾਸਤ ਦਿੱਤੀ ਸੀ ਕਿ ਸਲਵਿੰਦਰ ਸਿੰਘ ਉਸ ਦੇ ਪਤੀ ਨੂੰ ਇਕ ਅਪਰਾਧਕ ਮਾਮਲੇ ਵਿਚੋਂ ਬਾਹਰ ਕੱਢਣ ਲਈ 50 ਹਜ਼ਾਰ ਰੁਪਏ ਰਿਸ਼ਵਤ ਮੰਗ ਰਿਹਾ ਸੀ। ਇਸ ਤੋਂ ਇਲਾਵਾ ਉਸ ਨੇ ਸਾਬਕਾ ਐਸ.ਪੀ. 'ਤੇ ਧੱਕੇ ਨਾਲ ਸਰੀਰਕ ਸਬੰਧ ਬਣਾਉਣ ਦੇ ਦੋਸ਼ ਵੀ ਲਾਏ ਸਨ।

ਨਵੰਬਰ 2017 ਵਿਚ ਪੰਜਾਬ ਸਰਕਾਰ ਨੇ ਉਸ ਖਿਲਾਫ ਦਰਜ ਮਾਮਲਿਆਂ ਦੇ ਚੱਲਦਿਆਂ ਉਸ ਨੂੰ ਜਬਰੀ ਸੇਵਾ ਮੁਕਤ ਕਰ ਦਿੱਤਾ ਸੀ। ਇਸ ਤੋਂ ਪਹਿਲਾਂ ਸਲਵਿੰਦਰ ਸਿੰਘ ਤੇ ਪੁਲੀਸ ਮਹਿਕਮੇ ਦੀਆਂ ਮਹਿਲਾ ਕਾਂਸਟੇਬਲਾਂ ਨੇ ਵੀ ਜਿਨਸੀ ਸ਼ੋਸ਼ਣ ਦੇ ਦੋਸ਼ ਲਾਏ ਸਨ। ਐੱਸਪੀ ਸਲਵਿੰਦਰ ਸਿੰਘ ਨੇ ਖੁਦ ਨੂੰ ਬੇਗੁਨਾਹ ਦੱਸਦਿਆਂ ਕਿਹਾ ਕਿ ਉਸ ਖਿਲਾਫ ਕੋਈ ਪੁਖਤਾ ਸਬੂਤ ਨਹੀਂ ਮਿਲਿਆ ਹੈ ਤੇ ਉਹ ਹਾਈ ਕੋਰਟ ਪਹੁੰਚ ਕਰੇਗਾ।

# ਧਮਾਕਾਖੇਜ਼ ਸਮੱਗਰੀ ਰੱਖਣ ਦੇ ਮਾਮਲੇ 'ਚੋਂ ਜਗਤਾਰ ਸਿੰਘ ਤਾਰਾ ਤੇ ਅਮਰਜੀਤ ਸਿੰਘ ਬਰੀ

**ਬਠਿੰਡਾ:** ਬੰਬ ਬਣਾਉਣ ਲਈ ਧਮਾਕਾਖੇਜ਼ ਸਮਗਰੀ ਰੱਖਣ, ਗੈਰ ਕਾਨੂੰਨੀ ਗਤੀਵਿਧੀਆਂ ਕਰਨ ਅਤੇ ਨਾਜਾਇਜ਼ ਅਸਲਾ ਰੱਖਣ ਦੇ ਦੋਸ਼ਾਂ 'ਚੋਂ ਬਠਿੰਡਾ ਦੇ ਵਧੀਕ ਸੈਸ਼ਨ ਜੱਜ ਕੇ.ਐਸ. ਬਾਜਵਾ ਦੀ ਅਦਾਲਤ ਨੇ ਭਾਈ ਜਗਤਾਰ ਸਿੰਘ ਤਾਰਾ ਅਤੇ ਅਮਰਜੀਤ ਸਿੰਘ ਨੂੰ ਬਾਇੱਜ਼ਤ ਬਰੀ ਕਰਨ ਦੇ ਹੁਕਮ ਸੁਣਾਏ ਹਨ, ਜਦੋਂ ਰਮਨਦੀਪ ਸਿੰਘ ਨੂੰ ਨਾਜਾਇਜ਼ ਪਿਸਤੌਲ ਰੱਖਣ ਦੇ ਦੋਸ਼ਾਂ 'ਚ ਅਸਲਾ ਐਕਟ ਤਹਿਤ ਇਕ ਸਾਲ ਦੀ ਸਜ਼ਾ ਸੁਣਾਈ ਹੈ ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਭਾਈ ਤਾਰਾ, ਸੰਨ੍ਹੀ ਅਤੇ ਅਮਰਜੀਤ ਦੇ ਸੀਨੀਅਰ ਵਕੀਲ ਹਰਪਾਲ ਸਿੰਘ ਖਾਰਾ ਨੇ ਦੱਸਿਆ ਕਿ ਪੁਲਿਸ ਨੇ 8 ਨਵੰਬਰ 2014 'ਚ ਥਾਣਾ ਕੋਤਵਾਲੀ ਵਿਖੇ ਪਰਚਾ ਦਰਜ ਕਰਕੇ ਰਮਨਦੀਪ ਸਿੰਘ ਸੰਨ੍ਹੀ ਵਾਸੀ ਤੇਲੀਆਵਾਲਾ ਮੁਹੱਲਾ ਤੋਂ 2 ਮਾਚਿਸਾਂ, ਰੱਸੀ, ਇਕ ਪਾਈਪ, ਇਕ ਛੋਟੀ ਬੈਟਰੀ ਆਦਿ ਬਰਾਮਦ ਕਰਕੇ ਇਹ ਸਮਗਰੀ ਬੰਬ ਬਣਾਉਣ ਲਈ ਜੁਟਾਈ ਦੱਸਿਆ ਸੀ। ਸੰਨ੍ਹੀ ਨੂੰ ਗ੍ਰਿਫਤਾਰ ਕਰਕੇ ਉਸ ਤੋਂ ਪੁੱਛਗਿੱਛ ਦੌਰਾਨ ਪੁਲਿਸ ਨੇ ਬੱਬਰ ਖਾਲਸਾ ਇੰਟਰਨੈਸ਼ਨਲ ਦੀ ਲੇਟਰਪੈਡ ਦੀ ਇਕ ਕਾਪੀ ਅਤੇ ਇਕ ਪਿਸਤੌਲ ਵੀ ਬਰਾਮਦ ਹੋਣ ਦਾ ਦਾਅਵਾ ਕੀਤਾ ਸੀ। ਲਿਬਨਾਨ ਤੋਂ 5495 ਰੁਪਏ ਵੈਸਟਰਨ ਯੂਨੀਅਨ ਰਾਹੀਂ ਸੰਨੀ ਨੂੰ ਭੇਜਣ ਕਰਕੇ ਅਮਰਜੀਤ ਸਿੰਘ ਨੂੰ ਵੀ ਇਸ ਮਾਮਲੇ 'ਚ ਨਾਮਜ਼ਦ ਕਰਦਿਆਂ ਪੁਲਿਸ ਨੇ ਉਸ ਉਪਰ ਧਮਾਕਾਖੇਜ਼ ਸਮਗਰੀ ਜੁਟਾਉਣ ਲਈ ਇਹ ਪੈਸਾ ਭੇਜਣ ਦੇ ਦੋਸ਼ ਲਗਾਏ ਸਨ।



ਰਮਨਦੀਪ ਸਿੰਘ ਸੰਨੀ ਉਪਰ ਥਾਈਲੈਂਡ ਜਾ ਕੇ ਭਾਈ ਜਗਤਾਰ ਸਿੰਘ ਤਾਰਾ ਨਾਲ ਮੀਟਿੰਗ ਕਰਨ ਦੇ ਵੀ ਦਾਅਵੇ ਕੀਤੇ ਗਏ ਸਨ। ਵਕੀਲ ਖਾਰਾ ਨੇ ਦੱਸਿਆ ਕਿ ਪੁਲਿਸ ਭਾਈ ਤਾਰਾ, ਸੰਨ੍ਹੀ ਅਤੇ ਅਮਰਜੀਤ ਸਿੰਘ ਦੇ ਆਪਸੀ ਸੰਬੰਧ ਸਾਬਤ ਕਰਨ 'ਚ ਨਾਕਾਮ ਰਹੀ ਤੇ ਸੰਨ੍ਹੀ ਕੋਲੋਂ ਬਰਾਮਦ ਹੋਈ ਸਮਗਰੀ ਵੀ ਪੁਲਿਸ ਵਲੋਂ ਕਿਸੇ ਲੈਬ 'ਚ ਜਾਂਚ ਲਈ ਨਹੀਂ ਭੇਜੀ ਗਈ। ਅਦਾਲਤ 'ਚ ਪੁਲਿਸ ਦੇ ਅਧਿਕਾਰੀਆਂ ਵਲੋਂ ਦਿੱਤੇ ਬਿਆਨਾਂ ਅਨੁਸਾਰ ਸੰਨ੍ਹੀ ਤੋਂ ਬਰਾਮਦ ਹੋਈਆਂ ਚੀਜ਼ਾਂ ਆਮ ਬਾਜ਼ਾਰ 'ਚੋਂ ਮਿਲ ਜਾਂਦੀਆਂ ਹਨ, ਜਿਸ ਕਾਰਨ ਅਦਾਲਤ ਨੇ ਇਸ ਨੂੰ ਐਕਸਪਲੋਸਿਵ ਐਕਟ ਤਹਿਤ ਜੁਰਮ ਮੰਨਣ ਤੋਂ ਨਾਂਹ ਕੀਤੀ ਹੈ।

ਪੁਲਿਸ ਵਲੋਂ ਰਮਨਦੀਪ ਸਿੰਘ ਸੰਨ੍ਹੀ ਤੋਂ ਬਰਾਮਦ ਬੱਬਰ ਖਾਲਸਾ ਇੰਟਰਨੈਸ਼ਨਲ ਜਥੇਬੰਦੀ ਦੀ ਲੇਟਰਪੈਡ ਦੀ ਜੋ ਕਾਪੀ ਮਿਲੀ ਸੀ, ਉਸ ਉਪਰ ਸੰਨ੍ਹੀ ਜਾਂ ਉਕਤ ਵਲੋਂ ਕਿਸੇ ਦੇ ਵੀ ਨਾ ਤਾਂ ਦਸਤਖਤ ਸਨ ਅਤੇ ਨਾ ਹੀ ਪੁਲਿਸ ਇਸ ਲੇਟਰਪੈਡ ਦਾ ਅਸਲੀ ਪੇਜ ਅਦਾਲਤ 'ਚ ਪੇਸ਼ ਕਰ ਸਕੀ।

# ਧੋਖਾਧੜੀ ਕਰਨ ਵਾਲੇ 2140 ਟਰੈਵਲ ਏਜੰਟਾਂ ਖਿਲਾਫ ਕੇਸ ਦਰਜ

**ਚੰਡੀਗੜ੍ਹ:** ਕੈਪਟਨ ਸਰਕਾਰ ਨੇ ਸੱਤਾ 'ਚ ਆਉਣ ਤੋਂ ਬਾਅਦ ਧੋਖਾਧੜੀ ਕਰਨ ਵਾਲੇ ਟਰੈਵਲ ਏਜੰਟਾਂ ਖਿਲਾਫ ਕਾਰਵਾਈ ਕਰਦਿਆਂ 2140 ਕੇਸ ਦਰਜ ਕੀਤੇ ਹਨ। ਇਹ ਖੁਲਾਸਾ ਇੱਥੇ ਸੰਸਦੀ ਮਾਮਲਿਆਂ ਬਾਰੇ ਮੰਤਰੀ ਬ੍ਰਹਮ ਮਹਿੰਦਰਾ ਨੇ ਮੁੱਖ ਮੰਤਰੀ ਦੀ ਤਰਫੋਂ 'ਆਪ' ਵਿਧਾਇਕ ਕੰਵਰ ਸੰਧੂ ਦੇ ਧਿਆਨ ਦਿਵਾਊ ਮਤੇ ਦੇ ਜਵਾਬ ਵਿਚ ਕੀਤਾ। ਸੰਧੂ ਨੇ ਮੰਗ ਕੀਤੀ ਕਿ ਸਰਕਾਰ ਧੋਖੇਬਾਜ਼ ਟਰੈਵਲ ਏਜੰਟਾਂ ਨੂੰ ਸਜ਼ਾ ਦੇਣ ਲਈ ਫਾਸਟ ਟਰੈਕ ਅਦਾਲਤਾਂ ਬਣਾਵੇ।

ਮੰਤਰੀ ਨੇ ਦੱਸਿਆ ਕਿ ਆਈ.ਪੀ.ਸੀ. ਦੀ ਧਾਰਾ 420 ਤਹਿਤ 1107 ਕੇਸ, ਦਾ ਪੰਜਾਬ ਟਰੈਵਲ ਪ੍ਰੋਫੈਸ਼ਨਲਜ਼ ਰੈਗੂਲੇਸ਼ਨ ਐਕਟ-2014 ਤਹਿਤ 528 ਅਤੇ ਇਮੀਗ੍ਰੇਸ਼ਨ ਐਕਟ-1983 ਤਹਿਤ 505 ਕੇਸ ਦਰਜ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਕਪੂਰਥਲਾ ਜ਼ਿਲ੍ਹੇ ਦੇ ਚਾਰ ਨੌਜਵਾਨਾਂ ਜਿਨ੍ਹਾਂ ਨੂੰ ਧੋਖਾਧੜੀ ਨਾਲ ਟਰੈਵਲ ਏਜੰਟਾਂ ਨੇ ਆਰਮੀਨੀਆ ਭੇਜ ਦਿੱਤਾ ਸੀ, ਦੇ ਮਾਮਲੇ ਵਿਚ ਕਾਰਵਾਈ ਕਰਦਿਆਂ ਪੰਜਾਬ ਮਨੁੱਖੀ ਤਸਕਰੀ ਰੋਕਥਾਮ ਐਕਟ-2012 ਦੇ ਤਹਿਤ ਤਿੰਨ ਟਰੈਵਲ ਏਜੰਟਾਂ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ ਅਤੇ ਬਾਕੀਆਂ ਨੂੰ ਛੇਤੀ ਹੀ ਫੜ ਲਿਆ ਜਾਵੇਗਾ।

# ਚੋਣ ਬਿਗਲ: ਦਾਅਵੇਦਾਰੀਆਂ ਨੇ ਸਿਆਸੀ ਧਿਰਾਂ ਦੀਆਂ ਮੁਸ਼ਕਿਲਾਂ ਵਧਾਈਆਂ

**ਅੰਮ੍ਰਿਤਸਰ:** ਆਗਾਮੀ ਲੋਕ ਸਭਾ ਚੋਣਾਂ ਦਾ ਭਾਵੇਂ ਰਸਮੀ ਐਲਾਨ ਨਹੀਂ ਹੋਇਆ ਹੈ, ਪਰ ਟਿਕਟਾਂ ਦੇ ਦਾਅਵੇਦਾਰ ਸਰਗਰਮ ਹੋ ਗਏ ਹਨ। ਅੰਮ੍ਰਿਤਸਰ ਸੰਸਦੀ ਹਲਕਾ ਹਮੇਸ਼ਾ ਹੀ ਸਰਹੱਦੀ ਜ਼ਿਲ੍ਹਾ ਹੋਣ ਕਾਰਨ ਅਹਿਮ ਰਿਹਾ ਹੈ। ਇਥੇ ਮੁੱਖ ਰਵਾਇਤੀ ਸਿਆਸੀ ਪਾਰਟੀਆਂ ਕਾਂਗਰਸ ਅਤੇ ਅਕਾਲੀ-ਭਾਜਪਾ ਗੱਠਜੋੜ ਦੇ ਉਮੀਦਵਾਰਾਂ ਤੋਂ ਇਲਾਵਾ ਆਮ ਆਦਮੀ ਪਾਰਟੀ, ਖੱਬੀਆਂ ਧਿਰਾਂ ਅਤੇ ਵੱਖ-ਵੱਖ ਸਿਆਸੀ ਪਾਰਟੀਆਂ ਵੱਲੋਂ ਬਣਾਏ



ਜਾ ਰਹੇ ਮਹਾਂਗੱਠਜੋੜ ਕਰ ਕੇ ਚੋਣ ਮੁਕਾਬਲਾ ਬਹੁ ਕੋਣੀ ਹੋਵੇਗਾ। ਹੁਣ ਤਕ ਇਸ ਸੰਸਦੀ ਹਲਕੇ ਵਾਸਤੇ ਸਿਰਫ 'ਆਪ' ਵੱਲੋਂ ਹੀ ਕੁਲਦੀਪ ਸਿੰਘ ਧਾਲੀਵਾਲ ਦੇ ਨਾਂ ਦਾ ਐਲਾਨ ਉਮੀਦਵਾਰ ਵਜੋਂ ਕੀਤਾ ਗਿਆ ਹੈ।

ਸ੍ਰੀ ਧਾਲੀਵਾਲ ਇਸ ਵੇਲੇ 'ਆਪ' ਦੇ ਮਾਝਾ ਜ਼ੋਨ ਦੇ ਪ੍ਰਧਾਨ ਵੀ ਹਨ ਤੇ ਐਨ.ਆਰ.ਆਈ. ਹਨ, ਉਹ ਪਿੰਡ ਜਗਦੇਵ ਕਲਾਂ ਦੇ ਵਾਸੀ ਹਨ। ਹਾਕਮ ਧਿਰ ਕਾਂਗਰਸ ਵੱਲੋਂ ਚੋਣ ਲੜਨ ਦੇ ਇੱਛੁਕ ਉਮੀਦਵਾਰਾਂ ਕੋਲੋਂ ਅਰਜ਼ੀਆਂ ਮੰਗੀਆਂ ਗਈਆਂ ਹਨ, ਜਿਨ੍ਹਾਂ ਵਿਚ ਦਰਜਨ ਭਰ ਉਮੀਦਵਾਰਾਂ ਵੱਲੋਂ ਆਪੋ-ਆਪਣੀ ਦਾਅਵੇਦਾਰੀ ਪੇਸ਼ ਕੀਤੀ ਗਈ ਹੈ। ਇਨ੍ਹਾਂ ਵਿਚ ਮੌਜੂਦਾ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਸਮੇਤ ਸਾਬਕਾ ਵਿਧਾਇਕ ਹਰਜਿੰਦਰ ਸਿੰਘ ਠੇਕੇਦਾਰ, ਕੌਂਸਲਰ ਵਿਕਾਸ ਸੋਨੀ (ਸਿੱਖਿਆ ਮੰਤਰੀ ਓਪੀ. ਸੋਨੀ ਦਾ ਭਤੀਜਾ), ਨਗਰ ਨਿਗਮ ਦੇ ਮੇਅਰ ਕਰਮਜੀਤ ਸਿੰਘ ਰਿੰਟੂ, ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦਾ ਭਰਾ ਸੁਰਜੀਤ ਸਿੰਘ ਕੋਹਲੀ, ਸਾਬਕਾ ਵਿਧਾਇਕ ਸਵਿੰਦਰ ਸਿੰਘ ਕੱਥੂਨੰਗਲ, ਜ਼ਿਲ੍ਹਾ ਦਿਹਾਤੀ ਕਮੇਟੀ ਦੇ ਪ੍ਰਧਾਨ ਭਗਵੰਤ ਪਾਲ ਸਿੰਘ ਸੱਚਰ, ਨੌਜਵਾਨ ਆਗੂ ਦਿਲਰਾਜ ਸਿੰਘ ਸਰਕਾਰੀਆ ਤੇ ਕੰਵਰ ਪ੍ਰਤਾਪ ਸਿੰਘ ਤੋਂ ਇਲਾਵਾ ਬੀ ਐੱਸ ਰੰਧਾਵਾ, ਭੁਪੇਸ਼ ਸਰੀਨ, ਸੁਰਭੀ ਵਰਮਾ ਦੇ ਨਾਂ ਸ਼ਾਮਲ ਹਨ। ਕਾਂਗਰਸੀ ਸੂਤਰਾਂ ਮੁਤਾਬਿਕ ਇਹ ਚੋਣਾਂ ਵਾਸਤੇ ਇਨ੍ਹਾਂ ਇੱਛੁਕ ਉਮੀਦਵਾਰਾਂ ਵਿਚੋਂ ਸਭ ਤੋਂ ਵਧੇਰੇ ਸਮਰੱਥ ਉਮੀਦਵਾਰ ਮੌਜੂਦਾ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਹੀ ਹਨ, ਪਰ ਕੁਝ ਕਾਂਗਰਸੀ ਵਿਧਾਇਕ ਮੁੜ ਟਿਕਟ ਲਈ ਉਨ੍ਹਾਂ ਦਾ ਵਿਰੋਧ ਵੀ ਕਰ ਰਹੇ ਹਨ। ਉਨ੍ਹਾਂ ਦੇ ਨਾਂ ਤੋਂ ਬਾਅਦ ਸਾਬਕਾ ਵਿਧਾਇਕ ਹਰਜਿੰਦਰ ਸਿੰਘ ਠੇਕੇਦਾਰ, ਮੇਅਰ ਕਰਮਜੀਤ ਸਿੰਘ ਰਿੰਟੂ, ਭਗਵੰਤ ਪਾਲ ਸਿੰਘ ਸੱਚਰ, ਨੌਜਵਾਨ ਆਗੂ ਵਿਕਾਸ ਸੋਨੀ ਤੇ ਦਿਲਰਾਜ ਸਿੰਘ ਸਰਕਾਰੀਆ ਦੇ ਨਾਂਵਾਂ ਦੀ ਚਰਚਾ ਹੈ। ਇਹ ਵੀ ਪਤਾ ਲੱਗਾ ਹੈ ਕਿ ਕਾਂਗਰਸ ਹਾਈ ਕਮਾਂਡ ਵੱਲੋਂ ਕੀਤੀ ਮੀਟਿੰਗ ਵਿਚ ਕਾਂਗਰਸੀ ਆਗੂਆਂ ਵੱਲੋਂ ਇਸ ਹਲਕੇ ਤੋਂ ਕਾਂਗਰਸੀ ਉਮੀਦਵਾਰ ਵਜੋਂ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਅਤੇ ਨਵਜੋਤ ਸਿੰਘ ਸਿੱਧੂ ਨੂੰ ਚੋਣ ਲੜਾਉਣ ਦਾ ਸੁਝਾਅ ਵੀ ਦਿੱਤਾ ਗਿਆ ਸੀ।

ਅਕਾਲੀ-ਭਾਜਪਾ ਗੱਠਜੋੜ ਵੱਲੋਂ ਇਹ ਸੀਟ ਭਾਜਪਾ ਦੇ ਖਾਤੇ ਵਿਚ ਹੈ ਤੇ ਭਾਜਪਾ ਵੱਲੋਂ ਸੀਨੀਅਰ ਆਗੂ ਰਜਿੰਦਰ ਮੋਹਨ ਸਿੰਘ ਛੀਨਾ ਹੀ ਸਭ ਤੋਂ ਵੱਡੇ ਦਾਅਵੇਦਾਰ ਹਨ। ਉਨ੍ਹਾਂ ਪਿਛਲੀ 2017 ਉਪ ਚੋਣ ਵਿਚ ਹਿੱਸਾ ਲਿਆ ਸੀ ਤੇ 3 ਲੱਖ 8964 ਵੋਟਾਂ ਹਾਸਲ ਕੀਤੀਆਂ ਸਨ। ਉਹ ਇਸ ਵੇਲੇ ਖਾਲਸਾ ਕਾਲਜ ਗਵਰਨਿੰਗ ਕੌਂਸਲ ਵਿਚ ਆਨਰੇਰੀ ਸਕੱਤਰ ਵੀ ਹਨ ਤੇ ਹੋਰ ਵੀ ਕਈ ਸੰਸਥਾਵਾਂ ਤੇ ਜਥੇਬੰਦੀਆਂ ਨਾਲ ਜੁੜੇ ਹੋਏ ਹਨ। ਇਸ ਤੋਂ ਪਹਿਲਾਂ ਉਹ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਅਤੇ ਪੰਜਾਬ ਲਘੂ ਉਦਯੋਗ ਬੋਰਡ ਦੇ ਚੇਅਰਮੈਨ ਵੀ ਰਹਿ ਚੁੱਕੇ ਹਨ। ਇਥੋਂ ਭਾਜਪਾ ਵੱਲੋਂ ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਦੇ ਨਾਂ ਦੀ ਚਰਚਾ ਸੀ, ਪਰ ਉਨ੍ਹਾਂ ਬੀਤੇ ਦਿਨ ਇਥੋਂ ਚੋਣ ਲੜਨ ਤੋਂ ਨਾਂਹ ਕਰ ਦਿੱਤੀ ਸੀ ਅਤੇ ਆਖਿਆ ਸੀ ਕਿ ਉਹ ਉਤਰ ਪ੍ਰਦੇਸ਼ ਤੋਂ ਰਾਜ ਸਭਾ ਮੈਂਬਰ ਵੀ ਹਨ ਤੇ ਉਨ੍ਹਾਂ ਦਾ ਕਾਰਜਕਾਲ ਬਾਕੀ ਹੈ। ਇਹ ਵੀ ਪਤਾ ਲੱਗਾ ਹੈ ਕਿ ਭਾਜਪਾ ਇਥੋਂ ਫਿਲਮ ਅਦਾਕਾਰ ਸੰਨੀ ਦਿਓਲ ਨੂੰ ਲਿਆਉਣ ਦੀ ਇੱਛੁਕ ਹੈ, ਪਰ ਉਨ੍ਹਾਂ ਵੱਲੋਂ ਹੁਣ ਤਕ ਕੋਈ ਹੁੰਗਾਰਾ ਨਹੀਂ ਦਿੱਤਾ ਗਿਆ ਹੈ। ਭਾਜਪਾ ਦੀ ਕੋਸ਼ਿਸ਼ ਹੈ ਕਿ ਇਸ ਹਲਕੇ ਵਾਸਤੇ ਕੋਈ ਸਿੱਖ ਉਮੀਦਵਾਰ ਹੀ ਮੈਦਾਨ 'ਚ ਉਤਾਰਿਆ ਜਾਵੇ, ਕਿਉਂਕਿ ਇਹ ਹਲਕਾ ਲਗਭਗ 66 ਫੀਸਦੀ ਸਿੱਖ ਵੋਟਰਾਂ ਵਾਲਾ ਹੈ। ਉਂਜ ਵੀ ਜਦੋਂ-ਜਦੋਂ ਭਾਜਪਾ ਨੇ ਇਥੋਂ ਸਿੱਖ ਉਮੀਦਵਾਰ ਮੈਦਾਨ 'ਚ ਉਤਾਰਿਆ ਹੈ, ਉਨ੍ਹਾਂ ਨੂੰ ਜਿੱਤ ਮਿਲੀ ਹੈ।


ਖੱਬੇ ਪੱਖੀ ਧਿਰਾਂ ਵਿਚ ਸ਼ਾਮਲ ਸੀ.ਪੀ.ਆਈ. ਇਥੋਂ ਚੋਣ ਲੜਦੀ ਰਹੀ ਹੈ, ਪਰ ਇਸ ਵਾਰ ਅਜੇ ਤੱਕ ਕਿਸੇ ਉਮੀਦਵਾਰ ਬਾਰੇ ਕੋਈ ਵਿਸ਼ੇਸ਼ ਚਰਚਾ ਨਹੀਂ ਹੋਈ ਹੈ। ਉਨ੍ਹਾਂ ਵੱਲੋਂ ਕਿਸੇ ਹਮਖਿਆਲੀ ਪਾਰਟੀ ਨਾਲ ਗੱਠਜੋੜ ਦੀ ਵੀ ਸੰਭਾਵਨਾ ਹੈ। ਸ਼੍ਰੋਮਣੀ ਅਕਾਲੀ ਦਲ (ਟਕਸਾਲੀ), ਜਿਨ੍ਹਾਂ ਵੱਲੋਂ ਮਹਾਂਗੱਠਜੋੜ ਬਣਾਉਣ ਦਾ ਯਤਨ ਕੀਤਾ ਜਾ ਰਿਹਾ ਹੈ, ਵੱਲੋਂ ਵੀ ਫਿਲਹਾਲ ਉਮੀਦਵਾਰ ਦੀ ਥਾਂ ਗੱਠਜੋੜ ਕਾਇਮ ਕਰਨ ਦੇ ਯਤਨਾਂ ਨੂੰ ਤਰਜੀਹ ਦਿੱਤੀ ਜਾ ਰਹੀ ਹੈ ਤੇ ਇਸ ਪਿਛੋਂ ਹੀ ਉਮੀਦਵਾਰ ਬਾਰੇ ਕੋਈ ਫੈਸਲਾ ਹੋਵੇਗਾ।

ਇਸ ਸੰਸਦੀ ਹਲਕੇ ਦੇ ਪਿਛੋਕੜ 'ਤੇ ਝਾਤ ਮਾਰੀਏ ਤਾਂ ਹੁਣ ਤਕ ਇਥੋਂ ਵਧੇਰੇ ਕਾਂਗਰਸੀ ਉਮੀਦਵਾਰ ਹੀ ਚੋਣ ਜਿੱਤਦੇ ਰਹੇ ਹਨ। 1952, 57 ਤੇ 62 ਵਿਚ ਕਾਂਗਰਸ ਵੱਲੋਂ ਗੁਰਮੁਖ ਸਿੰਘ ਮੁਸਾਫਰ ਨੇ ਚੋਣ ਜਿੱਤੀ। 1967 ਵਿਚ ਭਾਰਤੀ ਜਨ ਸੰਘ ਵੱਲੋਂ ਯੱਗਿਆਦੱਤ ਸ਼ਰਮਾ ਜਿੱਤੇ ਸਨ। 1971 ਵਿਚ ਕਾਂਗਰਸ ਦੇ ਦੁਰਗਾਦਾਸ ਭਾਟੀਆ ਨੇ ਚੋਣ ਜਿੱਤੀ। ਉਨ੍ਹਾਂ ਦੀ ਮੌਤ ਮਗਰੋਂ 1972 ਵਿਚ ਉਪ ਚੋਣ ਉਨ੍ਹਾਂ ਦੇ ਭਰਾ ਰਘੂਨੰਦਨ ਲਾਲ ਭਾਟੀਆ ਨੇ ਕਾਂਗਰਸ ਉਮੀਦਵਾਰ ਵਜੋਂ ਜਿੱਤੀ। 1972, 77, 81 ਤੇ 1984 ਵਿਚ ਲਗਾਤਾਰ ਸ੍ਰੀ ਭਾਟੀਆ ਨੇ ਜਿੱਤ ਪ੍ਰਾਪਤ ਕੀਤੀ। 1989 ਵਿਚ ਆਜ਼ਾਦ ਉਮੀਦਵਾਰ ਵਜੋਂ ਕਿਰਪਾਲ ਸਿੰਘ ਚੋਣ ਜਿੱਤੇ ਸਨ। ਮੁੜ 1991 ਅਤੇ 1996 ਵਿਚ ਕਾਂਗਰਸ ਵੱਲੋਂ ਆਰ ਐੱਲ ਭਾਟੀਆ ਜੇਤੂ ਰਹੇ। 1998 ਵਿਚ ਭਾਜਪਾ ਵੱਲੋਂ ਦਯਾ ਸਿੰਘ ਸੋਢੀ ਨੇ ਚੋਣ ਜਿੱਤੀ ਤੇ ਉਨ੍ਹਾਂ ਦੀ ਮੌਤ ਮਗਰੋਂ ਹੋਈ ਉਪ ਚੋਣ ਵਿਚ ਮੁੜ ਕਾਂਗਰਸ ਵੱਲੋਂ ਆਰ ਐੱਲ ਭਾਟੀਆ ਚੋਣ ਜਿੱਤੇ। 2004, 07 ਤੇ 2009 ਵਿਚ ਭਾਜਪਾ ਵੱਲੋਂ ਨਵਜੋਤ ਸਿੰਘ ਸਿੱਧੂ ਨੇ ਚੋਣ ਜਿੱਤੀ ਸੀ। 2004 ਵਿਚ ਕੈਪਟਨ ਅਮਰਿੰਦਰ ਸਿੰਘ ਨੇ ਕਾਂਗਰਸ ਵੱਲੋਂ ਚੋਣ ਜਿੱਤੀ ਤੇ ਭਾਜਪਾ ਉਮੀਦਵਾਰ ਅਰੁਣ ਜੇਤਲੀ ਨੂੰ ਹਰਾਇਆ ਸੀ। ਮੁੜ 2017 ਵਿਚ ਹੋਈ ਉਪ ਚੋਣ ਵਿਚ ਕਾਂਗਰਸ ਵੱਲੋਂ ਗੁਰਜੀਤ ਸਿੰਘ ਔਜਲਾ ਨੇ ਚੋਣ ਜਿੱਤੀ ਸੀ।

ਮੌਜੂਦਾ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੂੰ ਕੰਮ ਕਰਨ ਦਾ ਥੋੜਾ ਸਮਾਂ ਮਿਲਿਆ ਹੈ, ਪਰ ਇਸ ਸਮੇਂ ਦੌਰਾਨ ਉਨ੍ਹਾਂ ਆਪਣੇ ਅਖ਼ਤਿਆਰੀ ਫੰਡਾਂ 'ਚੋਂ ਵਧੇਰੇ ਰਕਮ ਪਿੰਡਾਂ ਤੇ ਸ਼ਹਿਰਾਂ ਵਿਚ ਮੁਢਲੇ ਢਾਂਚੇ ਲਈ ਦਿੱਤੀ ਹੈ। ਦੂਜੇ ਪਾਸੇ, ਉਪ ਚੋਣ ਹਾਰੇ ਭਾਜਪਾ ਆਗੂ ਰਜਿੰਦਰ ਮੋਹਨ ਸਿੰਘ ਛੀਨਾ ਨੇ ਆਖਿਆ ਕਿ ਮੌਜੂਦਾ ਸੰਸਦ ਮੈਂਬਰ ਕੇਂਦਰ ਸਰਕਾਰ ਦੀਆਂ ਯੋਜਨਾਵਾਂ ਇਥੇ ਲਿਆਉਣ ਵਿਚ ਬੁਰੀ ਤਰ੍ਹਾਂ ਅਸਫਲ ਰਹੇ ਹਨ। ਕਿਸਾਨ ਆਗੂ ਰਤਨ ਸਿੰਘ ਰੰਧਾਵਾ ਨੇ ਆਖਿਆ ਕਿ ਸਰਹੱਦੀ ਪੱਟੀ ਅੱਜ ਵੀ ਵਿਕਾਸ ਪੱਖੋਂ ਅਧੂਰੀ ਹੈ। ਸੀਪੀਆਈ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਅਮਰਜੀਤ ਸਿੰਘ ਆਸਲ ਨੇ ਆਖਿਆ ਕਿ ਮੌਜੂਦਾ ਸੰਸਦ ਮੈਂਬਰ ਆਪਣੀ ਜ਼ਿੰਮੇਵਾਰੀ ਨਿਭਾਉਣ 'ਚ ਸਫਲ ਨਹੀਂ ਹੋ ਸਕੇ।

## ਸੰਸਦੀ ਹਲਕਾ ਪਟਿਆਲਾ ਲਈ ਸਿਆਸੀ ਧਿਰਾਂ ਦਾ ਲੱਗਾ ਜ਼ੋਰ

**ਪਟਿਆਲਾ:** ਲੋਕ ਸਭਾ ਹਲਕਾ ਪਟਿਆਲਾ ਪੰਜਾਬ ਦਾ ਅਹਿਮ ਸੰਸਦੀ ਹਲਕਾ ਹੈ। ਇਸ ਹਲਕੇ ਵਿਚ ਬਹੁਤੀ ਵਾਰ ਕਾਂਗਰਸ ਨੇ ਜਿੱਤ ਦੇ ਝੰਡੇ ਗੱਡੇ ਹਨ ਤੇ ਅਕਾਲੀ ਦਲ ਦੂਜੇ ਨੰਬਰ 'ਤੇ ਰਿਹਾ ਹੈ। ਉਂਜ, ਪਿਛਲੀ ਵਾਰ ਇਥੋਂ 'ਆਪ' ਨੇ ਬਾਜ਼ੀ ਮਾਰ ਲਈ ਸੀ।




ਇਸ ਸੰਸਦੀ ਹਲਕੇ ਦੀ ਵਿਸ਼ੇਸ਼ਤਾ ਇਹ ਵੀ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੀ ਇਥੋਂ ਚੋਣ ਜਿੱਤ ਕੇ ਪਹਿਲੀ ਵਾਰ ਸੰਸਦ ਵਿਚ ਗਏ ਸਨ ਤੇ ਪਟਿਆਲੇ ਵਿਚ ਮੁੱਖ ਮੰਤਰੀ ਦੀ ਰਿਹਾਇਸ਼ 'ਨਿਊ ਮੋਤੀ ਮਹਿਲ' ਵੀ ਪੈਂਦੀ ਹੈ। ਇਥੋਂ ਹੀ ਅਕਾਲੀ ਦਲ ਦੇ ਮਰਹੂਮ ਆਗੂ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਵੀ ਸੰਸਦ ਦੀਆਂ ਪੌੜੀਆਂ ਚੜ੍ਹੇ ਸਨ। ਪਟਿਆਲਾ ਰਿਆਸਤ ਦੇ ਆਖਰੀ ਸ਼ਾਸਕ ਮਹਾਰਾਜਾ ਯਾਦਵਿੰਦਰ ਸਿੰਘ ਦੇ ਤਿੰਨ ਪਰਿਵਾਰਕ ਜੀਅ, ਉਨ੍ਹਾਂ ਦੀ ਪਤਨੀ ਰਾਜ ਮਾਤਾ ਮਰਹੂਮ ਮਹਿੰਦਰ ਕੌਰ, ਪੁੱਤ ਅਮਰਿੰਦਰ ਸਿੰਘ ਤੇ ਨੂੰਹ ਪ੍ਰਨੀਤ ਕੌਰ ਵੱਖ ਵੱਖ ਸਮੇਂ ਇਸ ਹਲਕੇ ਦੀ ਨੁਮਾਇੰਦਗੀ ਕਰ ਚੁੱਕੇ ਹਨ। ਪ੍ਰਨੀਤ ਕੌਰ ਤਾਂ ਇਥੋਂ ਤਿੰਨ ਵਾਰ ਸੰਸਦ ਮੈਂਬਰ ਰਹਿਣ ਮਗਰੋਂ ਐਤਕੀਂ ਮੁੜ ਆਪਣਾ ਜੱਦੀ ਪੁਸ਼ਤੀ ਪਿੜ ਮੱਲਣ ਲਈ ਕੋਸ਼ਿਸ਼ਾਂ 'ਚ ਹਨ। ਉਂਜ, 2014 ਦੀ ਲੋਕ ਸਭਾ ਚੋਣ 'ਚ ਭਾਵੇਂ ਉਹ 'ਆਪ' ਉਮੀਦਵਾਰ ਡਾ. ਧਰਮਵੀਰ ਗਾਂਧੀ ਤੋਂ ਹਾਰ ਗਏ ਸਨ, ਪਰ ਚੋਣ ਦੰਗਲ ਵਿਚ ਕਿਸਮਤ ਅਜ਼ਮਾ ਰਹੇ 17 ਉਮੀਦਵਾਰਾਂ 'ਚੋਂ ਉਹ ਦੂਜਾ ਨੰਬਰ ਲਿਜਾਣ ਵਿਚ ਸਫ਼ਲ ਰਹੇ ਸਨ। ਇਸ ਹਲਕੇ ਤੋਂ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਐਤਕੀਂ ਵੀ ਮੈਦਾਨ ਮੱਲਣ ਲਈ ਉਤਾਵਲੇ ਹਨ। ਉਹ 'ਆਪ' ਤੋਂ ਵੱਖ ਹੋ ਚੁੱਕੇ ਹਨ ਤੇ ਪੰਜਾਬ ਡੈਮੋਕਰੈਟਿਕ ਅਲਾਇੰਸ ਦੀ ਸਰਪ੍ਰਸਤੀ ਹੇਠ ਚੋਣ ਮੁਹਿੰਮ ਭਖਾ ਰਹੇ ਹਨ।

# ਜਲ੍ਹਿਆਂਵਾਲਾ ਬਾਗ ਸਾਕੇ ਦੀ ਯਾਦਗਾਰ ਲਈ ਇਕੱਠੀ ਹੋਵੇਗੀ ਪਿੰਡਾਂ ਦੀ ਮਿੱਟੀ

**ਚੰਡੀਗੜ੍ਹ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਿਛਲੀ ਲੋਕ ਸਭਾ ਚੋਣਾਂ ਤੋਂ ਪਹਿਲਾਂ ਹਰਿਆਣਾ ਤੋਂ ਮੁਹਿੰਮ ਸ਼ੁਰੂ ਕਰਕੇ ਕਿਸਾਨਾਂ ਦੇ ਔਜ਼ਾਰਾਂ ਦੇ ਇਕੱਠੇ ਕੀਤੇ ਲੋਹੇ ਨਾਲ ਗੁਜਰਾਤ 'ਚ ਸਰਦਾਰ ਵੱਲਭ ਭਾਈ ਪਟੇਲ ਦੀ ਮੂਰਤੀ ਸਥਾਪਤ ਕੀਤੀ ਸੀ ਤੇ ਹੁਣ ਪੰਜਾਬ ਸਰਕਾਰ ਠੀਕ ਉਸੇ ਤਰਜ਼ 'ਤੇ ਜਲ੍ਹਿਆਂਵਾਲੇ ਬਾਗ਼ ਦੇ ਸਾਕੇ ਦੇ ਸ਼ਤਾਬਦੀ ਵਰ੍ਹੇ ਮੌਕੇ ਸਾਕੇ ਦੀ ਯਾਦਗਾਰ ਬਣਾਉਣ ਲਈ ਸੂਬੇ ਦੇ ਸਮੁੱਚੇ ਪਿੰਡਾਂ ਦੀ ਮਿੱਟੀ ਇਕੱਤਰ ਕਰਨ ਜਾ ਰਹੀ ਹੈ। ਇਹ ਫੈਸਲਾ ਮੁੱਖ ਮੰਤਰੀ ਵਲੋਂ ਜਲ੍ਹਿਆਂਵਾਲਾ ਬਾਗ਼ ਸਾਕੇ ਦੇ ਸ਼ਤਾਬਦੀ ਸਮਾਗਮ ਸਬੰਧੀ ਰਾਜ ਪੱਧਰੀ ਇੰਪਲੀਮੈਂਟੇਸ਼ਨ ਕਮੇਟੀ ਦੀ ਮੀਟਿੰਗ ਦੌਰਾਨ ਲਿਆ ਗਿਆ।

ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੱਭਿਆਚਾਰਕ ਮਾਮਲੇ ਅਤੇ ਸੈਰ ਸਪਾਟਾ ਵਿਭਾਗ ਨੂੰ ਯਾਦਗਾਰ ਸਬੰਧੀ ਯੋਜਨਾ ਬਣਾਉਣ ਲਈ ਆਰਟਸ ਐਂਡ ਕਲਚਰਲ ਹੈਰੀਟੇਜ ਟਰੱਸਟ ਨਾਲ ਤਾਲਮੇਲ ਕਰਨ ਦੇ ਨਿਰਦੇਸ਼ ਦਿੱਤੇ। ਇਸੇ ਟਰੱਸਟ ਨੇ ਟਾਊਨ ਹਾਲ, ਅੰਮ੍ਰਿਤਸਰ ਵਿਖੇ ਦੇਸ਼ ਦੀ ਵੰਡ ਨਾਲ ਸਬੰਧਿਤ ਅਜਾਇਬ ਘਰ ਬਣਾਇਆ ਸੀ। ਮੁੱਖ ਮੰਤਰੀ ਨੇ ਕਮਿਸ਼ਨਰ, ਨਗਰ ਨਿਗਮ ਅੰਮ੍ਰਿਤਸਰ ਨੂੰ ਸ਼ਤਾਬਦੀ ਸਮਾਰੋਹ ਦੇ ਮੱਦੇਨਜ਼ਰ ਸ਼ੁਰੂ ਕੀਤੇ ਗਏ ਵਿਕਾਸ ਕਾਰਜਾਂ ਨੂੰ ਜਲਦੀ ਨੇਪਰੇ ਚਾੜ੍ਹਨ ਲਈ ਕਿਹਾ। ਇਸ ਤੋਂ ਇਲਾਵਾ ਸਿੱਖਿਆ ਵਿਭਾਗ ਨੂੰ ਆਪਣੇ ਪਾਠਕ੍ਰਮ 'ਚ ਸਾਕਾ ਜਲ੍ਹਿਆਂਵਾਲਾ ਬਾਗ ਨਾਲ ਸਬੰਧਿਤ ਇਕ ਪਾਠ ਸ਼ਾਮਿਲ ਕਰਨ ਲਈ ਕਿਹਾ।

### ਸ਼ਤਾਬਦੀ ਸਮਾਗਮਾਂ ਦਾ ਹਿੱਸਾ ਬਣੇਗੀ ਨਾਨਕ ਸਿੰਘ ਦੀ ਕਵਿਤਾ

**ਅੰਮ੍ਰਿਤਸਰ:** ਉਘੇ ਨਾਵਲਕਾਰ ਮਰਹੂਮ ਨਾਨਕ ਸਿੰਘ ਵੱਲੋਂ ਇਤਿਹਾਸਕ ਜਲ੍ਹਿਆਂਵਾਲਾ ਬਾਗ ਖੂਨੀ ਕਾਂਡ ਬਾਰੇ ਉਸ ਵੇਲੇ ਲਿਖੀ ਗਈ ਕਾਵਿ ਰਚਨਾ 'ਖੂਨੀ ਵਿਸਾਖੀ', ਜਿਸ 'ਤੇ ਅੰਗਰੇਜ਼ ਸਰਕਾਰ ਨੇ ਰੋਕ ਲਾ ਦਿੱਤੀ ਸੀ, ਜਲ੍ਹਿਆਂਵਾਲਾ ਬਾਗ ਸ਼ਤਾਬਦੀ ਸਮਾਗਮਾਂ ਦਾ ਹਿੱਸਾ ਬਣੇਗੀ। ਇਹ ਖੁਲਾਸਾ ਉਘੇ ਨਾਵਲਕਾਰ ਦੇ ਪੋਤਰੇ ਨਵਦੀਪ ਸਿੰਘ ਸੂਰੀ ਨੇ ਕੀਤਾ ਹੈ। ਸ੍ਰੀ ਸੂਰੀ ਇਸ ਰਚਨਾ ਦਾ ਅੰਗਰੇਜ਼ੀ ਵਿਚ ਅਨੁਵਾਦ ਕਰ ਰਹੇ ਹਨ। ਨਵਦੀਪ ਸਿੰਘ ਸੂਰੀ ਇਸ ਵੇਲੇ ਯੂਏਈ ਵਿਚ ਭਾਰਤੀ ਸਫੀਰ ਵਜੋਂ ਤਾਇਨਾਤ ਹਨ।

ਅੰਮ੍ਰਿਤਸਰ ਦੇ ਜੰਮਪਲ ਸ੍ਰੀ ਸੂਰੀ ਨੇ ਪੁਸਤਕ ਬਾਰੇ ਗੱਲ ਕਰਦਿਆਂ ਉਨ੍ਹਾਂ ਦੱਸਿਆ ਕਿ ਉਸ ਦੇ ਦਾਦਾ ਨਾਨਕ ਸਿੰਘ ਜਲ੍ਹਿਆਂਵਾਲਾ ਬਾਗ ਖੂਨੀ ਕਾਂਡ ਵੇਲੇ ਲਗਭਗ 22 ਵਰ੍ਹਿਆਂ ਦੇ ਸਨ ਅਤੇ ਉਨ੍ਹਾਂ ਇਸ ਖੂਨੀ ਸਾਕੇ ਨੂੰ ਆਪਣੀ ਅੱਖੀਂ ਦੇਖਿਆ ਸੀ, ਜਿਸ ਤੋਂ ਬਾਅਦ ਉਨ੍ਹਾਂ ਇਸ ਖੂਨੀ ਕਾਂਡ ਬਾਰੇ ਆਪਣੀਆਂ ਭਾਵਨਾਵਾਂ ਨੂੰ ਕਾਵਿ ਰਚਨਾ ਵਿਚ ਲਿਖਿਆ ਸੀ। ਇਹ ਕਾਵਿ ਰਚਨਾ ਇਸ ਖੂਨੀ ਕਾਂਡ ਦੇ ਵਿਰੋਧ ਵਿਚ ਸੀ। ਉਸ ਵੇਲੇ ਖੂਨੀ ਵਿਸਾਖੀ ਨਾਂ ਦੀ ਇਹ ਪੁਸਤਕ 1920 ਵਿਚ ਪਹਿਲੀ ਵਾਰ ਪ੍ਰਕਾਸ਼ਿਤ ਹੋਈ ਸੀ ਪਰ ਇਸ ਪੁਸਤਕ 'ਤੇ ਉਸ ਵੇਲੇ ਰੋਕ ਲਾ ਦਿੱਤੀ ਗਈ ਸੀ।

## ਸੇਵਾ ਸਿੰਘ ਸੰਘਾ ਸੁਰਗਵਾਸ

**ਮਿਲਵਾਕੀ (ਬਿਊਰੋ):** ਪੰਜਾਬੀ ਭਾਈਚਾਰੇ ਦੇ ਪਤਵੰਤੇ ਸੱਜਣ ਸ. ਸੇਵਾ ਸਿੰਘ ਸੰਘਾ ਲੰਘੀ 19 ਫਰਵਰੀ ਨੂੰ ਡਿਕੇਟਰ, ਇਲੀਨਾਏ ਵਿਖੇ ਅਕਾਲ ਚਲਾਣਾ ਕਰ ਗਏ। ਉਹ ਆਪਣੇ ਪਿੱਛੇ ਦੋ ਪੁੱਤਰ-ਪਰਵਿੰਦਰ ਸਿੰਘ ਸੰਘਾ ਤੇ ਦਵਿੰਦਰ ਸਿੰਘ ਸੰਘਾ ਅਤੇ ਭਰਿਆ ਪਰਿਵਾਰ ਛੱਡ ਗਏ ਹਨ।

ਸਵਰਗੀ ਸੇਵਾ ਸਿੰਘ ਸੰਘਾ ਦਾ ਅੰਤਿਮ ਸਸਕਾਰ 2 ਮਾਰਚ, ਸਨਿਚਰਵਾਰ ਨੂੰ ਬਾਅਦ ਦੁਪਹਿਰ 2 ਵਜੇ ਤੋਂ 4 ਵਜੇ ਦਰਮਿਆਨ ਸ਼ਮਿਟ ਐਂਡ ਬਾਰਟਲੈਟ ਫਿਊਨਰਲ ਐਂਡ ਕ੍ਰਿਮੇਸ਼ਨ ਸਰਵਿਸ (N84W17937 Menomonee Ave), ਮਿਨੋਮੋਨੀ ਫਾਲਜ਼ (ਵਿਸਕਾਨਸਿਨ) ਵਿਖੇ ਹੋਵੇਗਾ। ਉਪਰੰਤ ਅੰਤਿਮ ਅਰਦਾਸ ਸਿੱਖ ਰਿਲੀਜੀਅਸ ਸੁਸਾਇਟੀ ਆਫ ਵਿਸਕਾਨਸਿਨ (ਗੁਰਦੁਆਰਾ ਬਰੁਕਫੀਲਡ) ਵਿਖੇ ਹੋਵੇਗੀ। ਪਰਿਵਾਰ ਨਾਲ ਸੰਪਰਕ ਪਰਵਿੰਦਰ ਸਿੰਘ ਸੰਘਾ ਨਾਲ ਫੋਨ: 262-255-5454 ਰਾਹੀਂ ਕੀਤਾ ਜਾ ਸਕਦਾ ਹੈ।

## ਲੋਕ ਸਭਾ ਚੋਣ: ਪਰਵਾਸੀ ਭਾਰਤੀ ਨਹੀਂ ਪਾ ਸਕਣਗੇ ਆਨਲਾਈਨ ਵੋਟ

**ਨਵੀਂ ਦਿੱਲੀ:** ਇਸੇ ਵਰ੍ਹੇ ਹੋ ਰਹੀਆਂ ਲੋਕ ਸਭਾ ਚੋਣਾਂ ਵਿਚ ਪਰਵਾਸੀ ਭਾਰਤੀ ਆਪੋ-ਆਪਣੇ ਮੁਲਕਾਂ ਵਿਚ ਬੈਠੇ ਵੋਟਾਂ ਨਹੀਂ ਪਾ ਸਕਣਗੇ। ਜੇਕਰ ਉਨ੍ਹਾਂ ਨੂੰ ਵੋਟਾਂ ਪਾਉਣੀਆਂ ਹਨ ਤਾਂ ਉਨ੍ਹਾਂ ਨੂੰ ਭਾਰਤ ਆਉਣਾ ਪਵੇਗਾ ਤੇ ਉਨ੍ਹਾਂ ਦਾ ਨਾਂ ਵੋਟਰ ਸੂਚੀ ਵਿਚ ਵੀ ਦਰਜ ਹੋਣਾ ਚਾਹੀਦਾ ਹੈ। ਚੋਣ ਕਮਿਸ਼ਨ ਨੇ ਆਨਲਾਈਨ ਵੋਟਾਂ ਪਾਉਣ ਦੀ ਸਹੂਲਤ ਦੇਣ ਤੋਂ ਮਨ੍ਹਾਂ ਕਰ ਦਿੱਤਾ ਹੈ।

ਭਾਰਤ ਦੇ 3 ਕਰੋੜ ਲੋਕ ਹੋਰ ਮੁਲਕਾਂ ਵਿਚ ਵਸੇ ਹੋਏ ਹਨ ਜਿਨ੍ਹਾਂ ਵਿਚੋਂ ਕਰੀਬ ਇਕ ਕਰੋੜ ਪਰਵਾਸੀ ਪੰਜਾਬੀ ਹਨ ਜੋ ਕੈਨੇਡਾ, ਅਮਰੀਕਾ, ਆਸਟਰੇਲੀਆ, ਜਰਮਨੀ, ਬਰਤਾਨੀਆ, ਸਵੀਡਨ, ਕਈ ਅਰਬ ਮੁਲਕਾਂ ਸਣੇ ਹੋਰ ਦੇਸ਼ਾਂ 'ਚ ਵਸਦੇ ਹਨ।

ਮੌਜੂਦਾ ਸਰਕਾਰ ਨੇ ਪਰਵਾਸੀਆਂ ਨੂੰ ਵੋਟ ਦੇਣ ਦੇ ਅਧਿਕਾਰ ਲਈ ਆਰ.ਪੀ. ਐਕਟ ਸੋਧ ਬਿੱਲ-2018 ਲੋਕ ਸਭਾ ਵਿਚ ਪਾਸ ਕਰ ਦਿੱਤਾ ਸੀ ਪਰ ਹੁਣ ਲੋਕ ਸਭਾ ਨਹੀਂ ਬੈਠਣੀ। ਬਿੱਲ ਪਾਸ ਕਰ ਕੇ ਰਾਜ ਸਭਾ ਵਿਚ ਭੇਜਿਆ ਜਾ ਚੁੱਕਾ ਹੈ।

ਲੋਕ ਸਭਾ ਦੀ ਮਿਆਦ ਮਈ ਤੱਕ ਹੈ ਤੇ ਇਸ ਦੌਰਾਨ ਬਿੱਲ ਪਾਸ ਹੋ ਕੇ ਕਾਨੂੰਨੀ ਸ਼ਕਲ ਅਖ਼ਤਿਆਰ ਨਹੀਂ ਕਰ ਸਕੇਗਾ ਜਿਸ ਕਾਰਨ ਇਹ ਬਿੱਲ ਖਤਮ ਹੋ ਜਾਵੇਗਾ। ਇਸ ਤਬਦੀਲੀ ਬਿੱਲ ਰਾਹੀਂ ਉਨ੍ਹਾਂ ਪਰਵਾਸੀ ਭਾਰਤੀਆਂ ਨੂੰ ਵੋਟ ਦੇਣ ਦਾ ਹੱਕ ਦਿੱਤਾ ਗਿਆ ਸੀ ਜਿਨ੍ਹਾਂ ਦੇ ਨਾਂ ਵੋਟਰ ਸੂਚੀਆਂ ਵਿਚ ਦਰਜ ਹੋਣ। ਪਰਵਾਸੀਆਂ ਨੂੰ ਵੋਟਾਂ ਦਾ ਅਧਿਕਾਰ ਦੇਣ ਦਾ ਵਿਰੋਧ ਉਨ੍ਹਾਂ ਛੋਟੀਆਂ ਪਾਰਟੀਆਂ ਵੱਲੋਂ ਕੀਤਾ ਗਿਆ ਸੀ ਜੋ ਵਿਦੇਸ਼ਾਂ ਵਿਚ ਐਨ.ਆਰ.ਆਈਜ਼. ਨਾਲ ਸੰਪਰਕ ਨਹੀਂ ਕਰ ਸਕਦੀਆਂ। ਉਨ੍ਹਾਂ ਮੁਤਾਬਕ ਇਸ ਸਹੂਲਤ ਦਾ ਲਾਹਾ ਜ਼ਿਆਦਾਤਰ ਸੱਤਾਧਾਰੀ ਪਾਰਟੀਆਂ ਉਠਾ ਸਕਦੀਆਂ ਹਨ ਕਿਉਂਕਿ ਦੂਤਾਵਾਸ ਉਨ੍ਹਾਂ ਅਧੀਨ ਹੁੰਦੇ ਹਨ। ਕਮਿਸ਼ਨ ਨੇ 'ਆਨਲਾਈਨ' ਵੋਟਾਂ ਪਾਉਣ ਨੂੰ ਵੀ ਫਿਲਹਾਲ ਨਹੀਂ ਮੰਨਿਆ ਹੈ ਕਿਉਂਕਿ ਇਸ ਲਈ ਆਰ.ਪੀ. ਐਕਟ ਵਿਚ ਸੋਧ ਹੋਣੀ ਚਾਹੀਦੀ ਹੈ।

ਜ਼ਿਕਰਯੋਗ ਹੈ ਕਿ ਪਰਵਾਸੀਆਂ ਦੀ ਭਾਰਤੀ ਰਾਜਨੀਤੀ ਵਿਚ ਖਾਸ ਦਿਲਚਸਪੀ ਰਹਿੰਦੀ ਹੈ। ਸਾਲ 2014 ਦੀਆਂ ਲੋਕ ਸਭਾ ਚੋਣਾਂ ਦੌਰਾਨ ਕਰੀਬ 12 ਹਜ਼ਾਰ ਪਰਵਾਸੀ ਵੋਟਾਂ ਪਾਉਣ ਲਈ ਭਾਰੀ ਖਰਚਾ ਕਰ ਕੇ ਭਾਰਤ ਆਏ ਸਨ ਤੇ ਸਭ ਤੋਂ ਜ਼ਿਆਦਾ ਕੇਰਲ ਵਿਖੇ 11000 ਤੋਂ ਵੱਧ ਵੋਟਰਾਂ ਨੇ ਆਪਣੇ ਅਧਿਕਾਰ ਦੀ ਵਰਤੋਂ ਕੀਤੀ ਸੀ।

## ਅਸਾਮ ਰਾਈਫਲਜ਼ ਦੇ ਜਵਾਨਾਂ ਨੂੰ ਬਿਨਾਂ ਵਾਰੰਟ ਗ੍ਰਿਫਤਾਰੀ ਦਾ ਹੱਕ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਅਸਾਮ ਰਾਈਫਲਜ਼ ਦੇ ਜਵਾਨਾਂ ਨੂੰ ਉੱਤਰ-ਪੂਰਬੀ ਸੂਬਿਆਂ ਅਸਾਮ, ਅਰੁਣਾਚਲ ਪ੍ਰਦੇਸ਼, ਮਨੀਪੁਰ, ਨਾਗਾਲੈਂਡ ਅਤੇ ਮਿਜ਼ੋਰਮ 'ਚ ਬਿਨਾਂ ਵਾਰੰਟ ਦੇ ਕਿਸੇ ਵੀ ਵਿਅਕਤੀ ਨੂੰ ਗ੍ਰਿਫਤਾਰ ਕਰਨ ਅਤੇ ਕਿਸੇ ਵੀ ਥਾਂ ਦੀ ਤਲਾਸ਼ੀ ਲੈਣ ਦਾ ਅਧਿਕਾਰ ਦਿੱਤਾ ਹੈ। ਗ੍ਰਹਿ ਮੰਤਰਾਲੇ ਦੇ ਨੋਟੀਫਿਕੇਸ਼ਨ ਮੁਤਾਬਕ ਅਪਰਾਧਿਕ ਪ੍ਰਕਿਰਿਆ ਜ਼ਾਬਤਾ (ਸੀ.ਆਰ.ਪੀ.ਸੀ.) ਤਹਿਤ ਅਸਾਮ ਰਾਈਫਲਜ਼ ਦੇ ਹੇਠਲੇ ਰੈਂਕ ਦੇ ਅਫਸਰਾਂ ਨੂੰ ਵੀ ਇਹ ਤਾਕਤਾਂ ਦਿੱਤੀਆਂ ਗਈਆਂ ਹਨ।

**Punjab Times**

**Established in 2000**
**20th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਪੰਜਾਬ ਡੈਮੋਕ੍ਰੇਟਿਕ ਅਲਾਇੰਸ ਵਿਚਾਲੇ 9 ਸੀਟਾਂ 'ਤੇ ਸਹਿਮਤੀ

**ਚੰਡੀਗੜ੍ਹ:** ਪੰਜਾਬ ਡੈਮੋਕ੍ਰੇਟਿਕ ਅਲਾਇੰਸ ਵਿਚਾਲੇ 9 ਸੀਟਾਂ ਉਪਰ ਸਹਿਮਤੀ ਬਣ ਗਈ ਹੈ। ਮੀਟਿੰਗ ਦੌਰਾਨ ਪੰਜਾਬ ਏਕਤਾ ਪਾਰਟੀ, ਬਹੁਜਨ ਸਮਾਜ ਪਾਰਟੀ, ਲੋਕ ਇਨਸਾਫ ਪਾਰਟੀ ਅਤੇ ਐਮ. ਪੀ. ਡਾ. ਧਰਮਵੀਰ ਗਾਂਧੀ ਦੀ ਅਗਵਾਈ ਵਾਲੇ ਪੰਜਾਬ ਮੰਚ ਇਸ ਬਾਰੇ ਫੈਸਲਾ ਹੋਇਆ। ਇਸ ਮੌਕੇ ਲੋਕ ਸਭਾ ਚੋਣਾਂ ਪੰਜਾਬ ਡੈਮੋਕ੍ਰੇਟਿਕ ਅਲਾਇੰਸ ਦੇ ਬੈਨਰ ਹੇਠ ਲੜਨ ਦਾ ਵੀ ਫੈਸਲਾ ਕੀਤਾ ਗਿਆ ਹੈ। ਇਸ ਮੀਟਿੰਗ ਵਿਚ ਸ਼੍ਰੋਮਣੀ ਅਕਾਲੀ ਦਲ ਟਕਸਾਲੀ ਸ਼ਾਮਲ ਨਹੀਂ ਹੋਇਆ।

ਸੀਟਾਂ ਦੀ ਵੰਡ ਮੁਤਾਬਕ ਬਹੁਜਨ ਸਮਾਜ ਪਾਰਟੀ ਆਨੰਦਪੁਰ ਸਾਹਿਬ, ਜਲੰਧਰ ਤੇ ਹੁਸ਼ਿਆਰਪੁਰ ਤੋਂ ਚੋਣ ਲੜੇਗੀ। ਪੰਜਾਬ ਏਕਤਾ ਪਾਰਟੀ ਬਠਿੰਡਾ ਤੇ ਫਰੀਦਕੋਟ ਤੋਂ ਚੋਣ ਲੜੇਗੀ। ਲੋਕ ਇਨਸਾਫ ਪਾਰਟੀ ਲੁਧਿਆਣਾ, ਅੰਮ੍ਰਿਤਸਰ ਤੇ ਫਤਹਿਗੜ੍ਹ ਸਾਹਿਬ ਤੇ ਪੰਜਾਬ ਮੰਚ ਪਟਿਆਲਾ ਤੋਂ ਚੋਣ ਲੜਨਗੇ।

ਗੱਠਜੋੜ ਭਾਈਵਾਲਾਂ ਨੇ ਕਿਹਾ ਕਿ ਪਿਛਲੇ ਦਹਾਕਿਆਂ ਤੋਂ ਵਾਰੀ ਸਿਰ ਸੂਬੇ ਨੂੰ ਲੁੱਟਣ ਵਾਲੀਆਂ ਭ੍ਰਿਸ਼ਟ ਰਵਾਇਤੀ ਪਾਰਟੀਆਂ ਦੇ ਚੁੰਗਲ ਤੋਂ ਪੰਜਾਬ ਨੂੰ ਆਜ਼ਾਦ ਕਰਵਾਉਣ ਵਾਸਤੇ ਗੱਠਜੋੜ ਬਣਿਆ ਹੈ। ਭ੍ਰਿਸ਼ਟ ਪਾਰਟੀਆਂ ਦੇ ਕੁਸ਼ਾਸਨ ਕਰਕੇ ਪੰਜਾਬ 2.5 ਲੱਖ ਕਰੋੜ ਰੁਪਏ ਦੇ ਵੱਡੇ ਕਰਜ਼ੇ ਦੀ ਮਾਰ ਝੱਲ ਰਿਹਾ ਹੈ। ਇਸ ਮੌਕੇ ਖਹਿਰਾ ਨੇ ਕਿਹਾ ਕਿ ਇਹ ਬਦਕਿਸਮਤੀ ਹੈ ਕਿ ਅਕਾਲੀ ਦਲ ਟਕਸਾਲੀ ਨੇ ਆਨੰਦਪੁਰ ਸਾਹਿਬ ਸੀਟ ਤੋਂ ਆਪਣੇ ਉਮੀਦਵਾਰ ਦਾ ਨਾਮ ਇਕਤਰਫਾ ਹੀ ਐਲਾਨ ਦਿੱਤਾ ਜਦਕਿ ਪੀ.ਡੀ.ਏ. ਵਿਚ ਇਸ ਉੱਪਰ ਵਿਚਾਰ ਚਰਚਾ ਹੋ ਰਹੀ ਸੀ।

ਉਨ੍ਹਾਂ ਕਿਹਾ ਕਿ ਪੀ.ਡੀ.ਏ. ਇਸ ਗੱਲ ਦਾ ਹਾਮੀ ਹੈ ਕਿ ਵਿਰੋਧੀ ਧਿਰ ਪੂਰੀ ਤਰ੍ਹਾਂ ਨਾਲ ਇਕੱਠੀ ਹੋਣੀ ਚਾਹੀਦੀ ਹੈ ਤੇ ਇਸ ਦਿਸ਼ਾ ਵਿਚ ਅਕਾਲੀ ਦਲ ਟਕਸਾਲੀ ਦੇ ਲੀਡਰਾਂ ਨੂੰ ਆਨੰਦਪੁਰ ਸਾਹਿਬ ਤੋਂ ਆਪਣਾ ਉਮੀਦਵਾਰ ਵਾਪਸ ਲੈਣਾ ਚਾਹੀਦਾ ਹੈ ਤੇ ਪੰਜਾਬ ਦੇ ਵੱਡੇ ਹਿੱਤ ਵਿਚ ਅਲਾਇੰਸ ਦਾ ਹਿੱਸਾ ਬਣਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸ, ਅਕਾਲੀ ਦਲ, ਭਾਜਪਾ ਵਰਗੀਆਂ ਭ੍ਰਿਸ਼ਟ ਪਾਰਟੀਆਂ ਤੋਂ ਸਮਾਂਤਰ ਦੂਰੀ ਬਣਾ ਕੇ ਰੱਖਣ ਵਾਲੀਆਂ ਸਾਰੀਆਂ ਹੀ ਹਮਖਿਆਲ ਪਾਰਟੀਆਂ ਤੇ ਤਾਕਤਾਂ ਨੂੰ ਪੀ.ਡੀ.ਏ. ਸੱਦਾ ਦਿੰਦਾ ਹੈ ਕਿ ਸਾਡੇ ਨਾਲ ਹੱਥ ਮਿਲਾਉ ਤਾਂ ਕਿ ਪੰਜਾਬ ਨੂੰ ਭ੍ਰਿਸ਼ਟ ਤੇ ਤਾਨਾਸ਼ਾਹ ਤਾਕਤਾਂ ਤੋਂ ਅਜਾਦ ਕਰਵਾਇਆ ਜਾ ਸਕੇ।

# ਬੇਅਦਬੀ ਕਾਂਡ: ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਤੋਂ ਪੁੱਛ-ਪੜਤਾਲ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਫਰੀਦਕੋਟ ਜ਼ਿਲ੍ਹੇ ਦੇ ਪਿੰਡ ਬਰਗਾੜੀ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਘਟਨਾ ਅਤੇ ਇਸ ਦੇ ਨਾਲ ਹੀ ਜੁੜੇ ਕੋਟਕਪੂਰਾ ਅਤੇ ਬਹਿਬਲ ਕਲਾਂ ਪੁਲਿਸ ਗੋਲੀ ਕਾਂਡ ਦੀ ਜਾਂਚ ਲਈ ਗਠਿਤ ਵਿਸ਼ੇਸ਼ ਜਾਂਚ ਟੀਮ (ਸਿੱਟ) ਵੱਲੋਂ ਸਾਬਕਾ ਪੁਲਿਸ ਮੁਖੀ ਤੇ ਵਿਵਾਦਾਂ 'ਚ ਘਿਰੇ ਰਹਿਣ ਵਾਲੇ ਸੁਮੇਧ ਸਿੰਘ ਸੈਣੀ ਸਮੇਤ ਤਿੰਨ ਹੋਰਨਾਂ ਸੀਨੀਅਰ ਪੁਲਿਸ ਅਧਿਕਾਰੀਆਂ ਤੋਂ ਪੁੱਛਗਿੱਛ ਕੀਤੀ ਗਈ।

ਸੁਮੇਧ ਸਿੰਘ ਸੈਣੀ ਪੰਜਾਬ ਆਰਮਡ ਪੁਲਿਸ ਦੀ 82 ਵੀਂ ਬਟਾਲੀਅਨ ਦੇ ਚੰਡੀਗੜ੍ਹਖ਼ਸਥਿਤ ਦਫਤਰ ਵਿਚ ਸਿੱਟ ਦੇ ਮੂਹਰੇ ਪੇਸ਼ ਹੋਣ ਲਈ ਪਹੁੰਚੇ ਤੇ ਉਥੇ ਤਕਰੀਬਨ 2 ਘੰਟੇ ਦਾ ਸਮਾਂ ਬਿਤਾਇਆ। ਇਕ ਸੀਨੀਅਰ ਪੁਲਿਸ ਅਧਿਕਾਰੀ ਨੇ ਆਪਣਾ ਨਾਮ ਗੁਪਤ ਰੱਖਣ ਦੀ ਸ਼ਰਤ 'ਤੇ ਦੱਸਿਆ ਕਿ ਸਿੱਟ ਵੱਲੋਂ ਸੁਮੇਧ ਸਿੰਘ ਸੈਣੀ ਤੋਂ ਕੋਟਕਪੂਰਾ ਪੁਲਿਸ ਗੋਲੀ ਕਾਂਡ ਨਾਲ ਸਬੰਧਤ ਸਵਾਲ ਪੁੱਛੇ। ਇਸ ਸਾਬਕਾ ਪੁਲਿਸ ਅਧਿਕਾਰੀ ਤੋਂ ਕੁਝ ਅਜਿਹੇ ਸਵਾਲ ਵੀ ਪੁੱਛੇ ਗਏ ਜੋ ਕਿ ਸਾਬਕਾ ਐਸ.ਐਸ.ਪੀ. ਚਰਨਜੀਤ ਸ਼ਰਮਾ ਅਤੇ ਆਈਜੀ ਪਰਮਰਾਜ ਸਿੰਘ ਉਮਰਾਨੰਗਲ ਤੋਂ ਕੀਤੀ ਪੁੱਛਗਿੱਛ ਦੌਰਾਨ ਸਾਹਮਣੇ ਆਏ ਸਨ। ਸੂਤਰਾਂ ਦਾ ਇਹ ਵੀ ਦੱਸਣਾ ਹੈ ਕਿ ਸੁਮੇਧ ਸਿੰਘ ਸੈਣੀ ਨੇ ਪੁੱਛਗਿੱਛ ਦੌਰਾਨ ਭਾਵੇਂ ਕੋਈ ਵੱਡਾ ਖੁਲਾਸਾ ਨਹੀਂ ਕੀਤਾ ਪਰ ਸਾਬਕਾ ਪੁਲਿਸ ਮੁਖੀ ਤੋਂ ਕੀਤੀ ਤਫਤੀਸ਼ ਤੋਂ ਬਾਅਦ ਮਾਮਲਾ ਅੱਗੇ ਵਧਾਉਣ 'ਚ ਕੋਈ ਤਕਨੀਕੀ ਅੜਿੱਕਾ ਨਹੀਂ ਆਵੇਗਾ।

ਪੰਜਾਬ ਸਰਕਾਰ ਵੱਲੋਂ ਗਠਿਤ ਸਿੱਟ ਵੱਲੋਂ ਭੇਜੇ ਸੰਮਨ ਤੋਂ ਬਾਅਦ ਸੁਮੇਧ ਸਿੰਘ ਸੈਣੀ ਤਫ਼ਤੀਸ਼ ਵਿਚ ਸ਼ਾਮਲ ਹੋਣ ਲਈ ਮਿੱਥੇ ਸਮੇਂ ਮੁਤਾਬਕ ਹੀ ਪਹੁੰਚ ਗਏ ਸਨ। ਸੁਮੇਧ ਸਿੰਘ ਸੈਣੀ ਪਹਿਲੀ ਵਾਰੀ ਪੰਜਾਬ ਪੁਲੀਸ ਦੇ ਅਜਿਹੇ ਅਫਸਰਾਂ ਦੇ ਸਾਹਮਣੇ ਤਫ਼ਤੀਸ਼ ਲਈ ਪੇਸ਼ ਹੋਏ ਹਨ ਜਿਹੜੇ ਅਫਸਰ ਸੈਣੀ ਦੇ ਮਤਾਹਿਤ ਵਜੋਂ ਕੰਮ ਕਰ ਚੁੱਕੇ ਹਨ।

# ਪੁਲਿਸ ਦੀ ਬੁਰਛਾਗਰਦੀ ਦੀਆਂ ਪਰਤਾਂ ਖੁੱਲ੍ਹੀਆਂ

*(ਸਫਾ ਇਕ ਦੀ ਬਾਕੀ)*

ਕੇ 200 ਅਣਪਛਾਤੇ ਵਿਅਕਤੀਆਂ ਖਿਲਾਫ਼ ਇਰਾਦਾ ਕਤਲ ਦਾ ਮਾਮਲਾ ਦਰਜ ਕਰ ਦਿੱਤਾ ਸੀ ਪਰ ਹੁਣ ਜਾਂਚ ਦੌਰਾਨ ਸਪਸ਼ਟ ਹੋਇਆ ਹੈ ਕਿ ਪੁਲਿਸ ਦੀ ਜਿਪਸੀ ਉਪਰ ਜੋ ਗੋਲੀਆਂ ਵੱਜੀਆਂ ਸਨ, ਉਹ ਦੋਨਾਲੀ ਰਾਈਫਲ ਨਾਲ ਪੁਲਿਸ ਅਧਿਕਾਰੀਆਂ ਵੱਲੋਂ ਮਾਰੀਆਂ ਗਈਆਂ ਸਨ। ਹਰਿੰਦਰਾ ਨਗਰ ਫਰੀਦਕੋਟ ਦੇ ਵਸਨੀਕ ਇਕ ਨੌਜਵਾਨ ਐਡਵੋਕੇਟ ਨੂੰ ਜਾਂਚ ਟੀਮ ਨੇ ਪੁੱਛਗਿੱਛ ਲਈ ਕਪੂਰਥਲੇ ਬੁਲਾਇਆ ਸੀ। ਪੜਤਾਲ ਦੌਰਾਨ ਪਤਾ ਲੱਗਾ ਹੈ ਕਿ ਇਸ ਵਕੀਲ ਨੇ ਹੀ ਐਸ.ਪੀ. ਬਿਕਰਮ ਸਿੰਘ ਨੂੰ ਆਪਣੀ ਦੋਨਾਲੀ ਰਾਈਫਲ ਵਰਤਣ ਲਈ ਦਿੱਤੀ ਸੀ। ਜਿਸ ਵਕੀਲ ਦਾ ਹਥਿਆਰ ਬਹਿਬਲ ਕਾਂਡ ਵਿਚ ਵਰਤਿਆ ਗਿਆ ਹੈ, ਉਸ ਪਰਿਵਾਰ ਨਾਲ ਸੁਖਬੀਰ ਸਿੰਘ ਬਾਦਲ ਦੀ ਕਰੀਬੀ ਦੋਸਤੀ ਹੈ।

ਸਿੱਟ ਨੂੰ ਪਤਾ ਲੱਗਾ ਹੈ ਕਿ ਜਿਪਸੀ 'ਤੇ ਗੋਲੀਆਂ ਇਕ ਵਕੀਲ ਦੀ ਰਿਹਾਇਸ਼ 'ਤੇ ਮਾਰੀਆਂ ਗਈਆਂ ਸਨ ਅਤੇ ਐਸ.ਪੀ. ਰੈਂਕ ਦੇ ਅਧਿਕਾਰੀ ਨੇ ਆਪਣੇ ਕਾਰ ਡੀਲਰ ਦੋਸਤ ਦੇ ਨਿੱਜੀ ਸੁਰੱਖਿਆ ਕਰਮੀ ਦੀ 12 ਬੋਰ ਦੀ ਬੰਦੂਕ ਨਾਲ 14 ਅਕਤੂਬਰ 2015 'ਚ ਇਹ ਗੋਲੀਆਂ ਦਾਗੀਆਂ ਸਨ। ਅਕਾਲੀ ਆਗੂਆਂ ਅਤੇ ਪੁਲਿਸ ਅਫਸਰਾਂ ਨਾਲ ਸਬੰਧਾਂ ਲਈ ਜਾਣਿਆ ਜਾਂਦਾ ਵਕੀਲ ਫਰੀਦਕੋਟ 'ਚ ਪ੍ਰਾਈਵੇਟ ਵਿਦਿਅਕ ਅਦਾਰੇ 'ਤੇ ਗੈਰਕਾਨੂੰਨੀ ਕਬਜ਼ੇ ਲਈ ਪਹਿਲਾਂ ਹੀ ਵਿਵਾਦਾਂ ਵਿਚ ਘਿਰਿਆ ਹੋਇਆ ਹੈ। ਕੁਝ ਦਿਨ ਪਹਿਲਾਂ ਪੰਜਾਬ ਦੇ ਗ੍ਰਹਿ ਮਾਮਲਿਆਂ, ਨਿਆਂ ਅਤੇ ਜੇਲ੍ਹਾਂ ਬਾਰੇ ਤਤਕਾਲੀ ਵਿਸ਼ੇਸ਼ ਸਕੱਤਰ ਸੰਜੇ ਪੋਪਲੀ ਨੇ ਫਰੀਦਕੋਟ ਦੇ ਡਿਵੀਜ਼ਨਲ ਕਮਿਸ਼ਨਰ ਨੂੰ ਦੋਸ਼ਾਂ ਦੀ ਸਮਾਂਬੱਧ ਜਾਂਚ ਕਰਨ ਲਈ ਕਿਹਾ ਸੀ। ਇਸ ਸਬੰਧੀ ਸ਼ਿਕਾਇਤ ਕੈਲੀਫੋਰਨੀਆ ਆਧਾਰਿਤ ਡੈਂਟਿਸਟ ਡਾਕਟਰ ਅਮਰਜੀਤ ਸਿੰਘ ਮਰਵਾਹ (90) ਨੇ ਕੀਤੀ ਸੀ। ਸਿੱਟ ਵਲੋਂ ਜਿਪਸੀ 'ਤੇ ਗੋਲੀਆਂ ਦੇ ਨਿਸ਼ਾਨਾਂ ਸਮੇਤ ਬਹਿਬਲ ਕਲਾਂ ਵਿਚ ਪ੍ਰਦਰਸ਼ਨਕਾਰੀਆਂ 'ਤੇ ਵਰਤੇ ਗਏ ਨਿੱਜੀ ਅਤੇ ਗ਼ੈਰਕਾਨੂੰਨੀ ਹਥਿਆਰਾਂ ਦੀ ਵਰਤੋਂ 'ਤੇ ਵੀ ਧਿਆਨ ਕੇਂਦਰਤ ਕੀਤਾ ਜਾ ਰਿਹਾ ਹੈ।

## ਭਾਰਤੀ ਫੌਜ ਨੇ ਪਾਕਿਸਤਾਨ ਅੰਦਰ ਕੀਤੀ ਮਾਰ

*(ਸਫਾ ਇਕ ਦੀ ਬਾਕੀ)*

ਦਾਅਵਾ ਕੀਤਾ। ਹਮਲੇ ਵਿਚ ਜੈਸ਼-ਏ-ਮੁਹੰਮਦ ਦੇ ਮੁਖੀ ਮਸੂਦ ਅਜ਼ਹਰ ਦਾ ਸਾਲਾ ਯੂਸਫ ਅਜ਼ਹਰ ਵੀ ਮਾਰਿਆ ਗਿਆ। ਭਾਰਤੀ ਹਵਾਈ ਸੈਨਾ ਵੱਲੋਂ ਕੀਤੇ ਧਮਾਕੇ ਭੂਚਾਲ ਵਾਂਗ ਸਨ। ਧਰਤੀ ਹਿੱਲ ਗਈ ਸੀ। ਇਸ ਤੋਂ ਅੰਦਾਜ਼ਾ ਲਾਇਆ ਜਾ ਰਿਹਾ ਹੈ ਕਿ ਕੈਂਪ ਪੂਰੀ ਤਰ੍ਹਾਂ ਤਬਾਹ ਹੋ ਗਏ ਹਨ। ਇਸ ਹਮਲੇ ਵਿਚ 12 ਮਿਰਾਜ-2000 ਜਹਾਜ਼ਾਂ ਦੀ ਵਰਤੋਂ ਕੀਤੀ ਗਈ। ਇਸ ਉਪਰੇਸ਼ਨ ਨੂੰ ਅੰਜਾਮ ਦੇਣ ਲਈ ਕਈ ਡ੍ਰੋਨ ਕੈਮਰਿਆਂ ਦੀ ਵੀ ਵਰਤੋਂ ਕੀਤੀ ਗਈ। ਇਨ੍ਹਾਂ ਜਹਾਜ਼ਾਂ ਨੇ ਗਵਾਲੀਅਰ ਏਅਰਬੇਸ ਤੋਂ ਉਡਾਣ ਭਰੀ ਸੀ। ਇਹ ਹਮਲਾ ਪਾਕਿਸਤਾਨ ਦੇ ਖੈਬਰ ਪਖਤੂਨਖਵਾ ਪ੍ਰਾਂਤ 'ਚ ਬਾਲਾਕੋਟ ਵਿਚ ਕੀਤਾ ਗਿਆ। ਬਾਲਾਕੋਟ ਇਸਲਾਮਾਬਾਦ ਤੋਂ ਕਰੀਬ 160 ਕਿਲੋਮੀਟਰ ਦੂਰ ਹੈ। ਇਹ ਐਲ. ਓ. ਸੀ. ਤੋਂ 88 ਕਿਲੋਮੀਟਰ ਦੂਰ ਹੈ।

## ਕਾਰ ਹਾਦਸੇ ਵਿਚ ਅੰਨਾ ਡੀ. ਐਮ. ਕੇ. ਦੇ ਐਮ. ਪੀ. ਦੀ ਮੌਤ

**ਵਿਲੂਪੁਰਮ (ਤਾਮਿਲ ਨਾਡੂ):** ਟਿੰਡੀਵਨਮ ਵਿਚ ਹੋਏ ਇਕ ਕਾਰ ਹਾਦਸੇ 'ਚ ਅੰਨਾ. ਡੀ. ਐਮ. ਕੇ. ਦੇ ਲੋਕ ਸਭਾ ਮੈਂਬਰ ਐਸ. ਰਾਜੇਂਦਰਨ ਦੀ ਮੌਤ ਹੋ ਗਈ। 62 ਸਾਲਾ ਐਮਪੀ ਦੇ ਸਿਰ ਵਿਚ ਗਹਿਰੀ ਸੱਟ ਵੱਜੀ ਜਿਸ ਕਾਰਨ ਮੌਕੇ 'ਤੇ ਹੀ ਉਨ੍ਹਾਂ ਦੀ ਮੌਤ ਹੋ ਗਈ। ਕਾਰ ਚਾਲਕ ਅਤੇ ਉਨ੍ਹਾਂ ਦੇ ਇਕ ਸਹਾਇਕ ਨੂੰ ਜ਼ਖਮੀ ਹਾਲਤ ਵਿਚ ਮੁੰਡੀਯਾਕੱਪਮ ਦੇ ਗੌਰਮਿੰਟ ਮੈਡੀਕਲ ਕਾਲਜ ਹਸਪਤਾਲ ਲਿਜਾਇਆ ਗਿਆ।

# ਚੋਣਾਂ ਨੇੜੇ ਵੇਖੇ ਕੈਪਟਨ ਸਰਕਾਰ ਨੂੰ ਆਈ ਸੂਬੇ ਦੇ ਵਿਕਾਸ ਦੀ ਯਾਦ

**ਬਠਿੰਡਾ:** ਲੋਕ ਸਭਾ ਚੋਣਾਂ ਨੇੜੇ ਵੇਖੇ ਕੈਪਟਨ ਸਰਕਾਰ ਨੇ ਤਕਰੀਬਨ 22 ਮਹੀਨਿਆਂ ਮਗਰੋਂ ਸੂਬੇ ਦੇ ਵਿਕਾਸ ਲਈ ਖਜ਼ਾਨੇ ਦਾ ਮੂੰਹ ਖੋਲ੍ਹਿਆ ਹੈ। ਪੰਜਾਬ ਦੇ ਪਿੰਡਾਂ ਵਿਚ ਨਵੇਂ ਬਣੇ ਕਾਂਗਰਸੀ ਸਰਪੰਚਾਂ ਨੂੰ ਇਨ੍ਹਾਂ ਫੰਡਾਂ ਦੇ ਚੈੱਕ ਧੜਾਧੜ ਵੰਡੇ ਜਾ ਰਹੇ ਹਨ। ਪੰਜਾਬ ਸਰਕਾਰ ਨੇ ਸਮਾਰਟ ਪਿੰਡ ਮੁਹਿੰਮ ਸ਼ੁਰੂ ਕੀਤੀ ਹੈ, ਜਿਸ ਤਹਿਤ ਪਿੰਡਾਂ ਦੇ ਸਰਪੰਚਾਂ ਤੋਂ ਵਿਕਾਸ ਕੰਮਾਂ ਦੀ ਸੂਚੀ ਮੰਗੀ ਗਈ ਸੀ। ਵੇਰਵਿਆਂ ਅਨੁਸਾਰ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਪੰਜਾਬ ਨੇ 15 ਫਰਵਰੀ ਨੂੰ ਪੰਜਾਬ ਦੇ ਸਮੂਹ ਡਿਪਟੀ ਕਮਿਸ਼ਨਰਾਂ ਨੂੰ ਕਰੀਬ 180 ਕਰੋੜ ਦੇ ਫੰਡ ਜਾਰੀ ਕਰ ਦਿੱਤੇ ਹਨ। ਸਮਾਰਟ ਪਿੰਡ ਮੁਹਿੰਮ ਤਹਿਤ ਪੰਜਾਬ ਦੇ ਪਿੰਡਾਂ ਨੂੰ 383 ਕਰੋੜ ਰੁਪਏ ਦਿੱਤੇ ਜਾਣੇ ਹਨ, ਜਿਸ ਦੀ ਪਹਿਲੀ ਕਿਸ਼ਤ ਵਜੋਂ ਇਹ ਫੰਡ ਪਿੰਡਾਂ ਨੂੰ ਦਿੱਤੇ ਗਏ ਹਨ। ਸਰਕਾਰ ਨੇ ਹਦਾਇਤ ਕੀਤੀ ਹੈ ਕਿ ਬਿਨਾਂ ਦੇਰੀ ਤੋਂ ਇਹ ਪੈਸਾ ਪੰਚਾਇਤਾਂ ਨੂੰ ਦਿੱਤਾ ਜਾਵੇ ਤੇ ਕੰਮ ਸ਼ੁਰੂ ਕੀਤੇ ਜਾਣ।

ਸਮਾਰਟ ਪਿੰਡ ਮੁਹਿੰਮ ਤਹਿਤ ਪਿੰਡਾਂ ਵਿਚ 14ਵੇਂ ਵਿੱਤ ਕਮਿਸ਼ਨ ਦਾ ਪੈਸਾ ਵੀ ਲਾਇਆ ਜਾਣਾ ਹੈ। ਪਤਾ ਲੱਗਾ ਹੈ ਕਿ ਦਿਹਾਤੀ ਵਿਕਾਸ ਫੰਡਾਂ ਵਿਚੋਂ ਇਹ ਰਾਸ਼ੀ ਭੇਜੀ ਗਈ ਹੈ। ਇਹ ਰਾਸ਼ੀ ਹਲਕਾ ਵਾਈਜ਼ ਭੇਜੀ ਗਈ ਹੈ ਤੇ ਵਿਧਾਇਕ ਇਹ ਪੈਸਾ ਵੰਡ ਰਹੇ ਹਨ। ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰਾਂ ਨੇ ਇਹ ਫੰਡ ਬਲਾਕ ਪੱਧਰ ਦੇ ਅਫਸਰਾਂ ਕੋਲ ਭੇਜ ਦਿੱਤੇ ਹਨ, ਜਿਨ੍ਹਾਂ ਨੇ ਅੱਗਿਉਂ ਪੰਚਾਇਤਾਂ ਦੇ ਖਾਤਿਆਂ ਵਿਚ ਰਾਸ਼ੀ ਪਾਉਣੀ ਸ਼ੁਰੂ ਕਰ ਦਿੱਤੀ ਹੈ। ਇਸ ਮੁਹਿੰਮ ਤਹਿਤ ਸਭ ਤੋਂ ਵੱਧ ਫੰਡ 30.64 ਕਰੋੜ ਰੁਪਏ ਜ਼ਿਲ੍ਹਾ ਲੁਧਿਆਣਾ ਨੂੰ, 28 ਕਰੋੜ ਦੇ ਫੰਡ ਜ਼ਿਲ੍ਹਾ ਹੁਸ਼ਿਆਰਪੁਰ ਨੂੰ ਦਿੱਤੇ ਜਾਣੇ ਹਨ। ਅੰਮ੍ਰਿਤਸਰ ਨੂੰ 26 ਕਰੋੜ, ਗੁਰਦਾਸਪੁਰ ਜ਼ਿਲ੍ਹੇ ਨੂੰ 27 ਕਰੋੜ, ਜਲੰਧਰ ਨੂੰ 22 ਕਰੋੜ, ਪਟਿਆਲਾ ਨੂੰ 24 ਕਰੋੜ, ਬਠਿੰਡਾ ਨੂੰ 19.72 ਕਰੋੜ ਅਤੇ ਮੁਕਤਸਰ ਨੂੰ 14 ਕਰੋੜ ਰੁਪਏ ਦੇ ਫੰਡ ਮਿਲਣੇ ਹਨ। ਹਰ ਜ਼ਿਲ੍ਹੇ ਨੂੰ 50 ਫੀਸਦੀ ਰਾਸ਼ੀ ਭੇਜੀ ਗਈ ਹੈ।

# ਆਈ.ਜੀ. ਉਮਰਾਨੰਗਲ ਹੁਣ ਫਰਜ਼ੀ ਮੁਕਾਬਲੇ ਦੇ ਦੋਸ਼ 'ਚ ਘਿਰਿਆ

**ਚੰਡੀਗੜ੍ਹ:** ਬੇਅਦਬੀ ਦੇ ਮੁੱਦੇ 'ਤੇ ਗ੍ਰਿਫਤਾਰ ਕੀਤੇ ਗਏ ਪੰਜਾਬ ਪੁਲਿਸ ਦੇ ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ ਹੁਣ 1994 ਵਿਚ ਹੋਏ ਫਰਜ਼ੀ ਮੁਕਾਬਲੇ ਦੇ ਕੇਸ 'ਚ ਫਸਦੇ ਨਜ਼ਰ ਆ ਰਹੇ ਹਨ। ਪੀੜਤ ਸੁਖਪਾਲ ਸਿੰਘ ਦੀ ਪਤਨੀ ਦਲਬੀਰ ਕੌਰ ਨੇ ਪੰਜਾਬ ਹਰਿਆਣਾ ਹਾਈ ਕੋਰਟ 'ਚ ਵਾਧੂ ਹਲਫਨਾਮਾ ਦਾਖਲ ਕਰਕੇ ਫਰਜ਼ੀ ਮੁਕਾਬਲੇ ਦੀ ਸੀ.ਬੀ.ਆਈ. ਤੋਂ ਜਾਂਚ ਕਰਾਉਣ ਦੀ ਮੰਗ ਦੁਹਰਾਈ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਉਮਰਾਨੰਗਲ ਨੂੰ ਬਚਾਉਣ ਦੀਆਂ ਕੋਸ਼ਿਸ਼ਾਂ ਕਰਦੀ ਰਹੀ ਹੈ।

ਵਕੀਲ ਆਰ ਕਾਰਤੀਕੇਯ ਰਾਹੀਂ ਦਾਖਲ ਹਲਫਨਾਮੇ 'ਚ ਦਲਬੀਰ ਕੌਰ ਨੇ ਕਿਹਾ ਹੈ ਕਿ ਉਮਰਾਨੰਗਲ ਅਹੁਦੇ ਅਤੇ ਤਾਕਤ ਦੀ ਦੁਰਵਰਤੋਂ ਕਰਦਾ ਰਿਹਾ ਅਤੇ ਫਰਜ਼ੀ ਮੁਕਾਬਲੇ ਦੇ ਮਾਮਲੇ 'ਚ ਸੂਬਾ ਸਰਕਾਰ ਵੀ ਉਸ ਨੂੰ ਸਬੂਤ ਨਸ਼ਟ ਕਰਨ ਲਈ ਵਾਧੂ ਸਮਾਂ ਦਿੰਦੀ ਰਹੀ। ਉਸ ਨੇ ਕਿਹਾ ਕਿ ਉਮਰਾਨੰਗਲ ਖਿਲਾਫ਼ ਜਾਂਚ ਉਸ ਦੇ ਅਧੀਨ ਆਉਂਦੇ ਅਧਿਕਾਰੀ ਵੱਲੋਂ ਕੀਤੀ ਗਈ। ਕਾਲਾ ਅਫਗਾਨਾ ਪਿੰਡ ਦੇ ਦਲਬੀਰ ਕੌਰ ਅਤੇ ਉਸ ਦੇ ਸਹੁਰੇ ਜਗੀਰ ਸਿੰਘ ਨੇ 2013 'ਚ ਪਟੀਸ਼ਨ ਦਾਖਲ ਕਰਕੇ ਕਿਹਾ ਸੀ ਕਿ ਫਰਜ਼ੀ ਮੁਕਾਬਲੇ 'ਚ ਸੁਖਪਾਲ ਸਿੰਘ ਨੂੰ ਮਾਰਿਆ ਗਿਆ ਹੈ। ਇਹ ਘਟਨਾ 13 ਅਗਸਤ 1994 ਦੀ ਹੈ ਜਦੋਂ ਪੁਲਿਸ ਉਸ ਨੂੰ ਘਰੋਂ ਚੁੱਕ ਕੇ ਲੈ ਗਈ ਸੀ। ਕੁਝ ਅਖ਼ਬਾਰਾਂ 'ਚ ਖਬਰ ਪ੍ਰਕਾਸ਼ਿਤ ਹੋਈ ਕਿ ਰੋਪੜ ਜ਼ਿਲ੍ਹੇ 'ਚ ਮੁਕਾਬਲੇ ਦੌਰਾਨ 'ਦਹਿਸ਼ਤਗਰਦ' ਗੁਰਨਾਮ ਸਿੰਘ ਬੰਡਾਲਾ ਮਾਰ ਮੁਕਾਇਆ ਗਿਆ ਹੈ। ਪਟੀਸ਼ਨਰਾਂ ਨੂੰ ਬਾਅਦ 'ਚ ਪਤਾ ਲੱਗਾ ਕਿ ਮਾਰਿਆ ਗਿਆ ਵਿਅਕਤੀ ਬੰਡਾਲਾ ਨਹੀਂ ਸਗੋਂ ਸੁਖਪਾਲ ਸਿੰਘ ਸੀ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਗੁਰਵੀਰ ਸਿੰਘ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ੁਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ

# ਲਾਹੌਰ ਹਾਈ ਕੋਰਟ ਵੱਲੋਂ ਪੰਜਾਬ ਵਿਚ ਸਕੂਲੀ ਪੱਧਰ 'ਤੇ ਪੰਜਾਬੀ ਨੂੰ ਲਾਜ਼ਮੀ ਕਰਨ ਦੇ ਆਦੇਸ਼

**ਇਸਲਾਮਾਬਾਦ:** ਲਾਹੌਰ ਹਾਈ ਕੋਰਟ ਨੇ ਪੰਜਾਬੀ ਲਹਿਰ ਅਤੇ ਪੰਜਾਬ ਅਦਬੀ ਬੋਰਡ ਵੱਲੋਂ ਮਾਤ ਭਾਸ਼ਾ ਪੰਜਾਬੀ ਨੂੰ ਉਸ ਦਾ ਬਣਦਾ ਹੱਕ ਦਿਵਾਉਣ ਲਈ ਵਕੀਲ ਤਾਹਿਰ ਸੰਧੂ ਅਤੇ ਮੁਹੰਮਦ ਬੀ. ਭੱਟੀ ਵੱਲੋਂ ਦਾਇਰ ਕੀਤੀ ਪਟੀਸ਼ਨ 'ਤੇ ਫੈਸਲਾ ਸੁਣਾਉਂਦਿਆਂ ਕਿਹਾ ਹੈ ਕਿ ਸੁਪਰੀਮ ਕੋਰਟ ਨੇ ਪੰਜਾਬ 'ਚ ਸਕੂਲੀ ਪੱਧਰ 'ਤੇ ਪੰਜਾਬੀ ਨੂੰ ਲਾਜ਼ਮੀ ਕਰਨ ਦਾ ਜੋ ਫੈਸਲਾ ਸੁਣਾਇਆ ਸੀ, ਉਸ ਨੂੰ ਲਾਗੂ ਕਰਨ ਲਈ ਸੂਬਾ ਸਰਕਾਰ ਕਾਰਵਾਈ ਕਰੇ।



ਪੰਜਾਬੀ ਪ੍ਰਚਾਰ ਸੰਸਥਾ ਦੇ ਸਦਰ ਅਹਿਮਦ ਰਜ਼ਾ ਖਾਨ ਤੇ ਜਨਰਲ ਸਕੱਤਰ ਬਾਬਰ ਜਲੰਧਰੀ ਨੇ ਦੱਸਿਆ ਕਿ ਅਦਾਲਤ ਵੱਲੋਂ ਮਾਂ-ਬੋਲੀ ਪੰਜਾਬੀ ਦੇ ਹੱਕ 'ਚ ਇਹ ਫੈਸਲਾ ਆਉਣ ਉਪਰੰਤ ਹੁਣ ਲਹਿੰਦੇ ਪੰਜਾਬ ਦੇ ਪੰਜਾਬੀ ਭਾਸ਼ਾ ਸਨੇਹੀ ਸਾਂਝੇ ਤੌਰ 'ਤੇ ਇਨ੍ਹਾਂ ਹੁਕਮਾਂ ਨੂੰ ਲਾਗੂ ਕਰਾਉਣ ਲਈ ਸੂਬਾ ਸਰਕਾਰ ਪਾਸੋਂ ਮੰਗ ਕਰਨਗੇ।

ਅਹਿਮਦ ਰਜ਼ਾ ਨੇ ਕਿਹਾ ਕਿ ਮਾਂ-ਬੋਲੀ ਪੰਜਾਬੀ ਨੂੰ ਕੌਮੀ ਜ਼ੁਬਾਨ ਦਾ ਦਰਜਾ ਮਿਲਣ 'ਤੇ ਸੂਬਾ ਪੰਜਾਬ ਦੇ ਸਰਕਾਰੀ ਤੇ ਗ਼ੈਰ-ਸਰਕਾਰੀ ਸਕੂਲਾਂ 'ਚ ਨਰਸਰੀ ਜਮਾਤ ਤੋਂ ਪੰਜਵੀਂ ਦੀ ਪੜ੍ਹਾਈ ਤੱਕ ਪੰਜਾਬੀ ਨੂੰ ਵਿਸ਼ੇ ਦੇ ਤੌਰ 'ਤੇ ਲਾਗੂ ਕੀਤਾ ਜਾ ਸਕੇਗਾ ਅਤੇ ਪੰਜਾਬ ਅਸੈਂਬਲੀ 'ਚ ਪੰਜਾਬੀ ਬੋਲਣ 'ਤੇ ਲਗਾਈ ਗਈ ਪਾਬੰਦੀ ਵੀ ਖਤਮ ਕਰ ਦਿੱਤੀ ਜਾਵੇਗੀ।

ਉਨ੍ਹਾਂ ਦੱਸਿਆ ਕਿ ਕੌਮਾਂਤਰੀ ਮਾਂ ਬੋਲੀ ਦਿਹਾੜੇ ਮੌਕੇ ਲਾਹੌਰ ਦੀ ਸ਼ਿਮਲਾ ਪਹਾੜੀ ਸਥਿਤ ਪ੍ਰੈੱਸ ਕਲੱਬ ਅੱਗੇ ਪੰਜਾਬੀ ਭਾਸ਼ਾ ਦੇ ਪ੍ਰਚਾਰ-ਪ੍ਰਸਾਰ ਲਈ ਕੰਮ ਕਰ ਰਹੀਆਂ ਸੰਸਥਾਵਾਂ ਵਲੋਂ ਮਾਂ-ਬੋਲੀ ਪੰਜਾਬੀ ਨੂੰ ਅਦਾਲਤੀ ਹੁਕਮਾਂ ਦੇ ਬਾਅਦ ਸੂਬਾ ਸਰਕਾਰ ਪਾਸੋਂ ਉਸ ਦਾ ਬਣਦਾ ਹੱਕ, ਸਨਮਾਨ ਤੇ ਇਨਸਾਫ ਦਿਵਾਉਣ ਲਈ ਵਿਸ਼ਾਲ ਮੁਜ਼ਾਹਰਾ ਕੀਤਾ ਗਿਆ ਅਤੇ ਉੱਥੋਂ ਪੰਜਾਬ ਅਸੈਂਬਲੀ ਵੱਲ ਜਾਗਰੂਕਤਾ ਰੈਲੀ ਕੱਢੀ ਗਈ। ਪੰਜਾਬ ਅਸੈਂਬਲੀ ਦੇ ਬਾਹਰ ਕੱਢੀ ਵਿਸ਼ਾਲ ਜਾਗਰੂਕਤਾ ਰੈਲੀ ਨੂੰ ਸੰਬੋਧਿਤ ਕਰਦਿਆਂ ਪ੍ਰੋ. ਤਾਰਿਕ ਜਟਾਲਾ, ਬਾਬਾ ਨਜ਼ਮੀ, ਇਕਬਾਲ ਕੇਸਰ ਆਦਿ ਨੇ ਪੰਜਾਬ ਦੇ ਸਕੂਲਾਂ ਵਿਚ ਨਰਸਰੀ ਜਮਾਤ ਤੋਂ 5ਵੀਂ ਤਕ ਪੰਜਾਬੀ ਨੂੰ ਵਿਸ਼ੇ ਦੇ ਤੌਰ 'ਤੇ ਲਾਗੂ ਕਰਨ, ਮਾਂ ਬੋਲੀ ਪੜ੍ਹਾਉਣ ਲਈ ਸਕੂਲਾਂ ਤੇ ਕਾਲਜਾਂ 'ਚ ਉਸਤਾਦਾਂ ਦੀ ਭਰਤੀ ਕਰਨ, ਪੰਜਾਬ ਅਸੈਂਬਲੀ 'ਚ ਪੰਜਾਬੀ ਬੋਲਣ 'ਤੇ ਲਗਾਈ ਗਈ ਪਾਬੰਦੀ ਨੂੰ ਖਤਮ ਕਰਨ, ਪੰਜਾਬੀ ਵਿਦਿਅਕ ਪੁਸਤਕਾਂ 'ਚ ਬਾਬਾ ਬੁੱਲ੍ਹਾ ਸ਼ਾਹ, ਸ਼ਾਹ ਹੁਸੈਨ, ਬਾਬਾ ਗੁਰੂ ਨਾਨਕ ਦੇਵ ਜੀ, ਸ਼ੇਖ ਫਰੀਦ, ਵਾਰਿਸ ਸ਼ਾਹ ਆਦਿ ਦੇ ਪੰਜਾਬੀ ਸੂਫੀ ਕਲਾਮ ਸ਼ਾਮਿਲ ਕੀਤੇ ਜਾਣ ਦੀ ਮੰਗ ਕੀਤੀ ਕਿ ਜਦੋਂ ਤੱਕ ਲਹਿੰਦੇ ਪੰਜਾਬ 'ਚ ਮਾਂ ਬੋਲੀ ਪੰਜਾਬੀ ਨੂੰ ਇਨਸਾਫ ਨਹੀਂ ਮਿਲਦਾ ਉਸ ਵਕਤ ਤੱਕ ਪੰਜਾਬੀ ਭਾਸ਼ਾ ਪ੍ਰੇਮੀ ਇਹ ਸੰਘਰਸ਼ ਜਾਰੀ ਰੱਖਣਗੇ।

## ਗੈਸ ਸਟੇਸ਼ਨ 'ਤੇ ਹੋਏ ਦਰਦਨਾਕ ਹਾਦਸੇ 'ਚ ਇਕ ਪੰਜਾਬੀ ਸਣੇ 3 ਜਣਿਆਂ ਦੀ ਮੌਤ

**ਵੇਨ, ਨਿਊ ਜਰਸੀ (ਬਿਊਰੋ):** ਇਥੇ ਰੂਟ 23 'ਤੇ ਡੈਲਟਾ ਗੈਸ ਸਟੇਸ਼ਨ 'ਤੇ ਹੋਏ ਇਕ ਦਰਦਨਾਕ ਹਾਦਸੇ ਵਿਚ ਇਕ 23 ਸਾਲਾ ਪੰਜਾਬੀ ਲਵਦੀਪ ਸਿੰਘ ਸਮੇਤ ਤਿੰਨ ਜਣਿਆਂ ਦੀ ਮੌਤ ਹੋ ਗਈ।

ਮ੍ਰਿਤਕ ਲਵਦੀਪ ਸਿੰਘ ਡੇਢ ਸਾਲ ਪਹਿਲਾਂ ਅਮਰੀਕਾ ਆਇਆ ਸੀ। ਹਾਦਸਾ ਉਸ ਸਮੇਂ ਵਾਪਰਿਆ ਜਦੋਂ ਨਸ਼ੇ ਵਿਚ ਧੁੱਤ ਇਕ ਕਾਰ ਡਰਾਈਵਰ ਜੈਸਨ ਵਾਦੀਰੀ (29) ਸਾਲਾ ਆਪਣਾ ਸੰਤੁਲਨ ਖੋ ਬੈਠਾ। ਉਸ ਦੀ ਕਾਰ ਗੈਸ ਸਟੇਸ਼ਨ ਵਿਚ ਜਾ ਵੜੀ, ਜਿਥੇ ਅਮਰੀਕੀ ਮੂਲ ਦੇ ਦੋ ਗਾਹਕ ਪਿਉ-ਪੁੱਤਰ ਗੈਸ ਸਟੇਸ਼ਨ 'ਤੇ ਕੰਮ ਕਰਦੇ ਲਵਦੀਪ ਸਿੰਘ ਕੋਲੋ ਆਪਣੀ ਕਾਰ 'ਚ ਗੈਸ ਪੁਆ ਰਹੇ ਸਨ।



*ਮ੍ਰਿਤਕ ਲਵਦੀਪ ਸਿੰਘ ਦੀ ਫਾਈਲ ਫੋਟੋ*

ਅਚਾਨਕ ਬੜੀ ਤੇਜ਼ ਰਫਤਾਰ ਨਾਲ ਆਈ ਕਾਰ ਹੋਰ ਕਾਰਾਂ ਨਾਲ ਟਕਰਾਉਂਦੀ ਲਵਦੀਪ ਸਿੰਘ ਸਮੇਤ ਦੋ ਅਮਰੀਕਨ ਮੂਲ ਦੇ ਪਿਉ-ਪੁੱਤਰ ਸਮੇਤ ਤਿੰਨ ਜਣਿਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਪੁਲਿਸ ਨੇ ਕਾਰ ਚਾਲਕ ਨੂੰ ਗ੍ਰਿਫਤਾਰ ਕਰ ਲਿਆ ਹੈ।

## ਐਰੋ ਇੰਡੀਆ ਦੀ ਪਾਰਕਿੰਗ 'ਚ ਅੱਗ, 300 ਕਾਰਾਂ ਸੜੀਆਂ

**ਬੰਗਲੌਰ:** ਯੇਲਹਾਂਕਾ ਏਅਰ ਫੋਰਸ ਸਟੇਸ਼ਨ 'ਤੇ ਚਲ ਰਹੇ ਐਰੋ ਇੰਡੀਆ ਸ਼ੋਅ ਦੀ ਪਾਰਕਿੰਗ 'ਚ ਅੱਗ ਲੱਗਣ ਕਰਕੇ 300 ਕਾਰਾਂ ਸੜ ਗਈਆਂ। ਐਰੋ ਸ਼ੋਅ ਦੀ ਸਮਾਪਤੀ ਤੋਂ ਇਕ ਦਿਨ ਪਹਿਲਾਂ ਵਾਪਰੀ ਘਟਨਾ ਦੌਰਾਨ ਕਿਸੇ ਜਾਨੀ ਨੁਕਸਾਨ ਤੋਂ ਬਚਾਅ ਰਿਹਾ। ਮੰਨਿਆ ਜਾ ਰਿਹਾ ਹੈ ਕਿ ਅੱਗ ਸੁੱਕੇ ਘਾਹ 'ਚ ਅੱਗ ਲੱਗਣ ਮਗਰੋਂ ਤੇਜ਼ ਹਵਾ ਕਰਕੇ ਭੜਕੀ ਅਤੇ ਪਾਰਕਿੰਗ 'ਚ ਖੜ੍ਹੀਆਂ ਕਾਰਾਂ ਨੂੰ ਆਪਣੀ ਲਪੇਟ 'ਚ ਲੈ ਲਿਆ। ਅੱਗ ਲੱਗਣ ਦੇ ਕਾਰਨਾਂ ਦੀ ਜਾਂਚ ਲਈ ਕੋਰਟ ਆਫ ਇਨਕੁਆਇਰੀ ਦੇ ਹੁਕਮ ਦਿੱਤੇ ਗਏ ਹਨ। ਅੱਗ ਲੱਗਣ ਦੀ ਘਟਨਾ ਦੇ ਬਾਵਜੂਦ ਐਰੋ ਸ਼ੋਅ ਬਿਨਾਂ ਕਿਸੇ ਰੁਕਾਵਟ ਦੇ ਚਲਦਾ ਰਿਹਾ।

ਪਾਰਕਿੰਗ 'ਚ ਅੱਗ ਲੱਗਣ ਮਗਰੋਂ ਇਲਾਕੇ 'ਚ ਧੂੰਏਂ ਦਾ ਗੁਬਾਰ ਛਾ ਗਿਆ ਜਿਸ ਨਾਲ ਸਥਾਨਕ ਲੋਕਾਂ ਅਤੇ ਐਰੋ ਇੰਡੀਆ ਸ਼ੋਅ ਦੇਖਣ ਵਾਲਿਆਂ 'ਚ ਹਫੜਾ-ਦਫੜੀ ਮੱਚ ਗਈ। ਅੱਗ ਬੁਝਾਊ ਸੇਵਾਵਾਂ ਦੇ ਡੀ.ਜੀ.ਪੀ. ਐਮ ਐਲ ਰੈੱਡੀ ਨੇ ਟਵੀਟ ਕਰਕੇ ਕਿਹਾ ਕਿ 300 ਕਾਰਾਂ ਸੜ ਗਈਆਂ ਹਨ ਅਤੇ 15 ਅੱਗ ਬੁਝਾਊ ਗੱਡੀਆਂ ਨੇ ਅੱਗ 'ਤੇ ਕਾਬੂ ਪਾਇਆ।

ਕਰਨਾਟਕ ਦੇ ਮੁੱਖ ਮੰਤਰੀ ਐਚ ਡੀ ਕੁਮਾਰ ਸਵਾਮੀ ਨੇ ਲੋਕਾਂ ਨੂੰ ਬੇਨਤੀ ਕੀਤੀ ਕਿ ਉਹ ਪਰੇਸ਼ਾਨ ਨਾ ਹੋਣ ਅਤੇ ਅਧਿਕਾਰੀਆਂ ਨੂੰ ਲੋੜੀਂਦੇ ਕਦਮ ਉਠਾਉਣ ਦੇ ਨਿਰਦੇਸ਼ ਦਿੱਤੇ। ਪ੍ਰਤੱਖਦਰਸ਼ੀਆਂ ਨੇ ਦੱਸਿਆ ਕਿ ਅੱਗ ਫੈਲਣ ਦੇ ਨਾਲ ਹੀ ਕਈ ਧਮਾਕੇ ਵੀ ਸੁਣੇ ਗਏ।

## Matrimonials

### ਲੜਕੇ ਦੀ ਲੋੜ ਹੈ

Well settled Chicago based Sikh family seeking a beautiful educated match for their handsome Sikh boy 5'-9" 36 in Medical business. Please contact: jsokhey1@gmail.com 9-12

Jatt Sikh parent seeking suitable professional match for their daughter, Canadian & American citizen, 26 years, 5'-4", after master degree doing law finishing in 2021. Please Contact, Ph: 317-670-7665 or E-mail: kjs939798@gmail.com

Jatt Sikh family living in California looking for a tall, slim girl for their only son 28 year old, 5'-10", owns private business athletic build Nursing profession will be preferred. Serious inquires only. Pl. contact, Ph: 240-938-0758

Wanted suitable match for Saini Sikh girl, 28, 5'-6", computer science graduate, working in Chandigarh, with 10 year multipurpose USA visa. The boy should be from Saini family, professionally qualified, well settled with good family values. Girl's elder sister married and settled in California. Contact, Ph: +91-98154-47677 (India) or 408-621-7329 (USA) 5-8

### ਲੜਕੀ ਦੀ ਲੋੜ ਹੈ

ਜੱਟ ਸਿੱਖ, 32 ਸਾਲਾ, ਕੱਦ 5'-1", ਕੰਪਨੀ ਵਿਚ ਕੰਮ ਕਰਦੀ ਅਮਰੀਕਨ ਸਿਟੀਜ਼ਨ ਲੜਕੀ ਲਈ ਲੜਕੇ ਦੀ ਲੋੜ ਹੈ, ਜੋ ਸਖਤ ਮਿਹਨਤੀ ਹੋਵੇ ਅਤੇ ਉਸ ਪਾਸ ਵਧੀਆ ਫਾਰਮ ਹੋਵੇ। ਛੋਟਾ ਪਰਿਵਾਰ ਹੋਵੇ। ਮਾਲਵੇ ਦੇ ਲੜਕੇ ਨੂੰ ਪਹਿਲ। ਸੰਪਰਕ ਕਰੋ, ਫੋਨ: 216-373-3639 9-12

Saini Sikh clean shave boy, 29, 6', M.B.A. Bio Technology doing BDS in Chandigarh, seeks suitable well educated Saini/Jatt Sikh girl. Family well settled in USA. Cont. Mohan Saini Ph: 516-503-9541 or email: mohan1w34@gmail.com 5-12

Wanted suitable girl for Arora, Puran Gursikh boy, Good Looking, muscular, B.Com/MBA, Managing Textiles manufacturing Unit, Rental Units, in Mumbai, 5'-8'/ 28 yrs. Caste no bar. Boy's elder brother, family settled in USA, Canada. Boy is willing to invest for his start-up. Pl email: citibombay@gmail.com 6-

### ਜੀਵਨ ਸਾਥੀ ਦੀ ਲੋੜ ਹੈ

ਜੱਟ ਸਿੱਖ ਅਮਰੀਕਨ ਗਰੀਨ ਕਾਰਡ ਹੋਲਡਰ, 44 ਸਾਲ, 6', ਤਲਾਕਸ਼ੁਦਾ ਲਈ 35 ਤੋਂ 45 ਸਾਲ ਦੀ ਜੀਵਨ ਸਾਥਣ ਦੀ ਲੋੜ ਹੈ। ਲੜਕਾ ਗੈਸ ਪੰਪ 'ਤੇ ਕੈਸ਼ੀਅਰ, ਸਾਰਾ ਪਰਿਵਾਰ ਅਮਰੀਕਾ ਵਿਚ ਵੈਲ ਸੈਟਲਡ, ਕੋਈ ਮੰਗ ਨਹੀਂ। ਸੰਪਰਕ ਕਰੋ, ਈਮੇਲ: sukh201@gmail.com 6-


ਖੁੱਲ੍ਹ ਗਿਆ ਹੈ! ਖੁੱਲ੍ਹ ਗਿਆ ਹੈ!!




916 East Main Street # 120
Greenwood, Indiana 46143
*(Next to Desi Bazaar)*



Ph: 317-886-7176
Fax: 317-886-7180 6-9

**Desi Bazar**
*916 E. Main Street #118, Greenwood, IN, 46143*
*Tel: 317-888-2040, Fax: 317-887-6116*
*We specialize in all kind of Indian Groceries and Sweets*
• FRESH VEGETABLES EVERY THURSDAY
• FRESH GOAT MEAT
*10% off on all Gurudwara supplies and Religious programs!!*
We Are Open 7 Days a Week
ਖੁਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ

**SUPER TRAVEL**
847-676-9090, 773-465-5566
*E-mail: supertravel2003@live.com*
Lowest Fares With Excellent Service
*United Airlines*
*British Airways*



*Etihad, Air India, KLM, Lufthansa, Delta, Qatar Airlines.*
For Emergency Call anytime at 847-673-3825
*EARLY BIRD SALE!!!!*
Domestic fares available

**Imperial Tax Services**
29090 Currier Ave., Westland, MI 48186
Individual & Small Business
Tax Returns
Call or Text to make an appointment
*Paramvir Singh*
Ph: 206-475-6075
Email: Imperialtaxservices81@Yahoo.com 2-10

# ਪਾਕਿਸਤਾਨ ਨੂੰ ਜਾਂਦਾ ਪਾਣੀ ਰੋਕਣ ਦੀਆਂ ਤਿਆਰੀਆਂ

**ਨਵੀਂ ਦਿੱਲੀ:** ਪੁਲਵਾਮਾ ਦਹਿਸ਼ਤੀ ਹਮਲੇ ਮਗਰੋਂ ਭਾਰਤ ਨੇ ਹੁਣ ਸਿੰਧ ਜਲ ਸੰਧੀ ਤਹਿਤ ਆਪਣੇ ਹਿੱਸੇ ਦੇ ਪਾਣੀਆਂ ਨੂੰ ਪਾਕਿਸਤਾਨ ਜਾਣ ਤੋਂ ਰੋਕਣ ਦਾ ਫੈਸਲਾ ਲਿਆ ਹੈ। ਇਸ ਤੋਂ ਪਹਿਲਾਂ ਭਾਰਤ ਨੇ ਪਾਕਿਸਤਾਨ ਤੋਂ ਸਭ ਤੋਂ ਤਰਜੀਹੀ ਮੁਲਕ (ਐਮ.ਐਫ.ਐਨ.) ਦਾ ਦਰਜਾ ਵਾਪਸ ਲੈ ਲਿਆ ਸੀ। ਇਸ ਦੇ ਨਾਲ ਪਾਕਿਸਤਾਨ ਤੋਂ ਆਉਣ ਵਾਲੀਆਂ ਵਸਤਾਂ 'ਤੇ ਡਿਊਟੀ ਵਧਾ ਕੇ 200 ਫੀਸਦੀ ਕਰ ਦਿੱਤੀ ਗਈ ਸੀ।

ਸਰਕਾਰ ਪੂਰਬੀ ਦਰਿਆਵਾਂ ਦੇ ਪਾਣੀਆਂ ਦਾ ਰੁਖ ਬਦਲ ਕੇ ਜੰਮੂ ਕਸ਼ਮੀਰ ਅਤੇ ਪੰਜਾਬ ਦੇ ਲੋਕਾਂ ਨੂੰ ਮੁਹੱਈਆ ਕਰਵਾਏਗੀ। ਰਾਵੀ ਦਰਿਆ 'ਤੇ ਸ਼ਾਹਪੁਰ ਕੰਢੀ ਬੰਨ੍ਹ ਦੀ ਉਸਾਰੀ ਦਾ ਕੰਮ ਸ਼ੁਰੂ ਹੋ ਚੁੱਕਾ ਹੈ। ਕੇਂਦਰੀ ਮੰਤਰੀ ਨੇ ਉਤਰ ਪ੍ਰਦੇਸ਼ ਦੇ ਬਾਗਪਤ 'ਚ ਕਿਹਾ ਸੀ ਕਿ ਯਮੁਨਾ ਦਰਿਆ ਨੂੰ ਸ਼ੁੱਧ ਕਰਨ ਦਾ ਕੰਮ ਸ਼ੁਰੂ ਹੋ ਚੁਕਾ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਬਣਨ ਮਗਰੋਂ ਭਾਰਤ ਦੇ ਤਿੰਨ ਦਰਿਆਵਾਂ ਦਾ ਪਾਣੀ ਅਜਾਈਂ ਹੀ ਪਾਕਿਸਤਾਨ ਵੱਲ ਜਾ ਰਿਹਾ ਸੀ। ਹੁਣ 3 ਪ੍ਰੋਜੈਕਟਾਂ 'ਤੇ ਕੰਮ ਸ਼ੁਰੂ ਹੋਣ ਨਾਲ ਪਾਣੀ ਦਾ ਵਹਾਅ ਯਮੁਨਾ ਦਰਿਆ ਵੱਲ ਕਰ ਦਿੱਤਾ ਜਾਵੇਗਾ। ਜ਼ਿਕਰਯੋਗ ਹੈ ਕਿ ਰਾਵੀ, ਬਿਆਸ ਅਤੇ ਸਤਲੁਜ ਦਰਿਆਵਾਂ ਦਾ 5% ਪਾਣੀ ਪਾਕਿਸਤਾਨ 'ਚ ਅਜਾਈਂ ਚਲਾ ਜਾਂਦਾ ਹੈ। 2793 ਕਰੋੜ ਰੁਪਏ ਦੇ ਸ਼ਾਹਪੁਰ ਕੰਢੀ ਪ੍ਰੋਜੈਕਟ 'ਤੇ ਸਤੰਬਰ 2018 ਤੋਂ ਮੁੜ ਕੰਮ ਅਰੰਭ ਹੋਇਆ ਹੈ। ਪੰਜਾਬ ਤੇ ਜੰਮੂ ਕਸ਼ਮੀਰ ਸਰਕਾਰਾਂ ਵੱਲੋਂ ਸਮਝੌਤੇ 'ਤੇ ਦਸਤਖਤ ਕੀਤੇ ਜਾਣ ਪਿੱਛੋਂ ਅਜਿਹਾ ਸੰਭਵ ਹੋ ਸਕਿਆ।

ਪਾਕਿਸਤਾਨ ਦੀ ਕਿਸੇ ਵੀ ਤਰ੍ਹਾਂ ਦੀ ਖੁਸ਼ਹਾਲੀ ਦਾ ਦਾਰੋਮਦਾਰ ਭਾਰਤ 'ਚੋਂ ਆਉਂਦੇ ਦਰਿਆਵਾਂ 'ਤੇ ਹੀ ਕਿਹਾ ਜਾ ਸਕਦਾ ਹੈ। ਇਸ ਦੀ ਕਰੋੜਾਂ ਏਕੜ ਧਰਤੀ ਇਨ੍ਹਾਂ ਦਰਿਆਵਾਂ ਨਾਲ ਸਿੰਜੀ ਜਾਂਦੀ ਹੈ ਅਤੇ ਕਰੋੜਾਂ ਹੀ ਲੋਕਾਂ ਦਾ ਜੀਵਨ ਇਨ੍ਹਾਂ ਦਰਿਆਵਾਂ 'ਤੇ ਹੀ ਨਿਰਭਰ ਹੈ। ਦੇਸ਼ ਦੀ ਵੰਡ ਤੋਂ ਹੀ ਪਾਣੀਆਂ ਦੇ ਬਟਵਾਰੇ ਦੀ ਚਰਚਾ ਲਗਾਤਾਰ ਚਲਦੀ ਰਹੀ ਹੈ। ਬੜੀ ਵਾਰ ਇਸ ਮਸਲੇ 'ਤੇ ਵੱਡੀਆਂ ਗੁੰਝਲਾਂ ਪੈਦਾ ਹੁੰਦੀਆਂ ਰਹੀਆਂ ਹਨ। ਅਖੀਰ ਵਿਕਾਸ ਬੈਂਕ ਜਿਸ ਨੂੰ ਹੁਣ ਵਿਸ਼ਵ ਬੈਂਕ ਕਿਹਾ ਜਾਂਦਾ ਹੈ, ਦੀ ਵਿਚੋਲਗੀ ਨਾਲ ਸਤੰਬਰ, 1960 'ਚ ਕਰਾਚੀ ਵਿਚ ਸਿੰਧ ਜਲ ਸਮਝੌਤਾ ਹੋਇਆ ਸੀ, ਜਿਸ 'ਤੇ ਭਾਰਤ ਵੱਲੋਂ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਤੇ ਪਾਕਿਸਤਾਨ ਦੇ ਤਤਕਾਲੀ ਰਾਸ਼ਟਰਪਤੀ ਅਯੂਬ ਖਾਨ ਨੇ ਦਸਤਖਤ ਕੀਤੇ ਸਨ। ਇਸ ਸਮਝੌਤੇ ਮੁਤਾਬਕ ਭਾਰਤ ਨੂੰ ਪੂਰਬੀ ਹਿੱਸੇ ਦੇ ਤਿੰਨ ਦਰਿਆ ਰਾਵੀ, ਬਿਆਸ ਤੇ ਸਤਲੁਜ ਦਾ ਪਾਣੀ ਵਰਤਣ ਦਾ ਪੂਰਾ ਹੱਕ ਦਿੱਤਾ ਗਿਆ ਸੀ ਤੇ ਭਾਰਤ 'ਚੋਂ ਵਹਿੰਦੇ 3 ਪੱਛਮੀ ਦਰਿਆਵਾਂ ਸਿੰਧ, ਜਿਹਲਮ ਤੇ ਚਿਨਾਬ ਦਾ 80% ਪਾਣੀ ਪਾਕਿਸਤਾਨ ਵੱਲੋਂ ਵਰਤਿਆ ਜਾਣਾ ਸੀ। ਭਾਰਤ ਨੂੰ ਇਨ੍ਹਾਂ ਪਾਣੀਆਂ 'ਚੋਂ ਘਰੇਲੂ, ਸਨਅਤ, 7 ਲੱਖ ਏਕੜ ਸਿੰਜਾਈ ਤੇ ਬਿਜਲੀ ਉਤਪਾਦਨ ਦਾ ਹੱਕ ਦਿੱਤਾ ਗਿਆ ਸੀ। ਇਸ ਦੇ ਇਲਾਵਾ ਭਾਰਤ 3.60 ਲੱਖ ਫੁੱਟ ਪਾਣੀ ਦਾ ਇਨ੍ਹਾਂ ਸਕੀਮਾਂ 'ਚੋਂ ਭੰਡਾਰਨ ਵੀ ਕਰ ਸਕਦਾ ਸੀ। ਇਸ ਲਈ ਭਾਰਤ ਨੇ ਪਿਛਲੇ ਸਮੇਂ ਵਿਚ ਤੁਲਬੁਲ ਪ੍ਰੋਜੈਕਟ ਰਾਵੀ ਦਰਿਆ 'ਤੇ ਸ਼ਾਹਪੁਰ ਕੰਢੀ ਡੈਮ ਪ੍ਰੋਜੈਕਟ ਤੋਂ ਇਲਾਵਾ ਚਿਨਾਬ 'ਤੇ ਚਾਰ ਹੋਰ ਡੈਮ ਬਣਾਉਣ ਦੀ ਯੋਜਨਾ ਤਿਆਰ ਕੀਤੀ ਸੀ।

ਇਹ ਸਾਰੀਆਂ ਯੋਜਨਾਵਾਂ ਹਾਲੇ ਅੱਧ-ਵਿਚਾਲੇ ਹੀ ਲਟਕੀਆਂ ਹੋਈਆਂ ਹਨ। ਭਾਰਤ ਆਪਣੇ ਹਿੱਸੇ ਆਏ ਪਾਣੀ ਦਾ ਇਸਤੇਮਾਲ ਵੀ ਨਹੀਂ ਕਰ ਸਕਿਆ। ਇਕ ਅੰਦਾਜ਼ੇ ਮੁਤਾਬਕ ਜੇ ਇਕ ਹਿੱਸੇ ਦੀ ਵਰਤੋਂ ਵੀ ਭਾਰਤ ਆਪਣੇ ਲਈ ਕਰਦਾ ਤਾਂ ਵੀ ਪਾਕਿਸਤਾਨ 'ਚ ਪਾਣੀ ਦੀ ਘਾਟ ਰੜਕਦੀ ਸੀ। ਇਥੋਂ ਤੱਕ ਕਿ ਇਸ ਨਾਲ ਉਸ ਦੀ ਆਰਥਿਕਤਾ ਵੀ ਚਰਮਰਾ ਸਕਦੀ ਹੈ। ਇਕ ਅੰਦਾਜ਼ੇ ਅਨੁਸਾਰ ਪਾਕਿਸਤਾਨ ਦੀ 2.6 ਕਰੋੜ ਏਕੜ ਜ਼ਮੀਨ ਦੀ ਸਿੰਜਾਈ ਸਿੰਧ ਅਤੇ ਇਸ ਦੇ ਸਹਾਇਕ ਦਰਿਆਵਾਂ ਤੋਂ ਹੁੰਦੀ ਹੈ।

ਪਾਕਿਸਤਾਨ ਵੱਲੋਂ ਅਕਸਰ ਹੀ ਭਾਰਤ ਵਿਚ ਚਿਨਾਬ ਤੇ ਜਿਹਲਮ ਦਰਿਆਵਾਂ 'ਤੇ ਡੈਮ ਬਣਾਉਣ ਬਾਰੇ ਇਤਰਾਜ਼ ਹੁੰਦਾ ਰਿਹਾ ਹੈ। ਉਸ ਨੂੰ ਇਹ ਚਿੰਤਾ ਰਹੀ ਹੈ ਕਿ ਭਾਰਤ ਵੱਲੋਂ ਨਿਸ਼ਚਿਤ ਕੀਤੇ ਪਾਣੀ ਦੀ ਮਾਤਰਾ ਤੋਂ ਅਜਿਹੇ ਡੈਮ ਬਣਾ ਕੇ ਵਧੇਰੇ ਮਾਤਰਾ 'ਚ ਪਾਣੀ ਜਮ੍ਹਾਂ ਕੀਤਾ ਜਾ ਸਕਦਾ ਹੈ। ਇਸ ਸਬੰਧੀ ਦੋਵਾਂ ਦੇਸ਼ਾਂ 'ਚ ਅਕਸਰ ਆਪਸੀ ਵਿਵਾਦ ਵੀ ਬਣਿਆ ਰਿਹਾ ਹੈ। ਇਸ ਸੰਧੀ ਤਹਿਤ ਦੋਵਾਂ ਦੇਸ਼ਾਂ ਦੇ ਪਾਣੀਆਂ ਦੇ ਕਮਿਸ਼ਨਾਂ ਦੀਆਂ ਲਗਾਤਾਰ ਮੁਲਾਕਾਤਾਂ ਹੁੰਦੀਆਂ ਰਹੀਆਂ ਹਨ ਪਰ ਉੜੀ ਦੇ ਹਮਲੇ ਪਿਛੋਂ ਭਾਰਤ ਨੇ ਲਗਾਤਾਰ ਹੁੰਦੀਆਂ ਇਨ੍ਹਾਂ ਮੀਟਿੰਗਾਂ ਨੂੰ ਰੱਦ ਕਰ ਦਿੱਤਾ ਸੀ। ਹੁਣ ਕੇਂਦਰੀ ਮੰਤਰੀ ਦੇ ਬਿਆਨਾਂ ਪਿਛੋਂ ਇਹ ਪ੍ਰਭਾਵ ਜ਼ਰੂਰ ਮਿਲਦਾ ਹੈ ਕਿ ਭਾਰਤ ਇਨ੍ਹਾਂ ਪਾਣੀਆਂ ਦਾ ਪ੍ਰਬੰਧ ਆਪਣੀ ਯੋਜਨਾ ਅਨੁਸਾਰ ਕਰਨ ਬਾਰੇ ਸੋਚ ਰਿਹਾ ਹੈ।



## ਪਾਣੀ ਬੰਦੀ ਬਾਰੇ ਫੈਸਲਾ ਪੰਜਾਬ ਵਿਰੋਧੀ: ਖਹਿਰਾ

**ਚੰਡੀਗੜ੍ਹ:** ਪੰਜਾਬੀ ਏਕਤਾ ਪਾਰਟੀ ਦੇ ਪ੍ਰਧਾਨ ਸੁਖਪਾਲ ਸਿੰਘ ਖਹਿਰਾ ਨੇ ਕੇਂਦਰੀ ਜਲ ਸਰੋਤ ਮੰਤਰੀ ਨਿਤਿਨ ਗਡਕਰੀ ਵੱਲੋਂ ਪਾਕਿਸਤਾਨ ਨੂੰ ਜਾਣ ਵਾਲਾ ਪਾਣੀ ਰੋਕਣ ਲਈ ਪੰਜਾਬ ਦੇ ਰਾਵੀ, ਬਿਆਸ ਅਤੇ ਸਤਲੁਜ ਦਰਿਆਵਾਂ ਦੇ ਪਾਣੀ ਨੂੰ ਯਮੁਨਾ ਨਦੀ ਵਿਚ ਮੋੜਨ ਨੂੰ ਪੰਜਾਬ ਲਈ ਖਤਰਨਾਕ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਨਿਤਿਨ ਗਡਕਰੀ ਦਾ ਬਿਆਨ ਬਹੁਤ ਖਤਰਨਾਕ ਅਤੇ ਪੰਜਾਬ ਦੇ ਹਿੱਤਾਂ ਦੇ ਖਿਲਾਫ ਹੈ ਤੇ ਪੰਜਾਬ ਦੇ ਪਾਣੀਆਂ ਨੂੰ ਖੋਹਣ ਲਈ ਇਹ ਬਹੁਤ ਵੱਡੀ ਸਾਜਿਸ਼ ਰਚੀ ਜਾ ਰਹੀ ਹੈ।

## ਪੰਜਾਬ ਸਰਕਾਰ ਨੇ ਸ਼ੁਰੂ ਕੀਤੀਆਂ ਤਿਆਰੀਆਂ

**ਦੀਨਾਨਗਰ:** ਪੁਲਵਾਮਾ ਹਮਲੇ ਤੋਂ ਕੇਂਦਰ ਤੇ ਪੰਜਾਬ ਸਰਕਾਰ ਨੇ ਪਾਕਿਸਤਾਨ ਨੂੰ ਜਵਾਬ ਦੇਣ ਲਈ ਕਦਮ ਚੁੱਕਣੇ ਸ਼ੁਰੂ ਕਰ ਦਿੱਤੇ ਹਨ। ਦੀਨਾਨਗਰ ਦੇ ਮਕੌੜਾ ਪੱਤਣ 'ਤੇ ਪੰਜਾਬ ਦੇ ਦੋ ਕੈਬਨਿਟ ਮੰਤਰੀਆਂ ਸੁਖਬਿੰਦਰ ਸਿੰਘ ਸੁੱਖ ਸਰਕਾਰੀਆ ਅਤੇ ਅਰੁਣਾ ਚੌਧਰੀ ਨੇ ਦਰਿਆ ਰਾਵੀ ਤੇ ਉੱਜ ਦੇ ਸੁਮੇਲ ਮਕੌੜਾ ਪੱਤਣ ਤੋਂ ਪਾਕਿਸਤਾਨ ਵੱਲ ਜਾਂਦੇ ਵਾਧੂ ਪਾਣੀ ਨੂੰ ਪੂਰਨ ਤੌਰ 'ਤੇ ਰੋਕਣ ਲਈ ਬੰਨ੍ਹ ਬਣਾਉਣ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਜੇਕਰ ਕੇਂਦਰ ਸਰਕਾਰ ਨੇ ਗ੍ਰਾਂਟ ਜਾਰੀ ਕਰ ਦਿੱਤੀ ਤਾਂ ਛੇਤੀ ਹੀ ਇਥੇ ਬੰਨ੍ਹ ਬਣਾ ਦਿੱਤਾ ਜਾਵੇਗਾ ਅਤੇ ਇਸ ਦਰਿਆ ਦਾ ਇਕ ਬੂੰਦ ਵੀ ਪਾਣੀ ਪਾਕਿਸਤਾਨ ਵੱਲ ਨਹੀਂ ਜਾਣ ਦਿੱਤਾ ਜਾਵੇਗਾ।

## ਜੈਪੁਰ ਕੇਂਦਰੀ ਜੇਲ੍ਹ 'ਚ ਪਾਕਿ ਕੈਦੀ ਦੀ ਹੱਤਿਆ

**ਜੈਪੁਰ:** ਕੇਂਦਰੀ ਜੇਲ੍ਹ ਵਿਚ ਬੰਦ ਇਕ ਪਾਕਿਸਤਾਨੀ ਨਾਗਰਿਕ ਦੀ ਸਾਥੀ ਕੈਦੀਆਂ ਨੇ ਕਥਿਤ ਤੌਰ 'ਤੇ ਹੱਤਿਆ ਕਰ ਦਿੱਤੀ। ਵੇਰਵਿਆਂ ਮੁਤਾਬਕ ਪਾਕਿ ਕੈਦੀ ਦਾ ਸਾਥੀਆਂ ਨਾਲ ਝਗੜਾ ਹੋ ਗਿਆ ਸੀ। ਮ੍ਰਿਤਕ ਕੈਦੀ ਦੀ ਸ਼ਨਾਖਤ ਸ਼ਕਰੁੱਲ੍ਹਾ (50) ਵਜੋਂ ਹੋਈ ਹੈ ਤੇ ਉਹ ਪਾਕਿਸਤਾਨੀ ਪੰਜਾਬ ਦੇ ਸਿਆਲਕੋਟ ਨਾਲ ਸਬੰਧਤ ਸੀ। ਝਗੜੇ ਦੌਰਾਨ ਉਸ 'ਤੇ ਇਕ ਵੱਡੇ ਪੱਥਰ ਨਾਲ ਵਾਰ ਕੀਤਾ ਗਿਆ।


ਪੁਲਿਸ ਮੁਤਾਬਕ ਉਹ ਜੇਲ੍ਹ ਦੇ ਵਿਸ਼ੇਸ਼ ਸੈੱਲ ਵਿਚ 2011 ਤੋਂ ਬੰਦੀ ਸੀ ਤੇ ਗ਼ੈਰਕਾਨੂੰਨੀ ਗਤੀਵਿਧੀਆਂ ਰੋਕੂ ਕਾਨੂੰਨ ਤਹਿਤ ਉਮਰ ਕੈਦ ਦੀ ਸਜ਼ਾ ਭੁਗਤ ਰਿਹਾ ਸੀ। ਰਾਜਸਥਾਨ ਦੇ ਡੀ.ਜੀ.ਪੀ. ਕਪਿਲ ਗਰਗ ਨੇ ਦੱਸਿਆ ਕਿ ਘਟਨਾ ਦੀ ਜਾਂਚ ਜੁਡੀਸ਼ੀਅਲ ਮੈਜਿਸਟਰੇਟ ਕਰਨਗੇ ਤੇ ਪੁਲਿਸ ਵੀ ਆਪਣੇ ਪੱਧਰ 'ਤੇ ਜਾਂਚ ਕਰੇਗੀ। ਪਾਕਿਸਤਾਨੀ ਨੇ ਇਸ ਸਬੰਧ 'ਚ ਭਾਰਤ ਤੋਂ ਜਵਾਬ ਮੰਗਿਆ ਹੈ।

## ਵਾਦੀ 'ਚ 18 ਵੱਖਵਾਦੀਆਂ ਤੇ 155 ਸਿਆਸੀ ਆਗੂਆਂ ਦੀ ਸੁਰੱਖਿਆ ਵਾਪਸ ਲਈ

**ਜੰਮੂ:** ਜੰਮੂ ਕਸ਼ਮੀਰ ਪ੍ਰਸ਼ਾਸਨ ਨੇ ਪੀ. ਡੀ. ਪੀ. ਆਗੂ ਵਾਹਿਦ ਪਾਰਾ ਅਤੇ ਆਈਏਐਸ ਅਧਿਕਾਰੀ ਸ਼ਾਹ ਫੈਸਲ ਸਮੇਤ 18 ਵੱਖਵਾਦੀਆਂ ਅਤੇ 155 ਸਿਆਸੀ ਵਿਅਕਤੀਆਂ ਦੀ ਸੁਰੱਖਿਆ ਵਾਪਸ ਲੈ ਲਈ ਹੈ। ਮੁੱਖ ਸਕੱਤਰ ਬੀ.ਵੀ. ਆਰ. ਸੁਬਰਾਮਣੀਅਮ ਦੀ ਅਗਵਾਈ ਹੇਠ ਸੁਰੱਖਿਆ 'ਤੇ ਨਜ਼ਰਸਾਨੀ ਬਾਰੇ ਹੋਈ ਬੈਠਕ ਦੌਰਾਨ ਇਹ ਫੈਸਲਾ ਲਿਆ ਗਿਆ।

ਬੈਠਕ ਦੌਰਾਨ ਮਹਿਸੂਸ ਕੀਤਾ ਗਿਆ ਕਿ ਵੱਖਵਾਦੀਆਂ ਆਗੂਆਂ ਨੂੰ ਸੁਰੱਖਿਆ ਦੇਣਾ ਸੂਬੇ ਦੇ ਵਸੀਲਿਆਂ ਦਾ ਨੁਕਸਾਨ ਹੈ ਅਤੇ ਇਸ ਨੂੰ ਕਿਤੇ ਹੋਰ ਵਰਤਿਆ ਜਾ ਸਕਦਾ ਹੈ।

ਜਿਨ੍ਹਾਂ ਆਗੂਆਂ ਤੋਂ ਸੁਰੱਖਿਆ ਵਾਪਸ ਲਈ ਗਈ ਹੈ, ਉਨ੍ਹਾਂ 'ਚ ਐਸ.ਏ.ਐਸ. ਗਿਲਾਨੀ, ਆਗਾ ਸੱਯਦ ਮੋਸਵੀ, ਮੌਲਵੀ ਅੱਬਾਸ ਅਨਸਾਰੀ, ਯਾਸਿਨ ਮਲਿਕ, ਸਲੀਮ ਗਿਲਾਨੀ, ਸ਼ਾਹਿਦ ਉੱਲ ਇਸਲਾਮ, ਜ਼ਫਰ ਅਕਬਰ ਭੱਟ, ਨਈਮ ਅਹਿਮਦ ਖਾਨ, ਮੁਖਤਾਰ ਅਹਿਮਦ ਵਾਜ਼ਾ, ਫਾਰੂਕ ਅਹਿਮਦ ਕਿਚਲੂ, ਮਸਰੂਰ ਅੱਬਾਸ ਅਨਸਾਰੀ, ਆਗਾ ਸੱਯਦ ਅਬਦੁੱਲ ਹੁਸੈਨ, ਅਬਦੁੱਲ ਗ਼ਨੀ ਸ਼ਾਹ ਅਤੇ ਮੁਹੰਮਦ ਮੁਸੱਦਿਕ ਭੱਟ ਸ਼ਾਮਲ ਹਨ।



# ਭਾਰਤੀ ਸਖਤੀ ਨੇ ਭਾਰਤ-ਪਾਕਿਸਤਾਨ ਵਿਚਾਲੇ ਵਪਾਰ ਨੂੰ ਲਾਈ ਬਰੇਕ

**ਅਟਾਰੀ:** ਪੁਲਵਾਮਾ ਹਮਲੇ ਤੋਂ ਬਾਅਦ ਭਾਰਤ ਵੱਲੋਂ ਕੀਤੀ ਸਖਤੀ ਨੇ ਅਟਾਰੀ ਸਰਹੱਦ ਰਾਹੀਂ ਪਾਕਿਸਤਾਨ ਨਾਲ ਹੋਣ ਵਾਲੇ ਵਪਾਰ ਨੂੰ ਤਬਾਹ ਕਰਕੇ ਰੱਖ ਦਿੱਤਾ ਹੈ। ਭਾਰਤ ਨੇ ਜਿਥੇ



ਪਾਕਿਸਤਾਨ ਤੋਂ ਤਰਜੀਹੀ ਮੁਲਕ ਦਾ ਦਰਜ ਖੋਹ ਲਿਆ ਉਥੇ 200 ਫੀਸਦੀ ਕਸਟਮ ਡਿਊਟੀ ਲਾਉਣ ਕਾਰਨ ਬੰਦ ਕੀਤੇ ਕਾਰੋਬਾਰ ਦੇ ਬਦਲੇ ਭਾਰਤ ਤੋਂ ਜਾਣ ਵਾਲੀਆਂ 90 ਵਸਤਾਂ 'ਤੇ ਰੋਕ ਲਾ ਦਿੱਤੀ ਹੈ। ਇਸ ਕਾਰਨ ਸੰਗਠਿਤ ਚੈੱਕ ਪੋਸਟ ਅਟਾਰੀ ਤੋਂ ਨਾ ਤਾਂ ਕੋਈ ਟਰੱਕ ਪਾਕਿਸਤਾਨ ਗਿਆ ਅਤੇ ਨਾ ਹੀ ਕੋਈ ਟਰੱਕ ਪਾਕਿਸਤਾਨ ਤੋਂ ਭਾਰਤ ਆਇਆ। ਭਾਰਤੀ ਕਾਰੋਬਾਰੀਆਂ ਨੂੰ ਇਸ ਦਾ ਸਭ ਤੋਂ ਵੱਧ ਸੇਕ ਲੱਗਾ ਹੈ।

ਦੱਸ ਦਈਏ ਕਿ ਤਲਖ ਹਾਲਾਤ ਦੇ ਬਾਵਜੂਦ ਸਾਲ 2018 ਵਿਚ ਦੋਵਾਂ ਦੇਸ਼ਾਂ ਵਿਚਾਲੇ 140 ਅਰਬ ਰੁਪਏ ਦਾ ਵਪਾਰ ਹੋਇਆ ਸੀ। ਭਾਵੇਂ ਪਾਕਿਸਤਾਨ ਵੱਲੋਂ ਸਾਲ 2017-18 ਵਿਚ ਭਾਰਤ ਤੋਂ ਆਉਂਦੀਆਂ ਛੇਤੀ ਖਰਾਬ ਹੋਣ ਵਾਲੀਆਂ ਵਸਤਾਂ 'ਤੇ ਪਾਬੰਦੀ ਲਗਾਉਣ ਕਰ ਕੇ ਭਾਰਤ ਵੱਲੋਂ ਫਲਾਂ ਅਤੇ ਸਬਜ਼ੀਆਂ ਦੀ ਬਰਾਮਦ ਤਾਂ ਖਤਮ ਹੋ ਗਈ ਸੀ ਪਰ ਪਾਕਿਸਤਾਨ ਵੱਲੋਂ ਭਾਰਤ ਨੂੰ ਅਜਿਹੀਆਂ ਵਸਤਾਂ ਦੀ ਬਰਾਮਦ ਜਾਰੀ ਸੀ। ਸਾਲ 2017-18 ਵਿਚ ਪਾਕਿਸਤਾਨ ਵੱਲੋਂ ਵੱਖ-ਵੱਖ ਵਸਤਾਂ ਦੇ 45,000 ਦੇ ਕਰੀਬ ਟਰੱਕ ਭਾਰਤ ਭੇਜੇ ਗਏ ਸਨ, ਜਿਨ੍ਹਾਂ ਦੀ ਕੀਮਤ 34,000 ਕਰੋੜ ਤੋਂ ਵਧੇਰੇ ਸੀ। ਪਾਕਿਸਤਾਨ ਵੱਲੋਂ ਛੇਤੀ ਖਰਾਬ ਹੋਣ ਵਾਲੀਆਂ ਵਸਤਾਂ 'ਤੇ ਲਗਾਈ ਰੋਕ ਕਰਕੇ ਪਿਛਲੇ ਸਾਲ ਆਪਸੀ ਵਪਾਰ 140 ਅਰਬ ਰੁਪਏ ਦਾ ਹੀ ਰਹਿ ਗਿਆ ਸੀ। ਪਾਕਿਸਤਾਨ ਨੂੰ ਭਾਰਤ ਵੱਲੋਂ ਵਪਾਰ ਵਿਚ ਤਰਜੀਹੀ ਦੇਸ਼ ਦਾ ਦਰਜਾ ਦਿੱਤੇ ਜਾਣ ਕਾਰਨ ਉਥੋਂ ਸੀਮਿੰਟ, ਸੁੱਕੇ ਮੇਵੇ, ਜਿਪਸਮ, ਸ਼ੀਸ਼ਾ, ਚਮੜਾ, ਟਾਇਰ, ਪਿਆਜ਼ ਅਤੇ ਖਾਣਾਂ ਦਾ ਲੂਣ, ਸੋਢਾ, ਕੱਚਾ ਐਲੂਮੀਨੀਅਮ, ਉੱਨ ਤੇ ਅਨਾਰਦਾਣਾ ਆਦਿ ਚੀਜ਼ਾਂ ਭਾਰਤ ਭੇਜੀਆਂ ਜਾਂਦੀਆਂ ਹਨ, ਜਦੋਂ ਕਿ ਭਾਰਤ ਵੱਲੋਂ ਫਲ, ਸਬਜ਼ੀਆਂ, ਸੂਤੀ ਧਾਗਾ ਅਤੇ ਸੋਇਆਬੀਨ ਆਦਿ ਭੇਜੇ ਜਾਂਦੇ ਹਨ।

ਭਾਰਤ ਵੱਲੋਂ ਇਕਦਮ ਵਪਾਰ ਬੰਦ ਕਰ ਦੇਣ ਨਾਲ ਸੰਗਠਿਤ ਜਾਂਚ ਚੌਕੀ ਅਟਾਰੀ 'ਤੇ ਪਾਕਿਸਤਾਨ ਵਲੋਂ ਆਉਣ ਵਾਲਾ ਸਾਰਾ ਮਾਲ ਇਕਦਮ ਰੁਕ ਗਿਆ, ਜਿਸ ਦਾ ਭਾਰਤ ਦੇ ਵਪਾਰੀਆਂ ਨੂੰ ਵੱਡਾ ਖਸਾਰਾ ਪੈਣ ਦਾ ਖਤਰਾ ਬਣ ਗਿਆ ਹੈ। ਭਾਰਤ ਅਤੇ ਪਾਕਿਸਤਾਨ ਵਿਚਕਾਰ 15,000 ਕਰੋੜ ਤੋਂ ਵੀ ਵਧੇਰੇ ਦਾ ਆਪਸੀ ਵਪਾਰ ਹੁੰਦਾ ਰਿਹਾ ਹੈ, ਜਿਸ ਵਿਚੋਂ ਭਾਰਤ ਵਲੋਂ ਬਰਾਮਦ ਕੀਤਾ ਗਿਆ ਸਾਮਾਨ 12,000 ਕਰੋੜ ਤੋਂ ਵੀ ਵਧੇਰੇ ਸੀ ਅਤੇ ਪਾਕਿਸਤਾਨ ਦੇ ਸਾਮਾਨ ਦੀ ਕੀਮਤ 2500 ਕਰੋੜ ਦੇ ਕਰੀਬ ਸੀ। ਪਿਛਲੇ ਸਾਲ ਪਾਕਿਸਤਾਨ ਨੇ ਭਾਰਤ ਨੂੰ 163 ਕਰੋੜ ਰੁਪਏ ਦਾ ਸੀਮੈਂਟ ਵੇਚਿਆ ਸੀ ਪਰ ਦੂਜੇ ਪਾਸੇ ਹਾਲੇ ਵੀ ਜੰਮੂ-ਕਸ਼ਮੀਰ ਦੀਆਂ ਸਰਹੱਦਾਂ ਤੋਂ ਦੋਵਾਂ ਦੇਸ਼ਾਂ ਵਿਚਕਾਰ ਵਪਾਰ ਜਾਰੀ ਹੈ।

## ਪਾਕਿਸਤਾਨ ਵਿਚ ਟਮਾਟਰ ਹੋਏ 200 ਰੁਪਏ ਕਿੱਲੋ

ਕੇਂਦਰ ਸਰਕਾਰ ਵੱਲੋਂ ਪਾਕਿਸਤਾਨ ਨੂੰ ਸਬਕ ਸਿਖਾਉਣ ਲਈ ਸਭ ਤੋਂ ਤਰਜੀਹੀ ਦੇਸ਼ ਦਾ ਦਰਜਾ ਖਤਮ ਕਰਨ ਅਤੇ ਪਾਕਿ ਤੋਂ ਆਉਣ ਵਾਲੇ ਸਾਮਾਨ 'ਤੇ ਕਸਟਮ ਡਿਊਟੀ 200 ਫੀਸਦੀ ਵਧਾਉਣ ਪਾਕਿਸਤਾਨ 'ਚ ਟਮਾਟਰ ਦਾ ਭਾਅ ਵਧ ਕੇ 200 ਰੁਪਏ ਕਿੱਲੋ ਤੱਕ ਪਹੁੰਚ ਗਿਆ ਹੈ। ਪਾਕਿਸਤਾਨ 'ਚ ਸਭ ਤੋਂ ਵਧੇਰੇ ਇਸਤੇਮਾਲ ਕੀਤੀਆਂ ਜਾਣ ਵਾਲੀਆਂ ਸਬਜ਼ੀਆਂ 'ਚ ਟਮਾਟਰ ਪ੍ਰਮੁੱਖ ਹੈ ਅਤੇ ਇਕ ਅਨੁਮਾਨ ਅਨੁਸਾਰ ਪਾਕਿ 'ਚ ਰੋਜ਼ਾਨਾ 2 ਹਜ਼ਾਰ ਟਨ ਟਮਾਟਰ ਦੀ ਖਪਤ ਹੁੰਦੀ ਹੈ। ਪੁਲਵਾਮਾ ਹਮਲੇ ਤੋਂ ਬਾਅਦ ਭਾਰਤ ਵਲੋਂ ਪਾਕਿਸਤਾਨ ਨੂੰ ਦਿੱਤਾ ਸਭ ਤੋਂ ਤਰਜੀਹੀ ਦੇਸ਼ ਦਾ ਦਰਜਾ ਖਤਮ ਕਰਨ ਅਤੇ ਪਾਕਿ ਤੋਂ ਆਉਣ ਵਾਲੇ ਸਾਮਾਨ 'ਤੇ ਕਸਟਮ ਡਿਊਟੀ 200 ਫੀਸਦੀ ਵਧਾਉਣ ਕਾਰਨ ਪਾਕਿ ਨੂੰ ਮੌਜੂਦਾ ਸਮੇਂ ਟਮਾਟਰ ਅਫਗਾਨਿਸਤਾਨ ਤੋਂ ਮੰਗਵਾਉਣਾ ਪੈ ਰਿਹਾ ਹੈ।

## ਯੂ. ਪੀ. 'ਚ ਜੈਸ਼ ਦੇ ਦੋ ਸ਼ੱਕੀ ਅਤਿਵਾਦੀ ਗ੍ਰਿਫਤਾਰ

**ਲਖਨਊ:** ਉੱਤਰ ਪ੍ਰਦੇਸ਼ ਪੁਲਿਸ ਦੇ ਅਤਿਵਾਦ ਵਿਰੋਧੀ ਦਸਤੇ (ਏ.ਟੀ.ਐਸ.) ਨੇ ਕਥਿਤ ਜੈਸ਼-ਏ-ਮੁਹੰਮਦ ਨਾਲ ਸਬੰਧਤ ਦੋ ਸ਼ੱਕੀਆਂ ਨੂੰ ਸਹਾਰਨਪੁਰ ਦੇ ਦਿਓਬੰਦ ਇਲਾਕੇ ਵਿਚੋਂ ਗ੍ਰਿਫਤਾਰ ਕੀਤਾ ਹੈ। ਪੁਲਿਸ ਮੁਤਾਬਕ ਕਾਬੂ ਕੀਤੇ ਗਏ ਸ਼ੱਕੀ ਸਥਾਨਕ ਨੌਜਵਾਨਾਂ ਨੂੰ ਵਰਗਲਾ ਕੇ ਜੈਸ਼ ਵਿਚ ਭਰਤੀ ਕਰਨ ਦੀ ਮੁਹਿੰਮ ਤਹਿਤ ਉੱਤਰ ਪ੍ਰਦੇਸ਼ ਆਏ ਸਨ।






ਗ੍ਰਿਫਤਾਰ ਨੌਜਵਾਨਾਂ ਦੀ ਸ਼ਨਾਖਤ ਸ਼ਾਹਨਵਾਜ਼ ਅਹਿਮਦ ਤੇ ਆਕਿਬ ਅਹਿਮਦ ਮਲਿਕ ਵੱਜੋਂ ਹੋਈ ਹੈ ਤੇ ਦੋਵੇਂ ਅਤਿਵਾਦੀ ਸੰਗਠਨ ਦੇ ਸਰਗਰਮ ਮੈਂਬਰ ਦੱਸੇ ਗਏ ਹਨ। ਸ਼ਾਹਨਵਾਜ਼ ਜੰਮੂ ਕਸ਼ਮੀਰ ਦੇ ਕੁਲਗਾਮ ਜਦਕਿ ਆਕਿਬ ਪੁਲਵਾਮਾ ਦਾ ਨਿਵਾਸੀ ਹੈ। ਯੂ.ਪੀ. ਦੇ ਡੀ.ਜੀ.ਪੀ. ਓਮ ਪ੍ਰਕਾਸ਼ ਸਿੰਘ ਨੇ ਮੀਡੀਆ ਨੂੰ ਦੱਸਿਆ ਕਿ ਏ.ਟੀ.ਐਸ. ਨੂੰ ਦੋ ਦਿਨ ਪਹਿਲਾਂ ਸੂਚਨਾ ਮਿਲੀ ਸੀ ਕਿ ਦਿਓਬੰਦ ਵਿਚ ਕੁਝ ਨੌਜਵਾਨ ਬਿਨਾਂ ਦਾਖਲੇ ਦੇ ਵਿਦਿਆਰਥੀ ਬਣ ਕੇ ਅਤਿਵਾਦੀ ਸੰਗਠਨ ਜੈਸ਼-ਏ-ਮੁਹੰਮਦ ਲਈ ਨੌਜਵਾਨਾਂ ਦੀ ਭਰਤੀ ਕਰ ਰਹੇ ਹਨ।

# ਪੁਲਵਾਮਾ ਹਮਲਾ ਤੇ ਕਸ਼ਮੀਰੀ ਵਿਦਿਆਰਥੀਆਂ ਵਿਰੁਧ ਹਿੰਸਾ

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

ਇਹ ਗੱਲ ਵਾਰ-ਵਾਰ ਚੇਤੇ ਕਰਵਾਉਣ ਦੀ ਲੋੜ ਨਹੀਂ ਕਿ ਇਸ ਮਹੀਨੇ ਦੇ ਦੂਜੇ ਹਫਤੇ ਦੌਰਾਨ ਜੰਮੂ-ਕਸ਼ਮੀਰ ਦੇ ਪੁਲਵਾਮਾ ਨੇੜੇ ਪੈਰਾ ਮਿਲਟਰੀ ਫੋਰਸ ਦੇ ਕਾਫਲੇ ਉਤੇ ਹਮਲਾ ਹੋਇਆ ਤੇ ਉਸ ਵਿਚ ਬਹੁਤ ਸਾਰੇ ਜਵਾਨ ਮਾਰੇ ਜਾਣ ਨਾਲ ਸਾਰੇ ਦੇਸ਼ ਵਿਚ ਗੁੱਸਾ ਸੀ। ਹਮਲੇ ਦੇ ਪਿੱਛੇ ਕਿਨ੍ਹਾਂ ਦਾ ਹੱਥ ਸੀ, ਇਹ ਵੀ ਵਾਰ-ਵਾਰ ਦੱਸਣ ਦੀ ਲੋੜ ਨਹੀਂ। ਹਮਲੇ ਪਿਛੋਂ ਜੋ ਕੁਝ ਹੋਇਆ ਅਤੇ ਹਾਲੇ ਤੱਕ ਹੋਈ ਜਾਂਦਾ ਹੈ ਤੇ ਜਿਸ ਦਾ ਸੁਪਰੀਮ ਕੋਰਟ ਨੂੰ ਵੀ ਨੋਟਿਸ ਲੈਣ ਦੀ ਲੋੜ ਪੈ ਗਈ ਹੈ, ਵਕਤ ਉਸ ਵਰਤਾਰੇ ਦੀ ਗੰਭੀਰਤਾ ਨੂੰ ਸਮਝਣ ਦਾ ਹੈ।

ਹਿੰਸਾ ਜੰਮੂ-ਕਸ਼ਮੀਰ ਵਿਚ ਹੋਈ ਤੇ ਇਸ ਦਾ ਪ੍ਰਛਾਵਾਂ ਸਾਰੇ ਦੇਸ਼ ਦੇ ਮਾਹੌਲ 'ਤੇ ਪਿਆ ਹੈ। ਲੋਕਾਂ ਨੇ ਰੋਸ ਪ੍ਰਗਟਾਵੇ ਕੀਤੇ ਤਾਂ ਇਹ ਉਨ੍ਹਾਂ ਦਾ ਹੱਕ ਸੀ, ਪਰ ਪਿੱਛੋਂ ਕਸ਼ਮੀਰ ਦੇ ਲੋਕਾਂ ਤੇ ਖਾਸ ਕਰ ਕੇ ਵਿਦਿਆਰਥੀਆਂ ਵਿਰੁਧ ਜੋ ਹਿੰਸਕ ਲਹਿਰ ਚੱਲਣ ਲੱਗ ਪਈ, ਇਹ ਰੋਸ ਪ੍ਰਗਟਾਵਿਆਂ ਦਾ ਤਰੀਕਾ ਨਹੀਂ, ਉਸ ਜਨੂੰਨੀਅਤ ਦਾ ਪ੍ਰਗਟਾਵਾ ਹੈ, ਜੋ ਪਿਛਲੇ ਸਾਲਾਂ 'ਚ ਭਾਰੂ ਹੁੰਦੀ ਜਾ ਰਹੀ ਹੈ।

ਭਾਰਤ ਵਿਚ ਬਹੁਤ ਸਾਰੇ ਲੋਕ ਕਈ ਵਾਰ ਕਿਸੇ ਟਰੱਕ ਹਾਦਸੇ ਪਿੱਛੋਂ ਵੀ ਟਰੱਕ ਡਰਾਈਵਰ ਨੂੰ 'ਫਾਹੇ ਲਾਓ' ਦੇ ਨਾਅਰੇ ਲਾਉਂਦੇ ਅਸੀਂ ਸੁਣੇ ਹੋਏ ਹਨ। ਪੁਲਵਾਮਾ ਦੀ ਵਾਰਦਾਤ ਪਿਛੋਂ ਏਦਾਂ ਦੇ ਨਾਅਰੇ ਲੱਗੇ ਤਾਂ ਹੈਰਾਨੀ ਦੀ ਗੱਲ ਇਹ ਨਹੀਂ ਸੀ। ਹੈਰਾਨੀ ਤਾਂ ਉਦੋਂ ਹੋਈ, ਜਦੋਂ ਅਜਿਹੇ ਰੋਸ ਪ੍ਰਗਟਾਵੇ ਨੂੰ ਅਰੰਭ ਵਿਚ ਕਸ਼ਮੀਰੀ ਮੁਸਲਮਾਨਾਂ ਵਿਰੁਧ ਤੇ ਫਿਰ ਸਾਰੇ ਕਿਸਮ ਦੇ ਕਸ਼ਮੀਰੀ ਲੋਕਾਂ ਦੇ ਖਿਲਾਫ ਰੰਗ ਚੜ੍ਹਦਾ ਵੇਖਣਾ ਪਿਆ।

ਉਤਰਾਖੰਡ ਵਿਚ ਕਸ਼ਮੀਰੀ ਪਿਛੋਕੜ ਵਾਲੇ ਵਿਦਿਆਰਥੀਆਂ ਨੇ ਕੋਈ ਹਿੰਸਾ ਕੀਤੀ ਹੋਵੇ, ਇਸ ਦੀ ਕੋਈ ਖਬਰ ਨਹੀਂ, ਪਰ ਉਨ੍ਹਾਂ ਨਾਲ ਹੋਈ ਹਿੰਸਾ ਦੀ ਖਬਰ ਸਭ ਨੂੰ ਸੁਣਨੀ ਪਈ ਹੈ। ਉਹ ਬੱਚੇ ਉਥੋਂ ਭੱਜ ਕੇ ਪੰਜਾਬ ਵੱਲ ਆਏ ਤੇ ਮੋਹਾਲੀ ਦੇ ਇੱਕ ਗੁਰਦੁਆਰੇ ਵਿਚ ਪਨਾਹ ਲੈਣੀ ਪੈ ਗਈ। ਉਨ੍ਹਾਂ ਦਾ ਕਸੂਰ ਕੀ ਸੀ, ਇਹ ਦੱਸਣ ਵਾਲਾ ਕੋਈ ਨਹੀਂ ਮਿਲ ਸਕਿਆ। ਮਹਾਰਾਸ਼ਟਰ ਦੀ ਇੱਕ ਵੀਡੀਓ ਕਲਿਪ ਕੁਝ ਮੀਡੀਆ ਚੈਨਲਾਂ ਨੇ ਵਿਖਾਈ ਹੈ, ਜਿਸ ਵਿਚ ਤੁਰੇ ਜਾਂਦੇ ਇੱਕ ਨੌਜਵਾਨ ਨੂੰ ਪੁੱਛਿਆ ਕਿ ਉਹ ਕਿਸ ਇਲਾਕੇ ਦਾ ਹੈ ਤੇ ਜਦੋਂ ਉਸ ਨੇ ਕਸ਼ਮੀਰੀ ਹੋਣ ਬਾਰੇ ਦੱਸਿਆ ਤਾਂ ਉਸ ਨੂੰ ਕੁੱਟਣਾ ਸ਼ੁਰੂ ਹੋ ਜਾਂਦਾ ਹੈ। ਇਹ ਸਭ ਬੇਹੂਦਗੀ ਕੀਤੀ ਜਾ ਰਹੀ ਹੈ ਤੇ ਸਬੰਧਤ ਰਾਜਾਂ ਦੀਆਂ ਸਰਕਾਰਾਂ ਇਸ ਨੂੰ ਜਾਣ-ਬੁੱਝ ਕੇ ਅਣਗੌਲਿਆ ਕਰ ਰਹੀਆਂ ਹਨ।

ਅਸੀਂ ਇਹ ਗੱਲ ਰੱਦ ਨਹੀਂ ਕਰਦੇ ਕਿ ਕੁਝ ਕਸ਼ਮੀਰੀ ਨੌਜਵਾਨਾਂ ਨੇ ਵੀ ਕਿਸੇ-ਕਿਸੇ ਥਾਂ ਗਲਤੀ ਕੀਤੀ ਹੈ, ਪਰ ਜਿਨ੍ਹਾਂ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ, ਉਨ੍ਹਾਂ ਦੇ ਮਨਾਂ ਵਿਚ ਇਸ




ਨਾਲ ਆਈ ਕੌੜ ਵੀ ਕੁਝ ਕਰਵਾ ਸਕਦੀ ਹੈ। ਸਵਾਲ ਇਹ ਨਹੀਂ ਕਿ ਕਸ਼ਮੀਰੀ ਨੌਜਵਾਨਾਂ ਵਿਰੁਧ ਹਿੰਸਕ ਪ੍ਰਗਟਾਵੇ ਕੀਤੇ ਜਾ ਰਹੇ ਹਨ, ਸਗੋਂ ਇਹ ਹੈ ਕਿ ਭਾਰਤ ਵਿਚ ਏਦਾਂ ਦੇ ਪ੍ਰਗਟਾਵੇ ਹੋਣ ਦਾ ਇੱਕ ਆਮ ਰਿਵਾਜ ਜਿਹਾ ਕਿਉਂ ਬਣਦਾ ਜਾ ਰਿਹਾ ਹੈ ਤੇ ਸਰਕਾਰ ਰੋਕਦੀ ਕਿਉਂ ਨਹੀਂ?

ਇਸ ਵੇਲੇ ਕਸ਼ਮੀਰ ਦੇ ਵਿਦਿਆਰਥੀਆਂ ਵਿਰੁਧ ਹਿੰਸਾ ਨੂੰ ਪੁਲਵਾਮਾ ਦੀ ਵਾਰਦਾਤ ਨਾਲ ਜੋੜਿਆ ਗਿਆ ਹੈ, ਪਰ ਜਦੋਂ ਮਹਾਰਾਸ਼ਟਰ ਵਿਚ ਹਿੰਦੀ ਭਾਸ਼ੀ ਰਾਜਾਂ ਵਿਚੋਂ ਆਏ ਲੋਕਾਂ ਨੂੰ ਗਲੀਆਂ-ਬਾਜ਼ਾਰਾਂ ਵਿਚ ਘੇਰ ਕੇ ਕੁੱਟਿਆ ਤੇ ਆਪਣੇ ਘਰੀਂ ਮੁੜ ਜਾਣ ਲਈ ਕਿਹਾ ਗਿਆ ਸੀ, ਉਦੋਂ ਤਾਂ ਕੋਈ ਪੁਲਵਾਮਾ ਵਰਗੀ ਘਟਨਾ ਨਹੀਂ ਸੀ ਹੋਈ। ਕਰਨਾਟਕਾ ਦੇ ਲੋਕਾਂ ਨੇ ਇੱਕ ਵਾਰੀ ਭਾਰਤ ਦੇ ਉਤਰ-ਪੂਰਬੀ ਰਾਜਾਂ ਦੇ ਲੋਕਾਂ ਨੂੰ ਕੁੱਟਿਆ ਤਾਂ ਕਈ ਦਿਨ ਉਤਰ-ਪੂਰਬ ਜਾਂਦੀਆਂ ਗੱਡੀਆਂ ਵਿਚ ਸੀਟ ਮਿਲਣੀ ਮੁਸ਼ਕਿਲ ਹੋ ਗਈ ਸੀ। ਉਦੋਂ ਉਤਰ-ਪੂਰਬ ਵਿਚੋਂ ਕੋਈ ਪੁਲਵਾਮਾ ਵਰਗੀ ਵਾਰਦਾਤ ਹੋਣ ਦੀ ਖਬਰ ਨਹੀਂ ਸੀ ਆਈ। ਆਸਾਮ ਵਿਚ ਰੇਲਵੇ ਦਾ ਟੈਸਟ ਦੇਣ ਵਾਸਤੇ ਗਏ ਬਿਹਾਰ ਦੇ ਬੱਚਿਆਂ ਵਿਰੁਧ ਇੱਕ ਵਾਰੀ ਹਿੰਸਾ ਹੋਣ ਦੀ ਖਬਰ ਆਈ ਸੀ, ਬਿਹਾਰ ਵਿਚ ਕੋਈ ਪੁਲਵਾਮਾ ਵਾਲੀ ਵਾਰਦਾਤ ਨਹੀਂ ਸੀ ਹੋਈ।

ਦਿੱਲੀ ਵਿਚ ਇੱਕ ਵਾਰ ਉਤਰ-ਪੂਰਬੀ ਰਾਜ ਦਾ ਇੱਕ ਨੌਜਵਾਨ ਨੀਦੋ ਤਾਨੀਆ ਖਾਨ ਮਾਰਕੀਟ ਵਿਚ ਗਿਆ ਤਾਂ ਉਸ ਦੇ ਨੈਣ-ਨਕਸ਼ ਦਿੱਲੀ ਵਾਲਿਆਂ ਤੋਂ ਵੱਖਰੇ ਤੇ ਬੋਲਣ ਦਾ ਲਹਿਜਾ ਵੱਖਰਾ ਹੋਣ ਕਾਰਨ ਉਸ ਨੂੰ ਛੇੜਿਆ ਗਿਆ ਤੇ ਜਦੋਂ ਉਸ ਨੇ ਇਤਰਾਜ਼ ਕੀਤਾ ਤਾਂ ਕੁੱਟ-ਕੁੱਟ ਮਾਰ ਦਿੱਤਾ ਗਿਆ ਸੀ। ਉਸ ਦਾ ਬਾਪ ਆਪਣੇ ਰਾਜ ਦਾ ਵਿਧਾਇਕ ਵੀ ਸੀ ਤੇ ਚੀਫ ਪਾਰਲੀਮੈਂਟਰੀ ਸੈਕਟਰੀ ਵੀ। ਨੀਦੋ ਤਾਨੀਆ ਖੁਦ ਵੀ ਹਿੰਸਕ ਸੋਚਣੀ ਵਾਲਾ ਨਹੀਂ, ਪੜ੍ਹਾਈ ਵਿਚ ਰੁੱਝੇ ਰਹਿਣ ਵਾਲਾ ਮੁੰਡਾ ਸੀ। ਉਹ ਵੀ ਇਸ ਵਰਤਾਰੇ ਦਾ ਸ਼ਿਕਾਰ ਕਿਸੇ ਪੁਲਵਾਮਾ ਵਰਗੀ ਘਟਨਾ ਤੋਂ ਬਿਨਾ ਹੀ ਬਣ ਗਿਆ ਸੀ।

ਭਾਰਤ ਵਿਚ ਪਿਛਲੇ ਕੁਝ ਸਾਲਾਂ ਤੋਂ ਇੱਕ ਖਾਸ ਕਿਸਮ ਦੀ ਹਿੰਸਾ ਤੇ ਹਿੰਸਕ ਪ੍ਰਵਿਰਤੀ ਵਾਲੇ ਲੋਕਾਂ ਨੂੰ ਸ਼ਹਿ ਦੇਣ ਕਾਰਨ ਇਹੋ ਜਿਹਾ ਮਾਹੌਲ ਬਣਦਾ ਜਾਂਦਾ ਹੈ ਕਿ ਕਿਤੇ ਕੋਈ ਘਟਨਾ ਵਾਪਰ ਜਾਵੇ ਤਾਂ ਅਗਲੇ ਦਿਨ ਏਦਾਂ ਹਿੰਸਾ ਹੋਣ ਲੱਗ ਜਾਂਦੀ ਹੈ, ਜਿਵੇਂ ਇਸ ਲਈ ਕੁਝ ਸੰਗਠਨ ਘਾਤ ਲਾ ਕੇ ਤਿਆਰ ਹੀ ਬੈਠੇ ਹੋਣ। ਕੋਈ ਬੰਦਾ ਗਾਂ ਲੈ ਕੇ ਜਾਂਦਾ ਮਿਲਿਆ ਤਾਂ ਉਸ ਦੇ ਖਿਲਾਫ ਹਿੰਸਾ, ਕੋਈ ਦਲਿਤ ਪਰਿਵਾਰ ਦਾ ਮੁੰਡਾ ਵਿਆਹ ਵੇਲੇ ਘੋੜੀ ਉਤੇ ਬੈਠ ਗਿਆ ਤਾਂ ਹਿੰਸਾ, ਕੋਈ ਗਰੀਬ ਬੰਦਾ ਚੱਜ ਦੀ ਜੁੱਤੀ ਖਰੀਦ ਕੇ ਪਾ ਬੈਠਾ ਤਾਂ ਹਿੰਸਾ ਹੋ ਜਾਂਦੀ ਹੈ। ਇਹ ਸਭ ਸਹਿਜ ਸੁਭਾਅ ਨਹੀਂ ਹੋ ਰਿਹਾ। ਇਸ ਨੂੰ ਕੁਝ ਧਿਰਾਂ ਉਕਸਾ ਕੇ ਕਰਵਾ ਰਹੀਆਂ ਹਨ ਤੇ ਉਨ੍ਹਾਂ ਦੀ ਨਿਸ਼ਾਨਦੇਹੀ ਕੀਤੇ ਬਿਨਾ ਇਹ ਦੇਸ਼ ਸੁਖੀ ਨਹੀਂ ਹੋ ਸਕਦਾ।

ਜੋ ਧਿਰਾਂ ਉਕਸਾ ਰਹੀਆਂ ਹਨ, ਉਹ ਅਣਪਛਾਤੀਆਂ ਨਹੀਂ, ਸਗੋਂ ਇਸ ਦੇਸ਼ ਵਿਚ ਜ਼ਿੰਮੇਵਾਰ ਅਹੁਦਿਆਂ ਉਤੇ ਵੀ ਹੋ ਸਕਦੀਆਂ ਹਨ। ਪੁਲਵਾਮਾ ਦੀ ਘਟਨਾ ਮਗਰੋਂ ਇਸ ਦੀ ਇੱਕ ਝਲਕ ਮਿਲ ਗਈ ਹੈ। ਉਤਰ-ਪੂਰਬ ਦੇ ਰਾਜ ਮੇਘਾਲਿਆ ਦੇ ਗਵਰਨਰ ਤਥਾਗਤ ਰਾਏ ਨੇ ਇਹ ਬਿਆਨ ਦਾਗ ਦਿੱਤਾ ਹੈ ਕਿ ਪੁਲਵਾਮਾ ਵਰਗੇ ਕਾਂਡ ਰੋਕਣ ਲਈ ਸਾਰੇ ਕਸ਼ਮੀਰੀ ਲੋਕਾਂ ਦਾ ਬਾਈਕਾਟ ਕਰ ਦੇਣਾ ਚਾਹੀਦਾ ਹੈ। ਉਸ ਨੇ ਸਗੋਂ ਸਭ ਕਿਸਮਾਂ ਦੇ ਕਸ਼ਮੀਰੀ ਸਾਮਾਨ ਦਾ ਬਾਈਕਾਟ ਕਰਨ ਦਾ ਸੱਦਾ ਵੀ ਦੇ ਦਿੱਤਾ ਹੈ।

ਤਥਾਗਤ ਰਾਏ ਕੋਈ ਤੇਤੀ ਸਾਲ ਪਹਿਲਾਂ ਆਰ. ਐਸ. ਐਸ. ਨਾਲ ਜੁੜਿਆ ਸੀ ਤੇ ਕੁਝ ਸਾਲ ਪੱਛਮੀ ਬੰਗਾਲ ਦੀ ਭਾਜਪਾ ਦਾ ਪ੍ਰਧਾਨ ਰਹਿਣ ਵੇਲੇ ਭਾਜਪਾ ਵੱਲੋਂ ਦੋ ਚੋਣਾਂ ਲੜਿਆ ਸੀ ਤੇ ਫਿਰ ਭਾਜਪਾ ਦੀ ਕੇਂਦਰ ਸਰਕਾਰ ਨੇ ਤ੍ਰਿਪੁਰਾ ਦੀ ਕਮਿਊਨਿਸਟ ਸਰਕਾਰ ਦੀਆਂ ਜੜ੍ਹਾਂ ਟੁੱਕਣ ਲਈ ਉਸ ਨੂੰ ਉਥੋਂ ਦਾ ਗਵਰਨਰ ਲਾ ਦਿੱਤਾ ਸੀ। ਉਹ ਆਪਰੇਸ਼ਨ ਸਿਰੇ ਚਾੜ੍ਹਨ ਪਿੱਛੋਂ ਤਥਾਗਤ ਨੂੰ ਮੇਘਾਲਿਆ ਦਾ ਗਵਰਨਰ ਲਾ ਦਿੱਤਾ ਗਿਆ। ਭਾਜਪਾ ਨਾਲ ਜੁੜੇ ਹੋਣ ਕਰ ਕੇ ਉਸ ਨੂੰ ਹਿੰਦੂਤਵ ਦਾ ਢੰਡੋਰਚੀ ਕਿਹਾ ਜਾ ਸਕਦਾ ਹੈ, ਪਰ ਜਦੋਂ ਉਹ ਸਾਰੇ ਕਸ਼ਮੀਰੀ ਲੋਕਾਂ ਦੇ ਬਾਈਕਾਟ ਲਈ ਸੱਦਾ ਦੇ ਰਿਹਾ ਹੈ ਤਾਂ ਉਹ ਜੰਮੂ-ਕਸ਼ਮੀਰ ਦੇ ਹਿੰਦੂਆਂ ਖਿਲਾਫ ਵੀ ਇਹ ਸੱਦਾ ਦੇ ਰਿਹਾ ਹੈ। ਉਹ ਇਹ ਕਹਿਣ ਤੱਕ ਵੀ ਚਲਾ ਗਿਆ ਕਿ ਕੁਝ ਸਾਲ ਅਮਰਨਾਥ ਦੀ ਯਾਤਰਾ ਰੋਕ ਲਈਏ ਤਾਂ ਉਥੋਂ ਦੀ ਆਰਥਕਤਾ ਖਤਮ ਕੀਤੀ ਜਾ ਸਕਦੀ ਹੈ ਤੇ ਏਦਾਂ ਦੀਆਂ ਹੋਰ ਕਈ ਗੱਲਾਂ ਵੀ ਉਹ ਕਹਿਣ ਤੋਂ ਨਹੀਂ ਝਿਜਕਿਆ। ਭਾਜਪਾ ਤੇ ਕੇਂਦਰ ਸਰਕਾਰ ਨੇ ਏਨਾ ਕੀਤਾ ਹੈ ਕਿ ਆਪਣੇ ਲਾਏ ਇਸ ਗਵਰਨਰ ਦੇ ਬਿਆਨਾਂ ਨੂੰ ਉਸ ਦੀ ਨਿੱਜੀ ਰਾਏ ਕਿਹਾ ਅਤੇ ਵਖਰੇਵਾਂ ਜਾਹਰ ਕਰ ਦਿੱਤਾ, ਪਰ ਇਸ ਦੇ ਨਾਲ ਜੋ ਬੇਇੱਜਤੀ ਜੰਮੂ-ਕਸ਼ਮੀਰ ਦੇ ਲੋਕਾਂ ਦੀ ਹੋ ਗਈ, ਉਸ ਬਾਰੇ ਚੁੱਪ ਵੱਟ ਲਈ ਹੈ।

ਸਮੱਸਿਆ ਦੀ ਜੜ੍ਹ ਵੀ ਇਹੋ ਹੈ। ਸਰਕਾਰ ਨਾਲ ਜੁੜੇ ਲੋਕ ਏਦਾਂ ਦੀਆਂ ਗੱਲਾਂ ਕਰਦੇ ਹਨ। ਮਸਲਾ ਵਿਗੜਦਾ ਜਾਪੇਗਾ ਤਾਂ ਪ੍ਰਧਾਨ ਮੰਤਰੀ ਮੋਦੀ ਕੁਝ ਪੋਲੇ ਜਿਹੇ ਸ਼ਬਦਾਂ ਵਿਚ ਇਸ ਦੀ ਨਿੰਦਾ ਕਰ ਕੇ ਜ਼ਿੰਮੇਵਾਰੀ ਭੁਗਤ ਗਈ ਸਮਝ ਲੈਣਗੇ। ਉਨ੍ਹਾਂ ਦੇ ਪੈਰੋਕਾਰ ਆਪਣੇ ਨੇਤਾ ਦੇ ਇਸ ਦੁੱਖ ਪ੍ਰਗਟਾਵੇ ਦੀ ਡੌਂਡੀ ਪਿੱਟਣਗੇ। ਜਿੰਨਾ ਨੁਕਸਾਨ ਇਸ ਦੇਸ਼ ਅਤੇ ਦੇਸ਼ ਦੀ ਏਕਤਾ-ਅਖੰਡਤਾ ਦੀ ਭਾਵਨਾ ਦਾ ਹੋ ਗਿਆ ਹੈ, ਉਹ ਸਭ ਅਣਗੌਲਿਆ ਕਰ ਦਿੱਤਾ ਜਾਵੇਗਾ। ਜੋ ਵਾਰਦਾਤ ਪੁਲਵਾਮਾ ਵਿਚ ਹੋਈ, ਉਸ ਬਾਰੇ ਦਹਿਸ਼ਤਗਰਦੀ ਨਾਲ ਨਜਿੱਠਣ ਦੇ ਢੰਗਾਂ ਨਾਲ ਨਜਿੱਠਿਆ ਜਾਂਦਾ ਰਹੇਗਾ ਤੇ ਇਹ ਕੰਮ ਸਰਕਾਰ ਅਤੇ ਫੌਜਾਂ ਦਾ ਹੈ, ਸੜਕਾਂ ਉਤੇ ਹੁੱਲੜਬਾਜ਼ੀ ਕਰਦੇ ਫੁਕਰਿਆਂ ਦਾ ਨਹੀਂ, ਪਰ ਜੋ ਚੁਆਤੀ ਇੱਕ ਰਾਜ ਦਾ ਗਵਰਨਰ ਆਪਣੇ ਸਿਰ ਵਿਚ ਵੜੀ ਹੋਈ ਇੱਕ ਖਾਸ ਸੋਚ ਦੇ ਕਾਰਨ ਲਾ ਰਿਹਾ ਹੈ, ਜੇ ਭਾਰਤ ਦੇ ਲੋਕਾਂ ਨੇ ਇਸ ਤਰ੍ਹਾਂ ਦੀ ਜਨੂੰਨੀਅਤ ਨੂੰ ਅਣਗੌਲਿਆ ਕੀਤਾ ਤਾਂ ਇਸ ਦੇਸ਼ ਲਈ ਉਹ ਵੀ ਘੱਟ ਘਾਤਕ ਸਾਬਤ ਨਹੀਂ ਹੋਣੀ।

# ਗੁਰਚਰਨ ਸਿੰਘ ਸਹਿੰਸਰਾ ਦੇ ਵੇਖੇ-ਸੁਣੇ ਪਠਾਣ

**ਨਿੱਕ ਸੁੱਕ**



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਗੁਰਚਰਨ ਸਿੰਘ ਸਹਿੰਸਰਾ ਦੀ 'ਡਿੱਠੇ ਸੁਣੇ ਪਠਾਣ' (ਲੋਕ ਗੀਤ ਪ੍ਰਕਾਸ਼ਨ, ਪੰਨੇ 140, ਮੁੱਲ 195 ਰੁਪਏ) ਮੇਰੇ ਹੱਥ ਲੱਗੀ ਹੈ। ਮੈਂ ਸਹਿੰਸਰਾ ਜੀ ਨੂੰ ਪਹਿਲੀ ਤੇ ਆਖਰੀ ਵਾਰ ਦੇਸ਼ ਭਗਤ ਯਾਦਗਾਰ ਦੇ ਉਸ ਕਮਰੇ ਵਿਚ ਮਿਲਿਆ ਸਾਂ, ਜਦੋਂ ਉਹ ਆਪਣੇ ਵਰਗੇ ਸੁਤੰਤਰਤਾ ਸੰਗਰਾਮੀਆਂ ਦੇ ਆਲਮਾਂ ਦਾ ਇਤਿਹਾਸ ਕਲਮਬੰਦ ਕਰ ਰਹੇ ਸਨ। ਹਥਲੀ ਪੁਸਤਕ ਦਾ ਪਹਿਲਾ ਅਡੀਸ਼ਨ ਉਸ ਤੋਂ ਥੋੜ੍ਹਾ ਪਿੱਛੋਂ 1931 ਵਿਚ ਛਪਿਆ ਤੇ ਕਿਸੇ ਕਾਰਨ ਮੇਰੇ ਵੱਲ ਨਹੀਂ ਪਹੁੰਚਿਆ। ਪਰ ਇਸ ਦਾ ਪਾਠ ਕਰਦਿਆਂ ਮੈਨੂੰ ਜਾਪਦਾ ਹੈ, ਜਿਵੇਂ ਕੱਲ ਦੀ ਗੱਲ ਹੋਵੇ ਤੇ ਮੈਂ ਲੇਖਕ ਦੇ ਸਨਮੁਖ ਬੈਠਾ ਸਾਰੇ ਬਿਰਤਾਂਤ ਸੁਣ ਰਿਹਾ ਹੋਵਾਂ।


ਪੁਸਤਕ ਵਿਚ ਦਰਜ ਕਿੱਸੇ-ਕਹਾਣੀਆਂ ਪਠਾਣੀ ਜੀਵਨ ਤੇ ਸੁਭਾਅ ਦੀ ਮੂੰਹ ਬੋਲਦੀ ਤਸਵੀਰ ਹਨ। ਸਾਹਕਈ ਦਾ ਖਾਨ ਮੀਰ ਆਲਮ ਖਾਂ ਆਪਣੀ ਉਮਰ ਦੇ ਚਾਲੀਵਿਆਂ ਵਿਚ ਜੁੱਸੇ, ਪਹਿਰ ਤੇ ਸੁਭਾਅ ਵਲੋਂ ਦਬਦਬੇ ਵਾਲਾ ਪਠਾਣ ਸੀ। ਇੱਕ ਨਾਜ਼ੁਕ ਇਕੱਠ ਸਮੇਂ ਉਸ ਦੇ ਪੇਟ ਦੀ ਹਵਾ ਨਿਕਲ ਗਈ, ਜਿਸ ਨਾਲ ਅਚਾਨਕ ਹੀ ਸਾਰਾ ਮਾਹੌਲ ਖਰਾਬ ਹੋ ਗਿਆ। ਜਿਵੇਂ ਪੇਟ ਦੀ ਹਵਾ ਨਿੱਕਾ ਬੰਬ ਹੋਵੇ। ਮੀਰ ਆਲਮ ਦੇ ਆਪਣੇ ਸੰਗੀ ਸਾਥੀ ਵੀ ਥੂ ਥੂ ਕਰਕੇ ਥੁੱਕਣ ਲੱਗ ਗਏ। ਮੀਰ ਆਲਮ ਚੁਪ ਚੁਪੀਤੇ ਇਕੱਠ ਵਿਚੋਂ ਤੁਰ ਗਿਆ। ਘਰ ਜਾ ਕੇ ਉਸ ਨੇ ਆਪਣੇ ਘਰ ਵਾਲਿਆਂ ਨਾਲ ਕੋਈ ਗੱਲ ਨਾ ਕੀਤੀ ਤੇ ਜਿਹੜੇ ਦਸਤੇ ਉਹਦੇ ਹੱਥ ਲੱਗੇ, ਲੈ ਕੇ ਤੇ ਮੂੰਹ ਸਿਰ ਲਪੇਟ ਕੇ ਦੂਰ ਦੇ ਸਫਰ ਲਈ ਤੁਰ ਪਿਆ। ਨਿੱਕੀ ਜਿਹੀ ਗੱਲ ਨਾਲ ਉਸ ਦੀ ਸਾਰੀ ਪਠਾਣੀ ਖੂਹ ਵਿਚ ਜਾ ਪਈ। ਨੇੜੇ ਦੇ ਰੇਲਵੇ ਸਟੇਸ਼ਨ 'ਤੇ ਜਾ ਕੇ ਬੰਬੇ ਐਕਸਪ੍ਰੈਸ ਚੜ੍ਹ ਕੇ ਲਾਹੌਰ ਜਾ ਪਹੁੰਚਿਆ। ਉਹ ਸਾਹਕਈ ਖੇਤਰ ਵਿਚ ਕਿਸੇ ਨੂੰ ਮੂੰਹ ਵਿਖਾਉਣ ਜੋਗਾ ਨਹੀਂ ਸੀ ਰਿਹਾ।

ਲਾਹੌਰ ਜਾ ਕੇ ਉਸ ਨੇ ਕਿਸੇ ਤਾਂਗੇ ਵਾਲੇ ਨਾਲ ਕੰਮ ਕਰਨਾ ਸ਼ੁਰੂ ਕਰ ਦਿੱਤਾ ਤੇ ਸਹਿਜੇ ਸਹਿਜੇ ਖੁਦ ਤਾਂਗੇ ਵਾਲਾ ਹੀ ਨਹੀਂ ਬਣਿਆ, ਸਗੋਂ ਕਈ ਤਾਂਗਿਆਂ ਦਾ ਮਾਲਕ ਬਣ ਗਿਆ। ਦਸ ਬਾਰਾਂ ਸਾਲਾਂ ਵਿਚੋਂ ਜਦੋਂ ਉਹ ਤਾਂਗੇ ਵਾਲਿਆਂ ਦਾ ਲੀਡਰ ਬਣ ਗਿਆ ਤਾਂ ਉਸ ਨੂੰ ਆਪਣੇ ਪਿੱਛੇ ਦੀ ਯਾਦ ਸਤਾਉਣ ਲੱਗ ਪਈ। ਆਪੂੰ ਛੱਡਿਆ ਘਰ-ਘਾਟ ਦੇਖਣ ਨੂੰ ਦਿਲ ਕਰ ਆਇਆ। ਹੌਸਲਾ ਕਰਕੇ ਪੁੱਠੇ ਪੈਂਡੇ ਮਾਰਦਾ ਆਪਣੇ ਪਿੰਡ ਪਸ਼ਾਉਹ ਜਾ ਵੜਿਆ।

"ਹੁਣ ਤਾਂ ਲੋਕਾਂ ਨੂੰ ਉਹ ਗੱਲ ਭੁੱਲ ਭੁੱਲਾ ਗਈ ਹੋਣੀ ਏ," ਉਸ ਨੂੰ ਯਕੀਨ ਸੀ। ਉਸ ਦਾ ਮੂਲ ਮਨੋਰਥ ਆਪਣੇ ਟੱਬਰ ਨੂੰ ਲਾਹੌਰ ਲਿਜਾ ਕੇ ਆਪਣਾ ਠਾਠ-ਬਾਠ ਵਿਖਾਉਣਾ ਸੀ। ਉਸ ਖਾਓ ਪੀਓ ਤੋਂ ਪਿਛੋਂ ਘਰ ਪਹੁੰਚਣ ਦੀ ਵਿਉਂਤ ਬਣਾ ਕੇ ਪਸ਼ਾਉਹ ਤੋਂ ਸ਼ਾਮ ਵਾਲੀ ਬੱਸ ਲਈ ਤੇ ਪਿੰਡ ਦੇ ਬਾਹਰ ਹੀ ਉਤਰ ਗਿਆ। ਪਿੰਡ ਪਹੁੰਚ ਕੇ ਆਪਣੀ ਗਲੀ ਦਾ ਮੋੜ ਮੁੜਿਆ ਤਾਂ ਗਲੀ ਦੇ ਪਹਿਲੇ ਘਰ ਵਾਲੀ ਸੁਆਣੀ ਆਪਣੀ ਧੀ ਨੂੰ ਝਿੜਕ ਰਹੀ ਸੀ, "ਛੋਟੀਏ! ਤੂੰ ਤਾਂ ਮੀਰ ਆਲਮ ਦੇ ਪੱਦ ਮਾਰਨ ਤੋਂ ਪਹਿਲਾਂ ਦੀ ਜੰਮੀ ਹੋਈ ਏਂ, ਕੁਝ ਤਾਂ ਸ਼ਰਮ ਕਰ!"

ਮੀਰ ਆਲਮ ਉਨ੍ਹੀਂ ਪੈਰੀਂ ਮੁੜ ਪਿਆ ਤੇ ਪੁੱਠੇ ਪੈਂਡੇ ਮਾਰਦਾ ਲਾਹੌਰ ਆ ਵੜਿਆ। ਉਹ ਨਹੀਂ ਸੀ ਜਾਣਦਾ ਕਿ ਉਸ ਦੇ ਪੇਟ ਦੀ ਹਵਾ ਨੇ ਉਸ ਦੇ ਸਾਰੇ ਟੱਬਰ ਨੂੰ ਬਦਨਾਮ ਕਰ ਛੱਡਿਆ ਸੀ ਤੇ ਉਸ ਪਰਿਵਾਰ ਦੇ ਸਾਰੇ ਜੀਆਂ ਦੀ ਅੱਲ ਪੱਦ ਮਾਰਨੇ ਪੈ ਚੁਕੀ ਸੀ। ਲੇਖਕ ਨੇ ਇਸ ਘਟਨਾ ਨੂੰ 'ਅਮਿਟ ਖੁਨਾਮੀ' ਕਿਹਾ ਹੈ।

ਪੁਸਤਕ ਵਿਚ ਪਠਾਣੀ ਸੁਭਾਅ ਨਾਲੋਂ ਪਠਾਣਾਂ ਦੀ ਸੂਰਮਗਤੀ ਤੇ ਬਦਲਾ ਲੈਣ ਦੀ ਰੁਚੀ ਦੱਸਣ ਵਾਲੀਆਂ ਕਹਾਣੀਆਂ ਬੜੀਆਂ ਦਿਲਚਸਪ ਹਨ। ਇੱਕ ਇੱਬਾਸ ਨਾਂ ਦੇ ਪਠਾਣ ਨੂੰ ਕਿਸੇ ਗੱਲੋਂ ਦਿਲਾਵਰ ਤੇ ਉਸ ਦੇ ਸਾਥੀ ਨੇ ਕਤਲ ਕਰ ਦਿੱਤਾ। ਕੁਝ ਆਪੂੰ ਸਹੇੜੀਆਂ ਮਜਬੂਰੀਆਂ ਕਾਰਨ ਇੱਬਾਸ ਦਾ ਬਾਪ ਨਾਦਰ ਖਾਂ ਆਪਣੇ ਪੁੱਤ ਦੇ ਕਾਤਲ ਨੂੰ ਪਾਰ ਨਾ ਬੁਲਾ ਸਕਿਆ। ਜਦੋਂ ਉਸ ਨੇ ਦਮ ਤੋੜਿਆ ਤਾਂ ਆਪਣੇ ਬਾਰਾਂ ਸਾਲ ਦੇ ਪੋਤਰੇ ਬਹਾਦਰ ਨੂੰ




ਹਿੱਕ ਨਾਲ ਲਾ ਕੇ ਏਨਾ ਹੀ ਕਿਹਾ ਕਿ ਜੋ ਕੰਮ ਉਹ ਨਹੀਂ ਕਰ ਸਕਿਆ, ਪੋਤੇ ਨੂੰ ਕਰਨਾ ਪੈਣਾ ਹੈ। ਪੋਤਰੇ ਕੋਲੋਂ ਹੁੰਗਾਰਾ ਭਰੇ ਜਾਣ 'ਤੇ ਹੀ ਉਸ ਨੇ ਪ੍ਰਾਣ ਤਿਆਗੇ। ਉਸ ਵੇਲੇ ਬਹਾਦਰ ਦੀ ਉਮਰ ਸਿਰਫ ਬਾਰਾਂ ਸਾਲ ਸੀ ਤੇ ਉਸ ਦੇ ਪਿਤਾ ਇੱਬਾਸ ਦੇ ਕਾਤਲ ਉਹ ਇਲਾਕਾ ਛੱਡ ਕੇ ਕਿਧਰੇ ਦੂਰ ਜਾ ਵੱਸੇ ਸਨ ਤਾਂਕਿ ਇੱਬਾਸ ਪਰਿਵਾਰ ਦੀ ਜੱਦ ਹੇਠ ਵੀ ਨਾ ਰਹਿਣ ਤੇ ਪੁਲਿਸ ਦੀ ਪਕੜ ਵਿਚ ਵੀ ਨਾ ਆਉਣ। ਨਾਦਰ ਖਾਂ ਦੇ ਪ੍ਰਾਣ ਤਿਆਗਣ ਤੋਂ ਪਹਿਲਾਂ ਪੋਤਰੇ ਦੇ ਹੁੰਗਾਰੇ ਨੇ ਉਸ ਨੂੰ ਸੁਖ ਦੀ ਨੀਂਦੇ ਸੁਆ ਦਿੱਤਾ ਸੀ।

ਪੁਸਤਕ ਵਿਚ ਦਰਜ 'ਜਦ ਲਾਲ ਪੱਗ ਰੁਲਦੀ ਵੇਖੀ' ਵਾਲੀ ਘਟਨਾ ਦਾ ਲੇਖਕ ਚਸ਼ਮਦੀਦ ਗਵਾਹ ਹੈ। ਉਹ ਇੱਕ ਬਸ ਵਿਚ ਸਫਰ ਕਰ ਰਿਹਾ ਸੀ ਤਾਂ ਪੁਲਸੀਏ ਕਿਸੇ ਪਠਾਣ ਨੂੰ ਹਥਕੜੀ ਲਾ ਕੇ ਲਿਜਾ ਰਹੇ ਸਨ। ਅਗਲੇ ਅੱਡੇ ਉਤੇ ਬਸ ਰੁਕੀ ਤਾਂ ਪਿਛਲੀ ਖਿੜਕੀ ਰਾਹੀਂ ਦੋ ਪਠਾਣ ਹੋਰ ਚੜ੍ਹ ਗਏ, ਜਿਨ੍ਹਾਂ ਨੇ ਆਪਣੇ ਹਥਿਆਰ ਡੱਬ ਵਿਚ ਛੁਪਾ ਰੱਖੇ ਸਨ। ਬਸ ਪਹਾੜੀ ਰਸਤੇ ਛੇ-ਸੱਤ ਮੀਲ ਅੱਗੇ ਗਈ ਤਾਂ ਹਥਕੜੀ ਵਾਲੇ ਪਠਾਣ ਨੇ ਟੱਟੀ-ਪਿਸ਼ਾਬ ਦਾ ਬਹਾਨਾ ਕਰਕੇ ਬਸ ਰੁਕਵਾ ਲਈ ਤੇ ਦੋਵੇਂ ਸਿਪਾਹੀ ਉਸ ਨੂੰ ਲੈ ਕੇ ਅਗਲੀ ਖਿੜਕੀ ਰਾਹੀਂ ਦੋਸ਼ੀ ਸਮੇਤ ਥੱਲੇ ਉਤਰੇ ਤਾਂ ਪਿਛਲੀ ਖਿੜਕੀ ਵਾਲੇ ਪਠਾਣ ਵੀ ਉਤਰ ਗਏ। ਜਦੋਂ ਟੱਟੀ-ਪਿਸ਼ਾਬ ਦਾ ਬਹਾਨਾ ਕਰਨ ਵਾਲਾ ਪਠਾਣ ਜਮੀਨ 'ਤੇ ਬੈਠਣ ਲੱਗਾ ਤਾਂ ਪਿਛਲੀ ਖਿੜਕੀ ਵਾਲੇ ਪਠਾਣਾਂ ਨੇ ਸਿਪਾਹੀਆਂ ਉਤੇ ਫਾਇਰ ਕਰਨੇ ਸ਼ੁਰੂ ਕਰ ਦਿੱਤੇ। ਇੱਕ ਸਿਪਾਹੀ ਤਾਂ ਉਥੇ ਹੀ ਢੇਰੀ ਹੋ ਗਿਆ ਤੇ ਦੂਜਾ ਪੇਟੀ ਸੁੱਟ ਕੇ ਬਸ ਦੇ ਥੱਲੇ ਜਾ ਵੜਿਆ। ਪਿਛਲੇ ਖਿੜਕੀ ਵਾਲੇ ਪਠਾਣ ਹਥਕੜੀ ਲੱਗੇ ਸਾਥੀ ਨੂੰ ਨਾਲ ਲੈ ਕੇ ਪੱਤਰਾ ਵਾਚ ਗਏ।

ਪੁਸਤਕ ਵਿਚ ਗੁਰਚਰਨ ਸਿੰਘ ਸਹਿੰਸਰਾ ਵਲੋਂ ਰੱਖੇ ਉਨ੍ਹਾਂ ਰੋਜ਼ਿਆਂ ਤੇ ਨਮਾਜ਼ਾਂ ਦਾ ਵੀ ਜ਼ਿਕਰ ਹੈ, ਜੋ ਲੇਖਕ ਨੂੰ ਮਜਬੂਰੀ ਵੱਸ ਪੁਗਾਉਣੇ ਪਏ। ਸਹਿੰਸਰਾ ਵਲੋਂ ਰੋਜ਼ਿਆਂ ਦਾ ਪਾਲਣ ਕਰਨ ਸਮੇਂ ਹੋਈਆਂ ਭੁੱਲਾਂ ਉਤੇ ਮਿੱਟੀ ਪਾਉਣ ਦੇ ਉਸ ਦੇ ਦੋਸਤ ਪਠਾਣ ਦਿਲਚਸਪ ਨੁਕਤੇ ਲੱਭ ਲੈਂਦੇ ਸਨ।

ਲੇਖਕ ਦੀ ਇਸ ਪੁਸਤਕ ਦੇ ਨਾਲ ਨਾਲ ਉਸ ਦਾ ਕਹਾਣੀ ਸੰਗ੍ਰਿਹ 'ਉਹ ਵੀ ਦਿਨ ਸਨ' ਮੁੜ ਮਾਰਕਿਟ ਵਿਚ ਆਇਆ ਹੈ, ਜਿਸ ਵਿਚ ਵਖਰੇ ਰੰਗ ਦੀਆਂ ਸੰਗਰਾਮੀ ਤੇ ਗੈਰ-ਸੰਗਰਾਮੀ ਗੱਲਾਂ ਹਨ। ਪੰਜਾਬੀ ਪਾਠਕਾਂ ਲਈ ਦੋਵੇਂ ਪੁਸਤਕਾਂ ਦਾ ਮੁੜ ਪ੍ਰਕਾਸ਼ਿਤ ਹੋਣਾ ਮਾਣ ਵਾਲੀ ਗੱਲ ਹੈ।

**ਪੰਜਾਬ ਵਿਚ ਵਧ ਰਿਹਾ ਸਮੂਹਕ ਬਲਾਤਕਾਰ:** ਪਿਛਲੇ ਦਿਨਾਂ ਵਿਚ ਪੜ੍ਹੇ-ਸੁਣੇ ਬਲਾਤਕਾਰਾਂ ਦੇ ਕਿੱਸੇ ਪੰਜਾਬੀ ਭਾਈਚਾਰੇ ਵਿਚ ਆਏ ਨਿਘਾਰ ਤੋਂ ਪਰਦਾ ਚੁਕਣ ਵਾਲੇ ਹਨ। ਕੱਲ ਤੱਕ ਸਾਡੇ ਪੰਜਾਬੀ ਆਪਣੀਆਂ ਤੇ ਪਰਾਈਆਂ ਨੂੰਹਾਂ-ਧੀਆਂ ਦੀ ਇੱਜਤ ਦੇ ਰਾਖੇ ਸਨ। 1947 ਵਿਚ ਮੇਰੇ ਜੱਦੀ ਪਿੰਡ ਦੇ ਵਸਨੀਕਾਂ ਨੇ ਇਕ ਮੁਸਲਮਾਨ ਭਰਾਈ ਦੀ ਨੂੰਹ ਅਤੇ ਧੀ ਦੀ ਇੱਜਤ ਲੁੱਟਣ ਵਾਲੇ ਤਿੰਨ ਸਿੱਖਾਂ ਦਾ ਕਤਲ ਕਰ ਦਿੱਤਾ ਸੀ। ਮੇਰੇ ਪਿੰਡ ਵਾਸੀਆਂ ਨੂੰ ਮਾਹਿਲਪੁਰ ਦੇ ਥਾਣੇ ਵਲੋਂ ਸ਼ਾਬਾਸ਼ ਮਿਲੀ ਸੀ। ਅਜੋਕੀ ਪੁਲਿਸ ਏਨੀ ਕਮਜ਼ੋਰ ਹੋ ਗਈ ਹੈ ਕਿ ਦਿਨ-ਦਿਹਾੜੇ ਕਾਰੇ ਕਰਨ ਵਾਲੇ ਬੇਸ਼ਰਮ ਨੂੰ ਫੜ ਕੇ ਲੋੜੀਂਦੇ ਗਵਾਹ ਨਹੀਂ ਲੱਭ ਸਕਦੀ। ਨਤੀਜੇ ਵਜੋਂ ਕਚਹਿਰੀ ਵੀ ਦੋਸ਼ੀਆਂ ਨੂੰ ਸਜ਼ਾ ਨਹੀਂ ਸੁਣਾ ਸਕਦੀ। ਸਮਾਂ ਆ ਗਿਆ ਹੈ ਕਿ ਸਮੁੱਚਾ ਪੰਜਾਬੀ ਭਾਈਚਾਰਾ ਅਮਨ ਕਾਨੂੰਨ ਦੇ ਰਾਖਿਆਂ ਦੀ ਪਿੱਠ ਪੂਰੇ ਤਾਂ ਕਿ ਇਨ੍ਹਾਂ ਘਿਨਾਉਣੇ ਕਾਰਿਆਂ ਨੂੰ ਨੱਥ ਪਵੇ ਤੇ ਪੰਜਾਬੀ ਮਾਣ ਮਰਿਆਦਾ ਬਹਾਲ ਹੋਵੇ।

**ਅੰਤਿਕਾ:** ਹਜ਼ਾਰਾ ਸਿੰਘ ਗੁਰਦਾਸਪੁਰੀ
ਓ ਠੇਕੇ ਵਾਲਿਓ, ਪੰਡਿਤ ਹੈ ਆਇਆ
ਆਬਰੂ ਕਰਨੀ ਬੜੇ ਚਿਰ ਬਾਅਦ ਬੰਦਾ
ਬੰਦਿਆਂ ਵਿਚ ਬਹਿਣ ਲੱਗਾ ਹੈ।

ਪੰਜਾਬ ਟਾਈਮਜ਼

*ਸਨਿਚਰਵਾਰ, 2 ਮਾਰਚ 2019*

# ਅਤਿਵਾਦ ਨਾਲ ਲੜਾਈ ਦੀ ਸਿਆਸਤ

ਭਾਰਤ ਨੇ 26 ਫਰਵਰੀ ਨੂੰ ਤੜਕੇ ਪਾਕਿਸਤਾਨ ਦੇ ਖੈਬਰ ਪਖਤੂਨਖਵਾ ਸੂਬੇ ਅੰਦਰ ਹਵਾਈ ਹਮਲਾ ਕਰਕੇ ਪਾਕਿਸਤਾਨ ਨੂੰ ਸਖਤ ਸੁਨੇਹਾ ਦਿੱਤਾ ਹੈ। ਭਾਰਤ ਦਾ ਦਾਅਵਾ ਹੈ ਕਿ ਇਸ ਨੇ ਅਤਿਵਾਦੀ ਜਥੇਬੰਦੀ ਜੈਸ਼-ਏ-ਮੁਹੰਮਦ ਦੇ ਸਿਖਲਾਈ ਕੈਂਪ ਨੂੰ ਨਿਸ਼ਾਨਾ ਬਣਾਇਆ, ਇਸ ਨੂੰ ਸੂਹ ਮਿਲੀ ਸੀ ਕਿ ਇਹ ਜਥੇਬੰਦੀ ਭਾਰਤ ਵਿਚ ਪੁਲਵਾਮਾ (ਜੰਮੂ ਕਸ਼ਮੀਰ) ਵਰਗੀਆਂ ਹੋਰ ਕਾਰਵਾਈਆਂ ਲਈ ਤਿਆਰੀ ਕਰ ਰਹੀ ਹੈ। ਯਾਦ ਰਹੇ, ਜੈਸ਼-ਏ-ਮੁਹੰਮਦ ਨੇ 14 ਫਰਵਰੀ ਨੂੰ ਪੁਲਵਾਮਾ ਵਿਚ ਆਤਮਘਾਤੀ ਹਮਲਾ ਕਰਕੇ 40 ਤੋਂ ਵੱਧ ਸੀ. ਆਰ. ਪੀ. ਐਫ. ਜਵਾਨਾਂ ਨੂੰ ਮਾਰ ਮੁਕਾਇਆ ਸੀ। ਭਾਰਤੀ ਹਵਾਈ ਫੌਜ ਨੇ ਪਾਕਿਸਤਾਨ ਖਿਲਾਫ ਅਜਿਹੀ ਕਾਰਵਾਈ ਸਤੰਬਰ 2016 ਵਿਚ ਵੀ ਕਰਨ ਦਾ ਦਾਅਵਾ ਕੀਤਾ ਸੀ, ਜਦੋਂ ਅਤਿਵਾਦੀਆਂ ਨੇ ਉੜੀ (ਜੰਮੂ ਕਸ਼ਮੀਰ) ਵਿਚ ਫੌਜੀ ਕੈਂਪ 'ਤੇ ਹਮਲਾ ਕਰ ਦਿੱਤਾ ਸੀ। ਉਂਜ, 1971 ਪਿਛੋਂ ਅਜਿਹਾ ਪਹਿਲੀ ਵਾਰ ਹੋਇਆ ਹੈ ਕਿ ਹਵਾਈ ਫੌਜ ਨੇ ਇਉਂ ਪਾਕਿਸਤਾਨ ਦੇ ਧੁਰ ਅੰਦਰ ਜਾ ਕੇ ਮਾਰ ਕੀਤੀ ਹੈ। ਸਰਕਾਰ ਦਾ ਸਪਸ਼ਟ ਦਾਅਵਾ ਹੈ ਕਿ ਇਹ ਕਾਰਵਾਈ ਪਾਕਿਸਤਾਨ ਖਿਲਾਫ ਨਹੀਂ, ਅਤਿਵਾਦ ਖਿਲਾਫ ਹੈ। ਭਾਰਤ ਦੀ ਇਸ ਕਾਰਵਾਈ ਦਾ ਮੁਲਕ ਦੀਆਂ ਸਭ ਸਿਆਸੀ ਪਾਰਟੀਆਂ ਨੇ ਵੀ ਸਮਰਥਨ ਕੀਤਾ ਹੈ ਅਤੇ ਕਿਹਾ ਹੈ ਕਿ ਅਤਿਵਾਦ ਖਿਲਾਫ ਲੜਾਈ ਲਈ ਉਹ ਸਰਕਾਰ ਦੇ ਨਾਲ ਹਨ। ਆਮ ਲੋਕ ਵੀ ਮੰਨਦੇ ਹਨ ਹਨ ਕਿ ਪਾਕਿਸਤਾਨ ਅਤਿਵਾਦ ਨੂੰ ਸ਼ਹਿ ਦੇ ਰਿਹਾ ਹੈ ਅਤੇ ਇਸ ਅਤਿਵਾਦ ਦਾ ਖਮਿਆਜ਼ਾ ਮੁਲਕ ਦੇ ਆਵਾਮ ਨੂੰ ਭੁਗਤਣਾ ਪੈ ਰਿਹਾ ਹੈ। ਭਾਰਤੀ ਜਨਤਾ ਪਾਰਟੀ ਦੀ ਅਗਵਾਈ ਹੇਠਲੀ ਕੇਂਦਰ ਸਰਕਾਰ ਦਾ ਪਹਿਲਾਂ ਵੀ ਇਹੀ ਪੈਂਤੜਾ ਰਿਹਾ ਹੈ ਕਿ ਜਦੋਂ ਤਕ ਪਾਕਿਸਤਾਨ ਅਤਿਵਾਦ ਨੂੰ ਸ਼ਹਿ ਦੇਣੀ ਬੰਦ ਨਹੀਂ ਕਰਦਾ, ਉਸ ਨਾਲ ਕੋਈ ਗੱਲਬਾਤ ਨਹੀਂ ਕੀਤੀ ਜਾਵੇਗੀ।

ਅਤਿਵਾਦ ਨਾਲ ਇਹ ਲੜਾਈ ਅਤੇ ਪੈਂਤੜਾ ਬਿਲਕੁਲ ਵਾਜਬ ਹੈ ਪਰ ਕੁਝ ਬੁੱਧੀਜੀਵੀਆਂ ਨੇ ਭਾਰਤ ਦੀ ਇਸ ਕਾਰਵਾਈ ਦੇ ਸਮੇਂ ਬਾਰੇ ਸਵਾਲ ਖੜ੍ਹੇ ਕੀਤੇ ਹਨ। ਇਸ ਤੋਂ ਪਹਿਲਾਂ ਪੁਲਵਾਮਾ ਘਟਨਾ ਬਾਰੇ ਸਰਕਾਰ ਅਤੇ ਸੁਰੱਖਿਆ ਬਲਾਂ ਵੱਲੋਂ ਜੋ ਢਿੱਲ ਵਰਤੀ ਗਈ, ਉਸ ਉਤੇ ਵੀ ਸਵਾਲੀਆ ਨਿਸ਼ਾਨ ਲੱਗੇ ਹਨ। ਇਸੇ ਆਧਾਰ ਉਤੇ ਸਿਆਸੀ ਮਾਹਿਰਾਂ ਨੇ ਇਸ ਵਾਰਦਾਤ ਅਤੇ ਭਾਰਤ ਵੱਲੋਂ ਜੈਸ਼-ਏ-ਮੁਹੰਮਦ ਦੇ ਸਿਖਲਾਈ ਕੈਂਪ ਉਤੇ ਹਮਲੇ ਨੂੰ ਮੁਲਕ ਵਿਚ ਹੋਣ ਵਾਲੀਆਂ ਚੋਣਾਂ ਨਾਲ ਜੋੜਿਆ ਹੈ, ਸਗੋਂ ਇਹ ਸਿਆਸੀ ਮਾਹਿਰ ਤਾਂ ਚਿਰਾਂ ਦੇ ਕਿਆਸ ਲਾ ਰਹੇ ਸਨ ਕਿ ਵੱਖ-ਵੱਖ ਮੁੱਦਿਆਂ 'ਤੇ ਬਹੁਤ ਕਸੂਤੀ ਫਸੀ ਮੋਦੀ ਸਰਕਾਰ ਆਖਰਕਾਰ ਚੋਣਾਂ ਦੇ ਇਸ ਸਾਲ ਦੌਰਾਨ ਹੁਣ ਕੀ ਪੈਂਤੜਾ ਮੱਲੇਗੀ? ਸਰਕਾਰ ਦਾ ਪਿਛਲੇ ਪੰਜ ਸਾਲਾਂ ਦਾ ਰਿਪੋਰਟ ਕਾਰਡ ਬਹੁਤਾ ਚੰਗਾ ਨਹੀਂ। ਨੋਟਬੰਦੀ ਵਰਗੇ ਫੈਸਲੇ ਬਾਰੇ ਇਸ ਕੋਲ ਕੋਈ ਤਸੱਲੀਬਖਸ਼ ਜਵਾਬ ਨਹੀਂ ਹੈ, ਜਿਸ ਨੇ ਆਮ ਵਪਾਰੀ ਤਬਕੇ ਨੂੰ ਪੈਰਾਂ ਤੋਂ ਹਿਲਾ ਕੇ ਰੱਖ ਦਿੱਤਾ ਸੀ। ਇਸੇ ਤਰ੍ਹਾਂ ਜੀ. ਐਸ. ਟੀ. ਵੀ ਆਮ ਵਪਾਰੀਆਂ ਦੀਆਂ ਜੜ੍ਹਾਂ ਵਿਚ ਬਹਿ ਗਿਆ ਸੀ। ਮੁਲਕ ਵਿਚ ਬੇਰੁਜ਼ਗਾਰੀ ਦਾ ਹਾਲ ਇਹ ਹੈ ਕਿ ਸਰਕਾਰ ਪਿਛਲੇ ਸਾਲ ਦੇ ਅੰਕੜੇ ਜਾਰੀ ਕਰਨ ਤੋਂ ਡਰ ਰਹੀ ਹੈ ਅਤੇ ਇਸ ਨੇ ਇਹ ਅੰਕੜੇ ਰੋਕ ਲਏ ਹਨ। ਹੁਣ ਪਹਿਲਾਂ ਪੁਲਵਾਮਾ ਵਾਰਦਾਤ ਅਤੇ ਹੁਣ ਹਵਾਈ ਹੱਲੇ ਤੋਂ ਬਾਅਦ ਸਿਆਸੀ ਦ੍ਰਿਸ਼ ਵਿਚੋਂ ਸਭ ਮੁੱਦੇ ਇਕਦਮ ਗਾਇਬ ਹੋ ਗਏ ਹਨ। ਹਰ ਪਾਸੇ ਦੇਸ਼ਭਗਤੀ ਦਾ ਹੜ੍ਹ ਜਿਹਾ ਆਇਆ ਪ੍ਰਤੀਤ ਹੋ ਰਿਹਾ ਹੈ। ਇਥੇ ਅਮਰੀਕਾ ਦੇ ਮਸ਼ਹੂਰ ਲੇਖਕ ਜੇਮਸ ਫ੍ਰੀਮੈਨ ਕਲਾਰਕ ਦਾ ਮਸ਼ਹੂਰ ਕਥਨ ਬੜਾ ਢੁੱਕਵਾਂ ਪ੍ਰਤੀਤ ਹੁੰਦਾ ਹੈ। ਉਨ੍ਹਾਂ ਕਿਹਾ ਸੀ ਕਿ ਸਿਆਸਤਦਾਨ ਅਗਲੀਆਂ ਚੋਣਾਂ ਬਾਰੇ ਸੋਚਦਾ ਹੈ ਜਦਕਿ ਸਟੇਟਸਮੈਨ ਅਗਲੀਆਂ ਪੀੜ੍ਹੀਆਂ ਬਾਰੇ ਸੋਚਦਾ ਹੈ।

ਬਿਨਾ ਸ਼ੱਕ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਿਆਸਤਦਾਨਾਂ ਵਾਲਾ ਸੌਖਾ ਰਾਹ ਚੁਣਿਆ ਹੈ। ਉਂਜ ਉਸ ਕੋਲੋਂ ਇਸ ਤੋਂ ਵੱਧ ਕੋਈ ਆਸ ਵੀ ਨਹੀਂ ਸੀ। ਪਿਛਲੇ ਪੰਜ ਸਾਲਾਂ ਦੌਰਾਨ ਘੱਟਗਿਣਤੀਆਂ, ਦਲਿਤਾਂ ਅਤੇ ਹੇਠਲੇ ਤਬਕਿਆਂ ਨਾਲ ਜੋ ਵਿਹਾਰ ਹੋਇਆ ਹੈ, ਉਸ ਤੋਂ ਸਪਸ਼ਟ ਹੀ ਸੀ ਕਿ ਇਹ ਸਰਕਾਰ ਆਪਣਾ ਹਿੰਦੂਤਵੀ ਏਜੰਡਾ ਕਿਸ ਢੰਗ ਨਾਲ ਲਾਗੂ ਕਰ ਰਹੀ ਹੈ। ਹੁਣ ਪਾਕਿਸਤਾਨ ਖਿਲਾਫ ਕਾਰਵਾਈ ਨੇ ਮੋਦੀ ਸਰਕਾਰ ਨੂੰ ਉਪਰਲੇ ਹੱਥ ਜ਼ਰੂਰ ਕਰ ਦਿੱਤਾ ਹੈ। ਪਾਕਿਸਤਾਨ ਇਸ ਹਮਲੇ ਦਾ ਕੀ ਜਵਾਬ ਦੇਵੇਗਾ, ਇਸ ਬਾਰੇ ਸਭ ਦੀਆਂ ਕਿਆਸ-ਆਰਾਈਆਂ ਚੱਲ ਰਹੀਆਂ ਹਨ। ਪੁਲਵਾਮਾ ਵਾਰਦਾਤ ਪਿਛੋਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਭਾਰਤ ਨੂੰ ਸਪਸ਼ਟ ਸ਼ਬਦਾਂ ਵਿਚ ਚਿਤਾਵਨੀ ਦਿੱਤੀ ਸੀ ਕਿ ਜੇ ਭਾਰਤ ਨੇ ਕੋਈ ਕਾਰਵਾਈ ਕੀਤੀ ਤਾਂ ਪਾਕਿਸਤਾਨ ਚੁੱਪ ਕਰਕੇ ਨਹੀਂ ਬੈਠੇਗਾ। ਉਂਜ, ਜੈਸ਼-ਏ-ਮੁਹੰਮਦ ਦੀ ਉੜੀ ਵਾਰਦਾਤ ਤੋਂ ਬਾਅਦ ਭਾਰਤ ਨੇ ਜਦੋਂ ਸਰਜੀਕਲ ਸਟਰਾਈਕ ਕੀਤੀ ਸੀ ਤਾਂ ਪਾਕਿਸਤਾਨ ਨੂੰ ਚੁੱਪ ਕਰਕੇ ਬੈਠਣਾ ਪਿਆ ਸੀ। ਉਦੋਂ ਇਸ ਨੇ ਕਿਸੇ ਵੀ ਪ੍ਰਕਾਰ ਦੇ ਨੁਕਸਾਨ ਤੋਂ ਨਾਂਹ ਕੀਤੀ ਸੀ। ਹੁਣ ਵੀ ਇਸ ਨੇ ਕਿਸੇ ਪ੍ਰਕਾਰ ਦੇ ਨੁਕਸਾਨ ਤੋਂ ਇਨਕਾਰ ਹੀ ਕੀਤਾ ਹੈ ਪਰ ਇਸ ਵਾਰ ਇਸ ਨੇ ਭਾਰਤੀ ਹਵਾਈ ਫੌਜ ਵੱਲੋਂ ਸੀਮਾ ਦੀ ਉਲੰਘਣਾ ਕਰਨ ਦਾ ਮੁੱਦਾ ਉਭਾਰਿਆ ਹੈ। ਇਹ ਨੁਕਤਾ ਵੀ ਵਿਚਾਰਨ ਵਾਲਾ ਹੈ ਕਿ ਅਤਿਵਾਦ ਨਾਲ ਜੁੜਿਆ ਮਸਲਾ ਹੋਣ ਕਰਕੇ ਇਸ ਨੂੰ ਕੌਮਾਂਤਰੀ ਹਮਾਇਤ ਮਿਲਣੀ ਵੀ ਅਸੰਭਵ ਹੈ। ਇਸ ਦੇ ਦੋਸਤ ਮੁਲਕ ਚੀਨ ਨੇ ਭਾਰਤ ਅਤੇ ਪਾਕਿਸਤਾਨ-ਦੋਹਾਂ ਨੂੰ ਜ਼ਬਤ ਨਾਲ ਚੱਲਣ ਦੀ ਹੀ ਸਲਾਹ ਦਿੱਤੀ ਹੈ। ਜਾਪ ਇਸ ਤਰ੍ਹਾਂ ਰਿਹਾ ਹੈ ਕਿ ਪਾਕਿਸਤਾਨ ਆਉਣ ਵਾਲੇ ਦਿਨਾਂ ਵਿਚ ਹੋਰ ਅਲੱਗ-ਥਲੱਗ ਪੈ ਜਾਵੇਗਾ। ਅਤਿਵਾਦ ਦਾ ਮੁੱਦਾ ਭਾਵੇਂ ਇਸ ਖਿੱਤੇ ਵਿਚ ਚਿਰਾਂ ਦਾ ਸੁਲਗ ਰਿਹਾ ਹੈ ਅਤੇ ਇਸ ਨਾਲ ਜਾਨੀ-ਮਾਲੀ ਨੁਕਸਾਨ ਵੀ ਬਥੇਰਾ ਹੋਇਆ ਹੈ ਪਰ ਤੱਥ ਇਹ ਵੀ ਹਨ ਕਿ ਮੋਦੀ ਸਰਕਾਰ ਨੇ ਇਸ ਦੀ ਰੋਕਥਾਮ ਜਾਂ ਇਸ ਦੇ ਕਾਰਨਾਂ ਦੀ ਘੋਖ ਕਰਕੇ ਇਸ ਦੇ ਹੱਲ ਲਈ ਕੋਈ ਯਤਨ ਵੀ ਨਹੀਂ ਕੀਤੇ ਹਨ। ਕੂਟਨੀਤਕ ਪੱਧਰ ਉਤੇ ਜੋ ਪਹਿਲਕਦਮੀ ਕਰਨੀ ਬਣਦੀ ਸੀ, ਭਾਰਤ ਸਰਕਾਰ ਉਸ ਤੋਂ ਕਿਤੇ ਪਿਛਾਂਹ ਹੀ ਰਹਿ ਗਈ ਜਾਪਦੀ ਹੈ। ਇਸੇ ਕਰਕੇ ਹੀ ਸਿਆਸੀ ਮਾਹਿਰ ਸਰਕਾਰ ਦੀਆਂ ਹੁਣ ਵਾਲੀਆਂ ਸਾਰੀਆਂ ਤੱਤੀਆਂ ਕਾਰਵਾਈਆਂ ਨੂੰ ਚੋਣਾਂ ਨਾਲ ਜੋੜ ਰਹੇ ਹਨ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਸੰਗਤ ਦੀ 'ਸਿੱਟ' ਕਦੋਂ?*

ਸੌਦੇਬਾਜੀ ਵੋਟਾਂ ਵਾਲੀ ਕੀਤੀ ਸੌਦੇ ਸਾਧ ਨਾਲ, ਲੈ ਲਈ ਸੀ ਤਖਤ ਸਾਬ੍ਹ ਤੋਂ ਕਲੀਨ ਚਿੱਟ ਜੀ।
ਕਿਹਦੇ ਕਹੇ ਦਿੱਤੇ ਸੀ ਬਲਾਤਕਾਰੀ ਬੂਬਨੇ ਨੂੰ, ਮੁਆਫੀ ਤੇ ਹੁਕਮਨਾਮੇ ਕਿਹੜੀ ਗਿੱਟ-ਮਿੱਟ ਜੀ।
ਬਿਨਾ ਹੀ ਗੁਨਾਹ ਦੇ ਦੱਸੇ 'ਸੇਵਾ' ਦਾ ਡਰਾਮਾ ਕਰ, ਪੰਥਕ ਰਵਾਇਤ ਦੀ ਬਣਾ'ਤੀ ਸੀ 'ਸਕਿੱਟ' ਜੀ।
ਫੜੋ ਵੀ ਬੇਅਦਬੀ ਤੇ ਗੋਲੀ-ਕਾਂਡ ਵਾਲੇ ਦੋਸ਼ੀ, ਜਨਤਾ ਪੰਜਾਬ ਦੀ ਰਹੀ ਸੀ ਮੋਹਰੇ ਪਿੱਟ ਜੀ।
ਪੰਥ ਵਲੋਂ ਸਜ਼ਾ ਤਾਂ ਉਦੋਂ ਹੀ ਭਾਈ ਮੰਨੀ ਜਾਊ, ਸ਼੍ਰੋਮਣੀ ਕਮੇਟੀ ਜਦੋਂ ਕਰਨਗੇ 'ਕੁਇੱਟ' ਜੀ।
ਹੱਥੀਂ ਬੰਨੀ ਜਾਂਦੇ ਰਹੇ 'ਸੀ. ਐਮ. ਹਾਊਸ' ਜੋ, ਪੁੱਛੇਗੀ ਸਵਾਲ ਇਨ੍ਹਾਂ ਕੋਲੋਂ ਕਿਹੜੀ 'ਸਿੱਟ' ਜੀ?

# ਵੋਟਾਂ ਦੀ ਛਾਂਵੇਂ ਛਾਂਵੇਂ ਜਮਹੂਰੀਅਤ ਨੂੰ ਸੇਕ

ਹਿੰਦੀ ਲਿਖਾਰੀ ਅਸਗਰ ਵਜਾਹਤ ਨੇ ਆਪਣੀ ਇਕ ਲਿਖਤ ਵਿਚ ਪਾਕਿਸਤਾਨ ਬਾਰੇ ਲਤੀਫੇ ਦਾ ਜ਼ਿਕਰ ਕੀਤਾ ਹੈ। ਕਿਸੇ ਆਦਮੀ ਨੇ ਫੌਜ ਦੇ ਮੁਖੀ ਨੂੰ ਪੁੱਛਿਆ, "ਪਾਕਿਸਤਾਨੀ ਫੌਜ ਦਾ ਸਭ ਤੋਂ ਵੱਡਾ ਹਾਸਲ ਕੀ ਹੈ?" ਜਵਾਬ ਮਿਲਿਆ, "ਪਾਕਿਸਤਾਨੀ ਫੌਜ ਨੇ ਪਾਕਿਸਤਾਨ ਜਿੱਤ ਲਿਆ ਹੈ।" ਹੁਣ ਰਤਾ ਭਾਰਤ ਵੱਲ ਪਰਤੀਏ ਜਿਸ ਬਾਰੇ ਮੇਰਠ (ਉਤਰ ਪ੍ਰਦੇਸ਼) ਵਿਚ ਜੰਮੀ ਅਤੇ ਲਾਹੌਰ (ਪਾਕਿਸਤਾਨ) ਵਿਚ ਫੌਤ ਹੋਈ ਸ਼ਾਇਰਾ ਮਰਹੂਮ ਫਹਿਮੀਦਾ ਰਿਆਜ਼ ਨੇ ਆਪਣੀ ਨਜ਼ਮ 'ਨਯਾ ਭਾਰਤ' ਅੰਦਰ ਟਿੱਪਣੀ ਕੀਤੀ ਸੀ:

**ਜਸਵੀਰ ਸਮਰ**

ਤੁਮ ਬਿਲਕੁਲ ਹਮ ਜੈਸੇ ਨਿਕਲੇ/ਅਬ ਤਕ ਕਹਾਂ ਛੁਪੇ ਥੇ ਭਾਈ।... ਇਸ ਨਜ਼ਮ ਦਾ ਨਾਤ੍ਹਆ ਪਿਛਲੇ ਪੰਜ ਸਾਲਾਂ ਦੀ ਕੇਂਦਰ ਸਰਕਾਰ ਨਾਲ ਜੁੜਿਆ ਹੋਇਆ ਹੈ।

ਹੁਣ ਜਦੋਂ ਲੋਕ ਸਭਾ ਚੋਣਾਂ ਬਰੂਹਾਂ 'ਤੇ ਆਈਆਂ ਖੜ੍ਹੀਆਂ ਹਨ ਤਾਂ ਹਰ ਪਾਰਟੀ ਤੇ ਆਗੂ ਨੂੰ ਵੋਟ ਬੈਂਕ ਦਾ ਜਿਵੇਂ ਤਾਪ ਚੜ੍ਹਿਆ ਹੋਇਆ ਹੈ। ਇਸ ਮਾਮਲੇ ਵਿਚ ਸਭ ਤੋਂ ਵੱਧ ਅਸਰ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਉਤੇ ਦਿਸਦਾ ਹੈ; ਇਹ ਪਾਰਟੀ ਸਿਰਫ ਆਪਣਾ ਪ੍ਰਚਾਰ ਹੀ ਨਹੀਂ ਕਰ ਰਹੀ, ਦੂਜਿਆਂ ਨੂੰ ਡੱਕ ਵੀ ਰਹੀ ਹੈ। ਉਂਜ, ਮੀਡੀਆ ਦੇ ਵੱਡੇ ਹਿੱਸੇ ਦੇ ਗੋਡਣੀਆਂ ਪਰਨੇ ਹੋਣ ਦੇ ਬਾਵਜੂਦ ਕਿਤੇ ਨਾ ਕਿਤੇ ਇਹ ਸਵਾਲ ਉਭਰ ਆਉਂਦਾ ਹੈ: 'ਸੰਸਾਰ ਦੀ ਸਭ ਤੋਂ ਵੱਡੀ ਜਮਹੂਰੀਅਤ' ਦੇ 'ਸਭ ਤੋਂ ਵੱਧ ਸਰਗਰਮ ਪ੍ਰਧਾਨ ਮੰਤਰੀ' ਨਰਿੰਦਰ ਮੋਦੀ ਦਾ ਪਿਛਲੇ ਪੰਜ ਸਾਲਾਂ ਦਾ ਹਾਸਲ ਕੀ ਹੈ? ਹਰ ਧਿਰ ਅਤੇ ਧੜੇ ਦੇ ਇਸ ਸਵਾਲ ਦੇ ਜਵਾਬ ਵੱਖਰੇ ਵੱਖਰੇ ਹੋ ਸਕਦੇ ਹਨ ਪਰ ਇਕ ਜਵਾਬ ਜੋ ਪਿਛਲੇ ਪੰਜ ਸਾਲਾਂ ਦੀ ਸਰਗਰਮੀ ਨੇ ਸਭ ਦੇ ਸਾਹਮਣੇ ਲਿਆਂਦਾ ਹੈ, ਉਹ ਹੈ, ਪ੍ਰਧਾਨ ਮੰਤਰੀ ਨੇ ਮੁਲਕ ਅੰਦਰ ਅਜਿਹਾ ਮਾਹੌਲ ਬਣਾ ਦਿੱਤਾ ਹੈ ਕਿ ਕਿਤੇ ਕੋਈ ਮਾੜਾ-ਮੋਟਾ ਫਲੂਹਾ ਸੁੱਟਣ ਦੀ ਦੇਰ ਹੈ, ਭਾਂਬੜ ਬਲ ਉਠਦਾ ਹੈ।

ਪੁਲਵਾਮਾ ਦਹਿਸ਼ਤੀ ਹਮਲੇ ਪਿਛੋਂ ਮੁਲਕ ਭਰ ਵਿਚ ਜੋ ਕੁਝ ਕਸ਼ਮੀਰੀਆਂ, ਖਾਸਕਰ ਕਸ਼ਮੀਰੀ ਵਿਦਿਆਰਥੀਆਂ ਨਾਲ ਹੋਈ-ਬੀਤੀ ਹੈ, ਇਸੇ ਮਾਹੌਲ ਦੀ ਤਾਜ਼ਾਤਰੀਨ ਮਿਸਾਲ ਹੈ। ਮੁਲਕ ਦੀਆਂ ਵੱਖ ਵੱਖ ਥਾਂਵਾਂ ਉਤੇ ਮੁਸਲਮਾਨਾਂ ਖਿਲਾਫ ਜੋ ਨਫਰਤ, ਹਿੰਸਾ ਦਾ ਰੂਪ ਧਾਰ ਕੇ ਅਕਸਰ ਪ੍ਰਗਟ ਹੁੰਦੀ ਰਹੀ ਹੈ, ਇਸ ਵਾਰ ਇਸ ਦੀ ਲਪੇਟ ਵਿਚ ਕਸ਼ਮੀਰੀ ਮੁਸਲਮਾਨ ਆਏ ਹਨ। ਇਨ੍ਹਾਂ ਖੌਫਨਾਕ ਹਾਲਾਤ ਵਿਚ ਸਾਡੇ 'ਪੁਖਤਾ' ਜਮਹੂਰੀ ਨਿਜ਼ਾਮ ਨੂੰ ਫਰਜ਼ਾਂ ਦਾ ਚੇਤਾ ਕਰਵਾਉਣ ਲਈ ਸੁਪਰੀਮ ਕੋਰਟ ਨੂੰ ਹਦਾਇਤਾਂ ਦੇਣੀਆਂ ਪਈਆਂ ਹਨ। ਸਾਢੇ ਤਿੰਨ ਦਹਾਕੇ ਪਹਿਲਾਂ ਕਸ਼ਮੀਰੀਆਂ ਵਾਲਾ ਭਾਣਾ ਸਿੱਖਾਂ ਨਾਲ ਵਰਤਿਆ ਸੀ। ਇਹ ਵੱਖਰੀ ਗੱਲ ਹੈ ਕਿ ਉਦੋਂ ਕਿਸੇ ਕੋਰਟ-ਕਚਹਿਰੀ ਨੂੰ ਫਰਜ਼ਾਂ ਦਾ ਚੇਤਾ ਕਰਵਾਉਣ ਦਾ ਚੇਤਾ ਨਹੀਂ ਸੀ ਆਇਆ ਅਤੇ ਫਿਰ ਦਹਾਕਿਆਂ ਤੱਕ ਇਹ ਚੇਤਾ ਭੁੱਲਿਆ ਹੀ ਰਿਹਾ। ਉਸ ਵਕਤ ਵੀ ਭਾਰਤ ਦਾ ਜਮਹੂਰੀ ਨਿਜ਼ਾਮ ਸੰਸਾਰ ਭਰ ਵਿਚ ਸਭ ਤੋਂ ਵੱਡਾ ਹੀ ਸੀ ਅਤੇ ਉਦੋਂ ਇਕ ਖਾਸ ਪਾਰਟੀ ਨੇ ਵੋਟਾਂ ਦੀ ਭਰਵੀਂ ਫਸਲ ਵੱਢੀ ਸੀ; ਐਤਕੀਂ ਵੀ ਜਾਪਦਾ ਹੈ ਕਿ ਕਿਸੇ ਖਾਸ ਪਾਰਟੀ ਲਈ ਵੋਟਾਂ ਦੀ ਭਰਵੀਂ ਫਸਲ ਵੱਢਣ ਦੀ ਤਿਆਰੀ ਲਈ ਹਾਲਾਤ 'ਸਾਜ਼ਗਾਰ' ਬਣਾਏ ਜਾ ਰਹੇ ਹਨ।

ਕਸ਼ਮੀਰੀ ਮੁਸਲਮਾਨਾਂ ਉਪਰ ਹਮਲਿਆਂ ਪਿਛੋਂ ਭੁੱਲੜ ਬੁੱਧੀਜੀਵੀ ਅਜੇ ਵੀ ਆਸ ਲਗਾਈ ਬੈਠੇ ਸਨ ਕਿ ਪ੍ਰਧਾਨ ਮੰਤਰੀ ਦਾ ਕੋਈ ਸਖਤ ਸੁਨੇਹਾ ਆਵੇਗਾ। ਦਰਅਸਲ ਊਠ ਦਾ ਇਹ ਬੁੱਲ੍ਹ 2 ਜੂਨ 2014 ਤੋਂ ਲਟਕ ਰਿਹਾ ਹੈ। ਨਰਿੰਦਰ ਮੋਦੀ ਨੇ ਪ੍ਰਧਾਨ ਮੰਤਰੀ ਵਜੋਂ ਹਲਫ 26 ਮਈ 2014 ਨੂੰ ਲਿਆ ਸੀ ਅਤੇ 2 ਜੂਨ ਨੂੰ ਪੂਣੇ (ਮਹਾਰਸ਼ਟਰ) ਅੰਦਰ ਮੋਹਸਿਨ ਸ਼ੇਖ ਨੂੰ ਕੱਟੜਪੰਥੀਆਂ ਨੇ ਕੁੱਟ ਕੁੱਟ ਕੇ ਮਾਰ-ਮੁਕਾਇਆ ਸੀ। ਉਦੋਂ ਜਿਨ੍ਹਾਂ ਨੂੰ ਇਹ ਭੁਲੇਖਾ ਪਿਆ ਸੀ ਕਿ ਅਖੌਤੀ ਵਿਕਾਸ ਦੇ ਨਾਂ 'ਤੇ ਬਣੀ ਸਰਕਾਰ ਦਾ ਮੁਖੀ ਘੱਟੋ-ਘੱਟ ਮੋਹਸਿਨ ਸ਼ੇਖ ਵਾਲੀ ਦਰਦਨਾਕ ਘਟਨਾ ਪਿਛੋਂ ਕੋਈ ਸਖਤ ਸੁਨੇਹਾ ਦੇਵੇਗਾ, ਉਹ ਭੁਲੇਖਾ ਪੰਜ ਸਾਲਾਂ ਬਾਅਦ ਵੀ ਜਿਉਂ ਦਾ ਤਿਉਂ ਬਰਕਰਾਰ ਹੈ, ਹਾਲਾਂਕਿ ਕਿੰਨਾ ਪਾਣੀ ਪੁਲਾਂ ਹੇਠੋਂ ਲੰਘ ਚੁਕਾ ਹੈ। ਜਿਹੜਾ ਪਾਣੀ ਪੁਲਾਂ ਹੇਠੋਂ ਆਉਂਦੇ ਦਿਨਾਂ ਵਿਚ ਲੰਘਣਾ ਹੈ, ਉਸ ਬਾਰੇ ਸਿਰਫ ਇਕ ਸਵਾਲ ਮੁਲਕ ਦੇ ਹਰ ਬਾਸ਼ਿੰਦੇ ਦੇ ਚਿਹਰੇ ਉਤੇ ਚਿਪਕਿਆ ਹੋਇਆ ਦਿਸਦਾ ਹੈ।

ਸਵਾਲ ਹੈ, ਐਤਕੀਂ ਮੋਦੀ ਜਿੱਤੇਗਾ? ਮੋਦੀ ਭਲਾ ਹਾਰਿਆ ਕਦੋਂ ਸੀ? ਗੁਜਰਾਤ ਵਿਚ ਫਰਵਰੀ-ਮਾਰਚ 2002 ਨੂੰ ਮੁਸਲਮਾਨਾਂ ਦਾ ਕਤਲੇਆਮ ਹੋਇਆ। ਮੋਦੀ ਦੀ ਤਿੱਖੀ ਤੇ ਬੇਹਿਸਾਬ ਨੁਕਤਾਚੀਨੀ ਹੋਈ ਅਤੇ ਫਿਰ ਕੁੱਝ ਮਹੀਨਿਆਂ ਬਾਅਦ ਉਥੇ ਦਸੰਬਰ 2002 ਨੂੰ ਵਿਧਾਨ ਸਭਾ ਚੋਣਾਂ ਹੋਈਆਂ। ਗੁਜਰਾਤ ਕਤਲੇਆਮ ਕਰਕੇ ਜਿਸ ਵੀ ਅੱਖ ਵਿਚ ਉਦੋਂ ਹੰਝੂਆਂ ਦੀ ਝੜੀ ਲੱਗੀ ਸੀ, ਉਹ ਅੱਖ ਆਸ ਕਰ ਰਹੀ ਸੀ ਕਿ ਮੋਦੀ ਹਾਰ ਜਾਵੇ ਪਰ ਮੋਦੀ ਨੂੰ ਹਰਾਉਣਾ ਕਿਸ ਨੇ ਸੀ? ਉਸ ਕਾਂਗਰਸ ਨੇ ਜਿਸ ਨੇ ਮੁਸਲਮਾਨਾਂ ਨਾਲੋਂ ਵੱਧ ਮਾੜਾ ਹਾਲ ਚੁਰਾਸੀ ਵਿਚ ਸਿੱਖਾਂ ਦਾ ਕੀਤਾ ਸੀ? ਹੁਣ ਉਸੇ ਕਾਂਗਰਸ ਤੋਂ ਫਿਰ ਆਸ ਰੱਖੀ ਜਾ ਰਹੀ ਹੈ ਕਿ ਇਹ ਮੋਦੀ ਨੂੰ ਹਰਾ ਦੇਵੇ! ਅਜੀਬ ਇਤਫਾਕ ਹੈ! ਹਕੀਕਤ ਇਹ ਹੈ ਕਿ 2014 ਵਾਲੀਆਂ ਗਰਮੀਆਂ ਵਿਚ ਮੋਦੀ ਅਤੇ ਉਸ ਦੀ ਪਾਰਟੀ ਨਹੀਂ ਸਨ ਜਿੱਤੇ ਸਗੋਂ ਕਾਂਗਰਸ ਅਤੇ 'ਸੰਸਾਰ ਦਾ ਸਭ ਤੋਂ ਇਮਾਨਦਾਰ ਪ੍ਰਧਾਨ ਮੰਤਰੀ' ਹਾਰਿਆ ਸੀ।

ਮੋਦੀ ਦੇ ਪੰਜ ਸਾਲਾਂ ਦੌਰਾਨ ਉਸਾਰੇ ਮਾਹੌਲ ਬਾਰੇ ਅੱਜ ਵੀ ਜਿਨ੍ਹਾਂ ਅੱਖਾਂ ਵਿਚ ਕੋਸੇ ਹੰਝੂਆਂ ਦੀ ਝੜੀ ਲੱਗੀ ਹੋਈ ਹੈ, ਉਹ ਨਿੱਤ ਅਰਦਾਸਾਂ ਕਰ ਰਹੇ ਕਿ ਕਿਸੇ ਨਾ ਕਿਸੇ ਤਰ੍ਹਾਂ ਸਮੁੱਚੀ ਵਿਰੋਧੀ ਧਿਰ ਦੀਆਂ ਵੋਟਾਂ ਵੰਡੀਆਂ ਨਾ ਜਾਣ; ਕਿਸੇ ਵਿਧ ਕੋਈ ਮਹਾਗੱਠਜੋੜ ਉਸਰ ਜਾਵੇ; ਅਜਿਹਾ ਮਹਾਗੱਠਜੋੜ ਹੀ ਮੋਦੀ ਦੀ ਪੰਡ ਵਿਚ ਪਈਆਂ ਵੋਟਾਂ ਖਿਸਕਾ ਸਕਦਾ ਹੈ। ਐਤਕੀਂ ਨਰਿੰਦਰ ਮੋਦੀ ਅਤੇ ਭਾਰਤੀ ਜਨਤਾ ਪਾਰਟੀ ਨੂੰ ਸੱਤਾ ਤੋਂ ਬਾਹਰ ਕਰਨ ਲਈ ਗੱਠਜੋੜਾਂ ਦੀ ਕਵਾਇਦ ਬਰਾਬਰ ਚੱਲ ਰਹੀ ਹੈ। ਗੱਠਜੋੜਾਂ ਦੀ ਅਜਿਹੀ ਕਵਾਇਦ ਬਜ਼ੁਰਗ ਕਮਿਊਨਿਸਟ ਆਗੂ ਹਰਕਿਸ਼ਨ ਸਿੰਘ ਸੁਰਜੀਤ ਕਰਦਾ ਹੁੰਦਾ ਸੀ। ਉਸ ਦਾ ਇਕ ਹੀ ਨਾਅਰਾ ਹੁੰਦਾ ਸੀ, ਭਾਰਤੀ ਜਨਤਾ ਪਾਰਟੀ ਨੂੰ ਸੱਤਾ ਤੋਂ ਬਾਹਰ ਰੱਖਣਾ ਹੈ। ਇਹ ਨਾਅਰਾ ਬੁਲੰਦ ਕਰਦਾ ਉਹ ਸੀ. ਪੀ. ਆਈ. ਅਤੇ ਸੀ. ਪੀ. ਆਈ. (ਐਮ.) ਵਿਚਲਾ ਇਕ ਅਹਿਮ ਫਰਕ ਵੀ ਉਲੰਘ ਗਿਆ ਅਤੇ ਕਿਸੇ ਨੂੰ ਸ਼ਾਇਦ (?) ਪਤਾ ਹੀ ਨਾ ਲੱਗਾ ਕਿ ਸੀ. ਪੀ. ਆਈ. (ਐਮ.) ਕਿਹੜੇ ਵੇਲੇ ਕਾਂਗਰਸ ਦੀ ਪੂਛ ਬਣ ਗਈ ਹੈ।

ਉਨ੍ਹਾਂ ਵਕਤਾਂ ਦਾ ਸ਼੍ਰੋਮਣੀ ਸਵਾਲ ਅੱਜ ਵੀ ਸਾਡੇ ਦਰ ਠਕੋਰ ਰਿਹਾ ਹੈ, ਕਾਂਗਰਸ ਦੀ ਬਾਂਹ ਫੜ ਕੇ ਭਾਰਤੀ ਜਨਤਾ ਪਾਰਟੀ ਨੂੰ ਸੱਤਾ ਤੋਂ ਲਾਂਭੇ ਰੱਖਿਆ ਜਾ ਸਕਿਆ? ਇਸ ਸਵਾਲ ਦਾ ਜਵਾਬ ਦੇਣ ਦੀ ਫਿਲਹਾਲ ਕੋਈ ਲੋੜ ਨਹੀਂ ਜਾਪਦੀ, ਕਿਉਂਕਿ ਹਰਕਿਸ਼ਨ ਸਿੰਘ ਸੁਰਜੀਤ ਵਾਂਗ ਅੱਜ 'ਫਾਸੀਵਾਦੀ' ਨੀਤੀਆਂ ਖਿਲਾਫ ਡਟਣ ਵਾਲੇ ਆਪੋ-ਆਪਣੀ ਡਫਲੀ ਵਜਾਉਣੀ ਸ਼ੁਰੂ ਕਰ ਦੇਣਗੇ ਅਤੇ ਨਵੇਂ ਤੋਂ ਨਵਾਂ ਤਰਕ ਘੜ ਕੇ ਤੁਹਾਡੇ ਅੱਗੇ ਪਰੋਸਣ ਲੱਗ ਪੈਣਗੇ।

ਚੋਣ ਸਿਆਸਤ ਵਿਚ ਬਿਨਾ ਸ਼ੱਕ, ਬੜਾ ਕੁਝ ਅਸਾਧਾਰਨ ਵਾਪਰਦਾ ਰਿਹਾ ਹੈ; ਹੁਣ ਵੀ ਵਾਪਰ ਸਕਦਾ ਹੈ, ਇਹ ਕੋਈ ਮਸਲਾ ਨਹੀਂ ਹੈ ਪਰ ਮਸਲਾ ਉਦੋਂ ਬਣਦਾ ਹੈ ਜਦੋਂ ਸਾਰਾ ਕੁਝ ਸਿਰਫ ਚੋਣਾਂ ਤੱਕ ਹੀ ਸਿਮਟ ਜਾਂਦਾ ਹੈ। ਅੱਜ ਬੱਚਾ ਬੱਚਾ ਜਾਣ ਚੁਕਾ ਹੈ ਕਿ ਚੋਣਾਂ ਦੀ ਖੇਡ ਆਮ ਬੰਦੇ ਤੋਂ ਕਿੰਨੀ ਦੂਰ ਨਿਕਲ ਚੁਕੀ ਹੈ। ਜਿਸ ਬਦਲਵੀਂ ਸਿਆਸਤ ਦੀ ਤਾਂਘ ਲੋਕ-ਮਨਾਂ ਅੰਦਰ ਵਾਰ ਵਾਰ ਉਸਲਵੱਟੇ ਲੈਂਦੀ ਰਹੀ ਹੈ, ਕੀ ਸਿਰਫ ਚੁਣਾਵੀ ਸਿਆਸਤ ਨਾਲ ਸੰਭਵ ਹੈ? ਜਾਂ ਇਸ ਦੇ ਐਨ ਬਰਾਬਰ ਕੋਈ ਹੋਰ ਸਿਆਸਤ ਜਾਂ ਸਰਗਰਮੀ ਖੜ੍ਹੀ ਕਰਕੇ ਇਸ ਤਾਂਘ ਦੀ ਤੀਬਰਤਾ ਕੁਝ ਵਧ ਸਕਦੀ ਹੈ। ਚੁਣਾਵੀ ਸਿਆਸਤ ਨੇ ਵੋਟਰਾਂ ਨੂੰ ਬਹੁਤ ਬੁਰੀ ਤਰ੍ਹਾਂ ਜਾਤ, ਧਰਮ ਅਤੇ ਵੱਖ ਵੱਖ ਫਿਰਕਿਆਂ ਵਿਚ ਵੰਡ ਦਿੱਤਾ ਹੋਇਆ ਹੈ। ਪੱਕ ਚੁੱਕੀਆਂ ਇਨ੍ਹਾਂ ਪੈੜਾਂ ਨੂੰ ਮਿਟਾਏ ਬਿਨਾ, ਕੀ ਬਦਲਵੀਂ ਸਿਆਸਤ ਦੀਆਂ ਪੈੜਾਂ ਪਾਈਆਂ ਜਾ ਸਕਦੀਆਂ ਹਨ? ਚੰਦ ਸਾਲ ਪਹਿਲਾਂ ਲੋਕਾਂ ਅੰਦਰ ਆਸ ਦੀ ਕਿਰਨ ਪੈਦਾ ਕਰਨ ਵਾਲੀ ਆਮ ਆਦਮੀ ਪਾਰਟੀ ਦੀ ਸਿਆਸਤ ਨੇ ਇਹ ਭੁਲੇਖੇ ਐਨ ਚੰਗੀ ਤਰ੍ਹਾਂ ਦੂਰ ਕਰ ਦਿੱਤੇ ਹੋਣਗੇ।

ਇਸ ਲੇਖ ਦੀ ਪਾਕਿਸਤਾਨ ਤੋਂ ਹੋਈ ਸ਼ੁਰੂਆਤ ਵਾਂਗ ਸਮਾਪਤੀ ਵੀ ਪਾਕਿਸਤਾਨ ਦੇ ਹਵਾਲੇ ਨਾਲ ਹੋਣੀ ਹੈ। ਪਾਕਿਸਤਾਨ ਅੰਦਰ ਪਾਕਿਸਤਾਨੀ ਫੌਜ ਦੀ ਤਾਕਤ ਬਾਰੇ ਹੁਣ ਕੋਈ ਦੋ ਰਾਵਾਂ ਨਹੀਂ। ਜਨਰਲ ਜ਼ਿਆ-ਉਲ ਹੱਕ ਨੇ ਆਪਣੇ ਕਾਰਜਕਾਲ (1979-1988) ਦੌਰਾਨ ਫੌਜ ਦਾ ਕਾਰੋਬਾਰ ਬਹੁਤ ਫੈਲਾਇਆ। ਇਥੇ ਕਾਰੋਬਾਰ ਦਾ ਮਤਲਬ ਸਿਰਫ ਫੌਜੀ ਤਾਕਤ ਨਹੀਂ। ਇਸੇ ਤਰਜ਼ ਉਤੇ ਭਾਰਤ ਅੰਦਰ ਪੰਜ ਸਾਲਾਂ ਦੌਰਾਨ ਫੈਲੀ ਨਰਿੰਦਰ ਮੋਦੀ ਦੀ ਸਿਆਸਤ ਬਾਰੇ ਕੀ ਖਿਆਲ ਹੈ? ਇਥੇ ਵੀ ਸਿਆਸਤ ਦਾ ਮਤਲਬ ਸਿਰਫ ਸਿਆਸੀ ਤਾਕਤ ਨਹੀਂ ਹੈ।

ਪਿਛਲੇ ਸਾਲ ਜਦੋਂ ਦੋਹਾਂ ਮੁਲਕਾਂ ਵਿਚਾਲੇ ਕਰਤਾਰਪੁਰ ਲਾਂਘੇ ਵਾਲੀ ਮੁਹੱਬਤੀ ਫਿਜ਼ਾ ਰੁਮਕੀ ਸੀ ਤਾਂ ਇਸ ਤੌਖਲੇ ਨੇ ਸਿਰ ਉਠਾਇਆ ਸੀ ਕਿ ਇਹ ਪ੍ਰਾਜੈਕਟ ਸਾਲ ਭਰ ਵਿਚ ਮੁਕੰਮਲ ਹੋਣਾ ਹੈ; ਇਸ ਪ੍ਰਾਜੈਕਟ ਦੌਰਾਨ ਹੀ ਲੋਕ ਸਭਾ ਚੋਣਾਂ ਵੀ ਹੋਣੀਆਂ ਹਨ; ਤੇ ਭਾਰਤੀ ਜਨਤਾ ਪਾਰਟੀ ਦੀ ਕੋਈ ਵੀ ਚੋਣ ਪਾਕਿਸਤਾਨ ਦੀ ਚਰਚਾ ਤੋਂ ਬਿਨਾ ਕਦੀ ਮੁਕੰਮਲ ਨਹੀਂ ਹੁੰਦੀ। ਇਸ ਸੂਰਤ ਵਿਚ ਅਗਾਂਹ ਕੀ ਕੀ ਹਾਲਾਤ ਬਣਨਗੇ-ਵਿਗਸਣਗੇ, ਕੱਲ੍ਹ ਤੱਕ ਆਮ ਲੋਕ ਨੂੰ ਚਿੱਤ-ਚੇਤਾ ਵੀ ਨਹੀਂ ਸੀ। ਲੱਗਦਾ ਨਹੀਂ ਕਿ ਸੱਤਾਧਾਰੀਆਂ ਨੇ ਚੋਣਾਂ ਲਈ 'ਸਾਜ਼ਗਾਰ' ਮਾਹੌਲ ਦੀ ਸਿਰਜਣਾ ਲਈ ਚਿਰ ਪਹਿਲਾਂ ਜੰਮੂ ਕਸ਼ਮੀਰ ਵਿਚ ਸਰਕਾਰ ਤੋੜ ਕੇ ਰੱਖ ਦਿੱਤੀ ਸੀ, ਬੱਸ ਇਸ ਦਾ ਪ੍ਰਗਟਾਓ ਹੀ ਹੁਣ ਹੋਇਆ ਹੈ। ਜਮਹੂਰੀਅਤ ਦਾ ਜਨਾਜ਼ਾ ਇਸ ਵਾਰ ਚਾਰ ਨਹੀਂ, ਚਾਲੀ ਪਰਿਵਾਰਾਂ ਦੇ ਮੋਢਿਆਂ ਉਤੇ ਧਰਿਆ ਦਿਸੀ ਜਾਂਦਾ ਹੈ। ਜੇ ਹਾਲਾਤ ਇਉਂ ਵੋਟਾਂ ਦੀ ਛਾਂਵੇਂ ਛਾਂਵੇਂ ਬਣਨੇ-ਵਿਗਸਣੇ ਹਨ, ਤਾਂ ਫਿਰ ਗੱਠਜੋੜਾਂ ਰਾਹੀਂ ਸੱਤਾਧਾਰੀਆਂ ਨੂੰ ਸੱਤਾ ਉਤੇ ਕਬਜ਼ਾ ਕਰਨ ਤੋਂ ਡੱਕਣ ਦੀ ਵੀ ਕੀ ਅਤੇ ਕਿੰਨੀ ਕੁ ਵੁਕਅਤ ਰਹਿ ਜਾਂਦੀ ਹੈ! ਜਾਹਰ ਹੈ ਕਿ ਟੁਣਕਵੀਂ ਬਦਲਵੀਂ ਸਿਆਸਤ ਦੀ ਚਾਬੀ ਕਿਤੇ ਹੋਰ ਪਈ ਹੈ।



***ਭਾਰਤ ਅਤੇ ਪਾਕਿਸਤਾਨ ਵਿਚਾਲੇ ਰਿਸ਼ਤਾ ਇਕ ਵਾਰ ਫਿਰ ਇਕੋ ਝਟਕੇ ਨਾਲ ਬਹੁਤ ਪਿਛਾਂਹ ਖਿਸਕ ਗਿਆ ਹੈ। ਪਿਛਲੇ ਸਾਲ ਜਦੋਂ ਦੋਹਾਂ ਮੁਲਕਾਂ ਵਿਚਾਲੇ ਕਰਤਾਰਪੁਰ ਲਾਂਘੇ ਵਾਲੀ ਮੁਹੱਬਤੀ ਫਿਜ਼ਾ ਰੁਮਕੀ ਸੀ ਤਾਂ ਇਸ ਤੌਖਲੇ ਨੇ ਸਿਰ ਚੁੱਕਿਆ ਸੀ ਕਿ ਇਹ ਪ੍ਰਾਜੈਕਟ ਸਾਲ ਭਰ ਵਿਚ ਮੁਕੰਮਲ ਹੋਣਾ ਹੈ; ਇਸ ਪ੍ਰਾਜੈਕਟ ਦੌਰਾਨ ਹੀ ਲੋਕ ਸਭਾ ਚੋਣਾਂ ਵੀ ਹੋਣੀਆਂ ਹਨ; ਤੇ ਭਾਰਤੀ ਜਨਤਾ ਪਾਰਟੀ ਦੀ ਕੋਈ ਵੀ ਚੋਣ ਪਾਕਿਸਤਾਨ ਦੀ ਚਰਚਾ ਤੋਂ ਬਗੈਰ ਕਦੀ ਮੁਕੰਮਲ ਨਹੀਂ ਹੁੰਦੀ। ਇਸ ਸੂਰਤ ਵਿਚ ਅਗਾਂਹ ਕੀ-ਕੀ ਹਾਲਾਤ ਬਣਨਗੇ-ਵਿਗਸਣਗੇ, ਕੱਲ੍ਹ ਤੱਕ ਆਮ ਲੋਕ ਨੂੰ ਚਿੱਤ-ਚੇਤਾ ਵੀ ਨਹੀਂ ਸੀ।... ਤੇ ਹੁਣ ਉਹੀ ਗੱਲ ਹੋਈ ਹੈ। ਆਪਸੀ ਤਣਾਅ ਸਿਖਰਾਂ ਛੋਹ ਰਿਹਾ ਹੈ।***

# ਆਦਿਵਾਸੀਆਂ ਨੂੰ ਉਜਾੜ ਦੇਵੇਗਾ ਸੁਪਰੀਮ ਕੋਰਟ ਦਾ ਆਦੇਸ਼

13 ਫਰਵਰੀ ਨੂੰ ਸੁਪਰੀਮ ਕੋਰਟ ਦੇ ਤਿੰਨ ਮੈਂਬਰੀ ਬੈਂਚ ਦੇ ਫੈਸਲੇ ਨੇ ਜੰਗਲਾਂ ਦੇ ਆਦਿਵਾਸੀਆਂ ਨੂੰ ਹੁਕਮਰਾਨਾਂ ਅਤੇ ਕਾਰਪੋਰੇਟ ਸਰਮਾਏਦਾਰਾਂ ਦੇ ਨਾਪਾਕ ਗੱਠਜੋੜ ਵੱਲੋਂ ਜੰਗਲਾਂ ਵਿਚੋਂ ਧੱਕੇ ਨਾਲ ਉਜਾੜਨ ਦਾ ਰਾਹ ਕਾਨੂੰਨੀ ਤੌਰ 'ਤੇ ਸਾਫ ਕਰ ਦਿੱਤਾ ਹੈ। ਫੈਸਲੇ ਵਿਚ 21 ਸੂਬਿਆਂ ਨੂੰ ਆਦੇਸ਼ ਦਿੱਤਾ ਗਿਆ ਹੈ ਕਿ ਮਾਮਲੇ ਦੀ ਅਗਲੀ ਸੁਣਵਾਈ ਦੀ ਤਾਰੀਕ, ਭਾਵ 27 ਜੁਲਾਈ 2019 ਤੋਂ ਪਹਿਲਾਂ ਪਹਿਲਾਂ ਜੰਗਲਾਂ ਉਪਰ ਗ਼ੈਰਕਾਨੂੰਨੀ ਤੌਰ 'ਤੇ ਕਾਬਜ਼ ਲੋਕਾਂ ਨੂੰ ਉਥੋਂ ਬੇਦਖਲ ਕਰ ਦਿੱਤਾ ਜਾਵੇ ਅਤੇ ਇਸ ਦੀ ਰਿਪੋਰਟ ਅਦਾਲਤ ਵਿਚ ਪੇਸ਼ ਕੀਤੀ ਜਾਵੇ। ਇਸ ਅਦਾਲਤੀ ਆਦੇਸ਼ ਨੇ ਇਕੋ ਝਟਕੇ ਨਾਲ ਜੰਗਲਾਂ ਦੇ ਲੱਖਾਂ ਬਾਸ਼ਿੰਦਿਆਂ ਨੂੰ ਗ਼ੈਰਕਾਨੂੰਨੀ ਐਲਾਨ ਦਿੱਤਾ। ਉਨ੍ਹਾਂ ਦੀ ਹੋਂਦ ਹੀ ਖਤਰੇ ਵਿਚ ਪੈ ਗਈ ਹੈ। ਮੀਡੀਆ ਅੰਦਰ ਇਸ ਦਾ ਖੁਲਾਸਾ ਹਫਤੇ ਪਿਛੋਂ ਹੋਇਆ।

**ਬੂਟਾ ਸਿੰਘ**
ਫੋਨ: +91-94634-74342

ਦੂਰ-ਦਰਾਜ ਜੰਗਲਾਂ ਵਿਚ ਰਹਿ ਰਹੇ ਲੋਕਾਂ ਤਕ ਤਾਂ ਇਹ ਜਾਣਕਾਰੀ ਹੋਰ ਵੀ ਲੇਟ ਪਹੁੰਚੇਗੀ।

ਬਹੁਤ ਸਾਰੀਆਂ ਜਥੇਬੰਦੀਆਂ ਅਤੇ ਕਾਰਕੁਨਾਂ ਦੇ ਲਗਾਤਾਰ ਸੰਘਰਸ਼ ਦੇ ਨਤੀਜੇ ਵਜੋਂ ਆਦਿਵਾਸੀਆਂ ਅਤੇ ਜੰਗਲਾਂ ਦੇ ਹੋਰ ਬਾਸ਼ਿੰਦਿਆਂ ਨੂੰ ਕਾਨੂੰਨੀ ਸੁਰੱਖਿਆ ਮਿਲੀ ਸੀ। ਉਹ ਲੰਮੇ ਸਮੇਂ ਤੋਂ ਇਹ ਮੰਗ ਕਰ ਰਹੇ ਸਨ ਕਿ ਹਾਸ਼ੀਏ 'ਤੇ ਧੱਕੇ ਇਹਨਾਂ ਲੋਕਾਂ ਨਾਲ ਇਤਿਹਾਸਕ ਤੌਰ 'ਤੇ ਜੋ ਅਨਿਆਂ ਕੀਤਾ ਗਿਆ ਹੈ, ਉਸ ਨੂੰ ਕਾਨੂੰਨੀ ਤੌਰ 'ਤੇ ਦਰੁਸਤ ਕੀਤਾ ਜਾਵੇ। ਜੰਗਲ ਉਪਰ ਆਦਿਵਾਸੀਆਂ ਦੇ ਕੁਦਰਤੀ ਹੱਕ ਨੂੰ ਮਹਿਫੂਜ਼ ਬਣਾਉਣ ਲਈ ਸੰਘਰਸ਼ ਦੇ ਸਿੱਟੇ ਵਜੋਂ ਦਸੰਬਰ 2006 ਵਿਚ ਰਾਸ਼ਟਰਪਤੀ ਦੀ ਮਨਜ਼ੂਰੀ ਤੋਂ ਬਾਅਦ ਜੰਗਲਾਤ ਹੱਕ ਕਾਨੂੰਨ ਪਾਸ ਕੀਤਾ ਗਿਆ ਸੀ ਜੋ 'ਸੂਚੀਦਰਜ ਕਬੀਲੇ ਅਤੇ ਹੋਰ ਰਵਾਇਤੀ ਜੰਗਲ ਵਾਸੀ ਜੰਗਲਾਤ ਹੱਕਾਂ ਦੀ ਮਾਨਤਾ) ਐਕਟ 2006' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਵਾਈਲਡ ਲਾਈਫ ਫਸਟ, ਨੇਚਰ ਕਨਜ਼ਰਵੇਸ਼ਨ ਸੁਸਾਇਟੀ ਅਤੇ ਟਾਈਗਰ ਰਿਸਰਚ ਐਂਡ ਕਨਜ਼ਰਵੇਸ਼ਨ ਟਰੱਸਟ ਆਦਿ ਐਨ.ਜੀ.ਓ. ਵਲੋਂ ਸੁਪਰੀਮ ਕੋਰਟ ਵਿਚ ਪਟੀਸ਼ਨ ਦਾਇਰ ਕਰਕੇ ਇਸ ਕਾਨੂੰਨ ਦੀ ਸੰਵਿਧਾਨਕ ਵਾਜਬੀਅਤ ਨੂੰ ਚੁਣੌਤੀ ਦਿੱਤੀ ਗਈ। ਦਰਅਸਲ, ਸ਼ੁਰੂ ਤੋਂ ਹੀ ਵਣ ਵਿਭਾਗ ਅਤੇ ਵਾਤਾਵਰਣ ਲਾਬੀ ਵਲੋਂ ਪਹਿਲਾਂ ਇਹ ਕਾਨੂੰਨ ਬਣਾਏ ਜਾਣ ਅਤੇ ਫਿਰ ਇਸ ਦੇ ਲਾਗੂ ਕੀਤੇ ਜਾਣ ਦੇ ਰਾਹ ਵਿਚ ਲਗਾਤਾਰ ਅੜਿੱਕੇ ਖੜ੍ਹੇ ਕੀਤੇ ਜਾ ਰਹੇ ਸਨ।

ਸੁਪਰੀਮ ਕੋਰਟ ਅੰਦਰ ਸੁਣਵਾਈ ਅਧੀਨ ਇਸ ਮਾਮਲੇ ਵਿਚ ਤਿੰਨ ਮੁੱਖ ਮੁੱਦੇ ਸ਼ਾਮਲ ਸਨ। ਪਹਿਲਾ, ਜੰਗਲਾਤ ਹੱਕ ਕਾਨੂੰਨ-2006 ਦੀ ਜ਼ਰੂਰਤ ਨਹੀਂ ਹੈ, ਭਾਰਤੀ ਜੰਗਲਾਤ ਐਕਟ ਅਤੇ ਜੰਗਲੀ ਜੀਵਨ ਸੁਰੱਖਿਆ ਐਕਟ ਤਹਿਤ ਜੰਗਲਾਂ ਦੇ ਬਾਸ਼ਿੰਦਿਆਂ ਨੂੰ ਪਹਿਲਾਂ ਹੀ ਲੋੜੀਂਦੀ ਸੁਰੱਖਿਆ ਦਿੱਤੀ ਹੋਈ ਹੈ। ਅਤੇ ਜੰਗਲਾਤ ਹੱਕ ਕਾਨੂੰਨ ਦੀ ਭਾਵਨਾ ਜੰਗਲਾਤ ਕਾਨੂੰਨਾਂ ਅਤੇ ਇਹਨਾਂ ਦੀ ਸਾਂਭ-ਸੰਭਾਲ ਦੀ ਉਲੰਘਣਾ ਕਰਦੀ ਹੈ।

ਦੂਸਰਾ, ਜੰਗਲਾਤ ਹੱਕਾਂ ਨੂੰ ਮਾਨਤਾ ਦੇਣ ਬਾਰੇ ਤੈਅ ਕਰਨ ਦਾ ਹੱਕ ਕੇਵਲ ਜੰਗਲਾਤ ਅਧਿਕਾਰੀਆਂ ਨੂੰ ਹੋਣਾ ਚਾਹੀਦਾ ਹੈ ਅਤੇ ਗ੍ਰਾਮ ਸਭਾ ਨੂੰ ਕੋਈ ਹੱਕ ਨਹੀਂ ਹੋਣਾ ਚਾਹੀਦਾ ਕਿਉਂਕਿ ਇਸ ਸੰਸਥਾ ਦੀ ਕੋਈ ਮੁਹਾਰਤ ਨਹੀਂ ਹੈ।

ਤੀਸਰਾ, ਪਟੀਸ਼ਨ ਕਰਤਾਵਾਂ ਅਨੁਸਾਰ ਜੰਗਲਾਂ ਵਿਚ ਰਹਿ ਰਹੇ ਲੋਕ 'ਨਜਾਇਜ਼ ਕਾਬਜ਼' ਹਨ, ਇਹਨਾਂ ਨੂੰ ਜੰਗਲਾਂ ਵਿਚੋਂ ਬੇਦਖਲ ਕੀਤਾ ਜਾਣਾ ਚਾਹੀਦਾ ਹੈ ਕਿ ਜੰਗਲਾਤ ਹੱਕ ਕਾਨੂੰਨ ਕਾਰਨ ਵੱਡੀ ਤਾਦਾਦ ਵਿਚ ਜਾਅਲੀ ਦਾਅਵੇ ਪੇਸ਼ ਕੀਤੇ ਗਏ। ਜਿਹਨਾਂ ਦੇ ਦਾਅਵੇ ਖਾਰਜ ਹੋ ਚੁੱਕੇ ਹਨ, ਉਨ੍ਹਾਂ ਨੂੰ ਸਰਕਾਰਾਂ ਵਲੋਂ ਜੰਗਲਾਂ ਵਿਚੋਂ ਕੱਢਿਆ ਨਹੀਂ ਜਾ ਰਿਹਾ।

ਇਸ 'ਤੇ ਸੁਪਰੀਮ ਕੋਰਟ ਦੇ ਇਕ ਤਿੰਨ ਮੈਂਬਰੀ ਬੈਂਚ ਨੇ 29 ਜਨਵਰੀ 2016 ਨੂੰ ਸਾਰੇ ਸੂਬਿਆਂ ਨੂੰ ਆਦੇਸ਼ ਦਿੱਤਾ ਕਿ ਉਹ 31 ਦਸੰਬਰ 2017 ਤਕ ਅਦਾਲਤ ਨੂੰ ਅਧਿਕਾਰਤ ਜਾਣਕਾਰੀ ਦੇਣ ਕਿ ਕਿੰਨੀ ਜ਼ਮੀਨ ਉਪਰ ਦਾਅਵਾ ਕੀਤੇ ਗਏ ਅਤੇ ਸੂਚੀਦਰਜ ਕਬੀਲਿਆਂ ਤੇ ਹੋਰ ਰਵਾਇਤੀ ਜੰਗਲ ਵਾਸੀਆਂ ਦੇ ਖਾਰਜ ਹੋਏ ਦਾਅਵਿਆਂ ਦੀ ਤਾਦਾਦ ਕਿੰਨੀ ਹੈ। ਅਦਾਲਤ ਵਿਚ ਪੇਸ਼ ਕੀਤੇ ਅੰਕੜਿਆਂ ਅਨੁਸਾਰ ਵੱਖੋ-ਵੱਖਰੇ ਸੂਬਿਆਂ ਵਿਚ ਯੋਗ ਸਰਕਾਰੀ ਅਥਾਰਟੀਜ਼ ਅੱਗੇ 44 ਲੱਖ ਦਾਅਵੇ ਪੇਸ਼ ਕੀਤੇ ਗਏ ਸਨ। ਇਹਨਾਂ ਵਿਚੋਂ 13 ਲੱਖ 86 ਹਜ਼ਾਰ 549 ਦਾਅਵੇ ਖਾਰਜ ਕਰ ਦਿੱਤੇ ਗਏ। ਜ਼ਾਹਿਰ ਹੈ ਜੰਗਲ ਵਾਸੀਆਂ ਨੂੰ 'ਨਜਾਇਜ਼ ਕਾਬਜ਼' ਦੇ ਨਾਂ ਹੇਠ ਬੇਤਹਾਸ਼ਾ ਤੌਰ 'ਤੇ ਉਜਾੜਿਆ ਜਾਵੇਗਾ।

ਇਹਨਾਂ ਸੂਬਿਆਂ ਦੇ ਕੁਲ ਖਾਰਜ ਦਾਅਵਿਆਂ ਦੀ ਸੂਚੀ ਦੱਸਦੀ ਹੈ ਕਿ ਸਰਕਾਰੀ ਤੰਤਰ ਦਾ ਸਾਰਾ ਜ਼ੋਰ ਜੰਗਲਾਤ ਹੱਕ ਕਾਨੂੰਨ ਤਹਿਤ ਜੰਗਲ ਦੇ ਬਾਸ਼ਿੰਦਿਆਂ ਦੇ ਹੱਕਾਂ ਨੂੰ ਮਹਿਫੂਜ਼ ਬਣਾਏ ਜਾਣ ਤੋਂ ਰੋਕਣ ਅਤੇ ਉਨ੍ਹਾਂ ਦੇ ਦਾਅਵਿਆਂ ਨੂੰ ਖਾਰਜ ਕਰਨ ਉਪਰ ਲੱਗਿਆ ਹੋਇਆ ਸੀ। ਕਈ ਸੂਬਿਆਂ ਅੰਦਰ ਮਨਜ਼ੂਰ ਕੀਤੇ ਦਾਅਵਿਆਂ ਦੇ ਮੁਕਾਬਲੇ ਖਾਰਜ ਕੀਤੇ ਦਾਅਵਿਆਂ ਦੀ ਤਾਦਾਦ ਅਸਧਾਰਨ ਤੌਰ 'ਤੇ ਜ਼ਿਆਦਾ ਹੈ।

ਇਹ ਗੱਲ ਨੋਟ ਕਰਨ ਵਾਲੀ ਹੈ ਕਿ ਅਖੌਤੀ ਵਾਤਾਵਰਨ ਲਾਬੀ ਵੱਲੋਂ ਆਪਣਾ ਪੱਖ ਵਕੀਲਾਂ ਦੀ ਟੀਮ ਜ਼ਰੀਏ ਪ੍ਰਭਾਵਸ਼ਾਲੀ ਤਰੀਕੇ ਨਾਲ ਰੱਖਿਆ ਗਿਆ। ਦੂਜੇ ਪਾਸੇ, ਜਿਹਨਾਂ ਮੰਤਰਾਲਿਆਂ ਤੇ ਕਮਿਸ਼ਨਾਂ ਨੂੰ ਕਬਾਇਲੀ ਲੋਕਾਂ ਦੇ ਹਿਤਾਂ ਦੀ ਰਾਖੀ ਦਾ ਜ਼ਿੰਮਾ ਦਿੱਤਾ ਗਿਆ ਹੈ, ਖਾਸ ਕਰਕੇ ਕੇਂਦਰ ਸਰਕਾਰ ਦਾ ਵਾਤਾਵਰਨ ਤੇ ਵਣ ਮੰਤਰਾਲਾ ਅਤੇ ਕਬਾਇਲੀ ਮਾਮਲਿਆਂ ਦਾ ਮੰਤਰਾਲਾ ਜਾਂ ਸੂਚੀਦਰਜ ਕਬੀਲਿਆਂ ਬਾਰੇ ਕੌਮੀ ਕਮਿਸ਼ਨ, ਉਨ੍ਹਾਂ ਦਾ ਐਨੇ ਮਹੱਤਵਪੂਰਨ ਮਾਮਲੇ ਨੂੰ ਨਜ਼ਰਅੰਦਾਜ਼ ਕਰਨਾ ਮੋਦੀ ਸਰਕਾਰ ਦੀ ਸੋਚੀ-ਸਮਝੀ ਨੀਤੀ ਸੀ। ਸਰਕਾਰ ਦੀ ਨੁਮਾਇੰਦਗੀ ਕਰਦਾ ਇਕ ਵੀ ਵਕੀਲ ਫੈਸਲੇ ਦੇ ਦਿਨ ਅਦਾਲਤ ਵਿਚ ਮੌਜੂਦ ਨਹੀਂ ਸੀ ਜੋ ਜੇ.ਐਨ.ਯੂ. ਦੇ ਵਿਦਿਆਰਥੀ ਆਗੂਆਂ ਦੀ ਕੁੱਟਮਾਰ ਕਰਨ ਲਈ ਅਦਾਲਤ ਵਿਚ ਕਾਲੇ ਕੋਟਾਂ ਵਾਲਿਆਂ ਦੀ ਉਚੇਚੀ ਧਾੜ ਭੇਜਣ ਅਤੇ ਲੋਕਪੱਖੀ ਬੁੱਧੀਜੀਵੀਆਂ ਤੇ ਕਾਰਕੁਨਾਂ ਨੂੰ ਜੇਲ੍ਹਾਂ ਵਿਚ ਸਾੜਨ ਲਈ ਆਪਣੇ ਚੋਟੀ ਦੇ ਕਾਨੂੰਨੀ ਮਾਹਰਾਂ ਨੂੰ ਭੇਜਣ ਲੱਗਿਆਂ ਅਸਾਧਾਰਨ ਫੁਰਤੀ ਦਿਖਾਉਂਦੀ ਹੈ।

ਨਿਸ਼ਚੇ ਹੀ, ਕੇਂਦਰ ਸਰਕਾਰ ਵੱਲੋਂ ਜਾਣ-ਬੁੱਝ ਕੇ ਅਦਾਲਤ ਵਿਚ ਕਬਾਇਲੀ ਲੋਕਾਂ ਦੇ ਹੱਕਾਂ ਦੀ ਪੈਰਵੀ ਨਹੀਂ ਕੀਤੀ ਗਈ। ਹੁਕਮਰਾਨ ਤਾਂ ਖੁਦ ਜੰਗਲਾਤ ਹੱਕ ਕਾਨੂੰਨ ਨੂੰ ਗ਼ਲੋਂ ਲਾਹੁਣਾ ਚਾਹੁੰਦੇ ਹਨ ਜਿਸ ਤਹਿਤ ਉਨ੍ਹਾਂ ਨੂੰ ਕਬਾਇਲੀਆਂ ਦੀ ਜ਼ਮੀਨ ਖੋਹ ਕੇ ਕਾਰਪੋਰੇਟ ਪ੍ਰੋਜੈਕਟਾਂ ਦੇ ਹਵਾਲੇ ਕਰਨ ਵਿਚ ਭਾਰੀ ਮੁਸ਼ਕਲਾਂ ਅਤੇ ਰੁਕਾਵਟਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਸਵਾਲ ਤਾਂ ਇਹ ਹੈ ਕਿ ਅਦਾਲਤ ਵੱਲੋਂ ਕੇਂਦਰ ਸਰਕਾਰ ਦੀ ਨੁਮਾਇੰਦਗੀ ਦੀ ਗ਼ੈਰਹਾਜ਼ਰੀ ਦਾ ਕੋਈ ਨੋਟਿਸ ਕਿਉਂ ਨਹੀਂ ਲਿਆ ਗਿਆ। ਖਾਸ ਕਰਕੇ ਜਦੋਂ ਪਟੀਸ਼ਨਕਰਤਾ ਕਾਨੂੰਨ ਦੀ ਵਾਜਬੀਅਤ ਨੂੰ ਚੁਣੌਤੀ ਦੇ ਰਹੇ ਸਨ, ਬੈਂਚ ਨੇ ਕੇਂਦਰ ਸਰਕਾਰ ਜਾਂ ਇਸ ਦੇ ਵਾਤਾਵਰਨ ਅਤੇ ਵਣ ਮੰਤਰਾਲੇ ਦੀ ਹਾਜ਼ਰੀ ਯਕੀਨੀ ਕਿਉਂ ਨਹੀਂ ਬਣਾਈ। ਜੰਗਲ ਦੇ ਬਾਸ਼ਿੰਦਿਆਂ ਦੇ ਹਿਤਾਂ ਲਈ ਵਿਸ਼ੇਸ਼ ਜੰਗਲਾਤ ਹੱਕ ਕਾਨੂੰਨ ਬਣਾਏ ਜਾਣ ਦੇ ਮੱਦੇਨਜ਼ਰ ਸੁਪਰੀਮ ਕੋਰਟ ਨੇ ਇਹ ਨੋਟਿਸ ਕਿਉਂ ਨਹੀਂ ਲਿਆ ਕਿ ਸਰਕਾਰ ਵੱਲੋਂ ਇਸ ਕਾਨੂੰਨ ਦੇ ਉਦੇਸ਼ ਦੀ ਰਾਖੀ ਕਰਨ ਦੀ ਜ਼ਿੰਮੇਵਾਰੀ ਸਰਕਾਰ ਕਿਉਂ ਨਹੀਂ ਨਿਭਾ ਰਹੀ?

ਸੁਪਰੀਮ ਕੋਰਟ ਦਾ ਆਦਿਵਾਸੀਆਂ ਤੇ ਹੋਰ ਹਾਸ਼ੀਆਗ੍ਰਸਤ ਲੋਕਾਂ ਦੇ ਜੰਗਲ ਉਪਰ ਦਾਅਵਿਆਂ ਨੂੰ ਭ੍ਰਿਸ਼ਟਾਚਾਰ ਲਈ ਬਦਨਾਮ ਵਣ ਵਿਭਾਗ ਵੱਲੋਂ ਖਾਰਜ ਕਰ ਦੇਣ ਨੂੰ ਸਵੀਕਾਰ ਕਰ ਲੈਣਾ ਤਾਂ ਹੋਰ ਵੀ ਅਜੀਬ ਹੈ ਜੋ ਸਦੀਆਂ ਤੋਂ ਉਥੇ ਰਹਿ ਰਹੇ ਹਨ। ਇਹ ਤੱਥ ਨੂੰ ਨਜ਼ਰਅੰਦਾਜ਼ ਪਿੱਛੇ ਕੀ ਵਜ੍ਹਾ ਹੈ ਕਿ ਵਣ ਵਿਭਾਗ ਤਾਂ ਖੁਦ ਆਦਿਵਾਸੀ ਲੋਕਾਂ ਨੂੰ ਦਬਾਉਣ ਅਤੇ ਉਨ੍ਹਾਂ ਦੇ ਹੱਕ ਖੋਹਣ ਵਾਲੀ ਘੋਰ ਬਦਨਾਮ ਸਰਕਾਰੀ ਮਹਿਕਮਾ ਹੈ।

ਕਿਹੜੇ ਕਬਜ਼ੇ ਜਾਇਜ਼ ਹਨ ਅਤੇ ਕਿਹੜੇ ਨਜਾਇਜ਼, ਇਸ ਨੂੰ ਤੈਅ ਕਰਨ ਦਾ ਅਮਲ ਪੂਰੀ ਤਰ੍ਹਾਂ ਵਿਵਾਦਾਂ ਵਿਚ ਘਿਰਿਆ ਰਿਹਾ ਹੈ। ਕੇਂਦਰ ਸਰਕਾਰ ਵੱਲੋਂ ਇਕ ਵਿਸ਼ੇਸ਼ ਕਮੇਟੀ 'ਕਬਾਇਲੀ ਭਾਈਚਾਰਿਆਂ ਦੀ ਸਮਾਜੀ-ਆਰਥਕ, ਸਿਹਤ ਅਤੇ ਸਿਖਿਆ ਦੀ ਸਥਿਤੀ ਬਾਰੇ ਉਚ ਪੱਧਰੀ ਕਮੇਟੀ' ਬਣਾਈ ਗਈ ਸੀ। ਕਮੇਟੀ ਦੀ 2014 ਦੀ ਰਿਪੋਰਟ ਅਨੁਸਾਰ ਮੁਲਕ ਦੇ ਜੰਗਲ ਦਾ 60ਫੀ ਸਦੀ ਰਕਬਾ ਕਬਾਇਲੀ ਇਲਾਕੇ ਹਨ ਜਿਹਨਾਂ ਨੂੰ ਧਾਰਾ 19(5) ਅਤੇ ਸੰਵਿਧਾਨ ਦੀ ਪੰਜਵੀਂ ਅਤੇ ਛੇਵੀਂ ਸੂਚੀ ਤਹਿਤ ਸੁਰੱਖਿਆ ਦਿੱਤੀ ਗਈ ਹੈ। ਬਹੁਤ ਸਾਰੇ ਅਧਿਐਨਾਂ ਵਿਚ ਜੰਗਲਾਂ ਦੇ ਬਾਸ਼ਿੰਦਿਆਂ ਦੇ ਹੱਕਾਂ ਦੇ ਦਾਅਵਿਆਂ ਦੀ ਪੁਣਛਾਣ ਕਰਨ ਦੇ ਅਮਲ ਵਿਚਲੀਆਂ ਘੋਰ ਤਰੁੱਟੀਆਂ ਸਾਹਮਣੇ ਆ ਚੁੱਕੀਆਂ ਹਨ। ਜਿਹਨਾਂ ਦੇ ਉਚੇਚੇ ਹਵਾਲੇ ਦਿੰਦਿਆਂ ਉਪਰੋਕਤ ਕਮੇਟੀ ਵੱਲੋਂ ਕੀਤੀ ਟਿੱਪਣੀ ਗ਼ੌਰਤਲਬ ਹੈ। ਜਿਸ ਵਿਚ ਕਿਹਾ ਗਿਆ, "ਦਾਅਵੇ ਬਿਨਾ ਕੋਈ ਕਾਰਨ ਦੱਸੇ ਜਾਂ (ਓ.ਟੀ.ਐਫ.ਡੀ. - ਜੰਗਲ ਦੇ ਹੋਰ ਰਵਾਇਤੀ ਬਾਸ਼ਿੰਦੇ) ਦੀ ਗ਼ਲਤ ਪ੍ਰੀਭਾਸ਼ਾ ਜਾਂ 'ਨਿਰਭਰ' ਕਲਾਜ ਦੇ ਆਧਾਰ 'ਤੇ ਜਾਂ ਮਹਿਜ਼ ਸਬੂਤ ਦੀ ਘਾਟ ਜਾਂ 'ਜੀ.ਪੀ.ਐਸ. ਸਰਵੇ' ਨਾ ਹੋਣ ਕਾਰਨ (ਇਹਨਾਂ ਘਾਟਾਂ ਕਾਰਨ ਇਹ ਦਾਅਵੇ ਸਿਰਫ ਹੇਠਲੇ ਅਦਾਰਿਆਂ ਨੂੰ ਵਾਪਸ ਭੇਜੇ ਜਾਣੇ ਚਾਹੀਦੇ ਸਨ), ਜਾਂ ਇਸ ਕਾਰਨ ਕਿ ਜ਼ਮੀਨ ਗ਼ਲਤ ਤੌਰ 'ਤੇ 'ਜੰਗਲ ਦੀ ਜ਼ਮੀਨ ਨਹੀਂ' ਮੰਨ ਲਈ ਗਈ, ਜਾਂ ਸਿਰਫ ਇਸ ਕਾਰਨ ਕਿ ਜੰਗਲਾਤ ਜੁਰਮ ਦੀਆਂ ਰਸੀਦਾਂ ਨੂੰ ਯੋਗ ਸਬੂਤ ਮੰਨਿਆ ਜਾਂਦਾ ਹੈ, ਖਾਰਜ ਕੀਤੇ ਜਾ ਰਹੇ ਹਨ। ਇਸ ਦੀ ਸੂਚਨਾ ਦਾਅਵੇਦਾਰਾਂ ਨੂੰ ਨਹੀਂ ਦਿੱਤੀ ਜਾ ਰਹੀ, ਅਤੇ ਨਾ ਤਾਂ ਉਨ੍ਹਾਂ ਨੂੰ ਅਪੀਲ ਦੇ ਹੱਕ ਦੀ ਜਾਣਕਾਰੀ ਦਿੱਤੀ ਜਾ ਰਹੀ ਹੈ, ਨਾ ਇਸ ਦਾ ਲਾਭ ਲੈਣ ਵਿਚ ਸਹਾਇਤਾ ਕੀਤੀ ਜਾ ਰਹੀ ਹੈ।" ਜੇ ਜ਼ਮੀਨੀ ਪੱਧਰ 'ਤੇ ਸਥਿਤੀ ਐਨੀ ਗੰਭੀਰ ਹੈ ਫਿਰ ਸੁਪਰੀਮ ਕੋਰਟ ਦੇ ਜੱਜਾਂ ਨੇ ਕਿਸ ਅਧਾਰ 'ਤੇ ਦਾਅਵਿਆਂ ਨੂੰ ਖਾਰਜ ਕੀਤੇ ਮੰਨ ਕੇ ਭੋਲੇਭਾਲੇ ਆਦਿਵਾਸੀਆਂ ਨੂੰ 'ਨਜਾਇਜ਼ ਕਾਬਜ਼' ਕਰਾਰ ਦੇ ਦਿੱਤਾ?

ਸੁਪਰੀਮ ਕੋਰਟ ਨੇ 27 ਜੁਲਾਈ ਤੋਂ ਪਹਿਲਾਂ ਗ਼ੈਰਕਾਨੂੰਨੀ ਕਬਜ਼ਾਕਾਰਾਂ ਨੂੰ ਜੰਗਲਾਂ ਵਿਚੋਂ ਬੇਦਖਲ ਕਰਨ ਦਾ ਆਦੇਸ਼ ਦਿੱਤਾ ਹੈ। ਜੱਜਾਂ ਨੂੰ ਇਸ ਦੀ ਪ੍ਰਵਾਹ ਨਹੀਂ ਕਿ ਸਰਕਾਰੀ ਮਸ਼ੀਨਰੀ ਵੱਲੋਂ ਨਜਾਇਜ਼ ਕਰਾਰ ਦੇ ਕੇ ਜੰਗਲਾਂ ਵਿਚੋਂ ਬੇਦਖਲ ਕੀਤੇ ਇਹ ਲੋਕ ਕਿੱਥੇ ਜਾਣਗੇ? ਸ਼ਹਿਰਾਂ ਵਿਚ ਉਨ੍ਹਾਂ ਲਈ ਕੋਈ ਜਗ੍ਹਾ ਨਹੀਂ, ਉਥੋਂ ਤਾਂ ਪਹਿਲਾਂ ਹੀ ਗ਼ਰੀਬਾਂ ਅਤੇ ਹਾਸ਼ੀਆਗ੍ਰਸਤ ਲੋਕਾਂ ਨੂੰ ਬੇਕਿਰਕੀ ਨਾਲ ਉਜਾੜਿਆ ਜਾ ਰਿਹਾ ਹੈ?

ਜੰਗਲ ਦੇ ਵਾਸੀ ਜੰਗਲਾਂ ਨੂੰ ਆਪਣਾ ਜੀਵਨ ਦਾਤਾ ਮੰਨਦੇ ਹਨ ਅਤੇ ਕੁਦਰਤ ਨਾਲ ਪੂਰੀ ਇਕਸੁਰਤਾ ਵਾਲੀ ਜ਼ਿੰਦਗੀ ਗੁਜ਼ਾਰਦੇ ਹਨ। ਜੇ ਜੰਗਲ, ਪਹਾੜ ਸਮੇਤ ਕੁਦਰਤਾ ਚੌਗਿਰਦਾ ਬਚਿਆ ਹੋਇਆ ਹੈ ਤਾਂ ਇਹ ਜੰਗਲ ਵਾਸੀਆਂ ਦੀ ਬਦੌਲਤ ਹੈ। ਕਥਿਤ ਸਭਿਅਕ ਹਿੱਸੇ ਉਨ੍ਹਾਂ ਨੂੰ ਘੋਰ ਹਕਾਰਤ ਨਾਲ ਜਾਹਲ ਕਰਾਰ ਦੇ ਕੇ ਆਪਣੇ ਵਰਗਾ ਸਭਿਅਕ ਬਣਾਉਣਾ ਚਾਹੁੰਦੇ ਹਨ ਜੋ ਕੁਦਰਤੀ ਚੌਗਿਰਦੇ ਨੂੰ ਤਬਾਹ ਕਰਨ ਵਾਲੀ ਜੀਵਨ-ਜਾਚ ਹੈ। ਕਾਰਪੋਰੇਟ ਗਿਰਝਾਂ, ਅਤੇ ਅਖੌਤੀ ਵਿਕਾਸ ਦੀਆਂ ਹਾਮੀ ਸਰਕਾਰਾਂ ਤਾਂ ਕੁਦਰਤੀ ਵਸੀਲਿਆਂ ਦਾ ਧਾੜਵੀ ਸ਼ੋਸ਼ਣ ਕਰਨ ਲਈ ਜੰਗਲਾਂ, ਪਹਾੜਾਂ, ਨਦੀਆਂ ਆਦਿ ਨੂੰ ਬੇਤਹਾਸ਼ਾ ਤੌਰ 'ਤੇ ਤਬਾਹ ਕਰ ਰਹੀਆਂ ਹਨ। ਵਾਤਾਵਰਨ ਲਾਬੀ ਇਸੇ ਅਜੰਡੇ ਤਹਿਤ ਕੰਮ ਕਰ ਰਹੀ ਹੈ ਅਤੇ ਅਦਾਲਤੀ ਫੈਸਲੇ ਵੀ ਇਸ ਦੇ ਹੱਕ ਵਿਚ ਆ ਰਹੇ ਹਨ।

ਅਦਾਲਤ ਨੂੰ ਅਖਾਉਤੀ ਵਾਤਾਵਰਣ ਪ੍ਰੇਮੀਆਂ ਦੇ ਜਾਅਲੀ ਦਾਅਵੇ ਤਾਂ ਸਵੀਕਾਰ ਹਨ, ਜਿਹਨਾਂ ਵਿਚ ਇਨਸਾਨਾਂ ਦੀ ਕੋਈ ਜਗ੍ਹਾ ਨਹੀਂ ਸਿਰਫ ਵਾਤਾਵਰਣ ਨੂੰ ਬਚਾਉਣ ਦਾ ਦੰਭ ਹੈ, ਲੇਕਿਨ ਦਹਿ ਲੱਖਾਂ ਹਾਸ਼ੀਆਗ੍ਰਸਤ ਲੋਕਾਂ ਦੀਆਂ ਜ਼ਿੰਦਗੀਆਂ ਦੀ ਕੋਈ ਪ੍ਰਵਾਹ ਨਹੀਂ ਜੋ ਸਟੇਟ ਦੀਆਂ ਵਿਕਾਸ ਨੀਤੀਆਂ ਵਿਚੋਂ ਪਹਿਲਾਂ ਹੀ ਮਨਫੀ ਹਨ। ਪਹਿਲੀ ਮਨਮੋਹਨ ਸਿੰਘ ਸਰਕਾਰ ਨੇ ਜੰਗਲਾਂ ਵਿਚ ਵਸਦੇ ਆਦਿਵਾਸੀਆਂ ਨੂੰ 'ਵਿਕਾਸ ਵਿਚ ਮੁੱਖ ਅੜਿੱਕਾ' ਕਿਹਾ ਸੀ। ਇਹਨਾਂ ਜੰਗਲਾਂ ਦੇ ਹੇਠਾਂ ਬਹੁਮੁੱਲੇ ਖਣਿਜਾਂ ਦੇ ਵਿਆਪਕ ਭੰਡਾਰ ਹਨ। ਸੱਤਾ ਉਪਰ ਕਿਹੜੀ ਪਾਰਟੀ ਕਾਬਜ਼ ਹੈ ਇਸ ਨਾਲ ਕੋਈ ਫਰਕ ਨਹੀਂ ਪੈਂਦਾ। ਹਰ ਹਾਕਮ ਜਮਾਤੀ ਪਾਰਟੀ ਆਦਿਵਾਸੀਆਂ ਨੂੰ ਸਟੇਟ ਦੀ ਫੌਜੀ ਤਾਕਤ ਦੇ ਜ਼ੋਰ ਜੰਗਲਾਂ ਵਿਚੋਂ ਖਦੇੜਨ ਅਤੇ ਇਹ ਖਣਿਜ ਬਦੇਸ਼ੀ ਤੇ ਦੇਸੀ ਕਾਰਪੋਰੇਟ ਕੰਪਨੀਆਂ ਦੇ ਹਵਾਲੇ ਕਰਨ ਲਈ ਤਾਹੂ ਹੈ। ਇਸੇ ਅੜਿੱਕੇ ਨੂੰ ਦੂਰ ਕਰਨ ਲਈ ਪਹਿਲਾਂ 2005 ਵਿਚ ਛੱਤੀਸਗੜ੍ਹ ਵਿਚ ਸਲਵਾ ਜੁਡਮ ਅਤੇ ਸਤੰਬਰ 2009 ਵਿਚ 'ਮਾਓਵਾਦੀ ਅਤਿਵਾਦ' ਦਾ ਸਫਾਇਆ ਕਰਨ ਦੇ ਬਹਾਨੇ ਨੌਂ ਸੂਬਿਆਂ ਵਿਚ 'ਓਪਰੇਸ਼ਨ ਗ੍ਰੀਨ ਹੰਟ' ਸ਼ੁਰੂ ਕੀਤਾ ਗਿਆ ਸੀ, ਜੋ ਵੱਖ-ਵੱਖ ਸ਼ਕਲਾਂ ਵਿਚ ਨਾ ਸਿਰਫ ਜਾਰੀ ਹੈ ਸਗੋਂ ਹੋਰ ਵੀ ਖੂੰਖਾਰ ਸ਼ਕਲ ਅਖਤਿਆਰ ਕਰ ਚੁੱਕਾ ਹੈ।

ਆਦਿਵਾਸੀਆਂ ਨੇ ਕਦੇ ਵੀ ਰਾਜ ਸੱਤਾ ਦੀਆਂ ਮਨਮਾਨੀਆਂ ਅੱਗੇ ਗੋਡੇ ਨਹੀਂ ਟੇਕੇ ਸਗੋਂ ਆਪਣੇ ਸਵੈਮਾਣ ਅਤੇ ਜੰਗਲਾਂ ਦੀ ਰਾਖੀ ਲਈ ਜਾਨ-ਹੂਲਵੀਂ ਲੜਾਈ ਲੜਦੇ ਆਏ ਹਨ। ਸੁਪਰੀਮ ਕੋਰਟ ਦਾ ਇਹ ਫੈਸਲਾ ਜੰਗਲਾਂ ਵਿਚਲੀ ਵਿਆਪਕ ਬੇਚੈਨੀ ਵਿਚ ਹੋਰ ਇਜ਼ਾਫਾ ਕਰੇਗਾ। ਇਸ ਫੈਸਲੇ ਨਾਲ ਪ੍ਰਭਾਵਿਤ ਹੋਣ ਵਾਲੇ ਸੂਬਿਆਂ ਦੇ ਹਿੱਸਿਆਂ ਵਿਚੋਂ ਆਦਿਵਾਸੀ ਵਿਰੋਧ ਦੀਆਂ ਖਬਰਾਂ ਆਉਣੀਆਂ ਸ਼ੁਰੂ ਹੋ ਗਈਆਂ ਹਨ।

# ਭਾਰਤ-ਸਾਊਦੀ ਸਬੰਧਾਂ ਦੀ ਦਾਸਤਾਨ

ਕੂਟਨੀਤੀ ਦੀ ਦੁਨੀਆਂ ਵਿਚ ਕੁਝ ਚੀਜ਼ਾਂ ਨੂੰ ਛੱਡਣਾ ਹੀ ਬਿਹਤਰ ਹੁੰਦਾ ਹੈ। ਇਹ ਗੱਲ ਸਾਊਦੀ ਅਰਬ ਦੇ ਸ਼ਹਿਜ਼ਾਦੇ ਮੁਹੰਮਦ-ਬਿਨ-ਸਲਮਾਨ ਦੀ ਇਕ ਦਿਨਾ ਭਾਰਤ ਯਾਤਰਾ 'ਤੇ ਲਾਗੂ ਹੁੰਦੀ ਹੈ। ਇਹ ਐਲਾਨ ਕਰਦਿਆਂ ਕਿ ਭਾਰਤ ਸਾਊਦੀ ਅਰਬ ਦੇ ਡੀ.ਐਨ.ਏ. ਵਿਚ ਹੈ, ਮੁਹੰਮਦ-ਬਿਨ-ਸਲਮਾਨ ਨੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਸਾਂਝੇ ਬਿਆਨ ਵਿਚ ਕੁਝ ਨਾ ਕਹਿੰਦਿਆਂ ਵੀ ਬਹੁਤ ਕੁਝ ਕਹਿ ਦਿੱਤਾ। ਦੋਹਾਂ ਨੇਤਾਵਾਂ ਨੇ

**ਸ਼ਾਹਿਦ ਚੌਧਰੀ**

ਪਾਕਿਸਤਾਨ ਦਾ ਨਾਂ ਲਏ ਬਿਨਾਂ ਸਪਸ਼ਟ ਕਰ ਦਿੱਤਾ ਕਿ ਅਤਿਵਾਦ ਉਨ੍ਹਾਂ ਦੀ ਸਾਂਝੀ ਸਮੱਸਿਆ ਹੈ। ਅਤਿਵਾਦ ਦਾ ਵਿਰੋਧ ਕਰਦਿਆਂ ਉਨ੍ਹਾਂ ਦੇਸ਼ਾਂ 'ਤੇ ਦਬਾਅ ਪਾਇਆ ਜਾਵੇਗਾ ਜੋ ਅਤਿਵਾਦ ਦਾ ਸਮਰਥਨ ਕਰਦੇ ਹਨ ਕਿ ਉਹ ਅਤਿਵਾਦੀ ਸੰਗਠਨਾਂ ਨੂੰ ਸ਼ਹਿ ਦੇਣੀ ਬੰਦ ਕਰ ਦੇਣ। ਇਹ ਇਸਲਾਮਾਬਾਦ ਨੂੰ ਸਪਸ਼ਟ ਸੰਦੇਸ਼ ਸੀ।

ਇਸ ਸਮੇਂ ਸ਼ਹਿਜ਼ਾਦਾ ਸਲਮਾਨ ਦੀ ਭਾਰਤ ਯਾਤਰਾ ਕਈ ਕਾਰਨਾਂ ਕਰਕੇ ਅਹਿਮ ਸੀ। ਪਹਿਲਾ, ਇਹ ਯਾਤਰਾ ਪੁਲਵਾਮਾ 'ਤੇ ਅਤਿਵਾਦੀ ਹਮਲੇ ਦੇ ਪਿਛੋਂ ਹੋਈ ਜਿਸ ਦੇ ਤਾਰ ਸਿੱਧੇ ਪਾਕਿਸਤਾਨ ਸਥਿਤ ਅਤਿਵਾਦੀ ਗੁੱਟ ਜੈਸ਼-ਏ-ਮੁਹੰਮਦ ਨਾਲ ਜੁੜੇ ਹੋਏ ਹਨ। ਦੂਜਾ, ਇਹ ਕਿ ਜਿਸ ਸਮੇਂ ਭਾਰਤ ਪਾਕਿਸਤਾਨ ਨੂੰ ਕੂਟਨੀਤਕ ਪੱਖੋਂ ਅਲੱਗ-ਥਲੱਗ ਕਰਨ ਦਾ ਯਤਨ ਕਰ ਰਿਹਾ ਹੈ ਤਾਂ ਉਸ ਸਮੇਂ ਸ਼ਹਿਜ਼ਾਦਾ ਸਲਮਾਨ ਭਾਰਤ ਆਉਣ ਤੋਂ ਪਹਿਲਾਂ ਪਾਕਿਸਤਾਨ ਦੀ ਯਾਤਰਾ ਹੀ ਨਹੀਂ ਕਰਕੇ ਆਏ ਸਨ ਸਗੋਂ ਉਹ ਇਸਲਾਮਾਬਾਦ ਨੂੰ 20 ਬਿਲੀਅਨ ਡਾਲਰ ਨਿਵੇਸ਼ ਕਰਨ ਦੀ ਪੇਸ਼ਕਸ਼ ਵੀ ਦਿੰਦੇ ਹਨ ਤਾਂ ਕਿ ਉਹ ਆਰਥਕਤਾ ਪੱਖੋਂ ਉਭਰ ਸਕੇ।

ਸਾਊਦੀ ਅਰਬ ਅਤੇ ਪਾਕਿਸਤਾਨ ਵਿਚਕਾਰ ਸਬੰਧ ਦਾ ਇਤਿਹਾਸ ਹੈ ਜਿਸ ਨੂੰ ਅਣਦੇਖਿਆ ਨਹੀਂ ਕੀਤਾ ਜਾ ਸਕਦਾ। ਇਹ ਵੀ ਸੱਚ ਹੈ ਕਿ ਇਕ ਦੇਸ਼ ਜੋ ਚੀਨ ਨਾਲੋਂ ਵੱਧ ਪਾਕਿਸਤਾਨ 'ਤੇ ਪ੍ਰਭਾਵ ਰੱਖਦਾ ਹੈ, ਉਹ ਸਾਊਦੀ ਅਰਬ ਹੈ ਅਤੇ ਸਾਊਦੀ ਅਰਬ ਦੀ ਦਿਲਚਸਪੀ ਭਾਰਤ ਨੂੰ ਚੀਨ ਦੀ ਤਰ੍ਹਾਂ ਕੰਟਰੋਲ ਵਿਚ ਕਰਨ ਦੀ ਨਹੀਂ ਹੈ। ਇਸ ਲਈ ਨਵੀਂ ਦਿੱਲੀ ਨੂੰ ਇਹ ਤਾਂ ਉਮੀਦ ਹੀ ਨਹੀਂ ਸੀ ਕਿ ਸਾਊਦੀ ਸ਼ਹਿਜ਼ਾਦੇ ਵਲੋਂ ਪਾਕਿਸਤਾਨ ਦਾ ਨਾਂ ਲੈ ਕੇ ਉਸ ਦੀ ਆਲੋਚਨਾ ਜਾਂ ਨਿੰਦਾ ਕੀਤੀ ਜਾਵੇਗੀ ਪਰ ਇਸ ਪਿੱਠਭੂਮੀ ਵਿਚ ਸਾਊਦੀ ਅਰਬ ਨੂੰ ਆਪਣੇ ਪੱਖ ਵਿਚ ਕਰਨ ਦੀ ਨਵੀਂ ਦਿੱਲੀ ਦੇ ਸਾਹਮਣੇ ਵੱਡੀ ਚੁਣੌਤੀ ਸੀ, ਜਿਸ 'ਚ ਇਹ ਸਫਲ ਵੀ ਰਹੀ, ਖਾਸ ਤੌਰ 'ਤੇ ਇਸ ਲਈ ਕਿ ਸਲਮਾਨ ਦੀ ਅਗਵਾਈ 'ਚ ਰਿਆਧ ਵੀ ਆਪਣੇ ਯੋਜਨਾਬੱਧ ਸਬੰਧਾਂ 'ਚ ਵਿਭਿੰਨਤਾ ਲਿਆਉਣ ਦਾ ਯਤਨ ਕਰ ਰਿਹਾ ਹੈ ਤੇ ਨਵੀਂ ਦਿੱਲੀ ਨੂੰ ਭਰੋਸੇਮੰਦ ਸਹਿਯੋਗੀ ਦੇ ਰੂਪ ਵਿਚ ਵੇਖਦਾ ਹੈ। ਭਾਰਤ ਲਈ ਬਿਹਤਰ ਸਥਿਤੀ ਇਹੋ ਸੀ ਕਿ ਰਿਆਦ ਪਾਕਿਸਤਾਨ ਦੀ ਜਨਤਕ ਆਲੋਚਨਾ ਤੋਂ ਤਾਂ ਬਚਾਅ ਰਹੇ ਪਰ ਨਿੱਜੀ ਤੌਰ 'ਤੇ ਇਸਲਾਮਾਬਾਦ 'ਤੇ ਅਤਿਵਾਦ ਨੂੰ ਛੱਡਣ ਦਾ ਦਬਾਅ ਬਣਾਵੇ ਅਤੇ ਨਾਲ ਵੀ ਨਵੀਂ ਦਿੱਲੀ ਨਾਲ ਹੋਰ ਮੋਰਚਿਆਂ 'ਤੇ ਦੁਵੱਲੇ ਸਬੰਧਾਂ ਨੂੰ ਤੇਜ਼ੀ ਪ੍ਰਦਾਨ ਕਰੇ। ਇਸ ਲਈ ਇਹ ਸਵਾਗਤਯੋਗ ਹੈ ਕਿ ਸ਼ਹਿਜ਼ਾਦਾ ਸਲਮਾਨ ਦੀ ਯਾਤਰਾ ਦੇ ਦੌਰਾਨ ਨਵੀਂ ਦਿੱਲੀ ਅਤੇ ਰਿਆਦ ਨੇ 5 ਸਮਝੌਤਿਆਂ 'ਤੇ ਦਸਤਖਤ ਕੀਤੇ। ਸਾਊਦੀ ਅਰਬ ਭਾਰਤੀ ਅਰਥ ਵਿਵਸਥਾ ਵਿਚ 100 ਬਿਲੀਅਨ ਡਾਲਰ ਦਾ ਨਿਵੇਸ਼ ਕਰੇਗਾ। ਗ਼ੌਰਤਲਬ ਹੈ ਕਿ ਸਾਊਦੀ ਅਰਬ ਨੇ ਭਾਰਤ ਦਾ ਹੱਜ ਕੋਟਾ ਵੀ 1.20 ਲੱਖ ਯਾਤਰੀਆਂ ਤੋਂ ਵਧਾ ਕੇ 2 ਲੱਖ ਕਰ ਦਿੱਤਾ ਹੈ ਪਰ ਇਨ੍ਹਾਂ ਸਮਝੌਤਿਆਂ ਵਿਚੋਂ ਇਕ ਅਹਿਮ ਸੰਧੀ ਨਦਾਰਦ ਰਹੀ। ਰਤਨਾ ਗਿਰੀ (ਮਹਾਰਾਸ਼ਟਰ) ਵਿਚ ਰਿਫਾਈਨਰੀ ਸਥਾਪਤ ਕੀਤੀ ਜਾਣੀ ਸੀ। ਇਸ 44 ਬਿਲੀਅਨ ਡਾਲਰ ਦੇ ਪ੍ਰੋਜੈਕਟ ਵਿਚ ਸਾਊਦੀ ਅਰਬ ਅਤੇ ਆਬੂਧਾਬੀ ਨੈਸ਼ਨਲ ਆਇਲ ਕੰਪਨੀ ਨੇ ਸਾਂਝੇ ਤੌਰ 'ਤੇ 50 ਫੀਸਦੀ ਦੀ ਹਿੱਸੇਦਾਰੀ ਕਰਨੀ ਸੀ ਪਰ ਇਸ ਪ੍ਰੋਜੈਕਟ ਦੇ ਵਿਰੁੱਧ ਕਿਸਾਨਾਂ ਅਤੇ ਰਾਜਨੀਤਕ ਦਲਾਂ ਦੇ ਪ੍ਰਦਰਸ਼ਨ ਹੋ ਰਹੇ ਹਨ, ਜਿਨ੍ਹਾਂ ਨੇ ਮਹਾਰਾਸ਼ਟਰ ਸਰਕਾਰ ਨੂੰ ਜਗ੍ਹਾ ਤਬਦੀਲ ਕਰਨ ਲਈ ਮਜਬੂਰ ਕਰ ਦਿੱਤਾ ਹੈ। ਤੱਥ ਇਹ ਹੈ ਕਿ ਜ਼ਮੀਨ 'ਤੇ ਅਧਿਕਾਰ ਦਾ ਮੁੱਦਾ ਕਈ ਵਿਦੇਸ਼ੀ ਨਿਵੇਸ਼ਾਂ ਨੂੰ ਰੋਕ ਰਿਹਾ ਹੈ। ਜ਼ਮੀਨ 'ਤੇ ਅਧਿਕਾਰ ਦੇ ਅਮਲ ਨੂੰ ਸੁਖਾਲਾ ਬਣਾਉਣ ਅਤੇ ਉਸ ਦਾ ਸਹੀ ਪ੍ਰਬੰਧਨ ਕਰਨਾ ਭਾਰਤ ਦੀ ਆਰਥਿਕ ਯੋਜਨਾ ਦਾ ਹਿੱਸਾ ਹੋਣਾ ਚਾਹੀਦਾ ਹੈ। ਜਿੰਨੀ ਮਜ਼ਬੂਤ ਭਾਰਤ ਦੀ ਅਰਥ-ਵਿਵਸਥਾ ਹੋਵੇਗੀ, ਓਨਾ ਹੀ ਜ਼ਿਆਦਾ ਹੋਰ ਦੇਸ਼ਾਂ ਦੀ ਰੁਚੀ ਭਾਰ ਵਿਚ ਨਿਵੇਸ਼ ਕਰਨ ਦੀ ਹੋਵੇਗੀ ਅਤੇ ਓਨਾ ਹੀ ਜ਼ਿਆਦਾ ਵਿਦੇਸ਼ੀ ਨੇਤਾ ਭਾਰਤ ਦੀਆਂ ਚਿੰਤਾਵਾਂ ਨੂੰ ਧਿਆਨ ਵਿਚ ਰੱਖਣਗੇ।

ਖੈਰ, ਸ਼ਹਿਜ਼ਾਦਾ ਸਲਮਾਨ ਦੀ ਭਾਰਤ ਯਾਤਰਾ ਦਾ ਸਭ ਤੋਂ ਹਾਂ-ਪੱਖੀ ਪਹਿਲੂ ਇਹ ਰਿਹਾ ਕਿ ਰਿਆਧ ਨੇ ਨਾ ਸਿਰਫ ਨਵੀਂ ਦਿੱਲੀ ਨਾਲ ਅਤਿਵਾਦ ਵਿਰੁਧ ਲੜਨ ਵਿਚ ਸਹਿਯੋਗ ਕਰਨ ਦਾ ਵਾਅਦਾ ਕੀਤਾ, ਸਗੋਂ ਭਾਰਤ ਦੇ ਨਾਲ ਖੁਫੀਆ ਜਾਣਕਾਰੀ ਸਾਂਝੀ ਕਰਨ 'ਤੇ ਵੀ ਸਹਿਮਤੀ ਜ਼ਾਹਰ ਕੀਤੀ ਅਤੇ ਉਨ੍ਹਾਂ ਦੇਸ਼ਾਂ 'ਤੇ ਵੀ ਦਬਾਅ ਪਾਉਣ ਦੀ ਲੋੜ 'ਤੇ ਜ਼ੋਰ ਦਿੱਤਾ ਜਿਹੜੇ ਅਤਿਵਾਦ ਦਾ ਸਮਰਥਨ ਕਰ ਰਹੇ ਹਨ, ਤਾਂ ਕਿ ਆਤੰਕ ਦੇ ਢਾਂਚੇ ਨੂੰ ਨਸ਼ਟ ਕੀਤਾ ਜਾ ਸਕੇ ਅਤੇ ਆਤੰਕੀ ਸੰਗਠਨਾਂ ਨੂੰ ਸਖਤ ਸਜ਼ਾ ਦਿੱਤੀ ਜਾਵੇ, ਤਾਂ ਕਿ ਉਹ ਨੌਜਵਾਨਾਂ ਨੂੰ ਹਥਿਆਰ ਚੁੱਕਣ ਲਈ ਪ੍ਰੇਰਿਤ ਨਾ ਕਰ ਸਕਣ। ਇਸ ਲਈ ਅਹਿਮ ਇਹ ਰਿਹਾ ਕਿ ਸਾਊਦੀ ਅਰਬ ਭਾਰਤ ਦੀ ਇਸ ਗੱਲ ਨਾਲ ਸਹਿਮਤ ਹੈ ਕਿ ਅਤਿਵਾਦੀ ਸੰਯੁਕਤ ਰਾਸ਼ਟਰ ਦੀਆਂ ਪਾਬੰਦੀਆਂ ਦੇ ਅਧੀਨ ਆਉਣੇ ਚਾਹੀਦੇ ਹਨ। ਦੂਸਰੇ ਸ਼ਬਦਾਂ ਵਿਚ ਭਾਰਤ ਨੇ ਸਾਊਦੀ ਅਰਬ ਨੂੰ ਆਪਣੇ ਇਸ ਯਤਨ ਦੇ ਸਮਰਥਨ ਵਿਚ ਲਿਆ ਹੈ ਕਿ ਜੈਸ਼ ਦਾ ਸਰਗਰਨਾ ਮਸੂਦ ਅਜ਼ਹਰ ਜਿਸ ਨੂੰ ਚੀਨ ਆਪਣੇ ਵੀਟੋ ਅਧਿਕਾਰ ਨਾਲ ਹੁਣ ਤੱਕ ਬਚਾਉਂਦਾ ਰਿਹਾ ਹੈ, ਨੂੰ ਸੰਯੁਕਤ ਰਾਸ਼ਟਰ ਵਲੋਂ ਕੌਮਾਂਤਰੀ ਅਤਿਵਾਦੀ ਐਲਾਨਿਆ ਜਾਵੇ। ਭਾਰਤ ਦੀ ਇਹ ਸਫਲਤਾ ਇਸ ਲਿਹਾਜ਼ ਨਾਲ ਵੀ ਜ਼ਿਆਦਾ ਅਹਿਮ ਹੈ ਕਿ ਇਸ ਤੋਂ ਇਕ ਦਿਨ ਪਹਿਲਾਂ ਹੀ ਸਾਊਦੀ ਅਰਬ ਅਤੇ ਪਾਕਿਸਤਾਨ ਨੇ ਆਪਣੇ ਸਾਂਝੇ ਬਿਆਨ ਵਿਚ ਕਿਹਾ ਸੀ ਕਿ ਆਤੰਕੀ ਸੂਚੀ ਦਾ ਰਾਜਨੀਤੀਕਰਨ ਨਹੀਂ ਹੋਣਾ ਚਾਹੀਦਾ। ਜ਼ਿਕਰਯੋਗ ਹੈ ਕਿ ਸਾਊਦੀ ਅਰਬ ਦੇ ਵਿਦੇਸ਼ ਰਾਜ ਮੰਤਰੀ ਅਦਲ ਅਲ-ਜੁਬੈਰ ਨੇ ਇਕ ਭਾਰਤੀ ਚੈਨਲ ਨੂੰ ਸਪਸ਼ਟ ਕੀਤਾ ਸੀ ਕਿ ਸਾਊਦੀ-ਪਾਕਿਸਤਾਨ ਦੇ ਸਾਂਝੇ ਬਿਆਨ ਨੂੰ ਜੈਸ਼ ਸਰਗਨਾ ਮਸੂਦ ਅਜ਼ਹਰ ਦੇ ਪ੍ਰਸੰਗ ਵਿਚ ਨਾ ਦੇਖਿਆ ਜਾਵੇ।

ਇਹ ਵੀ ਦਿਲਚਸਪ ਹੈ ਕਿ ਭਾਰਤ ਦੀ ਯਾਤਰਾ ਦੇ ਬਾਅਦ ਸ਼ਹਿਜ਼ਾਦਾ ਮੁਹੰਮਦ-ਬਿਨ-ਸਲਮਾਨ ਆਪਣੇ ਏਸ਼ੀਆਈ ਦੌਰੇ ਦੇ ਆਖਰੀ ਪੜਾਅ ਵਿਚ ਚੀਨ ਲਈ ਰਵਾਨਾ ਹੋਏ। ਪੁਲਵਾਮਾ ਦੀ ਘਟਨਾ ਦੇ ਤੁਰੰਤ ਬਾਅਦ ਜਿਹੜੇ ਦੱਖਣੀ ਏਸ਼ੀਆ ਵਿਚ ਤਣਾਅ ਦੇ ਬੱਦਲ ਛਾ ਗਏ ਹਨ, ਉਸ ਦੀ ਪਿੱਠ ਭੂਮੀ ਵਿਚ ਸ਼ਹਿਜ਼ਾਦਾ ਸਲਮਾਨ ਦਾ ਪਾਕਿਸਤਾਨ, ਭਾਰਤ ਅਤੇ ਚੀਨ ਦਾ ਦੌਰਾ ਇਕ ਸੰਯੋਗ ਨਹੀਂ ਹੋ ਸਕਦਾ। ਉਨ੍ਹਾਂ ਦੀ ਫੇਰੀ ਬਾਅਦ ਤੋਂ ਪਾਕਿਸਤਾਨ ਵੀ ਦੂਸਰੇ ਸੁਰ ਵਿਚ ਬੋਲਣ ਲੱਗਿਆ ਹੈ। ਭਾਰਤ ਨੇ ਵੀ ਆਪਣਾ ਕੌਮਾਂਤਰੀ ਧਿਆਨ ਪਾਕਿਸਤਾਨ ਤੋਂ ਵੱਧ ਅਤਿਵਾਦ ਵੱਲ ਕੇਂਦਰਿਤ ਕੀਤਾ ਹੈ। ਫਿਰ ਅਮਰੀਕਾ ਦਾ ਪਾਕਿਸਤਾਨ ਅਤੇ ਚੀਨ ਨੂੰ ਇਹ ਕਹਿਣਾ ਕਿ ਅਤਿਵਾਦੀਆਂ ਨੂੰ ਪਨਾਹ ਜਾਂ ਸਹਿਯੋਗ ਨਾ ਦਿੱਤਾ ਜਾਵੇ, ਜਿਸ ਤੋਂ ਇਹੋ ਪ੍ਰਤੀਤ ਹੁੰਦਾ ਹੈ ਕਿ ਸ਼ਹਿਜ਼ਾਦਾ ਸਲਮਾਨ ਦੀ ਕਵਾਇਦ ਕਿਸੇ ਵੀ ਤਰ੍ਹਾਂ ਦੇ ਸੰਭਾਵਿਤ ਪ੍ਰਮਾਣੂ ਯੁੱਧ ਨੂੰ ਟਾਲਣ ਦੀ ਸੀ।

# ਲਾਹੌਰ ਵਿਚ ਪੰਜਾਬੀ ਦੇ ਜਸ਼ਨ

*ਮਾਂ-ਬੋਲੀ ਬਾਰੇ ਕੌਮਾਂਤਰੀ ਦਿਹਾੜੇ ਮੌਕੇ ਲਾਹੌਰ ਦੀ ਹਾਈ ਕੋਰਟ ਦੀਆਂ ਹਦਾਇਤਾਂ ਨੇ ਪੰਜਾਬੀ ਪਿਆਰਿਆਂ ਨੂੰ ਖੂਬ ਹੁਲਾਰਾ ਦਿਤਾ ਹੈ। ਅਦਾਲਤ ਨੇ ਪੰਜਾਬ ਸਰਕਾਰ ਨੂੰ ਕਿਹਾ ਹੈ ਕਿ ਇਹ 2015 ਵਿਚ ਤਿਆਰ ਕੀਤੇ ਬਿੱਲ ਨੂੰ ਕਾਨੂੰਨ ਦਾ ਰੂਪ ਦੇਵੇ ਅਤੇ ਪੰਜਾਬ ਦੇ ਸਕੂਲਾਂ ਵਿਚ ਪਹਿਲੀ ਤੋਂ ਪੰਜਵੀਂ ਤੱਕ ਦੀ ਪੜ੍ਹਾਈ ਵਿਚ ਪੰਜਾਬੀ ਨੂੰ ਲਾਜ਼ਮੀ ਵਿਸ਼ੇ ਵਜੋਂ ਲਾਗੂ ਕਰੇ। ਸਰਕਾਰ ਭਾਵੇਂ ਇਹ ਹਦਾਇਤਾਂ ਮੰਨਣ ਦੀ ਪਾਬੰਦ ਨਹੀਂ ਪਰ ਇਸ ਨੂੰ ਪੰਜਾਬੀ ਦੇ ਘੋਲ ਲਈ ਵੱਡੀ ਪੁਲਾਂਘ ਮੰਨਿਆ ਜਾ ਰਿਹਾ ਹੈ। ਸੀਨੀਅਰ ਪੱਤਰਕਾਰ ਅਤੇ ਦਸਤਾਵੇਜ਼ੀ ਫਿਲਮਸਾਜ਼ ਦਲਜੀਤ ਅਮੀ ਨੇ ਆਪਣੀ ਇਸ ਲਿਖਤ ਵਿਚ ਲਹਿੰਦੇ ਪੰਜਾਬ ਵਿਚ ਪੰਜਾਬੀ ਲਈ ਘੋਲ ਕਰਨ ਵਾਲਿਆਂ ਨਾਲ ਕੁਝ ਗੱਲਾਂਬਾਤਾਂ ਕੀਤੀਆਂ ਹਨ, ਜੋ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। -ਸੰਪਾਦਕ*




*ਲਾਹੌਰ ਵਿਚ ਕੌਮਾਂਤਰੀ ਪੰਜਾਬੀ ਦਿਵਸ ਮਨਾਏ ਜਾਣ ਦਾ ਦ੍ਰਿਸ਼*



*(ਖੱਬੇ) ਬਾਬਾ ਨਾਜਮੀ ਅਤੇ ਹੋਰ*

ਲਾਹੌਰ ਦੀ ਹਾਈਕੋਰਟ ਨੇ ਪੰਜਾਬ ਦੀ ਸੂਬਾ ਸਰਕਾਰ ਨੂੰ ਹਦਾਇਤ ਕੀਤੀ ਹੈ ਕਿ 2015 ਵਿਚ ਤਿਆਰ ਬਿੱਲ ਦੇ ਖਰੜੇ ਨੂੰ ਐਕਟ ਦਾ ਰੂਪ ਦਿਤਾ ਜਾਵੇ ਅਤੇ ਪੰਜਾਬ ਦੇ ਸਕੂਲਾਂ ਵਿਚ ਪਹਿਲੀ ਤੋਂ ਪੰਜਵੀਂ ਤੱਕ ਦੀ ਪੜ੍ਹਾਈ ਵਿਚ ਪੰਜਾਬੀ ਨੂੰ ਲਾਜ਼ਮੀ ਵਿਸ਼ੇ ਵਜੋਂ ਲਾਗੂ ਕੀਤਾ ਜਾਵੇ। ਇਸੇ ਦੌਰਾਨ ਕੌਮਾਂਤਰੀ ਮਾਂ ਬੋਲੀ ਦਿਹਾੜੇ ਮੌਕੇ ਲਾਹੌਰ ਪ੍ਰੈਸ ਕਲੱਬ ਦੇ ਸਾਹਮਣੇ ਪੰਜਾਬੀ ਬੋਲੀ ਦੇ ਪੱਖ ਵਿਚ ਕੀਤੇ ਮੁਜ਼ਾਹਰੇ ਵਿਚ ਪੰਜਾਬੀ ਲਿਖਾਰੀ ਇਕਬਾਲ ਕੈਸਰ ਨੇ ਅਦਾਲਤ ਦੇ ਇਸ ਫੈਸਲੇ ਨੂੰ ਇਤਿਹਾਸਕ ਕਰਾਰ ਦਿਤਾ। ਲਾਹੌਰ ਦੇ ਇਸ ਮੁਜ਼ਾਹਰੇ ਵਿਚ ਹਰ ਉਮਰ ਦੇ ਮੁਜ਼ਾਹਰਾਕਾਰੀ ਨੱਚ ਰਹੇ ਸਨ ਅਤੇ ਪਿਛੇ ਗੀਤ ਚੱਲ ਰਿਹਾ ਸੀ, "ਮੇਰੀ ਪੱਗ ਤੇ ਮੇਰੀ ਸ਼ਾਨ, ਸਾਡਾ ਸੋਹਣਾ ਪਾਕਿਸਤਾਨ।"

ਪੰਜਾਬੀ ਲਈ ਲੰਮੇ ਸਮੇਂ ਤੋਂ ਜੂਝ ਰਹੇ ਇਕਬਾਲ ਕੈਸਰ ਨੇ ਕਿਹਾ, "ਇਹ ਅਦਾਲਤੀ ਫੈਸਲਾ ਬਹੁਤ ਵਧੀਆ ਹੈ ਪਰ ਅਹਿਮ ਗੱਲ ਇਹੋ

**ਦਲਜੀਤ ਅਮੀ**

ਹੋਵੇਗੀ ਕਿ ਹੁਣ ਮਾਮਲਾ ਕਿੰਨਾ ਅੱਗੇ ਵਧਦਾ ਹੈ। ਦੂਜੀ ਖੁਸ਼ੀ ਦੀ ਗੱਲ ਹੈ ਕਿ ਪਿਛਲੇ ਦਿਨਾਂ ਦੌਰਾਨ ਪੰਜਾਬ ਯੂਨੀਵਰਸਿਟੀ, ਲਾਹੌਰ ਵਿਚ ਗੁਰੂ ਨਾਨਕ ਚੇਅਰ ਦਾ ਉਦਘਾਟਨ ਕੀਤਾ ਗਿਆ ਹੈ।"

ਮੁਜ਼ਾਹਰੇ ਵਿਚ ਸ਼ਾਮਿਲ ਲਾਹੌਰ ਦੇ ਓਰੀਐਂਟਲ ਕਾਲਜ ਵਿਚ ਪੰਜਾਬੀ ਪੜ੍ਹਾਉਂਦੇ ਸਈਦ ਭੁੱਟਾ ਨੇ ਇਸ ਅਦਾਲਤੀ ਫੈਸਲੇ ਦੇ ਪਿਛੋਕੜ ਅਤੇ ਅਹਿਮੀਅਤ ਬਾਰੇ ਗੱਲ ਕਰਦਿਆਂ ਕਿਹਾ, "ਸਾਡੇ ਵਾਸਤੇ ਖੁਸ਼ੀ ਦੀ ਗੱਲ ਹੈ ਕਿ ਹਾਈ ਕੋਰਟ ਨੇ ਪੰਜਾਬੀਆਂ ਦੇ ਹੱਕ ਵਿਚ ਫੈਸਲਾ ਦਿੱਤਾ ਹੈ। ਪੰਜਾਬੀਆਂ ਦੀਆਂ ਛੇ ਨਸਲਾਂ ਨੂੰ ਸਾਡੀ ਮਾਦਰੀ ਜ਼ੁਬਾਨ ਤੋਂ ਦੂਰ ਕਰ ਦਿਤਾ ਗਿਆ ਸੀ, ਜੋ ਸਾਡਾ ਬੁਨਿਆਦੀ ਇਨਸਾਨੀ ਹੱਕ ਹੈ। ਇਹ ਹੱਕ ਮਿਲਣ ਨਾਲ ਸਾਡੀਆਂ ਨਵੀਆਂ ਨਸਲਾਂ ਦਾ ਭਵਿਖ ਬਚ ਸਕਦਾ ਹੈ।"

ਅਦਾਲਤ ਦਾ ਮੌਜੂਦਾ ਫੈਸਲਾ ਪੰਜਾਬੀ ਪ੍ਰਚਾਰ ਸੁਸਾਇਟੀ ਬਨਾਮ ਪੰਜਾਬ ਸਰਕਾਰ ਕੇਸ ਵਿਚ ਆਇਆ ਹੈ। ਕੇਸ ਦੀ ਪੈਰਵੀ ਅਹਿਮਦ ਰਜ਼ਾ ਕਰ ਰਹੇ ਸਨ ਅਤੇ ਵਕੀਲ ਵਜੋਂ ਤਾਹਿਰ ਸੰਧੂ ਤੇ ਮੁਹੰਮਦ ਬਾਸਿਤ ਭੱਟੀ ਪੇਸ਼ ਹੋ ਰਹੇ ਸਨ। ਤਾਹਿਰ ਸੰਧੂ ਨੇ ਦੱਸਿਆ ਕਿ ਉਨ੍ਹਾਂ ਨੇ ਪੰਜਾਬੀ ਜ਼ੁਬਾਨ ਲਾਗੂ ਕਰਨ ਲਈ ਪਟੀਸ਼ਨ ਦਾਇਰ ਕੀਤੀ ਸੀ ਕਿ ਸੁਪਰੀਮ ਕੋਰਟ ਦੇ ਹੁਕਮ ਦੀ ਤਾਮੀਲ ਕੀਤੀ ਜਾਵੇ, ਹੁਣ ਅਦਾਲਤ ਨੇ ਸਰਕਾਰ ਨੂੰ ਹਦਾਇਤ ਜਾਰੀ ਕਰ ਦਿੱਤੀ ਹੈ। ਹੁਣ ਸੂਬਾ ਸਰਕਾਰ ਨੂੰ ਬਿੱਲ ਦਾ ਖਰੜਾ ਕੈਬਨਿਟ ਵਿਚ ਪੇਸ਼ ਕਰਨਾ ਪਵੇਗਾ ਅਤੇ ਸਕੂਲਾਂ ਵਿਚ ਪੰਜਾਬੀ ਲਾਗੂ ਕਰਨੀ ਹੋਵੇਗੀ। ਉਨ੍ਹਾਂ ਕਿਹਾ, "ਲੋੜ ਪੈਣ ਉਤੇ ਅਸੀਂ ਮੁੜ ਅਦਾਲਤ ਵਿਚ ਜਾ ਸਕਦੇ ਹਾਂ। ਜੇ ਸਰਕਾਰ ਢਿੱਲ ਵਰਤਦੀ ਹੈ ਤਾਂ ਅਸੀਂ ਅਦਾਲਤ ਦੀ ਮਾਣਹਾਨੀ ਦਾ ਮੁਕੱਦਮਾ ਦਾਇਰ ਕਰਾਂਗੇ।"

ਜ਼ਿਕਰਯੋਗ ਹੈ ਕਿ ਸੰਨ 2015 ਵਿਚ ਸੁਪਰੀਮ ਕੋਰਟ ਨੇ ਸੰਵਿਧਾਨ ਦੀ ਧਾਰਾ 251 ਨੂੰ ਲਾਗੂ ਕਰਨ ਬਾਬਤ ਫੈਸਲਾ ਸੁਣਾਇਆ ਸੀ, ਜਿਸ ਤਹਿਤ 1973 ਵਿਚ ਸੰਵਿਧਾਨ ਲਾਗੂ ਹੋਣ ਪਿਛੋਂ 15 ਸਾਲਾਂ ਵਿਚ ਅੰਗਰੇਜ਼ੀ ਦੀ ਥਾਂ ਉਰਦੂ ਨੂੰ ਸਰਕਾਰੀ ਜ਼ੁਬਾਨ ਵਜੋਂ ਲਾਗੂ ਕੀਤਾ ਜਾਣਾ ਸੀ। ਸੁਪਰੀਮ ਕੋਰਟ ਦੇ ਫੈਸਲੇ ਨਾਲ ਹੁਣ ਇਹ ਗੁੰਜਾਇਸ਼ ਬਣ ਗਈ ਸੀ ਕਿ ਸੂਬਾ ਸਰਕਾਰਾਂ ਵੀ ਆਪਣੀਆਂ ਜ਼ੁਬਾਨਾਂ ਨੂੰ ਤਰਜੀਹ ਦੇ ਸਕਦੀਆਂ ਸਨ। ਇਸ ਤੋਂ ਇਲਾਵਾ ਮੁਢਲੀ ਪੜ੍ਹਾਈ ਮਾਦਰੀ ਜ਼ੁਬਾਨ ਵਿਚ ਦੇਣ ਦੀ ਦਲੀਲ ਵੀ ਅਦਾਲਤੀ ਫੈਸਲੇ ਦਾ ਹਿੱਸਾ ਸੀ।

ਉਧਰ, ਪੰਜਾਬੀ ਲੇਖਕ ਟੀਪੂ ਸਲਮਾਨ ਮਖਦੂਮ ਦਾ ਇਸ ਅਦਾਲਤੀ ਫੈਸਲੇ ਬਾਬਤ ਕਹਿਣਾ ਹੈ, "ਜੇ ਕੋਈ ਸੂਬਾ ਮਾਦਰੀ ਜ਼ੁਬਾਨ ਲਾਗੂ ਕਰਨਾ ਚਾਹੁੰਦਾ ਹੈ ਤਾਂ ਕਰ ਸਕਦਾ ਹੈ। 'ਕਰ ਸਕਣਾ' ਸਰਕਾਰ ਨੂੰ ਪਾਬੰਦ ਨਹੀਂ ਕਰਦਾ, ਇਸ ਤਰ੍ਹਾਂ ਇਹ ਕਾਨੂੰਨੀ ਨਹੀਂ ਸਗੋਂ ਸਿਆਸੀ ਮਾਮਲਾ ਹੈ।"

ਪਾਕਿਸਤਾਨ ਦੇ ਪੰਜਾਬ ਵਿਚ ਪੰਜਾਬੀ ਦੀ ਹਸਤੀ ਅਤੇ ਹੈਸੀਅਤ ਦਾ ਸੁਆਲ ਲਗਾਤਾਰ ਕਾਇਮ ਰਿਹਾ ਹੈ। ਇਸ ਬੋਲੀ ਨੂੰ ਸਕੂਲਾਂ-ਕਾਲਜਾਂ ਵਿਚ ਲਾਗੂ ਕਰਵਾਉਣ ਲਈ ਹਰ ਪੱਧਰ ਉਤੇ ਪਹਿਲਕਦਮੀਆਂ ਹੁੰਦੀਆਂ ਰਹੀਆਂ ਹਨ। ਧਰਨੇ-ਮੁਜ਼ਾਹਰਿਆਂ ਤੋਂ ਲੈ ਕੇ ਅਦਾਲਤੀ ਪੈਰਵਾਈ ਹੁੰਦੀ ਰਹੀ ਹੈ। ਕਈ ਸਿਰੜੀ ਪੰਜਾਬੀਆਂ ਨੇ ਹਰ ਹਾਲਾਤ ਵਿਚ ਰਸਾਲੇ ਕੱਢਣੇ ਜਾਰੀ ਰੱਖੇ ਹਨ ਅਤੇ ਕਿਤਾਬਾਂ ਛਾਪਦੇ ਰਹੇ ਹਨ ਤਾਂ ਜੋ ਪੰਜਾਬੀ ਦੀ ਸਾਹਿਤ ਤੇ ਗਿਆਨ ਦੇ ਖੇਤਰਾਂ ਵਿਚ ਹਸਤੀ ਬਣੀ ਰਹੇ। ਲਾਹੌਰ ਵਿਚ 'ਪੰਚਮ' ਨਾਮ ਦਾ ਪੰਜਾਬੀ ਰਸਾਲਾ ਕੱਢਣ ਵਾਲੇ ਮਕਸੂਦ ਸਾਕਿਬ ਪੰਜਾਬੀ ਬੋਲੀ ਦੇ ਟਕਸਾਲੀ ਕਾਰਕੁਨ ਹਨ ਅਤੇ ਉਹ ਤਾਨਾਸ਼ਾਹੀਆਂ ਦੇ ਦੌਰ ਵਿਚ ਬੋਲੀ ਦੇ ਸੁਆਲ ਨੂੰ ਆਵਾਮ ਦੇ ਸੁਆਲ ਨਾਲ ਜੋੜ ਕੇ ਗੱਲ ਕਰਨ ਲਈ ਜਾਣੇ ਜਾਂਦੇ ਹਨ।

ਉਨ੍ਹਾਂ ਦਾ ਕਹਿਣਾ ਹੈ ਕਿ ਮਾਂ-ਬੋਲੀ ਦਿਹਾੜਾ ਸ਼ਾਇਰਾਂ-ਅਦੀਬਾਂ ਦਾ ਦਿਹਾੜਾ ਬਣ ਕੇ ਰਹਿ ਗਿਆ ਹੈ, ਪਰ ਬੋਲੀ ਤਾਂ ਮਜ਼ਦੂਰਾਂ, ਕਿਸਾਨਾਂ, ਮਿਹਨਤੀਆਂ, ਮੁਸ਼ੱਕਤੀਆਂ ਤੇ ਹੇਠਲੇ ਮੇਲ ਦੇ ਲੋਕਾਂ ਨੇ ਬਣਾਈ ਹੈ ਅਤੇ ਉਨ੍ਹਾਂ ਦੇ ਸੁਆਲਾਂ ਤੋਂ ਬਿਨਾ ਮਾਂ-ਬੋਲੀ ਦੀ ਗੱਲ ਬੇਮਾਅਨਾ ਹੈ।

ਮਕਸੂਦ ਸਾਕਿਬ ਨੇ ਆਪਣੀ ਦਲੀਲ ਦਾ ਵੇਰਵਾ ਪਾਇਆ, "ਸਾਥੋਂ ਬੋਲੀ ਜਾਣ ਦਾ ਕਾਰਨ ਖਾਸ ਕਿਸਮ ਦੇ ਨਿਜ਼ਾਮ ਅਤੇ ਸਮਾਜ ਦੀ ਉਸਾਰੀ ਨਾਲ ਜੁੜਿਆ ਹੋਇਆ ਹੈ। ਜੇ ਅਸੀਂ ਆਪਣੀ ਬੋਲੀ ਦਾ ਅਸਲਾ ਪਛਾਣੀਏ ਤਾਂ ਪਤਾ ਲੱਗੇਗਾ ਕਿ ਪੰਜਾਬੀ ਨੂੰ ਫਕੀਰਾਂ, ਗੁਰੂਆਂ, ਸੂਫੀਆਂ ਅਤੇ ਕਿੱਸਾਕਾਰਾਂ ਦੀ ਨਾਬਰੀ ਨੇ ਬਣਾਇਆ ਹੈ। ਇਸ ਨੂੰ ਇਨਕਲਾਬੀਆਂ ਨੇ ਸਿੰਜਿਆ ਹੈ।" ਨਾਬਰੀ ਦੀ ਰੀਤ ਨੂੰ ਮੌਜੂਦਾ ਦੌਰ ਨਾਲ ਜੋੜ ਕੇ ਉਹ ਕਹਿੰਦੇ ਹਨ, "ਅਮੀਰਾਂ, ਵਜ਼ੀਰਾਂ ਅਤੇ ਜੱਜਾਂ ਨੇ ਖਲਕਤ ਨੂੰ ਉਨ੍ਹਾਂ ਦੀ ਬੋਲੀ ਵਾਪਸ ਨਹੀਂ ਕਰਨੀ। ਇਹ ਤਾਂ ਹਰ ਵੇਲੇ ਤਬਕਾਤੀ, ਸਮਾਜਕ ਤਬਦੀਲੀ ਅਤੇ ਜਮਾਤੀ ਸੁਆਲਾਂ ਨਾਲ ਜੋੜ ਕੇ ਕਮਾਉਣੀ ਪੈਣੀ ਹੈ।...ਸ਼ਾਇਰ-ਅਦੀਬ ਤਾਂ ਆਪਣੀਆਂ ਤਰੱਕੀਆਂ-ਸ਼ੁਹਰਤਾਂ ਲਈ ਘੁਲ ਰਹੇ ਹਨ, ਇਸੇ ਕਾਰਨ ਉਨ੍ਹਾਂ ਦੀਆਂ ਲਿਖਤਾਂ ਕੱਚੀਆਂ ਹਨ। ਬੋਲੀ ਕੰਮ ਨੇ ਬਣਾਈ ਹੈ ਤਾਂ ਕਾਮਿਆਂ ਤੋਂ ਬਿਨਾ ਇਸ ਦੀ ਕੋਈ ਅਹਿਮੀਅਤ ਨਹੀਂ।"

ਸਾਕਿਬ ਦਾ ਕਹਿਣਾ ਹੈ ਕਿ ਮਾਂ-ਬੋਲੀ ਦੀ ਵਕਾਲਤ ਅਸੂਲੀ ਸੁਆਲ ਹੈ ਅਤੇ ਇਸ ਨੂੰ ਬਾਬਾ ਫਰੀਦ-ਬਾਬਾ ਨਾਨਕ-ਬੁੱਲ੍ਹੇ ਸ਼ਾਹ-ਨਜਮ-ਪਾਸ਼ ਦੀ ਰੀਤ ਵਿਚ ਹੀ ਸਮਝਿਆ ਜਾ ਸਕਦਾ ਹੈ। ਮੌਜੂਦਾ ਦੌਰ ਵਿਚ ਉਹ ਪੰਜਾਬੀ ਦੀ ਹਾਲਤ ਬਾਬਤ ਨਜਮ ਹੁਸੈਨ ਸਈਅਦ ਦੀ ਨਜ਼ਮ ਦਾ ਹਵਾਲਾ ਦਿੰਦੇ ਹਨ ਕਿ ਗੱਲ ਧੁਖ ਰਹੀ ਹੈ ਅਤੇ ਇਹ 'ਧੁਖਦੀ ਰਹੀ ਤਾਂ ਮੱਚ ਵੀ ਪਓਸੀ।' ਸਾਕਿਬ ਦਾ ਕਹਿਣਾ ਹੈ ਕਿ ਇਸ ਵੇਲੇ ਬੋਲੀ ਨੂੰ ਮਾਂ-ਬੋਲੀ ਵਜੋਂ ਨਹੀਂ ਸਗੋਂ ਇਸ ਨੂੰ ਲੋਕ ਬੋਲੀ ਵਜੋਂ ਵਿਚਾਰਿਆ ਜਾਣਾ ਚਾਹੀਦਾ ਹੈ।

ਇਸ ਤਰ੍ਹਾਂ ਬੋਲੀ ਦੀ ਗੱਲ ਸਿੰਧੀਆਂ, ਬਲੋਚੀਆਂ ਅਤੇ ਹਰ ਬੋਲੀ ਦੀ ਗੱਲ ਬਣ ਜਾਂਦੀ ਹੈ ਤੇ ਇਨ੍ਹਾਂ ਬੋਲੀਆਂ ਦੇ ਨਿਮਾਣੇ ਮੇਲ ਦੀ ਗੱਲ ਹੋ ਜਾਂਦੀ ਹੈ। ਬੋਲੀ ਦਾ ਸੁਆਲ ਹੀ ਇਕ ਨਿਮਾਣੇ ਨੂੰ ਦੂਜੇ ਨਿਮਾਣੇ ਨਾਲ ਜੋੜ ਕੇ ਨਵਾਂ ਲੋਕ ਵਿਹਾਰ ਸਿਰਜਣ ਦਾ ਸੁਆਲ ਹੈ।

ਪੰਜਾਬੀ ਬੋਲੀ ਦੇ ਕਾਰਕੁਨ ਜ਼ੁਬੈਰ ਅਹਿਮਦ ਇਸ ਅਦਾਲਤੀ ਫੈਸਲੇ ਅਤੇ ਲਾਹੌਰ ਵਿਚ ਮਾਂ ਬੋਲੀ ਦਿਹਾੜਾ ਮਨਾਏ ਜਾਣ ਦੀ ਸਰਗਰਮੀ ਨੂੰ ਤਬਦੀਲੀ ਵਜੋਂ ਦੇਖਦੇ ਹਨ। ਉਨ੍ਹਾਂ ਦਾ ਕਹਿਣਾ ਹੈ, "ਪਹਿਲੀ ਵਾਰ 2013 ਵਿਚ ਇਹ ਦਿਹਾੜਾ ਲਾਹੌਰ ਵਿਚ ਮਨਾਇਆ ਗਿਆ ਸੀ, ਪਰ ਇਸ ਵਾਰ ਪੰਜਾਬ ਦੇ 10 ਤੋਂ 15 ਸ਼ਹਿਰਾਂ ਵਿਚ ਮਨਾਇਆ ਗਿਆ, ਜਿਨ੍ਹਾਂ ਵਿਚ ਲਾਇਲਪੁਰ, ਟੋਬਾ ਟੇਕ ਸਿੰਘ, ਗੁੱਜਰਾਂਵਾਲਾ ਅਤੇ ਇਸਲਾਮਾਬਾਦ ਸ਼ਾਮਿਲ ਹਨ। ਇਕ ਜਲੂਸ ਸਾਹੀਵਾਲ ਤੋਂ ਪਾਕ ਪਟਨ 'ਚ ਬਾਬਾ ਫਰੀਦ ਦੇ ਮਜ਼ਾਰ ਤੱਕ ਜਾਵੇਗਾ।"

***(ਬੀ. ਬੀ. ਸੀ. ਪੰਜਾਬੀ ਤੋਂ ਧੰਨਵਾਦ ਸਹਿਤ)***

## ਉਸਤਾਦ ਦਾਮਨ ਦੀਆਂ ਚਾਰ ਕਵਿਤਾਵਾਂ

*(1)*

ਮੈਨੂੰ ਕਈਆਂ ਨੇ ਆਖਿਆ ਕਈ ਵਾਰੀ,
ਤੂੰ ਲੈਣਾ ਪੰਜਾਬੀ ਦਾ ਨਾਂ ਛੱਡ ਦੇ।
ਗੋਦੀ ਜਿਦ੍ਹੀ 'ਚ ਪਲਕੇ ਜਵਾਨ ਹੋਇਓਂ,
ਉਹ ਮਾਂ ਛੱਡ ਦੇ ਤੇ ਗਰਾਂ ਛੱਡ ਦੇ।

ਜੇ ਪੰਜਾਬੀ, ਪੰਜਾਬੀ ਈ ਕੂਕਣਾ ਈਂ,
ਜਿਥੇ ਖਲਾ ਖਲੋਤਾ ਉਹ ਥਾਂ ਛੱਡ ਦੇ।
ਮੈਨੂੰ ਇੰਜ ਲੱਗਦਾ, ਲੋਕੀਂ ਆਖਦੇ ਨੇ,
ਤੂੰ ਪੁੱਤਰਾ ਆਪਣੀ ਮਾਂ ਛੱਡ ਦੇ।

*(2)*

ਉਰਦੂ ਦਾ ਮੈਂ ਦੋਖੀ ਨਾਹੀਂ
ਤੇ ਦੁਸ਼ਮਣ ਨਹੀਂ ਅੰਗਰੇਜ਼ੀ ਦਾ।
ਪੁੱਛਦੇ ਓ ਮੇਰੇ ਦਿਲ ਦੀ ਬੋਲੀ,
ਹਾਂ ਜੀ ਹਾਂ ਪੰਜਾਬੀ ਏ।
ਹਾਂ ਜੀ ਹਾਂ ਪੰਜਾਬੀ ਏ।

ਬੁੱਲ੍ਹਾ ਮਿਲਿਆ ਏਸੇ ਵਿਚੋਂ,
ਏਸੇ ਵਿਚੋਂ ਵਾਰਿਸ ਵੀ।
ਧਾਰਾਂ ਮਿਲੀਆਂ ਏਸੇ ਵਿਚੋਂ,
ਮੇਰੀ ਮਾਂ ਪੰਜਾਬੀ ਏ।
ਹਾਂ ਜੀ ਹਾਂ ਪੰਜਾਬੀ ਏ।

ਇਹਦੇ ਬੋਲ ਕੰਨਾਂ ਵਿਚ ਪੈਂਦੇ,
ਦਿਲ ਮੇਰੇ ਦੇ ਵਿਚ ਨੇ ਰਹਿੰਦੇ।
ਤਪਦੀਆਂ ਹੋਈਆਂ ਰੇਤਾਂ ਉਤੇ,
ਇਕ ਠੰਢੀ ਛਾਂ ਪੰਜਾਬੀ ਏ।
ਹਾਂ ਜੀ ਹਾਂ ਪੰਜਾਬੀ ਏ।

ਇਹਦੇ ਦੁੱਧਾਂ ਦੇ ਵਿਚ ਮੱਖਣੀ,
ਮੱਖਣਾਂ ਵਿਚ ਘਿਓ ਦੀ ਚੱਖਣੀ।
ਡੱਬ ਖੜੱਬੀ ਦੁੱਧਲ ਜਿਹੀ,
ਇਕ ਸਾਡੀ ਗਾਂ ਪੰਜਾਬੀ ਏ।
ਹਾਂ ਜੀ ਹਾਂ ਪੰਜਾਬੀ ਏ।

*(3)*

ਏਥੇ ਬੋਲੀ ਪੰਜਾਬੀ ਹੀ ਬੋਲੀ ਜਾਏਗੀ,
ਉਰਦੂ ਵਿਚ ਕਿਤਾਬਾਂ ਦੇ ਠਣਦੀ ਰਹੇਗੀ।




ਇਹਦਾ ਪੁੱਤ ਹਾਂ ਇਹਦੇ ਤੋਂ ਦੁੱਧ ਮੰਗਨਾਂ,
ਮੇਰੀ ਭੁੱਖ ਇਹਦੀ ਛਾਤੀ ਤਣਦੀ ਰਹੇਗੀ।
ਇਹਦੇ ਲੱਖ ਹਰੀਫ ਪਏ ਹੋਣ ਪੈਦਾ,
ਦਿਨ-ਬਦਿਨ ਇਹਦੀ ਸ਼ਕਲ ਬਣਦੀ ਰਹੇਗੀ।
ਉਦੋਂ ਤੀਕ ਪੰਜਾਬੀ ਤੇ ਨਹੀਂ ਮਰਦੀ,
ਜਦੋਂ ਤੀਕ ਪੰਜਾਬਣ ਕੋਈ ਜਣਦੀ ਰਹੇਗੀ।

*(4)*

ਜਦੋਂ ਕਦੇ ਪੰਜਾਬੀ ਦੀ ਗੱਲ ਕਰਨਾਂ
ਜਦੋਂ ਕਦੇ ਪੰਜਾਬੀ ਦੀ ਗੱਲ ਕਰਾਂ,
ਫਾਂ ਫਾਂ ਕਰਦਾ ਫੂੰ ਫੂੰ ਆਉਂਦਾ।
ਤੂੰ ਪੰਜਾਬੀ ਪੰਜਾਬੀ ਕੀ ਲਾਈ ਹੋਈ ਏ,
ਚਾਂ ਚਾਂ ਕਰਦਾ ਚੂੰ ਚੂੰ ਆਉਂਦਾ।

ਉਹ ਬੋਲਦਾ ਬੋਲਦਾ ਟੁਰੀ ਜਾਂਦਾ,
ਖੌਰੇ ਮੇਰੇ ਬੁੱਲ੍ਹਾਂ ਨੂੰ ਸਿਉਂ ਆਉਂਦਾ।
ਇਹ ਗੱਲ ਹੈ ਮਾਂ ਤੇ ਪੁੱਤਰਾਂ ਦੀ,
ਕੋਈ ਤੀਸਰਾ ਇਹਦੇ ਵਿਚ ਕਿਉਂ ਆਉਂਦਾ।

---

### ਪੰਜਾਬੀ ਬੋਲੀ

ਮੂੰਹਾਂ ਮੀਟ ਕੇ ਨੁੱਕਰੇ ਹਾਂ ਬੈਠੀ,
ਟੁੱਟੀ ਹੋਈ ਸਤਾਰ ਰਬਾਬੀਆਂ ਦੀ।
ਪੁੱਛੀ ਬਾਤ ਨਾ ਜਿਨ੍ਹਾਂ ਨੇ ਸ਼ਰਫ ਮੇਰੀ,
ਵੇ ਮੈਂ ਬੋਲੀ ਹਾਂ, ਉਨ੍ਹਾਂ ਪੰਜਾਬੀਆਂ ਦੀ।

***-ਫੀਰੋਜ਼ਦੀਨ ਸ਼ਰਫ***

---

### ਮੇਰੀ ਕਵਿਤਾ

ਮੇਰੀ ਮਾਂ ਨੂੰ ਮੇਰੀ ਕਵਿਤਾ
ਸਮਝ ਨਾ ਆਈ
ਭਾਵੇਂ ਮੇਰੀ ਮਾਂ-ਬੋਲੀ ਵਿਚ
ਲਿਖੀ ਹੋਈ ਸੀ
ਉਹ ਤਾਂ ਕੇਵਲ ਏਨਾ ਸਮਝੀ
ਪੁੱਤ ਦੀ ਰੂਹ ਨੂੰ ਦੁਖ ਹੈ ਕੋਈ
ਪਰ ਇਸ ਦਾ ਦੁੱਖ ਮੇਰੇ ਹੁੰਦਿਆਂ
ਆਇਆ ਕਿੱਥੋਂ
ਨੀਝ ਲਗਾ ਕੇ ਦੇਖੀ
ਮੇਰੀ ਅਨਪੜ੍ਹ ਮਾਂ ਨੇ ਮੇਰੀ ਕਵਿਤਾ
ਦੇਖੋ ਲੋਕੋ
ਕੁੱਖੋਂ ਜਾਏ
ਮਾਂ ਨੂੰ ਛੱਡ ਕੇ
ਦੁਖ ਕਾਗਤਾਂ ਨੂੰ ਦੱਸਦੇ ਨੇ
ਮੇਰੀ ਮਾਂ ਨੇ ਕਾਗਜ਼ ਚੁੱਕ ਸੀਨੇ ਨੂੰ ਲਾਇਆ
ਖਬਰੇ ਏਦਾਂ ਹੀ
ਕੁਝ ਮੇਰੇ ਨੇੜੇ ਹੋਵੇ
ਮੇਰਾ ਜਾਇਆ।

***-ਸੁਰਜੀਤ ਪਾਤਰ***

---

### ਪੰਜਾਬੀ ਮਾਂ ਬੋਲੀ

ਇਹ ਗੁਰੂਆਂ ਦੀ ਬੋਲੀ
ਇਹ ਪੀਰਾਂ ਦੀ ਬੋਲੀ।
ਮਿੱਟੀ ਦੇ ਕਣ ਕਣ 'ਚ ਮਹਿਕੇ
ਇਹ ਰੂਹਾਂ ਦੀ ਬੋਲੀ।

ਇਹ ਝਨਾਂ ਕੰਢੇ ਗੂੰਜੇ
ਬਿਆਸ ਰਾਵੀ 'ਚ ਬੋਲੇ,
ਇਹ ਸਤਲੁਜ ਦੀ ਬੋਲੀ
ਇਹ ਸਿੰਧ ਦੀ ਬੋਲੀ।

ਇਹ ਸ਼ਗਨਾਂ ਤੇ ਗਾਉਂਦੀ
ਮੋਇਆਂ ਵੈਣ ਪਾਉਂਦੀ,
ਰੱਬ ਨੇ ਧੁਰ ਦਰਗਾਹੋਂ ਤੋਰੀ
ਇਹ ਸੱਚੀ ਸੁੱਚੀ ਬੋਲੀ।

ਇਹ ਖੇਤਾਂ 'ਚ ਗੂੰਜੀ
ਹਵਾਵਾਂ 'ਚੋਂ ਬੋਲੀ,
ਹਰ ਇੱਕ ਨੇ ਮਜਦਾ ਕੀਤਾ
ਇਹ ਜਿੱਥੇ ਵੀ ਬੋਲੀ।

ਇਹ ਮਾਂ ਵਾਲੀ ਬੋਲੀ
ਇਹ ਜੀਣਾ ਸਿਖਾਂਦੀ,
ਰਿਸ਼ਤਿਆਂ 'ਚ ਘੋਲ ਦਿੰਦੀ
ਮਿਠਾਸ ਇਹ ਬੋਲੀ।

ਮੰਗਦੀ ਹੱਕ ਆਪਣੇ ਹਿੱਸੇ ਦਾ
ਭਾਵੇਂ ਬੱਚਿਆਂ ਬੇਕਦਰੀ 'ਚ ਰੋਲੀ,
ਸਾਥ ਉਮਰਾਂ ਤੀਕ ਨਿਭਾਂਦੀ
ਇਹ ਸਾਡੀ ਪੰਜਾਬੀ ਮਾਂ ਬੋਲੀ।

---

### ਤੇਰੀ ਧੀ

ਮੈਂ ਚਾਹੇ ਅਣਚਾਹਿਆ ਸੁਪਨਾ ਹਾਂ,
ਤੇਰੇ ਸੁਪਨਿਆਂ ਦੀ ਤਸਵੀਰ ਬਣਾਂ।

ਮੇਰੀ ਖਾਤਰ ਬੱਸ ਦੁੱਖ ਝੱਲੇ ਤੂੰ,
ਤੇਰੀ ਖੁਸ਼ੀਆਂ ਦੀ ਤਕਦੀਰ ਬਣਾਂ।

ਮੰਨ ਕੇ ਬੋਝ ਨਾ ਪਾਲ ਮੈਨੂੰ,
ਰੋਸ਼ਨ ਕਿਸਮਤ ਦਾ ਚਿਰਾਗ ਬਣਾਂ।

ਮਾਏ ਮੈਂ ਤੇਰਾ ਹਿੱਸਾ ਹਾਂ,
ਕਰੇ ਫਖਰ ਮੈਂ ਉਹ ਮੁਨਾਰ ਬਣਾਂ।

ਮੇਰੇ ਪੱਲੇ ਭਾਵੇਂ ਦੁਸ਼ਵਾਰੀਆਂ
ਬਦਲੇ ਹਾਲਾਤਾਂ ਦਾ ਸੰਸਾਰ ਬਣਾਂ।

ਰੋਸ਼ਨ ਕਰਾਂ ਤੇਰਾ ਨਾਂ ਜਹਾਨ ਉਤੇ
ਤੇਰੀ ਹਿੰਮਤ ਦਾ ਪਹਾੜ ਬਣਾਂ।

ਚਾਹੇ ਮੈਂ ਤੇਰੀ ਧੀ ਮਾਏ
ਪੁੱਤਾਂ ਤੋਂ ਵੱਧ ਤੇਰਾ ਸਤਿਕਾਰ ਕਰਾਂ।

***-ਮਨਿੰਦਰ ਕੌਰ ਬੱਸੀ ਪਠਾਣਾਂ***
***ਫੋਨ: 91-98784-38722***

# ਕਸ਼ਮੀਰੀਆਂ 'ਤੇ ਅੱਤਿਆਚਾਰ ਵਿਰੁਧ ਸ਼ਿਕਾਗੋ ਵਿਚ ਭਾਰਤੀ ਕੌਂਸਲਖਾਨੇ ਅੱਗੇ ਰੋਸ ਮੁਜਾਹਰਾ




**ਸ਼ਿਕਾਗੋ (ਬਿਊਰੋ):** ਆਜ਼ਾਦੀ ਪਸੰਦ ਕੌਮਾਂ ਅਤੇ ਅੱਤਿਆਚਾਰ ਦਾ ਸ਼ਿਕਾਰ ਹੋਈਆਂ ਕੌਮਾਂ-ਮੁਸਲਮਾਨਾਂ ਤੇ ਸਿੱਖਾਂ ਵਲੋਂ ਪਿਛਲੇ ਦਿਨੀਂ ਸਾਂਝੇ ਤੌਰ 'ਤੇ ਇਥੇ ਭਾਰਤੀ ਕੌਂਸਲਖਾਨੇ ਅੱਗੇ ਰੋਸ ਮੁਜਾਹਰਾ ਕੀਤਾ ਗਿਆ। ਮੁਜਾਹਰਾਕਾਰੀਆਂ ਨੇ ਪੁਲਵਾਮਾ ਬੰਬ ਧਮਾਕੇ ਵਿਚ ਮਾਰੇ ਗਏ ਫੌਜੀ ਜਵਾਨਾਂ ਦੀ ਮੌਤ 'ਤੇ ਦੁੱਖ ਜਾਹਰ ਕਰਦਿਆਂ ਸਵਾਲ ਕੀਤਾ ਕਿ ਜਦ ਇਹ ਫੋਰਸਾਂ ਸਰਕਾਰਾਂ ਦੇ ਕਹੇ 'ਤੇ ਅੰਨੇਵਾਹ ਨਿਰਦੋਸ਼ ਲੋਕਾਂ 'ਤੇ ਗੋਲੀਆਂ ਦਾ ਮੀਂਹ ਵਰ੍ਹਾਉਂਦੀਆਂ ਹਨ; ਔਰਤਾਂ, ਬੱਚਿਆਂ ਤੇ ਬਜੁਰਗਾਂ ਉਤੇ ਤਸ਼ੱਦਦ ਕਰਦੀਆਂ ਹਨ, ਉਦੋਂ ਕਿਉਂ ਨਹੀਂ ਕੋਈ ਬੋਲਦਾ? ਜਦੋਂ ਚਿੱਟੀਸਿੰਘਪੁਰਾ ਵਿਚ 36 ਸਿੱਖਾਂ ਨੂੰ ਮਾਰ ਦਿੱਤਾ ਗਿਆ ਸੀ, ਉਦੋਂ ਕਿਉਂ ਨਹੀਂ ਕੋਈ ਬੋਲਿਆ? ਉਦੋਂ ਮੀਡੀਆ ਕਿੱਥੇ ਸੁੱਤਾ ਪਿਆ ਸੀ?

ਮੁਜਾਹਰਾਕਾਰੀਆਂ ਅਨੁਸਾਰ ਪੁਲਵਾਮਾ ਬੰਬ ਧਮਾਕੇ ਬਾਰੇ ਭਾਰਤ ਤੇ ਪਾਕਿਸਤਾਨ ਦੀਆਂ ਸਰਕਾਰਾਂ ਵਲੋਂ ਇਕ ਦੂਜੇ 'ਤੇ ਇਲਜ਼ਾਮਤਰਾਸ਼ੀ ਕੀਤੇ ਜਾਣ, ਭਾਰਤੀ ਮੀਡੀਏ ਵਲੋਂ ਬਲਦੀ 'ਤੇ ਤੇਲ ਪਾਉਣ ਅਤੇ ਭਾਰਤੀ ਸਿਆਸਤਦਾਨਾਂ ਦੀ ਸੌੜੀ ਸੋਚ ਵਾਲੇ ਬਿਆਨ ਆਉਣ ਪਿਛੋਂ ਪੂਰੇ ਭਾਰਤ ਅੰਦਰ ਕਸ਼ਮੀਰੀ ਲੋਕਾਂ 'ਤੇ ਕਹਿਰ ਦੀ ਜੋ ਹਨੇਰੀ ਝੁੱਲਣੀ ਸ਼ੁਰੂ ਹੋ ਗਈ, ਬਿਲਕੁਲ ਉਵੇਂ ਜਿਵੇਂ 1984 ਵਿਚ ਸਿੱਖ ਕੌਮ 'ਤੇ ਝੁੱਲੀ ਸੀ। ਪੰਜਾਬ ਤੇ ਹਰਿਆਣਾ ਵਿਚ ਸਿੱਖ ਕੌਮ ਕਸ਼ਮੀਰੀ ਲੋਕਾਂ ਨਾਲ ਢਾਲ ਬਣ ਕੇ ਖੜ੍ਹੀ ਹੋਈ। ਕੱਟੜਵਾਦੀ ਸੋਚ ਵਲੋਂ ਪੂਰੇ ਭਾਰਤ ਵਿਚ ਕਸ਼ਮੀਰੀਆਂ ਨੂੰ ਨਿਸ਼ਾਨਾ ਬਣਾਏ ਜਾਣ ਦੀ ਵੀ ਨਿਖੇਧੀ ਕੀਤੀ ਗਈ।

ਮੁਜਾਹਰਾਕਾਰੀਆਂ ਨੇ ਦੋਸ਼ ਲਾਇਆ ਕਿ ਇਸ ਸਭ ਪਿਛੇ ਭਾਰਤੀ ਏਜੰਸੀਆਂ ਤੇ ਬੀ. ਜੇ. ਪੀ. ਦੀ ਕੱਟੜਵਾਦੀ ਕੇਂਦਰ ਸਰਕਾਰ ਦਾ ਹੱਥ ਹੈ। ਇਸ ਤੋਂ ਇਲਾਵਾ ਮੁਜਾਹਰਾਕਾਰੀਆਂ ਨੇ ਕਸ਼ਮੀਰ ਦੀ ਆਜ਼ਾਦੀ ਅਤੇ ਖਾਲਿਸਤਾਨ ਦੀ ਪ੍ਰਾਪਤੀ ਲਈ ਤਹੱਈਆ ਕਰਦਿਆਂ ਖਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਾਏ। ਮੁਜਾਹਰੇ ਵਿਚ ਕਸ਼ਮੀਰੀ, ਫਲਸਤੀਨੀ ਤੇ ਪਾਕਿਸਤਾਨੀ ਜਥੇਬੰਦੀਆਂ ਅਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਸ਼ਿਕਾਗੋ ਦੇ ਸਮਰਥਕ ਸ਼ਾਮਲ ਸਨ।




## ਸੰਘ ਲਈ ਹੁਣ ਮੰਦਿਰ ਨਹੀਂ, ਕਸ਼ਮੀਰ ਹੈ ਪਹਿਲ: ਸ਼ਿਵ ਸੈਨਾ

**ਮੁੰਬਈ:** ਸ਼ਿਵ ਸੈਨਾ ਨੇ ਇਕ ਖ਼ਬਰ ਦਾ ਹਵਾਲਾ ਦਿੰਦਿਆਂ ਕਿਹਾ ਹੈ ਕਿ ਰਾਸ਼ਟਰੀ ਸਵੈਮ ਸੇਵਕ ਸੰਘ (ਆਰ.ਐਸ.ਐਸ.) ਦਾ ਨਵਾਂ ਰੁਖ਼ ਇਹ ਹੈ ਕਿ ਰਾਮ ਮੰਦਿਰ ਮੁੱਦੇ ਨੂੰ ਆਰਜ਼ੀ ਤੌਰ 'ਤੇ ਪਾਸੇ ਰੱਖ ਦਿੱਤਾ ਜਾਵੇ ਤੇ ਪੁਲਵਾਮਾ ਹਮਲੇ ਤੋਂ ਬਾਅਦ ਪੈਦਾ ਹੋਏ ਹਾਲਾਤ ਦੇ ਮੱਦੇਨਜ਼ਰ ਕਸ਼ਮੀਰ ਮੁੱਦੇ ਨੂੰ 'ਪਹਿਲ' ਦਿੱਤੀ ਜਾਵੇ ਕਿਉਂਕਿ ਇਹ ਦੇਸ਼ ਦੀਆਂ ਮੌਜੂਦਾ ਹਾਲਤਾਂ ਮੁਤਾਬਕ ਢੁਕਵਾਂ ਹੈ।

ਸ਼ਿਵ ਸੈਨਾ ਨੇ ਕਿਹਾ ਕਿ ਕਿਉਂਕਿ ਕਾਂਗਰਸ ਤੇ ਹੋਰ ਪਾਰਟੀਆਂ ਵੱਲੋਂ ਤਜਵੀਜ਼ਸ਼ੁਦਾ ਮਹਾਂਗਠਜੋੜ ਦੇਸ਼ ਵਿਚ ਕਦੇ ਸਥਿਰਤਾ ਤੇ ਸ਼ਾਂਤੀ ਨਹੀਂ ਲਿਆ ਸਕਦਾ, ਇਸ ਲਈ ਆਰ.ਐਸ.ਐਸ. ਦਾ ਬਦਲਿਆ ਹੋਇਆ ਰਵੱਈਆ ਇਕ ਤਰ੍ਹਾਂ ਨਾਲ ਢੁਕਵਾਂ ਹੈ। ਹਾਲਾਂਕਿ ਸ਼ਿਵ ਸੈਨਾ ਨੇ ਆਪਣੇ ਅਖ਼ਬਾਰ 'ਸਾਮਨਾ' ਵਿਚ ਦਾਅਵਾ ਕੀਤਾ ਹੈ ਕਿ ਲੰਘੇ ਪੰਜ ਵਰ੍ਹਿਆਂ ਵਿਚ ਪਾਕਿਸਤਾਨ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਇਆ ਗਿਆ। ਪਾਰਟੀ ਨੇ 2014 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਪ੍ਰਚਾਰੇ ਉਸ ਨਾਅਰੇ ਨੂੰ ਵੀ ਦੁਹਰਾਉਣ ਦੀ ਜ਼ਰੂਰਤ 'ਤੇ ਵੀ ਸਵਾਲ ਉਠਾਏ, ਜਿਸ ਵਿਚ 'ਸਥਿਰ ਸਰਕਾਰ ਤੇ ਇਕ ਮਜ਼ਬੂਤ ਪ੍ਰਧਾਨ ਮੰਤਰੀ' ਚੁਣਨ ਦੀ ਗੱਲ ਕੀਤੀ ਗਈ ਸੀ। ਸ਼ਿਵ ਸੈਨਾ ਨੇ ਪੁਲਵਾਮਾ ਜਿਹੀਆਂ ਘਟਨਾਵਾਂ ਰੋਕਣ ਲਈ ਦੇਸ਼ ਵਿਚ ਇਕ ਸਥਿਰ ਸਰਕਾਰ ਦੀ ਲੋੜ ਦੱਸੀ।

Convenience Store For Sale
In Cleveland, Ohio
Corner Location. Great Opportunity.
Own a business since 1996
Convenience store (Beer, Wine, Grocery) + Check Cashing+ Lottery+ Bill Payments.
Sale Price $95K plus inventory.
Motivated seller planning to retire.
Call Sunny for inquiries:
Ph: 216-799-5015 or 440-232-8917
9-12

Why To Rent
Buy Your Own Home

Contact For Your Needs
For Buying, Selling Your Property Or Investing.
A Broker With More Dedication And Satisfaction Of Your Needs
I Speak Punjabi, Hindi And English.
Call Ashwani Kumar
Ph: 224-258-6189
REALTY EXECUTIVES
ashwanimahajan2017@gmail.com
2182 Gladstone Ct. Unit C, Glendale Heights, IL 60139

ਵੇਟਰ ਤੇ ਹੈਲਪਰ ਦੀ ਲੋੜ ਹੈ
ਮੈਡੀਸਨ, ਵਿਸਕਾਨਸਿਨ 'ਚ ਭਾਰਤੀ ਰੈਸਟੋਰੈਂਟ ਲਈ ਵੇਟਰ ਅਤੇ ਹੈਲਪਰ ਦੀ ਲੋੜ ਹੈ।
ਰਿਹਾਇਸ਼ ਫਰੀ, ਚੰਗੀ ਤਨਖਾਹ
ਸੰਪਰਕ ਕਰੋ: ਸੰਨੀ
ਫੋਨ: 608-630-0287
8-11

ਤੰਦੂਰੀਏ ਤੇ ਹਲਵਾਈ ਦੀ ਲੋੜ ਹੈ
ਹਿਊਸਟਨ (ਟੈਕਸਸ) ਵਿਚ ਇਕ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ ਅਤੇ ਤੰਦੂਰੀਏ ਦੀ ਲੋੜ ਹੈ
ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ
ਸੰਪਰਕ ਕਰੋ
ਮੁਖਤਿਆਰ ਸਿੰਘ, ਫੋਨ: 713-884-9547
ਸੁਖਦੇਵ ਸਿੰਘ, ਫੋਨ: 832-724-1635

ਪ੍ਰਿੰਸ ਟਰਾਂਸਪੋਰਟ ਇੰਕ.
ਸਿਨਸਿਨੈਟੀ, ਓਹਾਇਓ
ਡਰਾਈਵਰਾਂ ਅਤੇ ਓਨਰ ਆਪਰੇਟਰਾਂ ਦੀ ਲੋੜ ਹੈ
*50 ਸੈਂਟ ਪ੍ਰਤੀ ਮੀਲ *48 ਸਟੇਟਾਂ ਲਈ ਲੋਡ
*ਪੇਪਰ ਦੇਵੋ, ਤੁਰੰਤ ਪੈਸੇ ਲਵੋ *ਜਦੋਂ ਚਾਹੋ, ਐਡਵਾਂਸ ਵੀ ਲੈ ਸਕਦੇ ਹੋ
*Dispatch with confirmation
*Fuel Advance *Load For 48 States
ਹੋਰ ਜਾਣਕਾਰੀ ਲਈ ਸੰਪਰਕ ਕਰੋ:
ਫੋਨ: 513-432-9754
8-11

# ਹਾਈ ਕੋਰਟ ਵੱਲੋਂ ਸੁਖਬੀਰ ਤੇ ਮਜੀਠੀਆ ਤਲਬ

**ਚੰਡੀਗੜ੍ਹ :** ਪੰਜਾਬ ਹਰਿਆਣਾ ਹਾਈ ਕੋਰਟ ਨੇ ਅੱਜ ਜਸਟਿਸ ਰਣਜੀਤ ਸਿੰਘ ਵੱਲੋਂ ਦਾਇਰ ਕੀਤੀ ਪਟੀਸ਼ਨ 'ਤੇ ਪੰਜਾਬ ਦੇ ਸਾਬਕਾ



ਉਪ ਮੁੱਖ ਮੰਤਰੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਵਿਧਾਇਕ ਬਿਕਰਮ ਸਿੰਘ ਮਜੀਠੀਆ ਨੂੰ 25 ਮਾਰਚ ਲਈ ਨੋਟਿਸ ਜਾਰੀ ਕਰ ਦਿੱਤਾ ਹੈ।

ਪਟੀਸ਼ਨਰ ਦੇ ਵਕੀਲ ਏ.ਪੀ.ਐਸ. ਦਿਓਲ ਅਤੇ ਐਚ.ਐਸ. ਦਿਓਲ ਨੇ ਦੱਸਿਆ ਕਿ ਜਸਟਿਸ ਅਮਿਤ ਰਾਵਲ ਨੇ ਦੋਵੇਂ ਆਗੂਆਂ ਨੂੰ ਕਮਿਸ਼ਨਜ਼ ਆਫ ਇਨਕੁਆਰੀ ਐਕਟ, 1952 ਦੀ ਧਾਰਾ 10ਏ ਤਹਿਤ ਨੋਟਿਸ ਜਾਰੀ ਕੀਤੇ ਹਨ। ਇਨ੍ਹਾਂ ਧਾਰਾਵਾਂ ਤਹਿਤ ਕਮਿਸ਼ਨ ਜਾਂ ਇਸ ਦੇ ਮੈਂਬਰਾਂ ਦੇ ਵਕਾਰ ਨੂੰ ਜਾਣ ਬੁੱਝ ਕੇ ਢਾਹ ਲਾਉਣ ਦੀ ਕਿਸੇ ਵੀ ਕਾਰਵਾਈ ਬਦਲੇ ਸਜ਼ਾ ਅਤੇ ਜੁਰਮਾਨੇ ਦਾ ਪ੍ਰਾਵਧਾਨ ਹੈ। ਸ੍ਰੀ ਏ.ਪੀ.ਐਸ. ਦਿਓਲ ਨੇ ਦੱਸਿਆ ਕਿ ਦੋਵਾਂ ਨੂੰ ਕੇਸ ਦੀ ਅਗਲੀ ਸੁਣਵਾਈ ਵੇਲੇ 25 ਮਾਰਚ ਨੂੰ ਬੈਂਚ ਸਾਹਮਣੇ ਪੇਸ਼ ਹੋਣ ਲਈ ਕਿਹਾ ਗਿਆ ਹੈ। ਜਸਟਿਸ ਰਣਜੀਤ ਸਿੰਘ ਵੱਲੋਂ ਅਕਾਲੀ ਆਗੂਆਂ ਵੱਲੋਂ ਕੀਤੀਆਂ ਪ੍ਰੈਸ ਕਾਨਫਰੰਸਾਂ ਅਤੇ ਹੋਰ ਸਬੂਤ ਵੀ ਅਗਲੀ ਪੇਸ਼ੀ ਮੌਕੇ ਦਰਜ ਕਰਵਾਏ ਜਾਣਗੇ।

ਜਸਟਿਸ ਰਣਜੀਤ ਸਿੰਘ ਨੇ ਆਪਣੀ ਪਟੀਸ਼ਨ ਵਿਚ ਦੋਸ਼ ਲਾਇਆ ਸੀ ਕਿ ਪੰਜਾਬ ਵਿਚ ਬੇਅਦਬੀ ਅਤੇ ਉਸ ਤੋਂ ਬਾਅਦ ਵਾਪਰੀਆਂ ਗੋਲੀਬਾਰੀ ਦੀਆਂ ਘਟਨਾਵਾਂ ਦੀ ਜਾਂਚ ਦੌਰਾਨ ਅਕਾਲੀ ਆਗੂਆਂ ਵਲੋਂ ਉਨ੍ਹਾਂ ਖਿਲਾਫ ਜਾਣ ਬੁੱਝ ਅਜਿਹੀ ਬਿਆਨਬਾਜ਼ੀ ਕੀਤੀ ਗਈ ਸੀ ਜਿਸ ਨਾਲ ਜਨਤਕ ਤੌਰ 'ਤੇ ਉਨ੍ਹਾਂ ਦਾ ਅਤੇ ਕਮਿਸ਼ਨ ਦੇ ਵਕਾਰ ਨੂੰ ਢਾਹ ਲੱਗੀ ਸੀ। ਦੇਸ਼ ਵਿਚ ਇਹ ਆਪਣੀ ਕਿਸਮ ਦਾ ਪਹਿਲਾ ਮਾਮਲਾ ਸਮਝਿਆ ਜਾਂਦਾ ਹੈ ਜਦੋਂ ਕਿਸੇ ਜਾਂਚ ਕਮਿਸ਼ਨ ਦੇ ਮੁਖੀ ਵਲੋਂ ਕਿਸੇ ਸਿਆਸਤਦਾਨ ਪ੍ਰਤੀ ਅਜਿਹੀ ਸ਼ਿਕਾਇਤ ਕੀਤੀ ਹੋਵੇ।

ਜਸਟਿਸ ਰਣਜੀਤ ਸਿੰਘ ਨੇ ਆਪਣੀ ਸ਼ਿਕਾਇਤ ਵਿਚ ਆਖਿਆ ਸੀ ਕਿ ਦੋਵੇਂ ਸਿਆਸੀ ਆਗੂਆਂ ਨੇ ਜਾਣ ਬੁੱਝ ਕੇ ਉਨ੍ਹਾਂ ਦੇ ਖਿਲਾਫ ਅਜਿਹੇ ਕਈ ਝੂਠੇ, ਅਪਮਾਨਜਨਕ ਅਤੇ ਇਤਰਾਜ਼ਯੋਗ ਬਿਆਨ ਜਾਰੀ ਕੀਤੇ ਸਨ ਜਿਨ੍ਹਾਂ ਕਰ ਕੇ ਅਵਾਮ ਦੀਆਂ ਨਜ਼ਰਾਂ ਵਿਚ ਕਮਿਸ਼ਨ ਦੇ ਅਕਸ ਨੂੰ ਢਾਹ ਲਾਉਣ ਦਾ ਯਤਨ ਕੀਤਾ ਗਿਆ ਸੀ।

## ਚਰਨਜੀਤ ਸ਼ਰਮਾ ਨੂੰ 7 ਮਾਰਚ ਤੱਕ ਜੇਲ੍ਹ ਭੇਜਿਆ

**ਫਰੀਦਕੋਟ:** ਸਥਾਨਕ ਇਲਾਕਾ ਮੈਜਿਸਟ੍ਰੇਟ ਚੇਤਨ ਸ਼ਰਮਾ ਵਲੋਂ ਸਾਬਕਾ ਜ਼ਿਲ੍ਹਾ ਪੁਲਿਸ ਮੁਖੀ ਚਰਨਜੀਤ ਸ਼ਰਮਾ ਦੀ ਨਿਆਇਕ ਹਿਰਾਸਤ 'ਚ 14 ਦਿਨਾਂ ਦਾ ਵਾਧਾ ਕੀਤਾ ਗਿਆ ਹੈ। ਦੱਸਣਯੋਗ ਹੈ ਕਿ ਬਹਿਬਲ ਕਲਾਂ ਗੋਲੀ ਕਾਂਡ ਮਾਮਲੇ ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ ਵਲੋਂ ਸਾਬਕਾ ਜ਼ਿਲ੍ਹਾ ਪੁਲਿਸ ਮੁਖੀ ਨੂੰ ਇਸ ਮਾਮਲੇ 'ਚ ਬੀਤੀ 27 ਜਨਵਰੀ ਨੂੰ ਤੜਕੇ 5 ਕੁ ਵਜੇ ਉਨ੍ਹਾਂ ਦੇ ਘਰੋਂ ਗ੍ਰਿਫਤਾਰ ਕਰਕੇ ਡਿਊਟੀ ਮੈਜਿਸਟ੍ਰੇਟ ਕੋਲ ਪੇਸ਼ ਕਰਕੇ 8 ਦਿਨ ਦਾ ਪੁਲਿਸ ਰਿਮਾਂਡ ਹਾਸਲ ਕੀਤਾ ਸੀ ਅਤੇ ਉਸ ਤੋਂ ਬਾਅਦ ਤਿੰਨ ਦਿਨ ਦੇ ਹੋਰ ਪੁਲਿਸ ਰਿਮਾਂਡ ਤੋਂ ਬਾਅਦ ਅਦਾਲਤ ਵਲੋਂ ਉਨ੍ਹਾਂ ਨੂੰ 21 ਫਰਵਰੀ ਤੱਕ ਅਦਾਲਤੀ ਹਿਰਾਸਤ 'ਚ ਜੇਲ੍ਹ ਭੇਜਣ ਦੇ ਹੁਕਮ ਦਿੱਤੇ ਗਏ ਸਨ।

ਚਰਨਜੀਤ ਸ਼ਰਮਾ ਕੇਂਦਰੀ ਜੇਲ੍ਹ ਪਟਿਆਲਾ 'ਚ ਨਜ਼ਰਬੰਦ ਹਨ ਤੇ ਉਨ੍ਹਾਂ ਦੀ ਵੀਡੀਓ ਕਾਨਫਰੰਸ ਰਾਹੀਂ ਇਲਾਕਾ ਮੈਜਿਸਟ੍ਰੇਟ ਚੇਤਨ ਸ਼ਰਮਾ ਦੀ ਅਦਾਲਤ 'ਚ ਪੇਸ਼ੀ ਕਰਵਾਈ ਗਈ ਅਤੇ ਅਦਾਲਤ ਵਲੋਂ ਉਨ੍ਹਾਂ ਨੂੰ 7 ਮਾਰਚ ਤੱਕ ਨਿਆਇਕ ਹਿਰਾਸਤ 'ਚ ਰੱਖਣ ਦਾ ਆਦੇਸ਼ ਦਿੱਤਾ ਗਿਆ।

# ਅਕਾਲ ਤਖਤ ਦੇ ਜਥੇਦਾਰ ਵੱਲੋਂ ਤਾਲਮੇਲ ਕਮੇਟੀ ਬਣਾਉਣ ਦਾ ਐਲਾਨ

**ਸ੍ਰੀ ਆਨੰਦਪੁਰ ਸਾਹਿਬ:** ਦੇਸ਼-ਵਿਦੇਸ਼ ਦੀਆਂ ਸਿੱਖ ਜਥੇਬੰਦੀਆਂ, ਸਭਾ-ਸੁਸਾਇਟੀਆਂ ਅਤੇ ਸਿੱਖ ਸੰਸਥਾਵਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਾਲ ਜੋੜਨ ਲਈ ਜਲਦੀ ਹੀ ਅਕਾਲ ਤਖ਼ਤ ਸਾਹਿਬ ਵਲੋਂ ਪੰਥਕ ਵਿਦਵਾਨਾਂ ਅਤੇ ਬੁੱਧੀਜੀਵੀਆਂ ਦੀ ਤਾਲਮੇਲ ਕਮੇਟੀ ਬਣਾਈ ਜਾਵੇਗੀ। ਇਹ ਪ੍ਰਗਟਾਵਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਦੀਆਂ ਤਿਆਰੀਆਂ ਅਤੇ ਪੰਥਕ ਏਕਤਾ ਸਬੰਧੀ ਸਿੱਖ ਜਥੇਬੰਦੀਆਂ ਦੀ ਮੀਟਿੰਗ ਦੌਰਾਨ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕੀਤਾ।

ਵਿਰਾਸਤ-ਏ-ਖ਼ਾਲਸਾ ਦੇ ਆਡੀਟੋਰੀਅਮ ਵਿਚ ਸਿੱਖ ਜਥੇਬੰਦੀਆਂ ਦੀ ਹੋਈ ਇਕੱਤਰਤਾ ਦੌਰਾਨ ਦੇਸ਼-ਵਿਦੇਸ਼ ਤੋਂ ਇਕ ਸੌ ਸਿੱਖ ਜਥੇਬੰਦੀਆਂ ਨੇ ਸ਼ਮੂਲੀਅਤ ਕੀਤੀ। ਉਨ੍ਹਾਂ ਕਿਹਾ ਕਿ ਸਮੁੱਚੀ ਸਿੱਖ ਕੌਮ ਨੂੰ ਘੱਟੋ-ਘੱਟ 550 ਕਰੋੜ ਰੁਪਏ ਦੀ ਲਾਗਤ ਨਾਲ ਸਿੱਖ ਬੈਂਕ ਸਥਾਪਿਤ ਕਰਨਾ ਚਾਹੀਦਾ ਹੈ, ਜੋ ਬੇਰੁਜ਼ਗਾਰ ਸਿੱਖ ਨੌਜਵਾਨਾਂ ਨੂੰ ਸਵੈ-ਰੁਜ਼ਗਾਰ ਲਈ ਕਰਜ਼ੇ ਮੁਹੱਈਆ ਕਰਵਾ ਸਕੇ। ਉਨ੍ਹਾਂ ਸਿੱਖ ਸਿੱਖਿਆ ਬੋਰਡ ਬਣਾਉਣ 'ਤੇ ਵੀ ਜ਼ੋਰ ਦਿੱਤਾ।

ਇਸ ਮੌਕੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ



ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਆਖਿਆ ਕਿ ਸਾਨੂੰ ਵਿਚਾਰਧਾਰਕ, ਰਾਜਨੀਤਕ ਵਖਰੇਵਿਆਂ ਨੂੰ ਪਾਸੇ ਰੱਖ ਕੇ ਕੌਮੀ ਪੱਧਰ 'ਤੇ ਇਕਜੁੱਟ ਹੋਣ ਦੀ ਲੋੜ ਹੈ। ਇਕੱਤਰਤਾ 'ਚ ਸਾਬਕਾ ਜਥੇਦਾਰ ਪ੍ਰੋ. ਮਨਜੀਤ ਸਿੰਘ, ਸ਼੍ਰੋਮਣੀ ਕਮੇਟੀ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ, ਪ੍ਰਿੰ. ਸੁਰਿੰਦਰ ਸਿੰਘ, ਦਲਜੀਤ ਸਿੰਘ ਭਿੰਡਰ, ਸ੍ਰੀ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵਲੋਂ ਜਤਿੰਦਰਪਾਲ ਸਿੰਘ, ਗੁਰਪ੍ਰੀਤ ਸਿੰਘ, ਅਵਤਾਰ ਸਿੰਘ ਯੂਕੇ ਅਤੇ ਹੋਰਨਾਂ ਬੁਲਾਰਿਆਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਆਸ ਕੀਤੀ ਕਿ ਉਹ ਵਿਸ਼ਵ ਵਿਆਪੀ ਪੰਥਕ ਸਰੋਕਾਰਾਂ ਪ੍ਰਤੀ ਨਵੀਂ ਭੂਮਿਕਾ ਨਿਭਾਉਣ ਲਈ ਅੱਗੇ ਆਵੇ।

# ਨਾਭੇ ਦਾ ਨੌਜਵਾਨ ਆਸਟਰੇਲੀਆ 'ਚ ਲੜੇਗਾ ਸੰਸਦੀ ਚੋਣ

**ਨਾਭਾ:** ਨਾਭਾ ਬਲਾਕ ਦੇ ਪਿੰਡ ਨਾਨੋਕੀ ਵਿਚ ਵਿਆਹ ਵਰਗਾ ਮਾਹੌਲ ਹੈ, ਕਿਉਂਕਿ ਇਸ ਪਿੰਡ ਦੇ ਗਰੇਵਾਲ ਪਰਿਵਾਰ ਦਾ 18 ਸਾਲਾ ਪੋਤਾ ਸਮਰਾਟ ਗਰੇਵਾਲ ਆਸਟਰੇਲੀਆ ਵਿਚ ਮਾਰਚ 'ਚ ਹੋਣ ਵਾਲੀ ਸੰਸਦੀ ਚੋਣ ਲੜ ਰਿਹਾ ਹੈ। ਭਾਰਤੀ ਸੈਨਾ ਵਿਚ ਉੱਚ ਅਹੁਦਿਆਂ 'ਤੇ ਸੇਵਾਵਾਂ ਨਿਭਾਅ ਰਹੇ ਹਨ। ਇਸ ਪਰਿਵਾਰ ਦੇ ਮੈਂਬਰ ਭਾਰਤ ਸਰਕਾਰ ਵੱਲੋਂ ਸੈਨਾ ਮੈਡਲ ਨਾਲ ਵੀ ਸਨਮਾਨੇ ਗਏ ਹਨ। ਇਸ ਮੌਕੇ ਸਮਰਾਟ ਗਰੇਵਾਲ ਨੇ ਭਾਈਚਾਰੇ ਨੂੰ ਅਪੀਲ ਕੀਤੀ ਕਿ ਉਹ ਉਸ ਨੂੰ



ਸਮਰਾਟ ਕ੍ਰਿਸਚਨ ਡੈਮੋਕ੍ਰੈਟਿਕ ਪਾਰਟੀ (ਸੀ.ਡੀ.ਪੀ.) ਵੱਲੋਂ ਚੋਣ ਲੜ ਰਿਹਾ ਹੈ। ਸਮਰਾਟ ਗਰੇਵਾਲ ਦੇ ਦਾਦਾ-ਦਾਦੀ ਤੇ ਹੋਰ ਪਰਿਵਾਰਕ ਮੈਂਬਰ ਬਾਗੋ-ਬਾਗ਼ ਹਨ ਤੇ ਉਨ੍ਹਾਂ ਆਸਟਰੇਲੀਆ ਵਸਦੇ ਪੰਜਾਬੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਸਮਰਾਟ ਗਰੇਵਾਲ ਨੂੰ ਭਾਰੀ ਬਹੁਮਤ ਨਾਲ ਜਿਤਾਉਣ।

ਸਮਰਾਟ ਗਰੇਵਾਲ ਨੇ ਗ੍ਰੈਜੂਏਸ਼ਨ ਤੋਂ ਬਾਅਦ ਹੀ ਸਿਆਸਤ ਵਿਚ ਪੈਰ ਧਰ ਲਿਆ ਹੈ। ਉਹ ਸਿਡਨੀ ਦੇ ਮਾਊਂਟ ਡਰੂਟ ਹਲਕੇ ਤੋਂ ਚੋਣ ਲੜ ਰਿਹਾ ਹੈ। ਗਰੇਵਾਲ ਪਰਿਵਾਰ ਦੇ ਮੈਂਬਰ ਭਾਰੀ ਬਹੁਮਤ ਨਾਲ ਜਿਤਾਉਣ।

ਸਮਰਾਟ ਗਰੇਵਾਲ ਦੇ ਦਾਦੇ ਸੁਰਿੰਦਰ ਗਰੇਵਾਲ ਅਤੇ ਦਾਦੀ ਅਮਰਜੀਤ ਕੌਰ ਗਰੇਵਾਲ ਨੇ ਵੀ ਪੰਜਾਬੀਆਂ ਨੂੰ ਉਨ੍ਹਾਂ ਦੇ ਪੋਤੇ ਦਾ ਸਾਥ ਦੇਣ ਦੀ ਅਪੀਲ ਕੀਤੀ ਹੈ।

ਸਮਰਾਟ ਦੇ ਰਿਸ਼ਤੇਦਾਰ ਕਰਨਲ ਅਮਨਦੀਪ ਸਿੰਘ ਅਤੇ ਅਭਜਿੰਦਰ ਸਿੰਘ ਜੋਗੀ ਨੇ ਦੱਸਿਆ ਕਿ ਸਮਰਾਟ ਦੀ ਸ਼ੁਰੂ ਤੋਂ ਹੀ ਰਾਜਨੀਤੀ ਵਿਚ ਰੁਚੀ ਸੀ ਤੇ ਹੁਣ ਉਹ ਛੋਟੀ ਉਮਰੇ ਹੀ ਸੰਸਦੀ ਚੋਣ ਲੜ ਰਿਹਾ ਹੈ, ਇਹ ਉਨ੍ਹਾਂ ਦੇ ਪਰਿਵਾਰ ਲਈ ਮਾਣ ਵਾਲੀ ਗੱਲ ਹੈ।

## ਏਅਰ ਇੰਡੀਆ ਨੂੰ ਜਹਾਜ਼ ਅਗਵਾ ਕਰਨ ਦੀ ਧਮਕੀ

**ਨਵੀਂ ਦਿੱਲੀ:** ਏਅਰ ਇੰਡੀਆ ਦੇ ਮੁੰਬਈ ਕੰਟਰੋਲ ਕੇਂਦਰ ਨੂੰ ਇਕ ਫੋਨ 'ਤੇ ਉਸ ਦਾ ਜਹਾਜ਼ ਅਗਵਾ ਕਰਨ ਦੀ ਧਮਕੀ ਦਿੱਤੀ ਗਈ ਹੈ। ਇਕ ਅਧਿਕਾਰਤ ਨੋਟ ਅਨੁਸਾਰ ਸਿਵਲ ਹਵਾਬਾਜ਼ੀ ਸੁਰੱਖਿਆ ਬਿਊਰੋ (ਬੀ.ਸੀ.ਏ.ਐਸ.) ਨੇ ਸਾਰੀਆਂ ਏਅਰਲਾਈਨਜ਼ ਅਤੇ ਸੀ. ਆਈ. ਐਸ. ਐਫ. ਨੂੰ ਸੁਰੱਖਿਆ ਮੁਹੱਈਆ ਵਧਾਉਣ ਲਈ ਵਿਸ਼ੇਸ਼ ਕਦਮ ਚੁੱਕਣ ਦੇ ਹੁਕਮ ਦਿੱਤੇ ਹਨ।

ਬਿਊਰੋ ਦੇ ਨੋਟ 'ਚ ਕਿਹਾ ਗਿਆ ਹੈ, 'ਸਟੇਸ਼ਨ ਡਿਊਟੀ ਦਫਤਰ, ਏ.ਆਈ. (ਏਅਰ ਇੰਡੀਆ), ਏ. ਓ. ਸੀ. ਸੀ. (ਏਅਰਪੋਰਟ ਅਪਰੇਸ਼ਨ ਕੰਟਰੋਲ ਸੈਂਟਰ) ਮੁੰਬਈ ਤੋਂ ਟੈਲੀਫੋਨ 'ਤੇ ਇਕ ਸੁਨੇਹਾ ਮਿਲਿਆ ਹੈ, ਜਿਸ 'ਚ ਉਸ ਨੂੰ 23 ਫਰਵਰੀ 2019 ਨੂੰ ਏਅਰ ਇੰਡੀਆ ਦਾ ਜਹਾਜ਼ ਅਗਵਾ ਕਰਕੇ ਪਾਕਿਸਤਾਨ ਲਿਜਾਣ ਦੀ ਧਮਕੀ ਬਾਰੇ ਸੂਚਨਾ ਦਿੱਤੀ ਗਈ ਹੈ।' ਨੋਟ 'ਚ ਕਿਹਾ ਗਿਆ ਹੈ, 'ਇਸ ਸੂਚਨਾ ਦੇ ਮੱਦੇਨਜ਼ਰ ਏ. ਪੀ. ਐਸ.ਯੂ. (ਹਵਾਈ ਅੱਡਾ ਸੁਰੱਖਿਆ ਇਕਾਈ), ਏ.ਐਸ.ਜੀ. (ਜਹਾਜ਼ ਸੁਰੱਖਿਆ ਸਮੂਹ) ਤੇ ਸਾਰੇ ਜਹਾਜ਼ ਆਪਰੇਟਰ ਸੁਰੱਖਿਅਤ ਤਹਿਤ ਕਦਮ ਚੁੱਕਣ।

# ਨਾਜਾਇਜ਼ ਉਸਾਰੀਆਂ ਘਪਲੇ 'ਚ ਕੈਬਨਿਟ ਮੰਤਰੀ ਦਾ ਨਾਂ ਬੋਲਿਆ

**ਚੰਡੀਗੜ੍ਹ:** ਸਥਾਨਕ ਸਰਕਾਰਾਂ ਮੰਤਰੀ ਨਵਜੋਤ ਸਿੰਘ ਸਿੱਧੂ ਵੱਲੋਂ ਨਾਜਾਇਜ਼ ਉਸਾਰੀਆਂ ਤੇ ਸੀ.ਐਲ.ਯੂ. (ਜ਼ਮੀਨ ਦੀ ਵਰਤੋਂ 'ਚ ਤਬਦੀਲੀ) ਦੇ ਮਾਮਲੇ ਵਿਚ ਕਰਵਾਈ ਜਾਂਚ ਦੀ ਨੂੰ ਜਾਂਚ ਦੇ ਹੁਕਮ ਦਿੱਤੇ ਸਨ। ਇਸ ਮਾਮਲੇ ਵਿਚ ਜਿਨ੍ਹਾਂ ਹੋਰ 16 ਅਫਸਰਾਂ ਨੂੰ ਦੋਸ਼ੀ ਪਾਇਆ ਗਿਆ ਹੈ, ਉਨ੍ਹਾਂ ਵਿਚ ਮਾਲੀਆ ਵਿਭਾਗ, ਜ਼ਿਲ੍ਹਾ ਪ੍ਰਸ਼ਾਸਨ ਤੇ ਨਗਰ ਨਿਗਮ ਦੇ ਉੱਚ ਅਧਿਕਾਰੀਆਂ



ਰਿਪੋਰਟ ਸਾਹਮਣੇ ਆਈ ਹੈ। ਇਸ ਵਿਚ ਇਕ ਕੈਬਨਿਟ ਮੰਤਰੀ ਤੇ ਤਿੰਨ ਸੀਨੀਅਰ ਅਫਸਰਾਂ ਦੀ ਸ਼ਮੂਲੀਅਤ ਸਾਹਮਣੇ ਆਈ ਹੈ।

ਸਥਾਨਕ ਸਰਕਾਰਾਂ ਵਿਭਾਗ ਮੁਤਾਬਕ ਜਾਂਚ ਰਿਪੋਰਟ ਵਿਚ ਕੈਬਨਿਟ ਮੰਤਰੀ ਭਾਰਤ ਭੂਸ਼ਨ ਅਤੇ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਦੇ ਉਮੀਦਵਾਰ ਰਹੇ ਕੰਵਲਜੀਤ ਸਿੰਘ ਕੜਵਲ ਵੱਲੋਂ ਬਿਲਡਰਾਂ ਤੇ ਅਧਿਕਾਰੀਆਂ ਨੂੰ 'ਸਿਆਸੀ ਸੁਰੱਖਿਆ' ਦੇਣ ਅਤੇ 'ਮਿਲੀਭੁਗਤ' ਦਾ ਖੁਲਾਸਾ ਹੋਇਆ ਹੈ। ਇਸ ਦੇ ਨਾਲ ਹੀ ਵੱਡੀ ਗਿਣਤੀ ਅਫਸਰਾਂ ਨੂੰ ਵੀ ਸਰਕਾਰ ਤੋਂ ਅਸਲੀ ਤੱਥ ਲੁਕਾ ਕੇ ਗਲਤ ਢੰਗ ਨਾਲ ਸਾਈਟ ਦੇ ਨਕਸ਼ੇ ਪਾਸ ਕਰਾਉਣ ਲਈ ਜ਼ਿੰਮੇਵਾਰ ਠਹਿਰਾਇਆ ਗਿਆ ਹੈ।

ਜਾਂਚ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਇਸ ਘਪਲੇ ਨਾਲ ਸਰਕਾਰੀ ਮਾਲੀਏ ਨੂੰ ਵੱਡੀ ਸੰਨ੍ਹ ਲੱਗੀ ਹੈ। ਜ਼ਿਕਰਯੋਗ ਹੈ ਕਿ ਲੁਧਿਆਣਾ ਵਿਚ ਗਿੱਲ ਰੋਡ 'ਤੇ ਵਿਵਾਦਿਤ ਗਰਾਂਡ ਮੈਨਰ ਹੋਮਜ਼ ਦੇ ਮਾਮਲੇ ਸਬੰਧੀ ਮਿਲੀਆਂ ਸ਼ਿਕਾਇਤਾਂ ਬਾਅਦ ਨਵਜੋਤ ਸਿੰਘ ਸਿੱਧੂ ਨੇ 13 ਜੁਲਾਈ, 2018 ਨੂੰ ਵਿਭਾਗ ਦੇ ਚੀਫ ਵਿਜੀਲੈਂਸ ਅਫਸਰ ਸਮੇਤ ਵਿਵਾਦਿਤ ਟਾਊਨ ਪਲਾਨਰ ਐਸ.ਐਸ. ਬਿੰਦਰਾ ਵੀ ਸ਼ਾਮਲ ਹਨ।

ਯਾਦ ਰਹੇ ਬਿੰਦਰਾ ਦੇ ਘਰ ਪਿਛਲੇ ਦਿਨੀਂ ਇਨਕਮ ਟੈਕਸ ਦੀ ਟੀਮ ਨੇ ਛਾਪਾ ਮਾਰਿਆ ਸੀ। ਉਨ੍ਹਾਂ ਨੂੰ ਪੂਰੇ ਮਾਮਲੇ ਦਾ ਮਾਸਟਰ ਮਾਈਂਡ ਦੱਸਿਆ ਜਾ ਰਿਹਾ ਹੈ। ਰਿਪੋਰਟ ਵਿਚ ਉਨ੍ਹਾਂ ਖਿਲਾਫ ਵੱਖਰੀ ਜਾਂਚ ਕਰਾਉਣ ਦੀ ਗੱਲ ਕੀਤੀ ਗਈ ਹੈ।

## 'ਆਪ' ਨੇ ਮੰਗਿਆ ਭਾਰਤ ਭੂਸ਼ਨ ਆਸ਼ੂ ਦਾ ਅਸਤੀਫਾ

**ਚੰਡੀਗੜ੍ਹ:** ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਅਤੇ ਉਪ ਨੇਤਾ ਸਰਬਜੀਤ ਕੌਰ ਮਾਣੂੰਕੇ ਨੇ ਲੁਧਿਆਣਾ ਹਾਊਸਿੰਗ ਘੁਟਾਲੇ ਦਾ ਜ਼ਿਕਰ ਕਰਦੇ ਹੋਏ ਖੁਰਾਕ ਅਤੇ ਸਪਲਾਈ ਮੰਤਰੀ ਭਾਰਤ ਭੂਸ਼ਨ ਆਸ਼ੂ ਦਾ ਅਸਤੀਫਾ ਮੰਗਿਆ ਹੈ। ਆਪ ਨੇਤਾਵਾਂ ਨੇ ਮਾਮਲੇ ਦੀ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੀ ਨਿਗਰਾਨੀ ਹੇਠ ਉੱਚ ਪੱਧਰੀ ਜਾਂਚ ਦੀ ਮੰਗ ਕਰਦੇ ਹੋਏ ਇਸ ਘੁਟਾਲੇ 'ਚ ਸ਼ਾਮਲ ਅਫਸਰਾਂ ਨੂੰ ਤੁਰਤ ਮੁਅੱਤਲ ਕਰਨ ਦੀ ਮੰਗ ਕੀਤੀ ਹੈ।

# ਸਾਊਦੀ ਅਰਬ ਵੱਲੋਂ 850 ਭਾਰਤੀ ਕਾਮੇ ਰਿਹਾ ਕਰਨ ਦਾ ਹੁਕਮ

**ਨਵੀਂ ਦਿੱਲੀ:** ਸਾਊਦੀ ਅਰਬ ਦੇ ਕ੍ਰਾਊਨ ਪ੍ਰਿੰਸ ਮੁਹੰਮਦ ਬਿਨ ਸਲਮਾਨ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਬੇਨਤੀ 'ਤੇ ਆਪਣੇ ਦੇਸ਼ ਦੀਆਂ ਜੇਲ੍ਹਾਂ ਵਿਚ ਬੰਦ 850 ਭਾਰਤੀ ਕੈਦੀਆਂ ਨੂੰ ਰਿਹਾਅ ਕਰਨ ਦਾ ਹੁਕਮ ਦਿੱਤਾ ਹੈ। ਦੋਵਾਂ ਦੇਸ਼ਾਂ ਵਿਚਕਾਰ ਲੰਮੀ ਵਾਰਤਾ ਤੋਂ ਬਾਅਦ ਭਾਰਤ ਵੱਲੋਂ ਸਾਊਦੀ ਨਾਗਰਿਕਾਂ ਲਈ ਈ-ਵੀਜ਼ਾ ਸਹੂਲਤ ਦੇਣ ਦਾ ਵੀ ਐਲਾਨ ਕੀਤਾ ਗਿਆ।

ਵਿਦੇਸ਼ ਮਾਮਲਿਆਂ ਬਾਰੇ ਮੰਤਰਾਲੇ ਦੇ ਸਕੱਤਰ ਟੀ ਐਸ ਤਿਰੁਮੂਰਤੀ ਨੇ ਦੱਸਿਆ ਕਿ ਸਾਊਦੀ ਅਰਬ ਨੇ ਉੱਥੇ ਇਕ ਵਿਦੇਸ਼ੀ ਕੰਪਨੀ ਬੰਦ ਹੋਣ ਕਰ ਕੇ ਮੁਸ਼ਕਿਲਾਂ ਦਾ ਸਾਹਮਣਾ ਕਰ ਰਹੇ ਭਾਰਤੀ ਕਾਮਿਆਂ ਨਾਲ ਸਬੰਧਤ ਮੁੱਦੇ ਸੁਲਝਾਉਣ ਦੀ ਹਾਮੀ ਭਰੀ ਹੈ।

# ਯੁਵਰਾਜ ਹੰਸ ਤੇ ਮਾਨਸੀ ਸ਼ਰਮਾ ਵਿਆਹ ਬੰਧਨ 'ਚ ਬੱਝੇ

**ਜਲੰਧਰ:** ਸੂਫੀ ਗਾਇਕ ਹੰਸ ਰਾਜ ਹੰਸ ਦੇ ਪੁੱਤਰ ਯੁਵਰਾਜ ਹੰਸ ਦਾ ਵਿਆਹ ਉਸ ਦੀ ਪ੍ਰੇਮਿਕਾ ਤੇ ਟੀ.ਵੀ. ਕਲਾਕਾਰ ਮਾਨਸੀ ਸ਼ਰਮਾ ਨਾਲ ਹੋ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਹੰਸ ਰਾਜ ਹੰਸ ਦੇ ਘਰ ਹੀ ਆਨੰਦ ਕਾਰਜ ਦੀ ਰਸਮ ਅਦਾ ਕੀਤੀ ਗਈ।



ਮਾਨਸੀ ਸ਼ਰਮਾ ਦਾ 'ਮਰੀਅਮ ਖਾਨ ਰਿਪੋਰਟਿੰਗ ਲਾਈਵ' ਨਾਂ ਦਾ ਸੀਰੀਅਲ ਕਾਫੀ ਮਸ਼ਹੂਰ ਰਿਹਾ ਸੀ। ਯੁਵਰਾਜ ਹੰਸ ਨੇ ਕਈ ਪੰਜਾਬੀ ਫਿਲਮਾਂ ਵਿਚ ਕੰਮ ਕੀਤਾ ਹੈ। ਆਮ ਤੌਰ 'ਤੇ ਵਿਆਹੇ ਜੋੜੇ ਲਾਲ ਸੂਹੇ ਕੱਪੜਿਆਂ ਵਿਚ ਹੁੰਦੇ ਹਨ ਪਰ ਇਸ ਫਿਲਮੀ ਕਲਾਕਾਰ ਜੋੜੇ ਨੇ ਰਵਾਇਤੀ ਰੰਗ ਤੋਂ ਹਟ ਕੇ ਫਿਰੋਜ਼ੀ ਰੰਗ ਨੂੰ ਪਹਿਲ ਦਿੱਤੀ। ਯੁਵਰਾਜ ਹੰਸ ਨੇ ਫਿਰੋਜ਼ੀ ਰੰਗ ਦੀ ਪੱਗ ਬੰਨ੍ਹੀ ਹੋਈ ਸੀ ਜਦਕਿ ਮਾਨਸੀ ਨੇ ਫਿਰੋਜ਼ੀ ਰੰਗ ਦਾ ਲਹਿੰਗਾ ਪਾਇਆ ਹੋਇਆ ਸੀ।

# ਗੁਰਦੁਆਰਾ ਮਾਤਾ ਤ੍ਰਿਪਤਾ ਵਿਖੇ ਬੁਲਿੰਗ ਸਬੰਧੀ ਵਰਕਸ਼ਾਪ

**ਡਿਟਰਾਇਟ, ਮਿਸ਼ੀਗਨ (ਬਿਊਰੋ):** "ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥ ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥" ਇਹ ਇਕ ਵਿਆਪਕ ਸਿਖਿਆ ਹੈ, ਜੋ ਗੁਰੂ ਗ੍ਰੰਥ ਸਾਹਿਬ ਤੋਂ ਆਉਂਦੀ ਹੈ ਅਤੇ ਇਸ ਦਾ ਅਰਥ ਹੈ, ਸਾਨੂੰ ਭਲਾਈ ਨਾਲ ਬੁਰਾਈ ਦਾ ਜਵਾਬ ਦੇਣਾ ਚਾਹੀਦਾ ਹੈ, ਮਨ ਨੂੰ ਗੁੱਸੇ ਅਤੇ ਨਫਰਤ ਨਾਲ ਨਹੀਂ ਭਰਨਾ ਚਾਹੀਦਾ। ਜਿਹੜੇ ਇਸ ਅਵਸਥਾ ਨੂੰ ਪ੍ਰਾਪਤ ਕਰ ਲੈਂਦੇ ਹਨ, ਉਨ੍ਹਾਂ ਦੇ ਸਰੀਰ ਬਿਮਾਰੀਆਂ ਤੋਂ ਪੀੜਤ ਨਹੀਂ ਹੁੰਦੇ।



ਇਹ ਸੰਦੇਸ਼ ਇੱਥੇ ਗੁਰਦੁਆਰਾ ਮਾਤਾ ਤ੍ਰਿਪਤਾ ਵਿਖੇ ਬੁਲਿੰਗ (ਨਸਲੀ ਛੇੜਛਾੜ) ਦੇ ਸਬੰਧ ਵਿਚ ਹੋਈ ਇਕ ਵਰਕਸ਼ਾਪ ਵਿਚ 'ਮਿਸਟਰ ਪੀਸ' ਸੰਸਥਾ ਦੇ ਸੰਸਥਾਪਕ ਕੇਵਿਨ ਸਜ਼ਾਵਲਾ, ਜਿਸ ਨੂੰ ਮਿਸਟਰ ਪੀਸ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ, ਵੱਲੋਂ ਦਿੱਤਾ ਗਿਆ।

ਨੈਸ਼ਨਲ ਸੈਂਟਰ ਫਾਰ ਐਜੂਕੇਸ਼ਨ ਅਤੇ ਬਿਊਰੋ ਆਫ ਜਸਟਿਸ ਦੇ ਅੰਕੜਿਆਂ ਅਨੁਸਾਰ 3 ਅਮਰੀਕੀ ਵਿਦਿਆਰਥੀਆਂ ਵਿਚੋਂ ਇਕ ਨੂੰ ਸਕੂਲ ਵਿਚ ਬੁਲਿੰਗ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਬੁਰਾ ਵਿਹਾਰ ਹੋਣ ਦਾ ਸਭ ਤੋਂ ਵੱਧ ਖਤਰਾ ਉਨ੍ਹਾਂ ਬੱਚਿਆਂ ਲਈ ਹੁੰਦਾ ਹੈ, ਜੋ ਆਪਣੇ ਸਾਥੀਆਂ ਤੋਂ ਵੱਖਰੇ ਹਨ। ਸਿੱਖ ਕੁਲੀਸ਼ਨ ਵੱਲੋਂ ਕਰਵਾਏ ਗਏ ਸਰਵੇਖਣ ਤੋਂ ਇਹ ਅੰਕੜੇ ਸਾਹਮਣੇ ਆਏ ਸਨ ਕਿ 50 ਪ੍ਰਤੀਸ਼ਤ ਤੋਂ ਵੱਧ ਸਿੱਖ ਬੱਚੇ ਵੀ ਇਸ ਤੋਂ ਪੀੜਤ ਹਨ। ਜੇ ਕਿਸੇ ਬੱਚੇ ਨਾਲ ਬੁਰਾ ਵਿਹਾਰ ਹੋ ਰਿਹਾ ਹੋਵੇ ਜਾਂ ਕਰ ਰਿਹਾ ਹੋਵੇ ਤੇ ਜਾਂ ਦੇਖ ਵੀ ਰਿਹਾ ਹੋਵੇ, ਇਸ ਦਾ ਬੁਰਾ ਅਸਰ ਸਭ 'ਤੇ ਪੈਂਦਾ ਹੈ। ਇਸ ਦੇ ਬਹੁਤ ਨਾਕਾਰਾਤਮਕ ਪ੍ਰਭਾਵ ਵੀ ਦੇਖੇ ਜਾ ਸਕਦੇ ਹਨ, ਜਿਨ੍ਹਾਂ ਵਿਚ ਤੰਬਾਕੂ, ਸ਼ਰਾਬ ਜਾਂ ਹੋਰ ਨਸ਼ਿਆਂ ਦੀ ਵਰਤੋਂ ਅਤੇ ਮਾਨਸਿਕ ਸਿਹਤ ਸਮੱਸਿਆਵਾਂ ਸ਼ਾਮਲ ਹਨ। ਇਹ ਪ੍ਰਭਾਵ ਛੋਟੀ ਉਮਰ ਤੋਂ ਸ਼ੁਰੂ ਹੋ ਕੇ ਵੱਡੀ ਉਮਰ ਤੱਕ ਰਹਿ ਸਕਦੇ ਹਨ, ਜੋ ਕਿ ਜਾਨਲੇਵਾ ਵੀ ਸਾਬਤ ਹੋ ਸਕਦੇ ਹਨ।

ਇਸ ਮੁੱਦੇ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਲਈ ਮਿਸਟਰ ਪੀਸ ਬਹੁਤ ਹੀ ਪ੍ਰਭਾਵਸ਼ਾਲੀ ਤਰੀਕੇ ਨਾਲ ਮਨੁੱਖੀ ਜੀਵਨ ਦੀ ਕੀਮਤ ਦਾ ਅਹਿਸਾਸ ਕਰਵਾ ਕੇ ਪਿਆਰ ਦਾ ਸੰਦੇਸ਼ ਫੈਲਾਉਂਦਾ ਹੈ।

ਆਸਟਰੇਲੀਆ ਦੇ ਜੰਮਪਲ ਨਿੱਕ ਵੁਜੀਚੀਕ, ਜਿਸ ਦਾ ਜਨਮ 1982 ਵਿਚ ਬਾਹਾਂ ਅਤੇ ਲੱਤਾਂ ਤੋਂ ਬਿਨਾ ਹੋਇਆ ਸੀ, ਦੇ ਵੀਡੀਓ ਜਿਸ ਵਿਚ ਇਹ ਦਿਖਾਇਆ ਗਿਆ ਸੀ ਕਿ ਕਿਸ ਤਰ੍ਹਾਂ ਉਸ ਨੇ ਆਪਣੀ ਸਰੀਰਕ ਹਾਲਤ ਨੂੰ ਆਪਣੀ ਜੀਵਨ ਸ਼ੈਲੀ ਨੂੰ ਸੀਮਤ ਕਰਨ ਦੇਣ ਤੋਂ ਇਨਕਾਰ ਕਰ ਦਿੱਤਾ, ਨੇ ਵਰਕਸ਼ਾਪ ਵਿਚ ਸਭ ਨੂੰ ਹੈਰਾਨ ਕਰ ਦਿੱਤਾ ਅਤੇ ਕਈਆਂ ਦੀਆਂ ਅੱਖਾਂ ਵੀ ਹੰਝੂਆਂ ਨਾਲ ਭਰ ਆਈਆਂ।

ਨਿੱਕ ਨੂੰ ਸਕੂਲ ਵਿਚ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਉਸ ਨੇ ਆਪਣੇ ਜੀਵਨ ਦੀ ਸਫਲਤਾ ਬਾਰੇ ਲੋਕਾਂ ਨੂੰ ਦੱਸਦਿਆਂ ਦੁਨੀਆਂ ਭਰ ਦੀ ਯਾਤਰਾ ਕੀਤੀ ਹੈ ਅਤੇ ਉਹ ਸਭ ਨਾਲ ਆਪਣੀ ਇਸ ਕਾਮਯਾਬੀ ਨੂੰ ਪਰਮਾਤਮਾ ਵਿਚ ਵਿਸ਼ਵਾਸ ਨੂੰ ਦੱਸਦਾ ਹੈ।

ਖਾਲਸਾ ਸਕੂਲ ਦੇ ਵਿਦਿਆਰਥੀਆਂ ਅਤੇ ਸੰਗਤ ਨੇ ਪ੍ਰਬੰਧਕਾਂ ਵਲੋਂ ਕਰਵਾਈ ਗਈ ਇਸ ਵਰਕਸ਼ਾਪ ਦੀ ਸ਼ਲਾਘਾ ਕੀਤੀ। ਬੱਚਿਆਂ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਵਰਕਸ਼ਾਪ ਨਾਲ ਬਹੁਤ ਕੁੱਝ ਸਿੱਖਣ ਨੂੰ ਮਿਲਿਆ ਹੈ।

## ਅਨਿਲ ਅੰਬਾਨੀ ਮਾਣਹਾਨੀ ਦਾ ਦੋਸ਼ੀ ਕਰਾਰ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਆਰਕੌਮ ਦੇ ਚੇਅਰਮੈਨ ਅਨਿਲ ਅੰਬਾਨੀ ਅਤੇ ਦੋ ਹੋਰਨਾਂ ਨੂੰ ਅਦਾਲਤੀ ਮਾਣਹਾਨੀ ਦਾ ਦੋਸ਼ੀ ਕਰਾਰ ਦਿੰਦਿਆਂ ਆਖਿਆ ਕਿ ਜੇ ਉਹ ਚਾਰ ਹਫਤਿਆਂ ਦੇ ਅੰਦਰ ਅੰਦਰ ਐਰਿਕਸਨ ਕੰਪਨੀ ਨੂੰ 453 ਕਰੋੜ ਰੁਪਏ ਅਦਾ ਨਹੀਂ ਕਰਦੇ ਤਾਂ ਉਨ੍ਹਾਂ ਨੂੰ ਤਿੰਨ ਮਹੀਨਿਆਂ ਲਈ ਜੇਲ੍ਹ ਜਾਣਾ ਪਵੇਗਾ। ਸੁਪਰੀਮ ਕੋਰਟ ਨੇ ਆਰਕੌਮ ਦੇ ਚੇਅਰਮੈਨ ਤੇ ਰਿਲਾਇੰਸ ਟੈਲੀਕਾਮ ਦੇ ਚੇਅਰਮੈਨ ਸਤੀਸ਼ ਸੇਠ ਅਤੇ ਰਿਲਾਇੰਸ ਇਨਫਰਾਟੈੱਲ ਦੀ ਚੇਅਰਪਰਸਨ ਛਾਇਆ ਵਿਰਾਨੀ ਨੂੰ ਅਦਾਲਤ ਨੂੰ ਦਿੱਤੇ ਹਲਫਨਾਮਿਆਂ ਤੋਂ ਮੁੱਕਰਨ ਦਾ ਵੀ ਦੋਸ਼ੀ ਕਰਾਰ ਦਿੱਤਾ ਹੈ।

ਜਸਟਿਸ ਆਰ ਐਫ ਨਰੀਮਨ ਅਤੇ ਵਿਨੀਤ ਸਰਨ ਦੇ ਬੈਂਚ ਨੇ ਕਿਹਾ ਕਿ ਅੰਬਾਨੀ ਤੇ ਹੋਰਨਾਂ ਨੂੰ ਚਾਰ ਹਫਤਿਆਂ ਅੰਦਰ 453 ਕਰੋੜ ਰੁਪਏ ਅਦਾ ਕਰਨੇ ਪੈਣਗੇ ਨਹੀਂ ਤਾਂ ਜੇਲ੍ਹ ਜਾਣਾ ਪਵੇਗਾ। ਅਦਾਲਤ ਨੇ ਇਨ੍ਹਾਂ ਨੂੰ ਇਕ ਕਰੋੜ ਰੁਪਏ ਸੁਪਰੀਮ ਕੋਰਟ ਦੀ ਰਜਿਸਟਰੀ ਵਿਚ ਜਮਾਂ ਕਰਾਉਣ ਦੇ ਹੁਕਮ ਵੀ ਦਿੱਤੇ।

ਬੈਂਚ ਨੇ ਕਿਹਾ ਕਿ ਰਿਲਾਇੰਸ ਗਰੁੱਪ ਦੇ ਪ੍ਰਮੁੱਖ ਅਧਿਕਾਰੀਆਂ ਵਲੋਂ ਦਿੱਤੇ ਗਏ ਹਲਫਨਾਮਿਆਂ ਤੋਂ ਪਤਾ ਚਲਦਾ ਹੈ ਕਿ ਹੁਕਮਾਂ ਤੇ ਹਲਫਨਾਮਿਆਂ ਦੇ ਬਾਵਜੂਦ ਉਹ ਜਾਣ ਬੁੱਝ ਕੇ



ਐਰਿਕਸਨ ਨੂੰ ਰਕਮ ਅਦਾ ਨਹੀਂ ਕਰ ਰਹੇ। ਇਸ ਫੈਸਲੇ ਤੋਂ ਬਾਅਦ ਅੰਬਾਨੀ ਦੇ ਵਕੀਲ ਸੀਨੀਅਰ ਐਡਵੋਕੇਟ ਮੁਕੁਲ ਰੋਹਤਾਗੀ ਨੇ ਕਿਹਾ ਕਿ ਉਹ ਸੁਪਰੀਮ ਕੋਰਟ ਦੇ ਫੈਸਲੇ ਦਾ ਸਤਿਕਾਰ ਕਰਦੇ ਹਨ ਅਤੇ ਭਰੋਸਾ ਪ੍ਰਗਟਾਇਆ ਕਿ ਆਰਕੌਮ ਵਲੋਂ ਐਰਿਕਸਨ ਨੂੰ ਅਦਾਇਗੀ ਕਰ ਦਿੱਤੀ ਜਾਵੇਗੀ।

## ਪੋਸਤ ਦੀ ਖੇਤੀ ਲਈ ਕਿਸਾਨ ਜਥੇਬੰਦੀਆਂ ਵੀ ਸਰਗਰਮ

**ਚੰਡੀਗੜ੍ਹ:** ਪੰਜਾਬ ਵਿਚ ਪੋਸਤ ਦੀ ਖੇਤੀ ਸ਼ੁਰੂ ਲਈ ਕਿਸਾਨ ਜਥੇਬੰਦੀਆਂ ਵੀ ਸਰਗਰਮ ਹੋ ਗਈਆਂ ਹਨ। ਪਟਿਆਲਾ ਤੋਂ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਇਸ ਦੀ ਲੰਮੇ ਸਮੇਂ ਤੋਂ ਵਕਾਲਤ ਕਰਦੇ ਆ ਰਹੇ ਹਨ। ਹੁਣ ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਦੇ ਸੂਬਾ ਪ੍ਰਧਾਨ ਅਜਮੇਰ ਸਿੰਘ ਲੱਖੋਵਾਲ ਨੇ ਵੀ ਇਸ ਲਈ ਝੰਡਾ ਚੁੱਕਿਆ ਹੈ।

ਲੱਖੋਵਾਲ ਨੇ ਕਿਹਾ ਕਿ ਕਿਸਾਨਾਂ ਨੂੰ ਖਸਖਸ ਦੀ ਖੇਤੀ ਕਰਨ ਦੀ ਮਾਨਤਾ ਦੇਣ ਲਈ ਪੰਜਾਬ ਸਰਕਾਰ ਨੂੰ ਤੁਰੰਤ ਵਿਧਾਨ ਸਭਾ ਵਿਚ ਮਤਾ ਪਾਸ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ 7 ਮਾਰਚ ਨੂੰ ਹਜ਼ਾਰਾਂ ਕਿਸਾਨ ਚੰਡੀਗੜ੍ਹ ਵਿਚ ਜਿੱਥੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਸੈਂਕੜੇ ਆਵਾਰਾ ਪਸ਼ੂ ਤੇ ਕੁੱਤੇ ਸੌਂਪਣਗੇ, ਉਥੇ ਖਸ-ਖਸ ਦੀ ਖੇਤੀ ਦੇ ਫਾਰਮ ਵੀ ਸੌਂਪੇ ਜਾਣਗੇ। ਉਨ੍ਹਾਂ ਦੱਸਿਆ ਕਿ ਦੇਸ਼ ਦੇ 14 ਰਾਜਾਂ ਵਿਚ ਪਹਿਲਾਂ ਹੀ ਖਸਖਸ ਦੀ ਖੇਤੀ ਹੋ ਰਹੀ ਹੈ ਜਿਸ ਤੋਂ ਅਫੀਮ ਬਣਦੀ ਹੈ ਤੇ 80 ਫੀਸਦੀ ਅਫੀਮ ਬਾਹਰੋਂ ਲਿਆ ਕੇ ਦਵਾਈਆਂ ਵਿਚ ਪਾਈ ਜਾਂਦੀ ਹੈ ਪਰ ਜੇ ਪੰਜਾਬ ਦੇ ਕਿਸਾਨਾਂ ਨੂੰ ਖਸ-ਖਸ ਦੀ ਖੇਤੀ ਕਰਨ ਲਈ ਮਾਨਤਾ ਮਿਲ ਜਾਵੇ ਤਾਂ ਅਫੀਮ ਬਾਹਰੋਂ ਨਹੀਂ ਮੰਗਵਾਉਣੀ ਪਵੇਗੀ।

## ਦਿੱਲੀ ਨੂੰ ਪੂਰਨ ਰਾਜ ਦੇ ਦਰਜੇ ਲਈ ਕੇਜਰੀਵਾਲ ਵੱਲੋਂ ਭੁੱਖ ਹੜਤਾਲ ਦਾ ਐਲਾਨ

**ਨਵੀਂ ਦਿੱਲੀ:** ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਦਿੱਲੀ ਨੂੰ ਪੂਰਨ ਰਾਜ ਦਾ ਦਰਜਾ



ਦਿਵਾਉਣ ਲਈ ਭੁੱਖ ਹੜਤਾਲ 'ਤੇ ਬੈਠਣ ਦਾ ਐਲਾਨ ਕਰ ਦਿੱਤਾ ਹੈ। ਕੇਜਰੀਵਾਲ ਪਹਿਲੀ ਮਾਰਚ ਤੋਂ ਭੁੱਖ ਹੜਤਾਲ ਤੋਂ ਬੈਠਣਗੇ।

ਮੁੱਖ ਮੰਤਰੀ ਨੇ ਇਹ ਵੀ ਐਲਾਨ ਕੀਤਾ ਹੈ ਕਿ ਜਿੰਨਾ ਸਮਾਂ ਉਨ੍ਹਾਂ ਦੀ ਮੰਗ ਪੂਰੀ ਨਹੀਂ ਕੀਤੀ ਜਾਂਦੀ, ਓਨਾ ਚਿਰ ਉਹ ਭੁੱਖ ਹੜਤਾਲ 'ਤੇ ਹੀ ਬੈਠੇ ਰਹਿਣਗੇ। ਕੇਜਰੀਵਾਲ ਵੱਲੋਂ ਇਹ ਕਦਮ ਬੀਤੇ ਦਿਨੀਂ ਸੁਪਰੀਮ ਕੋਰਟ ਵੱਲੋਂ ਉਪ ਰਾਜਪਾਲ ਤੇ ਦਿੱਲੀ ਸਰਕਾਰ ਦਰਮਿਆਨ ਤਾਕਤਾਂ ਦੀ ਵੰਡ ਦੇ ਕੀਤੇ ਫੈਸਲੇ ਮਗਰੋਂ ਚੁੱਕਿਆ ਗਿਆ ਹੈ। ਅਦਾਲਤ ਦੇ ਫੈਸਲੇ ਨਾਲ ਕੇਜਰੀਵਾਲ ਖੁਸ਼ ਨਹੀਂ ਸਨ, ਇਸ ਲਈ ਉਨ੍ਹਾਂ ਭੁੱਖ ਹੜਤਾਲ ਵਾਲਾ ਕਦਮ ਚੁੱਕਣ ਦਾ ਫੈਸਲਾ ਕਰ ਲਿਆ ਹੈ।

ਕੇਜਰੀਵਾਲ ਚਾਹੁੰਦੇ ਹਨ ਕਿ ਪੁਲਿਸ ਤੋਂ ਲੈ ਕੇ ਪ੍ਰਸ਼ਾਸਨਿਕ ਅਧਿਕਾਰੀ ਸਰਕਾਰ ਦੇ ਅਧੀਨ ਕੰਮ ਕਰਨ ਪਰ ਅਦਾਲਤ ਨੇ ਫਤਵਾ ਕੁਝ ਹੋਰ ਦਿੱਤਾ ਹੈ। ਇਸ ਤੋਂ ਪਹਿਲਾਂ ਵੀ ਬਤੌਰ ਮੁੱਖ ਮੰਤਰੀ ਧਰਨੇ 'ਤੇ ਬੈਠ ਚੁੱਕੇ ਹਨ, ਪਰ ਇਸ ਵਾਲ ਉਨ੍ਹਾਂ ਅਣਮਿਥੇ ਸਮੇਂ ਲਈ ਭੁੱਖ ਹੜਤਾਲ ਦਾ ਐਲਾਨ ਕੀਤਾ ਹੈ।

## ਉਸਾਰੀ ਅਧੀਨ ਮਕਾਨਾਂ ਲਈ ਜੀ. ਐਸ. ਟੀ. 'ਚ ਛੋਟ

**ਨਵੀਂ ਦਿੱਲੀ:** ਜੀ.ਐਸ.ਟੀ. ਪ੍ਰੀਸ਼ਦ ਦੀ ਬੈਠਕ ਵਿਚ ਉਸਾਰੀ ਅਧੀਨ ਯੋਜਨਾਵਾਂ 'ਚ ਮਕਾਨਾਂ (ਸਿਰਫ ਫਲੈਟ) 'ਤੇ ਜੀ.ਐਸ.ਟੀ. ਦੀ ਦਰ 12 ਫੀਸਦੀ ਤੋਂ ਘਟਾ ਕੇ ਪੰਜ ਫੀਸਦੀ ਕਰ ਦਿੱਤੀ ਗਈ ਹੈ। ਇਸ ਵਿਚ ਇਨਪੁੱਟ ਟੈਕਸ ਦਾ ਲਾਭ ਖਤਮ ਕਰਨ ਦਾ ਵੀ ਫੈਸਲਾ ਲਿਆ ਗਿਆ ਹੈ। ਇਸ ਦੇ ਨਾਲ ਹੀ ਕਿਫਾਇਤੀ ਦਰਾਂ ਦੇ ਮਕਾਨਾਂ 'ਤੇ ਵੀ ਜੀ.ਐਸ.ਟੀ. ਦਰ ਨੂੰ ਅੱਠ ਫੀਸਦੀ ਤੋਂ ਘਟਾ ਕੇ ਇਕ ਫੀਸਦੀ ਕਰਨ ਦਾ ਫੈਸਲਾ ਲਿਆ ਗਿਆ ਹੈ।

ਵਿੱਤ ਮੰਤਰੀ ਅਰੁਣ ਜੇਤਲੀ ਨੇ ਕਿਹਾ ਕਿ ਇਸ ਫੈਸਲੇ ਨਾਲ ਮਕਾਨ ਖਰੀਦਦਾਰਾਂ ਨੂੰ ਵੱਡੀ ਰਾਹਤ ਮਿਲੇਗੀ। ਪ੍ਰੀਸ਼ਦ ਨੇ ਇਸ ਦੇ ਨਾਲ ਹੀ ਕਿਫਾਇਤੀ ਦਰਾਂ ਦੀ ਵਿਆਖਿਆ ਨੂੰ ਵੀ ਨਰਮ ਕਰ ਕੇ ਨਵਿਆ ਦਿੱਤਾ ਹੈ। ਇਸ ਤਹਿਤ ਮਹਾਨਗਰਾਂ ਵਿਚ 45 ਲੱਖ ਰੁਪਏ ਤੱਕ ਦੀ ਲਾਗਤ ਵਾਲੇ ਤੇ 60 ਵਰਗ ਮੀਟਰ ਖੇਤਰਫਲ ਦੇ ਮਕਾਨਾਂ ਨੂੰ ਇਸ ਸ਼੍ਰੇਣੀ ਵਿਚ ਰੱਖਿਆ ਜਾਵੇਗਾ। ਇਸੇ ਤਰ੍ਹਾਂ ਛੋਟੇ ਸ਼ਹਿਰਾਂ ਵਿਚ 90 ਵਰਗ ਮੀਟਰ ਤੱਕ ਦੇ ਮਕਾਨਾਂ ਨੂੰ ਇਸ ਸ਼੍ਰੇਣੀ ਵਿਚ ਰੱਖਿਆ ਜਾਵੇਗਾ। ਆਵਾਸ ਯੋਜਨਾਵਾਂ ਲਈ ਜੀ.ਐਸ.ਟੀ. ਦੀਆਂ ਇਹ ਦਰਾਂ ਪਹਿਲੀ ਅਪਰੈਲ, 2019 ਤੋਂ ਲਾਗੂ ਹੋਣਗੀਆਂ।

ਮੌਜੂਦਾ ਸਮੇਂ ਉਸਾਰੀ ਅਧੀਨ ਜਾਂ ਅਜਿਹੇ ਤਿਆਰ ਮਕਾਨ ਜਿਨ੍ਹਾਂ ਲਈ ਕੰਮ ਪੂਰਾ ਹੋਣ ਦਾ




ਸਰਟੀਫਿਕੇਟ ਨਾ ਮਿਲਿਆ ਹੋਵੇ, ਉਨ੍ਹਾਂ 'ਤੇ ਖਰੀਦਦਾਰਾਂ ਨੂੰ 12 ਫੀਸਦੀ ਦੀ ਦਰ ਨਾਲ ਜੀ.ਐਸ.ਟੀ. ਦੇਣਾ ਪੈਂਦਾ ਹੈ। ਪਰ ਵਰਤਮਾਨ ਨੇਮਾਂ ਮੁਤਾਬਕ ਮਕਾਨ ਨਿਰਮਾਤਾਵਾਂ ਨੂੰ ਇਨਪੁੱਟ (ਨਿਰਮਾਣ ਸਮੱਗਰੀ) 'ਤੇ ਦਿੱਤੇ ਗਏ ਟੈਕਸ ਉਤੇ ਛੋਟ ਦਾ ਲਾਭ ਵੀ ਮਿਲਦਾ ਹੈ।

## ਪ੍ਰਸਿੱਧ ਸਾਹਿਤਕਾਰ ਪ੍ਰੋ: ਨਾਮਵਰ ਸਿੰਘ ਦਾ ਦਿਹਾਂਤ

**ਨਵੀਂ ਦਿੱਲੀ:** ਹਿੰਦੀ ਸਾਹਿਤ ਦੇ ਪ੍ਰਸਿੱਧ ਸਾਹਿਤਕਾਰ ਪ੍ਰੋ: ਨਾਮਵਰ ਸਿੰਘ (92) ਦਾ ਦਿਹਾਂਤ ਹੋ ਗਿਆ ਹੈ। ਉਨ੍ਹਾਂ ਦੀ ਬੇਟੀ ਸਮੀਖਸ਼ਾ ਨੇ ਦੱਸਿਆ ਕਿ ਪ੍ਰੋ: ਸਾਹਿਬ ਪਿਛਲੇ ਇਕ ਮਹੀਨੇ ਤੋਂ ਬਿਮਾਰ ਸਨ ਤੇ ਉਨ੍ਹਾਂ ਦਾ ਇਲਾਜ ਏਮਜ਼ ਵਿਖੇ ਚੱਲ ਰਿਹਾ ਸੀ।

ਦੱਸਣਯੋਗ ਹੈ ਕਿ ਪ੍ਰੋ: ਨਾਮਵਰ ਸਿੰਘ ਦਾ ਜਨਮ 28 ਜੁਲਾਈ 1926 ਨੂੰ ਵਾਰਾਨਸੀ ਦੇ ਜੀਅਨਪੁਰ ਪਿੰਡ 'ਚ ਹੋਇਆ ਸੀ ਤੇ ਉਨ੍ਹਾਂ ਬਨਾਰਸ ਹਿੰਦੂ ਯੂਨੀਵਰਸਿਟੀ ਤੋਂ ਹਿੰਦੀ ਸਾਹਿਤ 'ਚ ਐਮ.ਏ. ਅਤੇ ਪੀ.ਐਚ. ਡੀ. ਕੀਤੀ ਸੀ। ਉਨ੍ਹਾਂ ਹਿੰਦੀ ਸਾਹਿਤ ਦੇ ਖਜ਼ਾਨੇ 'ਚ ਆਪਣੀਆਂ ਸਾਹਿਤਕ ਰਚਨਾਵਾਂ, ਕਵਿਤਾਵਾਂ ਤੇ ਆਲੋਚਨਾ ਨਾਲ ਵੱਡਾ ਯੋਗਦਾਨ ਪਾਇਆ। ਛਾਇਆਵਾਦ, 'ਇਤਿਹਾਸ ਔਰ ਆਲੋਚਨਾ', 'ਕਹਾਣੀ ਨਈ ਕਹਾਣੀ', 'ਕਵਿਤਾ ਕੇ ਨਏ ਪ੍ਰਤਿਮਾਨ' ਤੇ 'ਦੂਸਰੀ ਪਰੰਪਰਾ ਦੀ ਖੋਜ' ਉਨ੍ਹਾਂ ਦੀਆਂ ਪ੍ਰਮੁੱਖ ਰਚਨਾਵਾਂ ਹਨ।

OM Transportation Inc. &
Nand Freight Brokerage
Plainfield, IL



Owner Operators & Company
Drivers Wanted
Valid CDL Class A License For Local, Regional & OTR Work.
Van & Reefer
omtrans1@yahoo.com
Manminder Heer 630-709-5331 Onkar Heer 630-396-0777

# ਦੁਨੀਆਂ ਦੀਆਂ ਸਭ ਤੋਂ ਮਹਿੰਗੀਆਂ ਚੋਣਾਂ ਕਰਵਾਏਗਾ ਭਾਰਤ

**ਵਾਸ਼ਿੰਗਟਨ:** ਆਗਾਮੀ ਲੋਕ ਸਭਾ ਚੋਣਾਂ ਭਾਰਤ ਦੇ ਇਤਿਹਾਸ 'ਚ ਹੁਣ ਤੱਕ ਦੀ ਸਭ ਤੋਂ ਮਹਿੰਗੀ ਚੋਣ ਪ੍ਰਕਿਰਿਆ ਹੋਵੇਗੀ। ਇਸ ਦੇ ਨਾਲ ਹੀ ਕਿਸੇ ਗਣਤੰਤਰ ਦੀ ਵੀ ਇਹ ਹੁਣ ਤੱਕ ਦੀ ਸਭ ਤੋਂ ਮਹਿੰਗੀ ਚੋਣ ਮੁਹਿੰਮ ਸਾਬਤ ਹੋ ਸਕਦੀ ਹੈ। ਇਹ ਦਾਅਵਾ ਅਮਰੀਕਾ ਆਧਾਰਿਤ ਇਕ ਮਾਹਿਰ ਨੇ ਕੀਤਾ ਹੈ। ਭਾਰਤੀ ਚੋਣ ਕਮਿਸ਼ਨ ਦੇ ਜਲਦੀ ਹੀ 543 ਸੀਟਾਂ ਲਈ ਚੋਣਾਂ ਮਿਤੀਆਂ ਦਾ ਐਲਾਨ ਕਰਨ ਦੀ ਸੰਭਾਵਨਾ ਹੈ। ਅਮਰੀਕਾ ਵਿਚ 2016 ਵਿਚ ਹੋਈਆਂ ਰਾਸ਼ਟਰਪਤੀ ਤੇ ਕਾਂਗਰਸ ਚੋਣਾਂ 'ਚ 6.5 ਅਰਬ ਡਾਲਰ ਦਾ ਖਰਚ ਆਇਆ ਸੀ ਜਦਕਿ ਭਾਰਤ ਵਿਚ 2014 'ਚ ਹੋਈਆਂ ਚੋਣਾਂ ਦਾ ਖਰਚ ਪੰਜ ਅਰਬ ਡਾਲਰ ਸੀ। ਇਸ ਹਿਸਾਬ ਨਾਲ 2019 ਦੀਆਂ ਭਾਰਤ ਵਿਚ ਹੋਣ ਵਾਲੀਆਂ ਚੋਣਾਂ ਦਾ ਖਰਚ ਇਨ੍ਹਾਂ ਅੰਕੜਿਆਂ ਨੂੰ ਆਸਾਨੀ ਨਾਲ ਮਾਤ ਪਾ ਦੇਵੇਗਾ। ਇਸ ਤਰ੍ਹਾਂ ਇਹ ਭਾਰਤ ਹੀ ਨਹੀਂ ਬਲਕਿ ਸੰਸਾਰ ਦੀ ਸਭ ਤੋਂ ਮਹਿੰਗੀ ਚੋਣ ਪ੍ਰਕਿਰਿਆ ਸਾਬਤ ਹੋਵੇਗੀ।



'ਕਾਰਨੀਜ ਐਂਡੋਅਮੈਂਟ ਫਾਰ ਇੰਟਰਨੈਸ਼ਨਲ ਪੀਸ ਥਿੰਕ ਟੈਂਕ' ਵਿਚ ਦੱਖਣੀ ਏਸ਼ਿਆਈ ਪ੍ਰੋਗਰਾਮ ਦੇ ਡਾਇਰੈਕਟਰ ਤੇ ਸੀਨੀਅਰ ਖੋਜਾਰਥੀ ਮਿਲਨ ਵੈਸ਼ਨਵ ਦਾ ਕਹਿਣਾ ਹੈ ਕਿ ਆਗਾਮੀ ਚੋਣਾਂ ਨਾਲ ਜੁੜੇ ਖਦਸ਼ੇ, ਭਾਜਪਾ ਤੇ ਵਿਰੋਧੀ ਪਾਰਟੀਆਂ ਵਿਚਾਲੇ ਸੀਟਾਂ ਦੀ ਗਿਣਤੀ ਦਾ ਅੰਤਰ ਘਟਣ ਦੇ ਦਾਅਵਿਆਂ ਨਾਲ ਖਰਚਾ ਵਧਦਾ ਹੀ ਜਾਵੇਗਾ। ਵੈਸ਼ਨਵ ਨੇ ਅਮਰੀਕਾ ਦੇ ਸਿਖਰਲੇ ਥਿੰਕ ਟੈਂਕ ਲਈ ਲਿਖਦਿਆਂ ਕਿਹਾ ਹੈ ਕਿ 2014 ਦੇ ਪੰਜ ਅਰਬ ਡਾਲਰ ਖਰਚ ਦੇ ਮੁਕਾਬਲੇ ਇਸ ਵਰ੍ਹੇ ਚੋਣ ਖਰਚ ਦੁੱਗਣਾ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਐਨੇ ਜ਼ਿਆਦਾ ਖਰਚੇ ਦੀ ਨੁਕਤਾਚੀਨੀ ਵੀ ਹੁੰਦੀ ਹੈ, ਪਰ ਖਿੱਚ ਦਾ ਕੇਂਦਰ ਪੈਸੇ ਦਾ ਰਿਸਾਅ ਤੇ ਇਸ ਦੀ ਵਰਤੋਂ ਹੁੰਦਾ ਹੈ। ਉਨ੍ਹਾਂ ਕਿਹਾ ਕਿ ਭਾਰਤ ਵਿਚ ਸਿਆਸੀ ਫੰਡਿੰਗ ਦੇ ਮਾਮਲੇ ਵਿਚ ਪਾਰਦਰਸ਼ਤਾ ਬਿਲਕੁਲ ਨਹੀਂ ਹੈ।

# ਪ੍ਰਧਾਨ ਮੰਤਰੀ ਵਲੋਂ ਕਿਸਾਨ ਨਿਧੀ ਯੋਜਨਾ ਸ਼ੁਰੂ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੰਤਰਿਮ ਬਜਟ ਵਿਚ ਐਲਾਨੀ ਕੇਂਦਰ ਸਰਕਾਰ ਦੀ ਉਤਸ਼ਾਹੀ ਪ੍ਰਧਾਨ ਮੰਤਰੀ ਕਿਸਾਨ ਸੰਮਾਨ ਨਿਧੀ (ਪੀਐਮ-ਕਿਸਾਨ) ਸਕੀਮ ਦਾ




ਇਥੇ ਗੋਰਖਪੁਰ ਤੋਂ ਰਸਮੀ ਆਗਾਜ਼ ਕਰ ਦਿੱਤਾ। ਸਕੀਮ ਤਹਿਤ ਇਕ ਕਰੋੜ ਤੋਂ ਵੱਧ ਕਿਸਾਨਾਂ ਦੇ ਖਾਤਿਆਂ ਵਿਚ ਦੋ ਹਜ਼ਾਰ ਰੁਪਏ ਦੀ ਪਹਿਲੀ ਕਿਸ਼ਤ ਤਬਦੀਲ ਕੀਤੀ ਗਈ। ਇਸ ਦੌਰਾਨ ਪ੍ਰਧਾਨ ਮੰਤਰੀ ਨੇ ਵਿਰੋਧੀ ਪਾਰਟੀਆਂ ਨੂੰ ਭੰਡਦਿਆਂ ਕਿਹਾ ਕਿ ਉਨ੍ਹਾਂ ਨੂੰ ਦਸ ਸਾਲਾਂ ਵਿਚ ਇਕ ਵਾਰ ਚੋਣਾਂ ਤੋਂ ਪਹਿਲਾਂ ਕਿਸਾਨਾਂ ਦੀ ਯਾਦ ਆਉਂਦੀ ਹੈ।

ਇਥੇ ਐਫ.ਸੀ.ਆਈ. ਦੇ ਮੈਦਾਨ ਵਿਚ ਪੀਐਮ-ਕਿਸਾਨ ਸਕੀਮ ਦੀ ਪਹਿਲੀ ਕਿਸ਼ਤ ਯੋਗ ਕਿਸਾਨਾਂ ਦੇ ਖਾਤਿਆਂ ਵਿਚ ਇਲੈਕਟ੍ਰੋਨਿਕਲੀ ਪਾਉਣ ਦੀ ਸ਼ੁਰੂਆਤ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ 1.01 ਕਰੋੜ ਕਿਸਾਨਾਂ ਦੇ ਖਾਤਿਆਂ ਵਿਚ ਰਾਸ਼ੀ ਤਬਦੀਲ ਕਰ ਦਿੱਤੀ ਗਈ ਹੈ ਜਦੋਂਕਿ ਜੋ ਕਿਸਾਨ ਰਹਿ ਗਏ ਹਨ, ਉਨ੍ਹਾਂ ਨੂੰ ਵੀ ਛੇਤੀ ਰਾਸ਼ੀ ਮਿਲ ਜਾਏਗੀ। 'ਜੈ ਜਵਾਨ, ਜੈ ਕਿਸਾਨ' ਦੇ ਨਾਅਰੇ ਨਾਲ ਆਪਣੀ ਤਕਰੀਰ ਦੀ ਸ਼ੁਰੂਆਤ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਲਈ 75000 ਕਰੋੜ ਰੁਪਏ ਦੀ ਇਹ ਸਕੀਮ ਕੋਈ ਚੋਣ ਵਾਅਦਾ ਨਹੀਂ ਸੀ। ਉਨ੍ਹਾਂ ਕਿਹਾ, 'ਕਿਸਾਨੀ ਕਰਜ਼ਿਆਂ 'ਤੇ ਲੀਕ ਮਾਰਨਾ ਸਾਡੇ ਲਈ ਵੀ ਆਸਾਨ ਤੇ ਸੁਖਾਲਾ ਹੈ। ਸਿਆਸੀ ਤੇ ਚੋਣ ਲਾਹਿਆਂ ਲਈ ਅਸੀਂ ਵੀ 'ਰਿਓੜੀਆਂ' ਵੰਡ ਸਕਦੇ ਹਾਂ, ਪਰ ਅਸੀਂ ਅਜਿਹਾ ਪਾਪ ਨਹੀਂ ਕਰ ਸਕਦੇ। ਕਿਸਾਨੀ ਕਰਜ਼ੇ 'ਤੇ ਲੀਕ ਦਾ ਲਾਹਾ ਕੁਝ ਗਿਣਤੀ ਦੇ ਕਿਸਾਨਾਂ ਨੂੰ ਮਿਲੇਗਾ।'

ਵਿਰੋਧੀ ਪਾਰਟੀਆਂ ਉਤੇ ਚੁਟਕੀ ਲੈਂਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਕਿਸਾਨਾਂ ਲਈ ਜਿਹੜੀਆਂ ਸਕੀਮਾਂ ਬਣਾਈਆਂ, ਉਹ ਮਹਿਜ਼ ਕਾਗਜ਼ਾਂ ਤਕ ਹੀ ਸੀਮਤ ਰਹੀਆਂ।' ਉਨ੍ਹਾਂ ਕਿਹਾ, 'ਵਿਰੋਧੀ ਮਾਯੂਸ ਹਨ, ਕਿਉਂਕਿ ਕਿਸਾਨ ਸੰਮਾਨ ਨਿਧੀ ਮਗਰੋਂ ਕਿਸਾਨ ਮੋਦੀ ਨੂੰ ਹਮਾਇਤ ਦੇਣਗੇ। ਅਸੀਂ ਨਾਮੁਮਕਿਨ ਨੂੰ ਮੁਮਕਿਨ ਕਰ ਵਿਖਾਇਆ ਹੈ।'

## ਧੋਖਾਧੜੀ ਦੇ ਦੋਸ਼ ਹੇਠ ਸੋਨਾਕਸ਼ੀ ਸਣੇ ਪੰਜ ਖਿਲਾਫ ਕੇਸ ਦਰਜ

**ਮੁਰਾਦਾਬਾਦ:** ਅਦਾਕਾਰਾ ਸੋਨਾਕਸ਼ੀ ਸਿਨਹਾ ਤੇ ਚਾਰ ਹੋਰਾਂ ਖਿਲਾਫ ਸਮਾਗਮ ਦੇ ਪ੍ਰਬੰਧਕ ਨਾਲ ਧੋਖਾਧੜੀ ਦੇ ਦੋਸ਼ ਹੇਠ ਕੇਸ ਦਰਜ ਕੀਤਾ ਗਿਆ ਹੈ। ਪ੍ਰਬੰਧਕ ਪ੍ਰਮੋਦ ਸ਼ਰਮਾ ਨੇ ਕਿਹਾ ਕਿ ਉਸ ਨੇ ਸਿਨਹਾ ਨੂੰ ਦਿੱਲੀ ਵਿਚ ਇਕ ਸਮਾਗਮ ਵਿਚ ਸੱਦਣ ਲਈ ਰੁਪਏ ਦਿੱਤੇ ਸਨ, ਪਰ ਉਹ ਨਹੀਂ ਆਈ।

# 11 ਅਰਬ ਦੇ ਬਜਟ ਵਾਲੀ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਨੂੰ ਨਿਗੂਣੀਆਂ ਤਨਖਾਹਾਂ

**ਚੰਡੀਗੜ੍ਹ:** ਤਕਰੀਬਨ 11 ਅਰਬ ਦੇ ਬਜਟ ਵਾਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੁਲਾਜ਼ਮ ਵਰਗ ਦਿਨੀਂ ਦਿਨੀਂ ਨਾਰਾਜ਼ਗੀ ਦੇ ਆਲਮ ਵਿਚ ਚੱਲ ਰਿਹਾ ਹੈ। ਦੱਸਿਆ ਜਾਂਦਾ ਹੈ ਕਿ ਪਿਛਲੇ ਤਿੰਨ ਸਾਲਾਂ ਤੋਂ ਗੁਰਦੁਆਰਾ ਪ੍ਰਬੰਧ ਨੂੰ ਚਲਾਉਣ ਲਈ ਮੁਲਾਜ਼ਮਾਂ ਦੀਆਂ ਤਨਖ਼ਾਹਾਂ ਵਿਚ ਵਾਧਾ ਨਹੀਂ ਕੀਤਾ ਗਿਆ। ਅਵਤਾਰ ਸਿੰਘ ਮੱਕੜ ਦੇ ਕਾਰਜਕਾਲ ਦੌਰਾਨ ਹੀ ਆਖਰੀ ਵਾਧਾ ਕੀਤਾ ਗਿਆ ਸੀ।



ਅੱਜ ਜਿਥੇ ਦੇਸ਼ ਵਿਚ ਸੱਤਵੇਂ ਪੇਅ ਕਮਿਸ਼ਨ ਦੀਆਂ ਗੱਲਾਂ ਚੱਲ ਰਹੀਆਂ ਹਨ, ਉਥੇ ਕਮੇਟੀ ਅਧੀਨ ਆਉਂਦੇ ਗੁਰਦੁਆਰਿਆਂ ਵਿਚ ਸੇਵਾ ਕਰਦੇ ਸੇਵਾਦਾਰ ਵਰਗ ਦੀ ਸ਼ੁਰੂਆਤੀ ਤਨਖ਼ਾਹ ਮਸਾਂ 6 ਤੋਂ 8 ਹਜ਼ਾਰ ਦੇ ਕਰੀਬ ਹੈ। ਕਈਆਂ ਦੀ ਤਨਖਾਹ ਤਾਂ ਇਸ ਤੋਂ ਵੀ ਘੱਟ ਹੈ। ਇਹ ਸੇਵਾਦਾਰ ਗੁਰਦੁਆਰਾ ਸਾਹਿਬ ਦੀ ਟੇਕ 'ਤੇ ਹੀ ਆਪਣਾ ਗੁਜ਼ਾਰਾ ਕਰ ਰਹੇ ਹਨ।

ਇਸ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦੇ ਪੇਅ ਸਕੇਲ ਵੀ ਨਾਮਾਤਰ ਹੀ ਹਨ। ਮੁਲਾਜ਼ਮਾਂ ਨੂੰ ਇੰਨੇ ਵਿਚ ਹੀ ਸਬਰ ਕਰਨਾ ਪੈਂਦਾ ਹੈ। ਉਤੋਂ ਪਿਛਲੇ 3 ਸਾਲਾਂ ਤੋਂ ਤਨਖਾਹਾਂ ਵਿਚ ਵਾਧਾ ਨਾ ਹੋਣ ਕਰ ਕੇ ਮੁਲਾਜ਼ਮਾਂ ਨੂੰ ਬੇਹੱਦ ਤੰਗੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿਚ ਤਨਖ਼ਾਹਾਂ ਵਧਣ ਦੀ ਆਸ ਸੀ ਪਰ ਮੀਟਿੰਗ ਵਿਚ ਸਿਰਫ ਐਸ.ਐਸ. ਕੋਹਲੀ ਐਂਡ ਐਸੋਸੀਏਟ ਕੰਪਨੀ ਦੇ ਸੇਵਾਕਾਲ ਤੇ ਮਿਹਨਤਾਨੇ ਵਿਚ ਹੀ ਵਾਧਾ ਕੀਤਾ ਗਿਆ। ਇਸ ਮੀਟਿੰਗ ਬਾਅਦ ਵੀ ਮੁਲਾਜ਼ਮਾਂ ਨੂੰ ਮਾਯੂਸੀ ਝੱਲਣੀ ਪਈ। ਜਾਣਕਾਰੀ ਮੁਤਾਬਕ ਕਮੇਟੀ ਹਰ ਵਰ੍ਹੇ ਇਸ ਕੰਪਨੀ ਨੂੰ ਇਕ ਕਰੋੜ ਰੁਪਏ ਦਾ ਭੁਗਤਾਨ ਕਰ ਰਹੀ ਹੈ। ਜ਼ਿਕਰਯੋਗ ਹੈ ਕਿ ਸੈਕਸ਼ਨ 85 ਦੇ ਅਧੀਨ ਆਉਂਦੇ ਸਾਰੇ ਗੁਰਦੁਆਰਿਆਂ ਦੇ ਪ੍ਰਬੰਧਾਂ ਨੂੰ ਸਰਕਾਰ ਨੋਟੀਫਾਈਡ ਕਰਦੀ ਹੈ ਅਤੇ ਉਸ ਵੱਲੋਂ ਮੁਲਾਜ਼ਮ ਵਰਗ ਦੀਆਂ ਤਨਖਾਹਾਂ ਦਾ ਧਿਆਨ ਰੱਖਣ ਬਾਰੇ ਵੀ ਹਦਾਇਤਾਂ ਹੁੰਦੀਆਂ ਹਨ। ਇਸ ਬਾਰੇ ਕਮੇਟੀ ਮੁਲਾਜ਼ਮਾਂ ਨੇ ਕਿਹਾ ਕਿ ਉਹ ਨੌਕਰੀ ਦੇ ਡਰ ਤੋਂ ਉਹ ਆਵਾਜ਼ ਨਹੀ ਚੁੱਕ ਸਕਦੇ।

# ਕੈਪਟਨ ਸਰਕਾਰ ਵੱਲੋਂ ਪੰਚਾਇਤੀ ਜ਼ਮੀਨਾਂ 'ਤੇ 'ਓਪਨ ਜੇਲ੍ਹਾਂ' ਬਣਾਉਣ ਦੀ ਤਿਆਰੀ

**ਬਠਿੰਡਾ:** ਪੰਜਾਬ ਸਰਕਾਰ ਨੇ 'ਓਪਨ ਜੇਲ੍ਹਾਂ' ਬਣਾਉਣ ਵਾਸਤੇ ਪੰਚਾਇਤੀ ਜ਼ਮੀਨਾਂ 'ਤੇ ਅੱਖ ਰੱਖ ਲਈ ਹੈ। ਪੰਚਾਇਤੀ ਚੋਣਾਂ ਮਗਰੋਂ ਸਰਕਾਰ ਨੂੰ ਕਾਂਗਰਸੀ ਪੰਚਾਇਤਾਂ ਤੋਂ ਜ਼ਮੀਨ ਲੈਣੀ ਸੌਖੀ ਵੀ ਜਾਪਦੀ ਹੈ ਤੇ ਇਹ ਕਾਂਗਰਸੀ ਸਰਪੰਚਾਂ ਲਈ ਪ੍ਰੀਖਿਆ ਵੀ ਹੋਵੇਗੀ। ਪੇਂਡੂ ਵਿਕਾਸ




ਤੇ ਪੰਚਾਇਤ ਵਿਭਾਗ ਨੇ ਉਨ੍ਹਾਂ ਪੰਚਾਇਤੀ ਜ਼ਮੀਨਾਂ ਦੀ ਸ਼ਨਾਖਤ ਸ਼ੁਰੂ ਕੀਤੀ ਹੈ, ਜਿੱਥੇ ਜ਼ਮੀਨਾਂ ਦੇ ਟੱਕ ਵੱਡੇ ਹਨ ਅਤੇ ਬਹੁਤੀ ਆਮਦਨ ਨਹੀਂ ਹੋ ਰਹੀ ਹੈ।

ਜੇਲ੍ਹ ਵਿਭਾਗ ਨੇ ਇਹ ਜ਼ਮੀਨਾਂ ਲੰਮੇ ਸਮੇਂ ਲਈ ਪਟੇ 'ਤੇ ਜਾਂ ਫਿਰ ਮਾਮੂਲੀ ਕਿਰਾਏ 'ਤੇ ਲੈਣੀਆਂ ਹਨ। ਪੰਜਾਬ ਦੇ ਜੇਲ੍ਹ ਵਿਭਾਗ ਦੇ ਪ੍ਰਮੁੱਖ ਸਕੱਤਰ ਨੇ ਇਸ ਬਾਰੇ ਪੰਚਾਇਤ ਵਿਭਾਗ ਦੇ ਵਿੱਤੀ ਕਮਿਸ਼ਨਰ ਨੂੰ ਪੱਤਰ ਭੇਜਿਆ ਸੀ ਅਤੇ ਪੰਚਾਇਤੀ ਜ਼ਮੀਨਾਂ ਨੂੰ ਜੇਲ੍ਹ ਵਿਭਾਗ ਨੂੰ ਤਬਦੀਲ ਕਰਨ ਦੀ ਤਜਵੀਜ਼ ਮੰਗੀ ਹੈ। ਦੱਸਣਯੋਗ ਹੈ ਕਿ ਸੁਪਰੀਮ ਕੋਰਟ ਵੱਲੋਂ ਸਿਵਲ ਰਿਟ ਪਟੀਸ਼ਨ ਨੰਬਰ 406 ਆਫ 2013 ਦੇ ਹਵਾਲੇ ਨਾਲ ਸਾਰੇ ਸੂਬਿਆਂ ਨੂੰ ਓਪਨ ਖੇਤੀ ਜੇਲ੍ਹਾਂ ਬਣਾਉਣ ਦੀ ਹਦਾਇਤ ਕੀਤੀ ਹੋਈ ਹੈ ਤੇ ਰਾਜ ਸਰਕਾਰਾਂ ਨੂੰ ਓਪਨ ਜੇਲ੍ਹਾਂ ਬਣਾਉਣ ਦੀ ਸਿਫਾਰਸ਼ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਭੇਜਣ ਲਈ ਵੀ ਆਖਿਆ ਹੋਇਆ ਹੈ। ਜੇਲ੍ਹ ਵਿਭਾਗ ਦੇ ਪ੍ਰਮੁੱਖ ਸਕੱਤਰ ਨੇ ਪੰਚਾਇਤ ਵਿਭਾਗ ਨੂੰ ਭੇਜੇ ਪੱਤਰ ਵਿਚ ਆਖਿਆ ਹੈ ਕਿ ਓਪਨ ਜੇਲ੍ਹਾਂ ਬਣਨ 'ਤੇ ਕੈਦੀਆਂ ਤੋਂ ਕੰਮ ਲਿਆ ਜਾ ਸਕੇਗਾ, ਜਿਸ ਨਾਲ ਸਰਕਾਰ ਦੀ ਆਮਦਨ ਵਧੇਗੀ। ਪ੍ਰਮੁੱਖ ਸਕੱਤਰ ਨੇ ਆਖਿਆ ਹੈ ਕਿ ਜੇ ਵੱਡੀ ਗਿਣਤੀ ਵਿਚ ਪੰਚਾਇਤੀ ਜ਼ਮੀਨਾਂ ਜੇਲ੍ਹ ਵਿਭਾਗ ਨੂੰ ਓਪਨ ਜੇਲ੍ਹਾਂ ਬਣਾਉਣ ਲਈ ਦੇ ਦਿੱਤੀਆਂ ਜਾਣ ਤਾਂ ਇਸ ਨਾਲ ਸੁਪਰੀਮ ਕੋਰਟ ਦੇ ਹੁਕਮਾਂ ਦੀ ਪਾਲਣਾ ਵੀ ਕੀਤੀ ਜਾ ਸਕੇਗੀ ਅਤੇ ਪੰਚਾਇਤੀ ਜ਼ਮੀਨਾਂ 'ਤੇ ਨਾਜਾਇਜ਼ ਕਬਜ਼ੇ ਵੀ ਰੁਕ ਜਾਣਗੇ। ਘੱਟ ਆਮਦਨ ਵਾਲੀਆਂ ਜ਼ਮੀਨਾਂ ਦੀ ਸ਼ਨਾਖਤ ਕਰਨ ਵਾਸਤੇ ਆਖਿਆ ਗਿਆ ਹੈ।

ਇਸ ਵੇਲੇ ਇਕੋ ਇੱਕ ਓਪਨ ਜੇਲ੍ਹ ਨਾਭਾ ਹੈ, ਜਿਸ ਦੀ ਸਮਰੱਥਾ 78 ਕੈਦੀਆਂ ਦੀ ਹੈ। ਪੰਜਾਬ ਸਰਕਾਰ ਨੇ ਕਪੂਰਥਲਾ, ਬਠਿੰਡਾ ਤੇ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਵਿਚ ਓਪਨ ਜੇਲ੍ਹਾਂ ਬਣਾਉਣ ਦੀ ਯੋਜਨਾ ਬਣਾਈ ਹੈ ਅਤੇ ਹਰ ਜੇਲ੍ਹ ਨੂੰ ਘੱਟੋ ਘੱਟ 100 ਏਕੜ ਜ਼ਮੀਨ ਦੀ ਲੋੜ ਹੈ। ਜੇਲ੍ਹ ਵਿਭਾਗ ਵੱਲੋਂ ਇਹ ਵੀ ਤਜਵੀਜ਼ ਬਣਾਈ ਜਾ ਰਹੀ ਹੈ ਕਿ ਲੁਧਿਆਣਾ, ਅੰਮ੍ਰਿਤਸਰ ਤੇ ਹੁਸ਼ਿਆਰਪੁਰ ਦੀਆਂ ਮੌਜੂਦਾ ਜੇਲ੍ਹਾਂ ਵਿਚ ਵੱਖਰੀਆਂ ਬੈਰਕਾਂ ਬਣਾਈਆਂ ਜਾਣ, ਜਿੱਥੇ ਕੈਦੀ ਆਪਣੇ ਪਰਿਵਾਰਾਂ ਨੂੰ ਵੀ ਨਾਲ ਰੱਖ ਸਕਣ।

# ਪੰਜਾਬ ਤੋਂ 130 ਲੱਖ ਟਨ ਕਣਕ ਖਰੀਦੇਗਾ ਕੇਂਦਰ

**ਜ਼ੀਰਕਪੁਰ:** ਕੇਂਦਰੀ ਖੁਰਾਕ ਤੇ ਸਪਲਾਈ ਮੰਤਰੀ ਰਾਮ ਵਿਲਾਸ ਪਾਸਵਾਨ ਨੇ ਪੰਜਾਬ ਤੇ ਹਰਿਆਣਾ ਵਿਚ ਕਣਕ ਦੇ ਖਰੀਦ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਦੋਵਾਂ ਸੂਬਿਆਂ ਦੇ ਫੂਡ ਕਾਰਪੋਰੇਸ਼ਨ ਆਫ ਇੰਡੀਆ (ਐਫ.ਸੀ.ਆਈ.) ਦੇ ਅਧਿਕਾਰੀਆਂ ਨਾਲ ਸਮੀਖਿਆ ਮੀਟਿੰਗ ਕੀਤੀ। ਇਸ ਮੌਕੇ ਕੇਂਦਰ ਸਰਕਾਰ ਵੱਲੋਂ ਪੰਜਾਬ ਤੋਂ 130 ਲੱਖ ਟਨ ਤੇ ਹਰਿਆਣਾ ਤੋਂ 85 ਲੱਖ ਟਨ ਕਣਕ ਖਰੀਦਣ ਦਾ ਟੀਚਾ ਮਿਥਿਆ ਗਿਆ।

ਮੀਟਿੰਗ ਦੌਰਾਨ ਕੇਂਦਰੀ ਮੰਤਰੀ ਰਾਮ ਵਿਲਾਸ ਪਾਸਵਾਨ ਨੇ ਕਿਹਾ ਕਿ ਇਹ ਟੀਚਾ ਉਨ੍ਹਾਂ ਵੱਲੋਂ ਖੇਤੀਬਾੜੀ ਵਿਭਾਗ ਵੱਲੋਂ ਸਾਲ 2019-20 ਲਈ ਪੇਸ਼ ਕੀਤੇ ਅੰਕੜਿਆਂ ਅਨੁਸਾਰ ਤੈਅ ਕੀਤਾ ਗਿਆ ਹੈ। ਉਨ੍ਹਾਂ ਦੋਵਾਂ ਸੂਬਿਆਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਕਣਕ ਦੀ ਖਰੀਦ ਦੌਰਾਨ ਕਿਸਾਨਾਂ ਨੂੰ ਕਿਸੇ ਵੀ ਕਿਸਮ ਦੀ ਦਿੱਕਤ ਨਾ ਝੱਲਣੀ ਪਏ। ਉਨ੍ਹਾਂ ਅਧਿਕਾਰੀਆਂ ਨੂੰ ਮੰਡੀਆਂ ਵਿਚ ਪੂਰੇ ਪ੍ਰਬੰਧ ਕਰਨ ਤੇ ਖਰੀਦੀ ਕਣਕ ਦੀ ਪੇਮੈਂਟ ਦਾ ਪੂਰੇ ਪ੍ਰਬੰਧ ਕਰਨ ਦੀ ਹਦਾਇਤ ਕੀਤੀ। ਇਸ ਤੋਂ ਇਲਾਵਾ ਅਧਿਕਾਰੀਆਂ ਨੂੰ ਮੰਡੀਆਂ ਵਿਚ ਕਣਕ ਲਿਆਉਣ ਲਈ ਸੜਕਾਂ ਦੀ ਹਾਲਤ ਸੁਧਾਰਨ ਅਤੇ ਲੋੜ ਪੈਣ 'ਤੇ ਰੇਲ ਗੱਡੀ ਵਿਚ ਮਾਲ ਭੇਜਣ ਦੇ ਪ੍ਰਬੰਧ ਕਰਨ ਲਈ ਤਿਆਰੀ ਕਰਨ ਲਈ ਕਿਹਾ। ਸ੍ਰੀ ਪਾਸਵਾਨ ਨੇ ਕਿਹਾ ਕਿ ਕਿਸਾਨਾਂ ਨੂੰ ਕਿਸੇ ਕਿਸਮ ਦੀ ਦਿੱਕਤ ਨਹੀਂ ਆਉਣ ਦਿੱਤੀ ਜਾਏਗੀ। ਮੀਟਿੰਗ ਵਿਚ ਪੰਜਾਬ ਐਫ.ਸੀ.ਆਈ. ਦੇ ਜਨਰਲ ਮੈਨੇਜਰ ਅਰਸ਼ਦੀਪ ਸਿੰਘ ਥਿੰਦ, ਹਰਿਆਣਾ ਐਫ.ਸੀ.ਆਈ. ਦੇ ਜਨਰਲ ਮੈਨੇਜਰ ਓਮ ਪ੍ਰਕਾਸ਼ ਅਤੇ ਦੋਵਾਂ ਸੂਬਿਆਂ ਦੇ ਵਿਭਾਗ ਦੇ ਉਚ ਅਧਿਕਾਰੀਆਂ ਨੇ ਹਿੱਸਾ ਲਿਆ।

# ਫਾਰਗ ਮੁਲਾਜ਼ਮਾਂ ਨੇ ਸ਼੍ਰੋਮਣੀ ਕਮੇਟੀ ਖਿਲਾਫ ਲਾਇਆ ਮੋਰਚਾ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਵੱਲੋਂ ਫਾਰਗ ਕੀਤੇ 523 ਮੁਲਾਜ਼ਮਾਂ ਨੇ ਮੁੜ ਨੌਕਰੀ ਦੇਣ ਦੀ ਮੰਗ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਅੱਗੇ ਧਰਨਾ ਦਿੱਤਾ। ਇਹ ਫਾਰਗ ਕੀਤੇ ਮੁਲਾਜ਼ਮ ਪਹਿਲਾਂ ਵੀ ਕਈ ਵਾਰ ਰੋਸ ਧਰਨਾ ਦੇ ਚੁੱਕੇ ਹਨ। ਇਨ੍ਹਾਂ ਧਰਨਾਕਾਰੀਆਂ ਵਿੱਚ ਔਰਤਾਂ ਵੀ ਸ਼ਾਮਲ ਸਨ। ਇਨ੍ਹਾਂ ਮੁਲਾਜ਼ਮਾਂ ਨੂੰ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਵੇਲੇ ਸ਼੍ਰੋਮਣੀ ਕਮੇਟੀ ਦੀਆਂ ਵੱਖ ਵੱਖ ਸੰਸਥਾਵਾਂ ਵਿੱਚ ਨੌਕਰੀ ਦਿੱਤੀ ਗਈ ਸੀ, ਜਿਨ੍ਹਾਂ ਨੂੰ ਬਾਅਦ ਵਿਚ ਨਵੇਂ ਆਏ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਜਾਂਚ ਕਰਾਉਣ ਮਗਰੋਂ ਫਾਰਗ ਕਰ ਦਿੱਤਾ ਸੀ। ਪਹਿਲਾਂ ਇਸ ਸਬੰਧੀ ਜਾਂਚ ਕਮੇਟੀ ਬਣਾਈ ਗਈ ਸੀ ਅਤੇ ਜਾਂਚ ਕਮੇਟੀ ਦੀ ਰਿਪੋਰਟ ਦੇ ਆਧਾਰ 'ਤੇ ਅੰਤ੍ਰਿੰਗ ਕਮੇਟੀ ਵੱਲੋਂ ਇਨ੍ਹਾਂ 523 ਮੁਲਾਜ਼ਮਾਂ ਨੂੰ ਨਿਯਮਾਂ ਦੀ ਉਲੰਘਣਾ ਕਰਕੇ ਰੱਖੇ ਗਏ ਕਰਾਰ ਦਿੰਦਿਆਂ ਤੁਰੰਤ ਨੌਕਰੀ ਤੋਂ ਫਾਰਗ ਕਰ ਦਿੱਤਾ ਸੀ।

ਧਰਨੇ 'ਤੇ ਬੈਠੇ ਇਨ੍ਹਾਂ ਵਿਅਕਤੀਆਂ ਨੇ ਦੋਸ਼ ਲਾਇਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਉਨ੍ਹਾਂ ਦੀ ਮੰਗ 'ਤੇ ਕੋਈ ਸੁਣਵਾਈ ਨਹੀਂ ਹੋ ਰਹੀ। ਉਨ੍ਹਾਂ ਨੂੰ ਕਈ ਵਾਰ ਲਾਰੇ ਲਾਏ ਜਾ ਚੁੱਕੇ ਹਨ। ਸ਼੍ਰੋਮਣੀ ਕਮੇਟੀ ਨੇ ਇਸ ਸਬੰਧੀ ਇਕ ਸਬ ਕਮੇਟੀ ਵੀ ਬਣਾਈ ਸੀ ਪਰ ਇਸ ਦੇ ਬਾਵਜੂਦ ਉਨ੍ਹਾਂ ਦੀ ਬਹਾਲੀ ਲਈ ਕੋਈ ਕਾਰਵਾਈ ਨਹੀਂ ਹੋਈ ਹੈ। ਉਨ੍ਹਾਂ ਆਖਿਆ ਕਿ ਉਨ੍ਹਾਂ ਨੂੰ ਫਾਰਗ ਕੀਤੇ ਜਾਣ ਮਗਰੋਂ ਸ਼੍ਰੋਮਣੀ ਕਮੇਟੀ ਵੱਲੋਂ ਨਵੇਂ ਕਰਮਚਾਰੀ ਭਰਤੀ ਕੀਤੇ ਜਾ ਰਹੇ ਹਨ ਪਰ ਉਨ੍ਹਾਂ ਦੀ ਬਹਾਲੀ ਸਬੰਧੀ ਮੰਗ ਨੂੰ ਪੂਰਾ ਨਹੀਂ ਕੀਤਾ ਗਿਆ।

ਦੂਜੇ ਪਾਸੇ ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਆਖਿਆ ਕਿ ਇਸ ਸਬੰਧੀ ਇੱਕ ਸਬ ਕਮੇਟੀ ਬਣਾਈ ਹੋਈ ਹੈ, ਜੋ ਮਾਮਲੇ ਦੀ ਜਾਂਚ ਕਰ ਰਹੀ ਹੈ। ਇਸ ਸਬੰਧੀ ਕਾਨੂੰਨੀ ਮਾਹਿਰਾਂ ਕੋਲੋਂ ਵੀ ਰਾਇ ਲਈ ਜਾ ਰਹੀ ਹੈ। ਉਨ੍ਹਾਂ ਆਖਿਆ ਕਿ ਇਸ ਸਬੰਧੀ ਅਦਾਲਤ ਵਿਚ ਵੀ ਮਾਮਲਾ ਚੱਲ ਰਿਹਾ ਹੈ ਪਰ ਸ਼੍ਰੋਮਣੀ ਕਮੇਟੀ ਇਸ ਮਸਲੇ ਨੂੰ ਜਲਦੀ ਹੱਲ ਕਰਨ ਲਈ ਯਤਨਸ਼ੀਲ ਹੈ।

# ‘ਪੀਰੀਅਡ: ਐਂਡ ਆਫ ਸਨਟੈਂਸ’ ਨੇ ਲਘੂ ਦਸਤਾਵੇਜ਼ੀ ’ਚ ਜਿੱਤਿਆ ਆਸਕਰ



**ਲਾਸ ਏਂਜਲਸ:** ਪੇਂਡੂ ਭਾਰਤ ਵਿਚ ਮਾਹਵਾਰੀ ਦੇ ਦਿਨਾਂ ਵਿਚ ਔਰਤਾਂ ਨੂੰ ਦਰਪੇਸ਼ ਮੁਸ਼ਕਲਾਂ ਨੂੰ ਬਿਆਨਦੀ ਫਿਲਮ ‘ਪੀਰੀਅਡ: ਐਂਡ ਆਫ ਸੈਨਟੈਂਸ’ ਨੇ 91ਵੇਂ ਅਕੈਡਮੀ ਐਵਾਰਡਜ਼ ਵਿਚ ਲਘੂ ਵਿਸ਼ੇ ’ਤੇ ਦਸਤਾਵੇਜ਼ੀ ਸ਼੍ਰੇਣੀ ਵਿਚ ਆਸਕਰ ਜਿੱਤਿਆ ਹੈ। ਇਸ ਲਘੂ ਫਿਲਮ ਨੂੰ ਐਵਾਡਰ ਜੇਤੂ ਫਿਲਮਸਾਜ਼ ਰਾਇਕਾ ਜ਼ਹਿਤਾਬਚੀ ਨੇ ਨਿਰਦੇਸ਼ਤ ਕੀਤਾ ਹੈ ਜਦੋਂਕਿ ਭਾਰਤੀ ਨਿਰਮਾਤਾ ਗੁਨੀਤ ਮੌਂਗਾ ਦੀ ‘ਸਿੱਖਿਆ ਐਂਟਰਟੇਨਮੈਂਟ’ ਨੇ ਇਸ ਦਾ ਨਿਰਮਾਣ ਕੀਤਾ ਹੈ।

ਇਹ ਦਸਤਾਵੇਜ਼ੀ ‘ਆਕਵੁੱਡ ਸਕੂਲ ਇਨ ਲਾਸ ਏਂਜਲਸ’ ਦੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਅਧਿਆਪਕ ਮਿਲਿਸਾ ਬਰਟਨ ਵੱਲੋਂ ਸ਼ੁਰੂ ਕੀਤੇ ਗਏ ‘ਦਿ ਪੈਡ ਪ੍ਰੋਜੈਕਟ’ ਦਾ ਹਿੱਸਾ ਹੈ।

ਜ਼ਹਿਤਾਬਚੀ ਨੇ ਫਿਲਮ ਲਈ ਆਸਕਰ ਹਾਸਲ ਕਰਨ ਮੌਕੇ ਕੀਤੀ ਤਕਰੀਰ ਦੌਰਾਨ ਕਿਹਾ, ‘ਮੈਂ ਇਸ ਲਈ ਨਹੀਂ ਰੋ ਰਹੀ ਕਿ ਮੈਨੂੰ ਮਾਹਵਾਰੀ ਆਈ ਹੈ ਜਾਂ ਕੁਝ ਹੋਰ। ਮੈਨੂੰ ਇਹ ਯਕੀਨ ਨਹੀਂ ਹੋ ਰਿਹਾ ਕਿ ਮਾਹਵਾਰੀ ਦੇ ਵਿਸ਼ੇ ’ਤੇ ਵੀ ਕੋਈ ਫਿਲਮ ਆਸਕਰ ਜਿੱਤ ਸਕਦੀ ਹੈ।’

ਫਿਲਮਸਾਜ਼ ਨੇ ਤਕਰੀਰ ਵਿਚ ਫਿਲਮ ਦੀ ਨਿਰਮਾਤਾ ਗੁਨੀਤ ਮੌਂਗਾ ਵੱਲੋਂ ਮਾਹਵਾਰੀ ਦੇ ਆਧਾਰ ’ਤੇ ਔਰਤਾਂ ਨਾਲ ਹੁੰਦੇ ਵਿਤਕਰੇ ਖਿਲਾਫ ਆਲਮੀ ਪੱਧਰ ’ਤੇ ਮਹਿਲਾਵਾਂ ਨੂੰ ਸਸ਼ਕਤ ਬਣਾਉਣ ਦੀ ਵਿੱਢੀ ਲੜਾਈ ਦਾ ਵੀ ਜ਼ਿਕਰ ਕੀਤਾ। ਉਂਜ ਇਸ ਦਸਤਾਵੇਜ਼ੀ ਵਿਚ ਦਿੱਲੀ ਦੇ ਬਾਹਰਵਾਰ ਹਾਪੁੜ ਪਿੰਡ ਦੀ ਕਹਾਣੀ ਨੂੰ ਵਿਖਾਇਆ ਗਿਆ ਹੈ।

ਦਸਤਾਵੇਜ਼ੀ ਦੀ ਨਿਰਮਾਤਾ ਮੌਂਗਾ ਨੇ ਕਿਹਾ, ‘ਮਾਹਵਾਰੀ ਸਾਧਾਰਨ ਚੀਜ਼ ਹੈ ਤੇ ਇਹ ਸਾਡੇ ਕਿਸੇ ਵੀ ਕੰਮ ਵਿਚ ਅੜਿੱਕਾ ਨਹੀਂ ਬਣਦੀ।

ਭਾਰਤ ਦੇ ਕਈ ਪਿੰਡਾਂ ਵਿਚ ਪਿਛਲੇ ਦਸ ਸਾਲਾਂ ਤੋਂ ਗੌਰੀ ਚੌਧਰੀ ‘ਐਕਸ਼ਨ ਇੰਡੀਆ’ ਰਾਹੀਂ ਲੜਕੀਆਂ ਨੂੰ ਉਨ੍ਹਾਂ ਦੇ ਮਾਂ ਬਣਨ ਦੇ ਅਧਿਕਾਰਾਂ ਤੋਂ ਜਾਣੂ ਕਰਵਾਉਂਦੀ ਆ ਰਹੀ ਹੈ। ਉਨ੍ਹਾਂ ਕਿਹਾ ਕਿ ਭਾਰਤ ਜਾਂ ਵਿਸ਼ਵ ਦੇ ਕਿਸੇ ਵੀ ਕੋਨੇ ਦੀਆਂ ਕੁੜੀਆਂ ਨੂੰ ਇਹ ਗੱਲ ਜਾਣਨ ਦੀ ਲੋੜ ਹੈ ਕਿ ਮਾਹਵਾਰੀ, ਜੀਵਨ ਦਾ ਇਕ ਪੜਾਅ ਹੈ ਤੇ ਇਸ ਨਾਲ ਕੁੜੀਆਂ ਦੀ ਸਿੱਖਿਆ ’ਤੇ ਕੋਈ ਅਸਰ ਨਹੀਂ ਪੈਣਾ ਚਾਹੀਦਾ। ਮੌਂਗਾ ਨੇ ਕਿਹਾ ਕਿ ਉਹ ਚਾਹੁੰਦੀ ਹੈ ਕਿ ਸਾਰੀਆਂ ਲੜਕੀਆਂ ਇਹ ਸਮਝਣ ਕਿ ਇਹ ਅਹਿਮ ਹੈ ਤੇ ਉਹ ਖੁਦ ਵਿਚ ਰੱਬ ਹਨ।

## ‘ਗ੍ਰੀਨ ਬੁੱਕ’ ਬਣੀ ਸਰਵੋਤਮ ਫਿਲਮ

ਬਾਇਓਗ੍ਰਾਫੀਕਲ ਡਰਾਮਾ ‘ਗ੍ਰੀਨ ਬੁੱਕ’ ਨੇ 91ਵੇਂ ਅਕੈਡਮੀ ਐਵਾਰਡਜ਼ ਦੌਰਾਨ ਅਲਫਾਂਸੋ ਕੋਅਰੋਨ ਦੀ ਫਿਲਮ ‘ਰੋਮਾ’ ਦੀ ਜੇਤੂ ਲਹਿਰ ਨੂੰ ਰੋਕਦਿਆਂ ਸਰਵੋਤਮ ਫਿਲਮ ਦਾ ਆਸਕਰ ਜਿੱਤ ਲਿਆ ਹੈ। ਉਂਜ ਇਸ ਸਾਲ ਦਾ ਆਸਕਰ ਸਮਾਗਮ ਮੈਕਸਿਕੋ ਦੇ ਫਿਲਮਸਾਜ਼ ਅਲਫਾਂਸੋ ਕੋਅਰੋਨ ਦੇ ਨਾਂ ਰਿਹਾ। ਪੁਰਸਕਾਰ ਸਮਾਗਮ ਦੌਰਾਨ ਉਨ੍ਹਾਂ ਨੂੰ ਫਿਲਮ ‘ਰੋਮਾ’ ਲਈ ਸਰਵੋਤਮ ਨਿਰਦੇਸ਼ਕ, ਸਰਵੋਤਮ ਸਿਨੇਮਾਟੋਗ੍ਰਾਫਰ ਤੇ ਵਿਦੇਸ਼ੀ ਫਿਲਮ ਸ਼੍ਰੇਣੀ ਵਿਚ ਸਰਵੋਤਮ ਫਿਲਮ ਦਾ ਪੁਰਸਕਾਰ ਮਿਲਿਆ। ਸਰਵੋਤਮ ਅਦਾਕਾਰ ਤੇ ਅਦਾਕਾਰਾ ਦਾ ਖਿਤਾਬ ਕ੍ਰਮਵਾਰ ਰਾਮੀ ਮਾਲੇਕ ਤੇ ਓਲੀਵੀਆ ਕੋਲਮੈਨ ਦੀ ਝੋਲੀ ਪਿਆ। ਲੇਡੀ ਗਾਗਾ ਨੂੰ ਉਸ ਦੇ ਗੀਤ ‘ਸ਼ੈਲੋ’ ਲਈ ਓਰਿਜਨਲ ਸੌਂਗ ਸ਼੍ਰੇਣੀ ਵਿਚ ਆਸਕਰ ਦਿੱਤਾ ਗਿਆ।

# ਗੁਰਬਾਣੀ ਦੀਆਂ ਗਲਤ ਤੁਕਾਂ ਦੇ ਉਚਾਰਨ ਕਾਰਨ ਘਿਰੇ ਐਮ. ਪੀ. ਸੰਤੋਖ ਸਿੰਘ

**ਜਲੰਧਰ:** ਮੈਂਬਰ ਪਾਰਲੀਮੈਂਟ ਚੌਧਰੀ ਸੰਤੋਖ ਸਿੰਘ ਵੱਲੋਂ ਗੁਰਬਾਣੀ ਦੀਆਂ ਤੁਕਾਂ ਦਾ ਗਲਤ ਉਚਾਰਨ ਕੀਤੇ ਜਾਣ ‘ਤੇ ਸਿੱਖ ਭਾਈਚਾਰੇ ਵਿਚ ਨਾਰਾਜ਼ਗੀ ਪਾਈ ਜਾ ਰਹੀ ਹੈ। ਵੱਖ-ਵੱਖ ਜਥੇਬੰਦੀਆਂ ਨੇ ਇਸ ਮਾਮਲੇ ਵਿਚ ਚੌਧਰੀ ਸੰਤੋਖ ਸਿੰਘ ‘ਤੇ ਮੁਆਫੀ ਮੰਗਣ ਲਈ ਦਬਾਅ ਪਾਇਆ ਹੈ। ਉਨ੍ਹਾਂ ਵੱਲੋਂ ਗੁਰਬਾਣੀ ਦੀਆਂ ਤੁਕਾਂ ਗਲਤ ਉਚਾਰਨ ਦੀ ਵੀਡੀਓ ਵਾਇਰਲ ਹੋਣ ‘ਤੇ ਇਹ ਮਾਮਲਾ ਹੋਰ ਵੀ ਤੂਲ ਫੜਦਾ ਜਾ ਰਿਹਾ ਹੈ।

ਸਿੱਖ ਆਗੂਆਂ ਸੁਖਵਿੰਦਰ ਸਿੰਘ ਖਾਲਸਾ ਤੇ ਪਰਮਿੰਦਰ ਸਿੰਘ ਖਾਲਸਾ ਨੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਮੌਕੇ ਪਿੰਡ ਨੰਗਲ ਵਿਚ ਹੋਏ ਸਮਾਗਮ ‘ਚ ਸ਼ਾਮਿਲ ਚੌਧਰੀ ਸੰਤੋਖ ਸਿੰਘ ਨੇ ਗੁਰਬਾਣੀ ਵਿਚੋਂ ਦੋ ਉਦਾਹਰਣਾਂ ਦਿੰਦਿਆਂ ਨਾਲ ਢੁਕਵੀਆਂ ਤੁਕਾਂ ਬੋਲੀਆਂ ਸਨ, ਜਿਹੜੀਆਂ ਕਿ ਅਰਥ ਦਾ ਅਨਰਥ ਕਰਨ ਵਾਲੀਆਂ ਸਨ।

ਉਧਰ ਚੌਧਰੀ ਸੰਤੋਖ ਸਿੰਘ ਨੇ ਇਸ ਗੱਲ ‘ਤੇ ਦੁੱਖ ਪ੍ਰਗਟਾਇਆ ਕਿ ਗਲਤੀ ਨਾਲ ਉਨ੍ਹਾਂ



ਦੀ ਜ਼ੁਬਾਨ ਥਿੜਕ ਗਈ ਸੀ ਤੇ ਉਨ੍ਹਾਂ ਨੂੰ ਗੁਰਬਾਣੀ ਦੀ ਗਲਤ ਤੁਕ ਬੋਲੇ ਜਾਣ ਦਾ ਬੇਹੱਦ ਅਫਸੋਸ ਹੈ। ਉਹ ਭਵਿੱਖ ਵਿਚ ਇਸ ਗੱਲ ਦਾ ਪੂਰਾ ਖਿਆਲ ਰੱਖਣਗੇ ਕਿ ਅਜਿਹੀ ਗਲਤੀ ਮੁੜ ਨਾ ਹੋਵੇ।

# ਕਿਮ ਕੁਮਾਰੀ ਬਣੀ ‘ਮਿਸ ਇੰਡੀਆ-ਯੂ. ਐਸ. ਏ. 2019’

**ਫੋਡਰਸ ਸਿਟੀ, ਨਿਊ ਜਰਸੀ (ਬਿਊਰੋ):** ਸਥਾਨਕ ਬਿਜ਼ਨਸਮੈਨ ਅਤੇ ਸੁਹਾਗ ਜਿਊਲਰਜ਼ ਦੇ ਮਾਲਕ ਸੁਰਿੰਦਰ ਕੁਮਾਰ ਦੀ ਬੇਟੀ ਕਿਮ ਕੁਮਾਰੀ ਨੇ ਨਿਊ ਜਰਸੀ ਵਿਚ ਹੋਏ ‘ਮਿਸ ਇੰਡੀਆ-ਯੂ. ਐਸ. ਏ. 2019’ ਦਾ ਖਿਤਾਬ ਜਿੱਤਿਆ ਹੈ। ਹੋਟਲ ਐਲਬਰਟ ਪੈਲੇਸ ’ਚ ਹੋਏ ਸੁੰਦਰਤਾ ਮੁਕਾਬਲਿਆਂ ਵਿਚ ਨਿਊ ਯਾਰਕ ਦੀ ਰੇਣੂਕਾ ਜੋਸਫ ਅਤੇ ਫਲੋਰਿਡਾ ਦੀ ਆਂਚਲ ਸ਼ਾਹ ਕ੍ਰਮਵਾਰ ਦੂਜੇ ਤੇ ਤੀਜੇ ਸਥਾਨ ‘ਤੇ ਰਹੀਆਂ।

ਜ਼ਿਕਰਯੋਗ ਹੈ ਕਿ ਇੰਡੀਆ ਫੈਸਟੀਵਲ ਕਮੇਟੀ ਵਲੋਂ ਆਯੋਜਿਤ ਅਤੇ ਮਸ਼ਹੂਰ ਭਾਰਤੀ-ਅਮਰੀਕੀ ਨੀਲਮ ਤੇ ਧਰਮਾਤਮਾ ਸਰਨ ਦੀ ਪ੍ਰਧਾਨਗੀ ਵਿਚ ਹਰ ਸਾਲ ਹੁੰਦਾ ‘ਮਿਸ ਇੰਡੀਆ-ਯੂ.ਐਸ.ਏ.’ ਮੁਕਾਬਲਾ ਭਾਰਤ ਦੇ ਬਾਹਰ ਆਯੋਜਿਤ ਹੁੰਦਾ ਭਾਰਤੀ ਸੁੰਦਰਤਾ ਮੁਕਾਬਲਾ ਹੈ। ਇਸ ਸਾਲ ਕੁੱਲ 26 ਰਾਜਾਂ ਵਿਚੋਂ 75 ਪ੍ਰਤੀਯੋਗੀਆਂ ਨੇ ਸੁੰਦਰਤਾ ਮੁਕਾਬਲੇ ਵਿਚ ਹਿੱਸਾ ਲਿਆ। ਮੁੱਖ ਮਹਿਮਾਨ ਅਦਾਕਾਰਾ ਮੀਨਾਕਸ਼ੀ ਸ਼ੇਸ਼ਾਧਰੀ ਦਾ ਲਾਈਫ ਟਾਈਮ ਅਚੀਵਮੈਂਟ ਐਵਾਰਡ ਨਾਲ ਸਨਮਾਨ ਕੀਤਾ ਗਿਆ।

ਇਸ ਸੁੰਦਰਤਾ ਮੁਕਾਬਲੇ ਵਿਚ ‘ਮਿਸਿਜ਼ ਇੰਡੀਆ-ਯੂ. ਐਸ. ਏ.’ ਦਾ ਵੀ ਮੁਕਾਬਲਾ ਹੋਇਆ, ਜਿਸ ਵਿਚ ਕਨੈਕਟੀਕਟ ਦੀ ਵਿਧੀ ਦਵੇ




*ਕਿਮ ਕੁਮਾਰੀ (ਵਿਚਕਾਰ) ‘ਮਿਸਿਜ਼ ਇੰਡੀਆ-ਯੂ. ਐਸ. ਏ.’ ਜੇਤੂ ਵਿਧੀ ਦਵੇ (ਐਨ ਖੱਬੇ) ਅਤੇ ‘ਟੀਨ ਇੰਡੀਆ-ਯੂ. ਐਸ. ਏ.’ ਦੀ ਜੇਤੂ ਨਾਲ*

ਜੇਤੂ ਰਹੀ। ਓਹਾਇਓ ਦੀ ਅੰਮ੍ਰਿਤਾ ਚਹਿਲ ਅਤੇ ਸੌਮਯਾ ਸਕਸੇਨਾ ਕ੍ਰਮਵਾਰ ਦੂਜੇ ਤੇ ਤੀਜੇ ਸਥਾਨ ‘ਤੇ ਰਹੀਆਂ। ਇਸ ਮੁਕਾਬਲੇ ਵਿਚ ਕੁੱਲ 32 ਪ੍ਰਤੀਯੋਗੀਆਂ ਨੇ ਹਿੱਸਾ ਲਿਆ। ਇਸ ਤੋਂ ਇਲਾਵਾ ‘ਟੀਨ ਇੰਡੀਆ-ਯੂ. ਐਸ. ਏ.‘ ਦਾ ਮੁਕਾਬਲਾ ਵੀ ਹੋਇਆ।

ਇਸ ਮੌਕੇ ਬੋਲਦਿਆਂ ਧਰਮਾਤਮਾ ਸਰਨ ਨੇ ਕਿਹਾ, “ਸਾਨੂੰ ਮਾਣ ਹੈ ਕਿ ਅਸੀਂ ਦੁਨੀਆਂ ਭਰ ਵਿਚ ਭਾਰਤੀ ਮੂਲ ਦੀ ਨੌਜਵਾਨ ਪੀੜ੍ਹੀ ਵਿਚ ਭਾਰਤੀ ਮੁੱਲਾਂ, ਪਰੰਪਰਾਵਾਂ, ਸੱਭਿਆਚਾਰ ਅਤੇ ਕਲਾਵਾਂ ਨੂੰ ਪਹੁੰਚਾਉਣ ਵਿਚ ਸਫਲ ਰਹੇ ਹਾਂ। ਸਾਡਾ ਟੀਚਾ ਭਾਰਤ ਨੂੰ ਨੇੜੇ ਲਿਆਉਣਾ ਹੈ।”

# ਜਿਣਸੀ ਅਪਰਾਧੀਆਂ ਦੇ ਡੇਟਾਬੇਸ ‘ਚ ਪੰਜ ਲੱਖ ਤੋਂ ਵੱਧ ਨਾਂ ਜੋੜੇ

**ਨਵੀਂ ਦਿੱਲੀ:** ਔਰਤਾਂ ਖਿਲਾਫ ਅਪਰਾਧ ਲਈ ਦੋਸ਼ੀ ਕਰਾਰ ਦਿੱਤੇ ਗਏ ਪੰਜ ਲੱਖ ਤੋਂ ਵੱਧ ਜਿਨਸੀ ਅਪਰਾਧੀਆਂ ਦੇ ਨਾਂ ਇਕ ਡੇਟਾਬੇਸ ਵਿਚ ਜੋੜੇ ਗਏ ਹਨ। ਕਾਨੂੰਨ ਲਾਗੂ ਕਰਵਾਉਣ ਵਾਲੀਆਂ ਏਜੰਸੀਆਂ ਦੇਸ਼ ਦੇ ਜਿਨਸੀ ਅਪਰਾਧ ਸਬੰਧੀ ਮਾਮਲਿਆਂ ਦੀ ਜਾਂਚ ਕਰਨ ਲਈ ਇਸ ਡੇਟਾਬੇਸ ਦੀ ਵਰਤੋਂ ਕਰ ਸਕਦੀਆਂ ਹਨ। ਅਧਿਕਾਰੀਆਂ ਅਨੁਸਾਰ ਜਿਨਸੀ ਅਪਰਾਧੀਆਂ ਦੀ ਕੌਮੀ ਰਜਿਸਟਰੀ ‘ਕੌਮੀ ਅਪਰਾਧ ਰਿਕਾਰਡ ਬਿਊਰੋ’ ਵੱਲੋਂ ਤਿਆਰ ਕੀਤਾ ਜਾਂਦੀ ਹੈ।

ਇਸ ਵਿਚ ਅਜਿਹੇ ਵਿਅਕਤੀਆਂ ਦੇ ਅੰਕੜੇ ਹਨ ਜਿਨ੍ਹਾਂ ਨੂੰ ਜਬਰ-ਜਨਾਹ, ਗੈਂਗਰੇਪ, ਪੋਕਸੋ ਤੇ ਛੇੜਛਾੜ ਜਿਹੇ ਮਾਮਲਿਆਂ ਦਾ ਦੋਸ਼ੀ ਕਰਾਰ ਦਿੱਤਾ ਗਿਆ ਹੈ। ਗ੍ਰਹਿ ਮੰਤਰਾਲੇ ਦੇ ਇਕ ਅਧਿਕਾਰੀ ਨੇ ਦੱਸਿਆ, ‘ਹੁਣ ਤੱਕ ਪੰਜ ਲੱਖ ਤੋਂ ਵੱਧ ਜਿਨਸੀ ਅਪਰਾਧ ਦੇ ਦੋਸ਼ੀਆਂ ਦੀ ਜਾਣਕਾਰੀ ਅਪਲੋਡ ਕੀਤੀ ਜਾ ਚੁੱਕੀ ਹੈ।’ ਹਾਲਾਂਕਿ ਰਜਿਸਟਰੀ ਵਿਚ ਤਸਵੀਰਾਂ ਤੇ ਪਛਾਣ ਪੱਤਰ ਤੱਕ ਪਹੁੰਚ ਸਿਰਫ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਵੱਲੋਂ ਹੀ ਕੀਤੀ ਜਾ ਸਕਦੀ ਹੈ। ਅਧਿਕਾਰੀ ਅਨੁਸਾਰ ਡੇਟਾਬੇਸ ’ਚ ਹਰ ਅਪਰਾਧੀ ਦਾ ਨਾਂ, ਪਤਾ, ਤਸਵੀਰ ਤੇ ਫਿੰਗਰਪ੍ਰਿੰਟ ਦੀ ਜਾਣਕਾਰੀ ਹੈ, ਹਾਲਾਂਕਿ ਗੋਪਨੀਅਤਾ ਬਾਰੇ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ। ਇਹ ਰਿਕਾਰਡ ‘ਕ੍ਰਾਈਮ ਐਂਡ ਕ੍ਰਿਮੀਨਲ ਟਰੈਕਿੰਗ ਨੈੱਟਵਰਕ ਐਂਡ ਸਿਸਟਮਜ਼’ ਤੋਂ ਲਿਆ ਗਿਆ ਹੈ।

# ਬਰਤਾਨਵੀ ਨਾਗਰਿਕ ਨਾਲ ਝੂਠਾ ਵਿਆਹ ਰਚਾ ਕੇ 22 ਲੱਖ ਠੱਗੇ

**ਮੋਗਾ:** ਇਕ ਵਿਆਹੁਤਾ ਨੇ ਖੁਦ ਨੂੰ ਕੁਆਰੀ ਦੱਸ ਕੇ ਭਾਰਤੀ ਮੂਲ ਦੇ ਬਰਤਾਨਵੀ ਜੰਮਪਲ ਨਾਗਰਿਕ ਨਾਲ ਝੂਠਾ ਵਿਆਹ ਰਚਾ ਕੇ 22 ਲੱਖ ਰੁਪਏ ਠੱਗ ਲਏ। ਇਸ ਪਿੱਛੋਂ ਪਰਵਾਸੀ ਪੰਜਾਬੀ ਪਰਿਵਾਰ ਦੀ ਲੱਖਾਂ ਰੁਪਏ ਦੀ ਕੋਠੀ ਉਤੇ ਕਬਜ਼ਾ ਕਰਨ ਤੋਂ ਔਰਤ ਦਾ ਰਾਜ ਖੁੱਲ੍ਹ ਗਿਆ। ਪੀੜਤ ਪਰਿਵਾਰ ਦੀ ਸ਼ਿਕਾਇਤ ਉਤੇ ਮੁਢਲੀ ਪੜਤਾਲ ਬਾਅਦ ਥਾਣਾ ਬਾਘਾਪੁਰਾਣਾ ਵਿਚ ਕੁਲਵਿੰਦਰ ਕੌਰ, ਉਸ ਦੇ ਪਹਿਲੇ ਪਤੀ ਲਖਵੀਰ ਸਿੰਘ, ਮਾਂ ਸੁਰਜੀਤ ਕੌਰ, ਭਰਾ ਸ਼ਮਸ਼ੇਰ ਸਿੰਘ ਪਿੰਡ ਡਰੋਲੀ ਭਾਈ ਤੇ ਨਸੀਬ ਕੌਰ ਪਿੰਡ ਮਨਸੂਰਵਾਲ ਆਈ.ਪੀ.ਸੀ. ਦੀ ਧਾਰਾ 420/495 ਤਹਿਤ ਕੇਸ ਦਰਜ ਕੀਤਾ ਗਿਆ ਹੈ।

ਵਿਆਹੁਤਾ ਦੇ ਪਤੀ ਲਖਵੀਰ ਸਿੰਘ ਦੀ ਮਿਲੀਭੁਗਤ ਨਾਲ ਬਰਤਾਨਵੀ ਨਾਗਰਿਕ ਨੂੰ ਠੱਗਣ ਲਈ ਵਿਆਹ ਕਰਵਾਇਆ ਗਿਆ ਸੀ। ਮੁਲਜ਼ਮ ਕੁਲਵਿੰਦਰ ਕੌਰ ਦਾ ਸਾਲ 2013 ਵਿਚ ਸੁਖਦੇਵ ਸਿੰਘ ਨਾਲ ਵਿਆਹ ਹੋਇਆ ਸੀ। ਇਸ ਪਿੱਛੋਂ ਸਾਲ 2014 ਵਿਚ ਉਸ ਨੇ ਲਖਵੀਰ ਸਿੰਘ ਪਿੰਡ ਰੋਡੇ ਨਾਲ ਵਿਆਹ ਕਰ ਲਿਆ। ਇਸੇ ਦੌਰਾਨ ਪਿੰਡ ਰੋਡੇ ਵਿਚ ਬਰਤਾਨਵੀ ਜੰਮਪਲ ਨਾਗਰਿਕ ਮਨਪ੍ਰੀਤ ਸਿੰਘ ਪਿੰਡ ਚੰਦਪੁਰਾਣਾ ਦਾ ਕੁਲਵਿੰਦਰ ਕੌਰ ਨਾਲ ਸੰਪਰਕ ਹੋ ਗਿਆ ਅਤੇ ਦੋਹਾਂ ਨੇ ਵਿਆਹ ਕਰਵਾ ਲਿਆ। ਕੁਲਵਿੰਦਰ ਨੇ ਕਾਨੂੰਨੀ ਤੌਰ ‘ਤੇ ਤਲਾਕ ਨਹੀਂ ਲਏ ਸਨ ਅਤੇ ਮਨਪ੍ਰੀਤ ਨਾਲ ਵਿਆਹ ਦੀ ਰਜਿਸਟਰੇਸ਼ਨ ਕਰਵਾਉਣ ਸਮੇਂ ਆਪਣੇ ਆਪ ਨੂੰ ਕੁਆਰੀ ਦੱਸਿਆ ਸੀ। ਮਨਪ੍ਰੀਤ ਦੇ ਪਿਤਾ ਨਛੱਤਰ ਸਿੰਘ ਤੇ ਚਾਚਾ ਨਿਰਭੈ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਵਿਆਹ ਬਾਰੇ ਕੋਈ ਇਲਮ ਨਹੀਂ ਸੀ।



Michigan Truck Driving School
6405 Middlebelt Road, Romulus, MI 48174
ਖੁਸ਼ਖਬਰੀ ! ਖੁਸ਼ਖਬਰੀ ! !
ਖੁਸ਼ਖਬਰੀ ! ! !
ਹੁਣ 48 ਸਟੇਟਾਂ ਵਿਚ
ਮਨਜ਼ੂਰਸ਼ੁਦਾ




*ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਇਸੈਂਸ ਲਓ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਈਵਰ ਬਣੋ
Raj Jamarai Cell:734-644-1010 Office:734-747-4298



Sistar Mortgage
Minimizing Cost, Maximizing Investment
www.SistarMortgage.com



Balbir (Bill) Grewal, Loan Officer (NMLS 353442)
Residential & Commercial Loans
(734) 330-8859 Mobile
(586) 802-7385 Fax
Balbir.Grewal@SistarMortgage.com
Loans Available In Most States!
*Refinance up to 125% value of the house.
•Residential Loans (Purchase, Refinance & Cash Out Refinance). •Self Employed and H1 Visa •Jumbo loans •Commercial Property With Business or Business Only. •Business Equity Line of Credit. •Multi Unit Investment Property.

# ਪਰਵੇਜ਼ ਸੰਧੂ ਦਾ ਕਹਾਣੀ-ਸੰਗ੍ਰਿਹ 'ਕੋਡ ਬਲੂ' ਪੜ੍ਹਦਿਆਂ...

ਪਰਵੇਜ਼ ਸੰਧੂ ਦਾ ਕਹਾਣੀ ਸੰਗ੍ਰਿਹ 'ਕੋਡ ਬਲੂ' ਪਰੰਪਰਾਵਾਦੀ ਦਿੱਖ ਵਾਲਾ ਨਹੀਂ ਹੈ। 116 ਸਫਿਆਂ 'ਤੇ ਫੈਲੀਆਂ 12 ਕਹਾਣੀਆਂ ਦੀ ਇਸ ਕਿਤਾਬ ਦੀ ਲੰਬਾਈ-ਚੌੜਾਈ ਰਵਾਇਤੀ ਪੁਸਤਕਾਂ ਨਾਲੋਂ ਵੱਖਰੀ ਹੈ। ਇਸੇ ਕਰਕੇ ਇਹ ਪੋਥੀ ਵਾਂਗ ਖੁੱਲ੍ਹਦੀ ਹੈ। ਜਿਵੇਂ ਵੱਡੀ ਪੀੜ ਸਾਂਭਣ ਵਾਸਤੇ ਦਿਲ ਵੱਡਾ ਹੋਣਾ ਚਾਹੀਦਾ ਹੈ, ਇਵੇਂ ਈ ਪਾਤਰਾਂ ਦੀ ਪੀੜ ਸਾਂਭਣ ਲਈ ਸ਼ਾਇਦ ਪੁਸਤਕ ਦਾ ਆਕਾਰ ਵੀ ਪੋਥੀ ਵਾਂਗ ਵੱਡਾ ਰੱਖਿਆ ਗਿਆ ਹੈ। ਪਰ ਪਾਤਰਾਂ ਦੀ ਪੀੜ ਏਨੀ ਪ੍ਰਬਲ ਹੈ ਕਿ ਪੁਸਤਕ ਵਿਚੋਂ ਬਾਹਰ ਡੁੱਲ੍ਹ ਹੀ ਜਾਂਦੀ ਹੈ।



**ਸੁਰਿੰਦਰ ਸੋਹਲ**

ਕਹਾਣੀਆਂ ਪੜ੍ਹਦਿਆਂ ਦੁਸ਼ਿਅੰਤ ਕੁਮਾਰ ਦਾ ਸ਼ਿਅਰ ਮੇਰੇ ਅੰਗ-ਸੰਗ ਰਿਹਾ,

ਹੋ ਗਈ ਹੈ ਪੀਰ (ਪੀੜ) ਪਰਬਤ ਸੀ
ਪਿਘਲਨੀ ਚਾਹੀਏ।
ਇਸ ਹਿਮਾਲਾ ਸੇ ਕੋਈ
ਗੰਗਾ ਨਿਕਲਨੀ ਚਾਹੀਏ।

ਇਹੀ ਕਾਰਨ ਹੈ ਕਿ ਪਰਵੇਜ਼ ਦੇ ਸ਼ਬਦਾਂ ਵਿਚ 'ਲਿਖਣਾ ਮੇਰੇ ਲਈ ਕੋਈ ਸ਼ੋਹਰਤ ਕਮਾਉਣਾ ਨਹੀਂ ਹੈ, ਲਿਖਣਾ ਮੇਰੇ ਲਈ ਥੈਰੇਪੀ ਹੈ।'

ਕਾਵਿ-ਮਈ ਸ਼ੈਲੀ, ਕਿਤੇ-ਕਿਤੇ ਚੇਤਨਾ-ਪ੍ਰਵਾਹ ਦੇ ਝਲਕਾਰੇ ਅਤੇ 'ਮੈਜਿਕ ਰੀਅਲਿਜ਼ਮ' (ਤਲਿਸਮੀ ਯਥਾਰਥਵਾਦ) ਦੇ ਤਲਿਸਮ ਨਾਲ ਲਬਰੇਜ਼ ਇਨ੍ਹਾਂ ਕਹਾਣੀਆਂ ਵਿਚ ਮਨੁੱਖੀ ਮਨ ਦੀਆਂ ਪਰਤਾਂ ਖੁਰਚ-ਖੁਰਚ ਪੇਸ਼ ਕੀਤੀਆਂ ਗਈਆਂ ਨੇ।

'ਸ਼ੀਸ਼ਿਆਂ ਵਾਲਾ ਸੰਦੂਕ' ਬਹੁਤ ਅਰਥ ਭਰਪੂਰ ਕਹਾਣੀ ਹੈ। ਔਰਤ ਦਾ ਰੰਡੇਪੇ ਵਰਗਾ ਸੁਹਾਗ ਜੀਵਨ, ਉਸ ਦੀ ਦ੍ਰਿੜਤਾ, ਸਿਆਣਪ ਅਤੇ ਔਰਤਪਨ ਦੇ ਸੁੱਚਮ ਨੂੰ ਮਜ਼ਬੂਤੀ ਨਾਲ ਸੰਭਾਲ ਕੇ ਰੱਖਣ ਦਾ ਸੁਚੱਜ ਮਾਰਮਿਕ ਢੰਗ ਨਾਲ ਪੇਸ਼ ਕੀਤਾ ਗਿਆ ਹੈ। 'ਸ਼ੀਸ਼ਿਆਂ ਵਾਲਾ ਸੰਦੂਕ' ਜਾਦੂ ਦੀ ਪਟਾਰੀ ਵਰਗਾ ਭਰਪੂਰ ਖਜਾਨਾ ਹੈ। ਹਰ ਲੋੜਵੰਦ ਦੀ ਲੋੜ ਮੁਤਾਬਕ ਉਸ ਵਿਚ ਵਸਤ ਮੌਜੂਦ ਹੈ। ਸੰਦੂਕ ਨੂੰ ਲੱਗੇ ਸ਼ੀਸ਼ੇ ਤਾਰਿਆਂ ਵਾਂਗ ਲਿਸ਼ਕਦੇ ਹਨ। ਸੰਦੂਕ ਦਾ ਪੰਜਾਬੀ ਸਭਿਆਚਾਰ ਵਿਚ ਬੜਾ ਮਹੱਤਵ ਰਿਹਾ ਹੈ। ਲੋਕ ਗੀਤਾਂ ਵਿਚ ਸੰਦੂਕ ਦੀ ਵਰਤੋਂ ਨਿਰੇ ਸੰਦੂਕ ਵਜੋਂ ਹੀ ਨਹੀਂ, ਸਗੋਂ ਉਸ ਸ਼ਖਸੀਅਤ ਦੇ ਪ੍ਰਤੀਬਿੰਬ ਵਜੋਂ ਵੀ ਹੋਈ ਹੈ, ਜਿਸ ਲਈ ਸੰਦੂਕ ਬਣਾਇਆ ਗਿਆ ਸੀ। ਲੋਕ ਬੋਲੀ ਹੈ,

ਕਿਹੜੇ ਪਿੰਡ ਮੁਕਲਾਵੇ ਜਾਣਾ
ਨਿੰਮ ਦੇ ਸੰਦੂਕ ਵਾਲੀਏ।
ਨਿੰਮ ਦੀ ਲੱਕੜ ਨੂੰ ਘੁਣ ਨਹੀਂ ਲੱਗਦਾ।

ਇਥੇ ਸੰਦੂਕ ਦਾ ਅਰਥ ਨਿਰਾ ਸੰਦੂਕ ਨਹੀਂ ਸਗੋਂ ਉਚੇ-ਸੁੱਚੇ ਚਰਿੱਤਰ ਦਾ ਪ੍ਰਤੀਕ ਹੈ। ਪਰਵੇਜ਼ ਦੀ ਕਹਾਣੀ ਵਿਚਲਾ ਸੰਦੂਕ ਵੀ ਅਸਲ ਵਿਚ ਲੱਕੜ ਦਾ ਬਣਿਆ ਹੋਇਆ ਸ਼ੀਸ਼ਿਆਂ ਜੜਿਆ, ਉਜਲੇ ਰੂਪ ਵਾਲਾ ਨਿਰਾ ਸੰਦੂਕ ਹੀ ਨਹੀਂ ਹੈ। ਉਹ ਬੇਬੇ ਬੰਤੋ ਦਾ ਹੀ ਪਰਛਾਵਾਂ ਹੈ। ਬੰਤੋ ਦਾ ਜੀਵਨ ਕੱਚ ਵਾਂਗ ਪਾਰਦਰਸ਼ੀ, ਸ਼ੀਸ਼ੇ ਵਾਂਗ ਉਜਲਾ, ਨਾਜ਼ੁਕ ਤੋਂ ਨਾਜ਼ੁਕ ਮੌਕਿਆਂ ਵਿਚ ਵੀ ਆਪਣੇ ਆਪ ਨੂੰ ਸੰਭਾਲ ਲੈਣ ਦੇ ਸਮਰੱਥ ਹੈ। ਸਭ ਤੋਂ ਵੱਡੀ ਗੱਲ ਕਿ ਇਹ ਸ਼ੀਸ਼ਾ ਵਿਸ਼ਵਾਸ ਦੇ ਅਰਥਾਂ ਨੂੰ ਬਹੁਤ ਗਹਿਰਾ ਕਰਦਾ ਹੈ।

ਬੇਔਲਾਦ ਬੇਬੇ ਬੰਤੋ ਦੇ ਜੇਠਾਂ ਦੇ ਬੱਚੇ ਅਤੇ ਪੋਤੇ ਉਸ ਦੇ ਆਪਣੇ ਬੱਚੇ ਤੇ ਪੋਤੇ ਹਨ। ਉਹ ਉਨ੍ਹਾਂ ਨੂੰ ਹੀ ਨਹੀਂ, ਹਰ ਕਿਸੇ ਨੂੰ ਘਰ ਦੇ ਜੀਅ ਵਾਂਗ ਮੋਹ ਕਰਦੀ ਹੈ। ਕਮਾਈ ਕਰਨ ਗਿਆ ਉਸ ਦਾ ਪਤੀ ਕਦੇ ਵਾਪਸ ਨਹੀਂ ਮੁੜਿਆ। ਉਹ ਇਸ ਦੁੱਖ ਨੂੰ ਸੰਦੂਕ ਅੰਦਰ ਪਏ ਖਜਾਨੇ ਵਾਂਗ ਅੰਦਰੇ ਅੰਦਰ ਸਾਂਭ ਲੈਂਦੀ ਹੈ, ਭਾਫ ਤੱਕ ਨਹੀਂ ਕੱਢਦੀ। ਕਿਸੇ ਨੂੰ ਨਹੀਂ ਪਤਾ ਕਿ ਸੰਦੂਕ ਵਿਚ ਪੈਸਾ-ਧੇਲਾ, ਸੋਨਾ-ਚਾਂਦੀ ਤਾਂ ਉਸ ਨੇ ਸਾਂਭ ਕੇ ਰੱਖੇ ਹੀ ਹੋਏ ਨੇ, ਨਾਲ ਹੀ ਆਪਣਾ 'ਰੱਤੜਾ ਸਾਲੂ' ਤੇ ਪਤੀ ਜੈਮਲ ਸਿਹੁੰ ਦੀ 'ਗੁਲਾਬੀ ਪੱਗੜੀ' ਵੀ ਸਾਂਭ ਕੇ ਰੱਖੀ ਹੋਈ ਹੈ।

ਬੇਬੇ ਬੰਤੋ ਮੌਤ ਦੀਆਂ ਘੜੀਆਂ ਗਿਣ ਰਹੀ ਹੈ। ਪਰਿਵਾਰ ਨੂੰ ਸੰਦੂਕ ਖੋਲ੍ਹਣ ਦੀ ਕਾਹਲੀ ਹੈ। ਉਸ ਦਾ ਪੋਤਰਾ (ਜੇਠ ਦਾ ਪੋਤਰਾ) ਸਰੂਪ ਸੰਦੂਕ ਖੋਲ੍ਹ ਲੈਂਦਾ ਹੈ, ਜਿਵੇਂ ਵਿਸ਼ਵਾਸ ਦਾ ਸ਼ੀਸ਼ਾ ਤਿੜਕ ਗਿਆ।

ਮੈਜਿਕ ਰੀਅਲਿਜ਼ਮ ਦੀ ਮਿਸਾਲ ਪੇਸ਼ ਕਰਦੀ ਕਹਾਣੀ ਬੜੇ ਡੂੰਘੇ ਅਰਥ ਪੇਸ਼ ਕਰਦੀ ਖਤਮ ਹੁੰਦੀ ਹੈ, "ਕਈ ਲੋਕਾਂ ਦਾ ਤਾਂ ਇਹ ਵੀ ਮੰਨਣੈ ਕਿ ਬੇਬੇ ਦੇ ਪੋਤਰੇ ਸਰੂਪ ਨੂੰ ਬੰਤ ਕੁਰ ਦਾ ਭੂਤ ਵੀ ਦਿਸਦੈ...ਕਹਿੰਦੇ ਨੇ ਤਾਹੀਓਂ ਤਾਂ ਉਹ ਰਾਤ ਦੇ ਹਨੇਰੇ 'ਚ ਸੰਦੂਕ ਦੇ ਸ਼ੀਸ਼ਿਆਂ ਨੂੰ ਸਾਫ ਕਰਦਾ ਬੇਬੇ ਨਾਲ ਗੱਲੀਂ ਪਿਆ ਭੁੱਬੀਂ ਰੋਂਦਾ ਅਕਸਰ ਲੋਕਾਂ ਨੇ ਸੁਣਿਆ ਹੈ...।" (ਪੰਨਾ 75)

'ਸੌਂਕਣ' ਕਹਾਣੀ ਮਾਂ ਦੇ ਉਸ ਬਿੰਬ ਨੂੰ ਤੋੜਦੀ ਹੈ, ਜੋ ਸਾਡੀ ਮਾਨਸਿਕਤਾ ਦਾ ਹਿੱਸਾ ਹੈ। ਕਾਦਰਯਾਰ ਦੀ ਦੋਸ਼ੀ ਲੂਣਾ ਸ਼ਿਵ ਕੁਮਾਰ ਦੀ 'ਲੂਣਾ' ਬਣ ਕੇ ਨਿਰਦੋਸ਼ ਸਾਬਿਤ ਹੋ ਜਾਂਦੀ ਹੈ। 'ਸੌਂਕਣ' ਇਸੇ ਲੜੀ ਦਾ ਅਗਲਾ ਵਿਸਤਾਰ ਹੈ, ਜੋ ਸਮਲਿੰਗਤਾ ਤੱਕ ਫੈਲ ਜਾਂਦਾ ਹੈ। ਇਸ ਵਿਚਲਾ 'ਪੂਰਨ' ਬੇਬਸੀ ਦਾ ਪਾਤਰ ਨਹੀਂ ਬਣਦਾ, ਆਪਣਾ ਰਾਹ ਆਪ ਚੁਣ ਕੇ ਆਪਣੇ 'ਬੁਆਏ ਫਰੈਂਡ' ਨਾਲ ਰਹਿਣ ਦਾ ਫੈਸਲਾ ਕਰ ਲੈਂਦਾ ਹੈ। ਉਸ ਦੇ ਚੁਣੇ ਇਸ ਰਾਹ ਵਿਚ ਉਸ ਦੀ ਪਤਨੀ ਜਿਵੇਂ 'ਕੰਡਿਆਲੀ ਥੋਹਰ' ਦੀ ਜੂਨ ਹੰਢਾਉਂਦੀ ਹੈ।

'ਕਪਾਹ ਦੀਆਂ ਢੇਰੀਆਂ' ਕਹਾਣੀ ਵਿਚ ਹੋ ਰਹੀ ਤਰੱਕੀ ਦੇ ਅਖੌਤੀ ਸੱਚ ਨੂੰ ਤਾਰ-ਤਾਰ ਕੀਤਾ ਗਿਆ ਹੈ। ਅਮੀਰ-ਗਰੀਬ ਵਿਚ ਦਿਨੋ-ਦਿਨ ਵਧ ਰਿਹਾ ਪਾੜਾ ਕਪਾਹ ਦੀਆਂ ਨਿੱਕੀਆਂ-ਵੱਡੀਆਂ ਢੇਰੀਆਂ ਦੇ ਪ੍ਰਤੀਕ ਰਾਹੀਂ ਬਾਖੂਬੀ ਪੇਸ਼ ਕੀਤਾ ਗਿਆ ਹੈ।

'ਬਲੀ' ਕਹਾਣੀ ਦਿਲ-ਚੀਰਵੀਂ ਕਹਾਣੀ ਹੈ। ਕਬੀਲਿਆਂ ਵੇਲੇ ਤੋਂ ਪਸ਼ੂਆਂ ਤੇ ਮਨੁੱਖਾਂ ਦੀ ਬਲੀ ਦੇਣ ਦੀਆਂ ਸੂਹਾਂ ਸਾਹਿਤਕ ਕਿਰਤਾਂ ਰਾਹੀਂ ਮਿਲਦੀਆਂ ਰਹੀਆਂ ਹਨ। ਮਨੁੱਖੀ ਸਭਿਅਤਾ ਦੇ ਵਿਕਾਸ ਨਾਲ ਬਲੀ ਦੇਣ ਦੇ ਰਿਵਾਜ ਬਦਲਦੇ ਰਹੇ। ਜਹਾਜ ਤੋਰਨ ਤੋਂ ਪਹਿਲਾਂ ਮਾਸੂਮ, ਭੋਲੇ, ਸੱਚੇ ਮਾਨਸ ਦੀ ਬਲੀ ਦਿੱਤੀ ਜਾਂਦੀ ਸੀ ਕਿ ਜਹਾਜ ਸਹੀ-ਸਲਾਮਤ ਮੰਜ਼ਿਲ 'ਤੇ ਪਹੁੰਚ ਜਾਵੇ। ਅੱਜ ਜਦੋਂ ਮਨੁੱਖੀ ਸਭਿਅਤਾ ਦਾ ਵਿਕਾਸ ਕਬੀਲਿਆਂ ਤੋਂ ਪੂੰਜੀਵਾਦ ਤੱਕ ਦਾ ਸਫਰ ਤੈਅ ਕਰ ਆਇਆ ਹੈ ਤਾਂ 'ਬਲੀ' ਦਾ ਅੰਦਾਜ਼ ਵੀ ਬਦਲ ਗਿਆ ਹੈ। ਆਪਣੇ ਕੁਨਬੇ ਦੀ ਸਲਾਮਤੀ ਵਾਸਤੇ ਬਲੀ ਦਿੱਤੀ ਜਾਣ ਲੱਗੀ ਹੈ। ਕਹਾਣੀ ਦਾ ਮਾਹੌਲ ਬੇਹੱਦ ਰਹੱਸਮਈ, ਜਾਦੂਈ, ਸੁਪਨਮਈ ਹੈ ਅਤੇ ਮਾਅਨੇਖੇਜ਼ ਹੈ। ਇਕ ਇਕ ਸ਼ਬਦ ਗਹਿਰੇ ਅਰਥ ਸਮੋਈ ਬੈਠਾ ਹੈ,

"ਉਹ ਸੁਪਨਾ ਸ਼ੁਰੂ ਹੀ ਉਸ ਕੋਠੜੀ ਤੋਂ ਹੁੰਦਾ ਹੈ ਜਿਵੇਂ... ਉਹ ਹੀ ਕੱਚਾ ਘਰ ਉਜੜਿਆ ਜਿਹਾ...ਤੇ ਮੇਰੇ ਸੋਚਦਿਆਂ ਸੋਚਦਿਆਂ ਜਿਵੇਂ ਸਾਡਾ ਘਰ ਹੀ ਨਹੀਂ, ਸਗੋਂ ਸਾਰਾ ਪਿੰਡ ਹੀ ਮੈਨੂੰ ਉਜੜਿਆ ਦਿੱਸਦਾ ਹੈ। ਸੁੱਕੀਆਂ ਫਸਲਾਂ, ਮਰੇ ਪਏ ਜੀਅ-ਜੰਤ, ਪਸ਼ੂ-ਪਰਿੰਦੇ; ਮਾਂਵਾਂ ਦੀਆਂ ਸੁੱਕੀਆਂ ਛਾਤੀਆਂ ਨੂੰ ਚਰੂੰਡਦੇ, ਰੋਂਦੇ ਵਿਲਕਦੇ ਨਿਆਣੇ; ਪਿੰਜਰ ਬਣੇ ਸਰੀਰਾਂ ਦੁਆਲੇ ਘੁੰਮ ਰਹੀਆਂ ਇੱਲ੍ਹਾਂ; ਦੁਹੱਥੜੇ ਮਾਰਦੀਆਂ ਰੋਂਦੀਆਂ-ਪਿੱਟਦੀਆਂ ਬੇਜੀ ਵਰਗੀਆਂ ਔਰਤਾਂ; ਬਲਦੇ ਸਿਵੇ...ਹਰ ਪਾਸੇ ਭੁੱਖ ਹੀ ਭੁੱਖ।" (ਪੰਨਾ 52)

ਇਸ ਮਾਹੌਲ 'ਚੋਂ ਨਿਕਲਣ ਲਈ ਕਿਸੇ ਨੂੰ ਤਾਂ ਬਲੀ ਦੇਣੀ ਹੀ ਪੈਣੀ ਸੀ ਜਾਂ ਹਾਲਾਤ ਨੇ ਕਿਸੇ ਦੀ ਬਲੀ ਤਾਂ ਲੈਣੀ ਹੀ ਸੀ।






ਜੇ ਕਿਸੇ ਕਹਾਣੀ ਵਿਚ ਭਾਵੁਕਤਾ, ਉਪ-ਭਾਵੁਕਤਾ ਪ੍ਰਗਟ ਹੁੰਦੀ ਹੈ ਤਾਂ ਅਗਲੀ ਕਹਾਣੀ ਯਥਾਰਥਮਈ ਚਿਤਰਣ ਨਾਲ ਸਾਰਾ ਕੁਝ ਸਾਵਾਂ ਕਰ ਦਿੰਦੀ ਹੈ।

'ਟੁਕੜੇ' ਕਹਾਣੀ ਉਸ ਔਰਤ ਦੀ ਮਾਨਸਿਕ ਹਲ-ਚਲ ਦਾ ਜ਼ੋਰਦਾਰ ਪ੍ਰਗਟਾਵਾ ਹੈ, ਜਿਸ ਨੇ ਆਪਣਾ ਬੱਚਾ ਤੇ ਪਤੀ ਛੱਡ ਦਿੱਤਾ ਹੈ। ਜਿਸ ਨਾਲ ਰਹਿ ਰਹੀ ਹੈ, ਉਸ ਨੇ ਆਪਣੀ ਪਤਨੀ ਤੇ ਬੱਚੇ ਛੱਡ ਦਿੱਤੇ ਨੇ। ਆਪਣੇ ਆਪ ਨੂੰ 'ਅਸੁਰੱਖਿਅਤ' ਮਹਿਸੂਸ ਕਰਦੀ ਪਾਰੇ ਵਾਂਗ ਡੋਲਦੀ ਮਾਨਸਿਕਤਾ ਨੂੰ ਠੁੰਮਣੇ ਦਿੰਦੀ ਕਹਾਣੀ ਦੀ ਨਾਇਕਾ ਦੇ ਨਾਲ ਨਾਲ ਪਾਠਕ ਦੀ ਮਾਨਸਿਕਤਾ ਵੀ ਡਾਵਾਂ-ਡੋਲ ਹੋਣ ਲੱਗਦੀ ਹੈ। ਇਹੀ ਇਸ ਕਹਾਣੀ ਦੀ ਸਫਲਤਾ ਹੈ।

'ਸ਼ੂਗਰ ਮਾਅਮਾ' ਕਹਾਣੀ ਆਦਰਸ਼ਵਾਦ ਦੀ ਸਿਖਰ ਹੋ ਨਿਬੜੀ ਹੈ। ਆਪਾ-ਧਾਪੀ ਦੇ ਇਸ ਮਾਹੌਲ ਵਿਚ, ਸਵਾਰਥ ਨਾਲ ਰੰਗੇ ਸਮਾਜ ਵਿਚ ਅਤੇ ਬਾਜ਼ਾਰ ਬਣ ਰਹੀਆਂ ਕਦਰਾਂ-ਕੀਮਤਾਂ ਵਿਚ ਐਨੀ ਫਿਸ਼ਰ ਵਰਗੇ ਪਾਤਰ ਲੱਭਣੇ ਦੁਰਲੱਭ ਨੇ। ਕਹਾਣੀ ਯੂਟੋਪੀਅਨ ਭੁਲੇਖਾ ਪਾਉਂਦੀ ਹੈ। ਸੰਭਾਵੀ ਯਥਾਰਥ ਦੇ ਨਜ਼ਰੀਏ ਤੋਂ ਦੇਖਿਆਂ ਇਹ ਕਹਾਣੀ ਚਿੱਕੜ ਵਿਚ ਖਿੜਦੇ ਕੰਵਲ ਵਰਗੇ ਕਿਰਦਾਰ ਦੀ ਖੂਬਸੂਰਤ ਪੇਸ਼ਕਾਰੀ ਹੈ। ਲੋਭ-ਲਾਲਚ, ਨਿੱਜੀ ਹਿੱਤਾਂ ਦੀ ਬਲਦੀ ਅਗਨੀ ਵਿਚ ਝੁਲਸ ਹੋ ਰਹੇ ਸਮਾਜ ਵਿਚ ਐਨੀ ਫਿਸ਼ਰ ਵਰਗਾ 'ਕੋਈ ਹਰਿਆ ਬੂਟ' ਧਰਵਾਸ ਦੀ ਸੁਆਂਤੀ ਬੂੰਦ ਕੇਰ ਜਾਂਦਾ ਹੈ।

'ਕੋਡ ਬਲੂ' ਇਸ ਸੰਗ੍ਰਿਹ ਦੀ ਮਾਰਮਿਕ ਕਹਾਣੀ ਹੈ। ਕਹਾਣੀਕਾਰਾ ਨੇ ਇਹ ਕਹਾਣੀ ਕਾਗਜ਼ਾਂ 'ਤੇ ਨਹੀਂ ਲਿਖੀ, ਆਪਣੀ ਰੂਹ 'ਤੇ ਲਿਖੀ ਹੈ। ਸਿਆਹੀ ਦੀ ਥਾਂ ਆਪਣੀ ਧੀ ਦਾ ਖੂਨ ਤੇ ਕਲਮ ਦੀ ਥਾਂ ਬਲਦੀ ਸਲਾਖ ਵਰਤੀ ਹੈ। ਨੀਲਾ ਰੰਗ, ਜ਼ਹਿਰ ਦਾ ਰੰਗ। ਧੀ ਦੀ ਪਸੰਦ ਨੀਲਾ ਰੰਗ। ਮੌਤ ਦਾ ਕੋਡ ਨੀਲਾ ਰੰਗ। ਨੀਲੇ ਅਸਮਾਨ ਵਿਚ ਤਾਰਾ ਬਣਦੀ ਧੀ। ਪਾਠਕ ਪੀੜ-ਪੀੜ ਹੋਇਆ ਨੀਲੇ ਰੰਗ ਨਾਲ ਇਕਮਿਕ ਹੋਇਆ ਮਹਿਸੂਸ ਕਰਦਾ ਹੈ। ਤਿਲ-ਤਿਲ ਮਰਦੀ ਧੀ ਸਵੀਨਾ ਦਾ ਦਰਦ ਕਹਾਣੀ ਦੇ ਹਰੇਕ ਸ਼ਬਦ 'ਚੋਂ ਰਿਸਦਾ ਮਹਿਸੂਸ ਹੁੰਦਾ ਹੈ।

ਔਰਤ-ਮਰਦ ਦੇ ਰਿਸ਼ਤਿਆਂ ਨੂੰ ਪੇਸ਼ ਕਰਦੀਆਂ ਕੁਝ ਕਹਾਣੀਆਂ ਰੂੜ੍ਹੀਵਾਦੀ ਸੋਚ ਨੂੰ ਤਿਲਾਂਜਲੀ ਦਿੰਦੀਆਂ ਨੇ। 'ਮਰਦ ਦੀ ਜੁੱਤੀ' ਦੇ ਅਰਥ ਇਨ੍ਹਾਂ ਕਹਾਣੀਆਂ ਵਿਚ ਆਣ ਕੇ ਅਸਲੋਂ ਹੀ ਬਦਲ ਗਏ ਨੇ। 'ਲੰਚ ਬਾਕਸ' ਕਹਾਣੀ ਵਿਚਲੀ ਸੂਖਮਤਾ 'ਫੂਕ ਮਾਰ ਕੇ' ਰੂਹਾਂ ਦੇ ਰੋਗ ਨੂੰ ਦੂਰ ਕਰਨ ਦਾ ਝਲਕਾਰਾ ਪੇਸ਼ ਕਰਦੀ ਹੈ।

ਕਹਾਣੀਆਂ ਵਿਚ ਔਰਤ-ਮਰਦ ਦੇ ਰਿਸ਼ਤਿਆਂ ਦੀ ਪੇਸ਼ਕਾਰੀ ਵੇਲੇ ਤਵਾਜ਼ਨ ਬਰਕਰਾਰ ਰਹਿੰਦਾ ਹੈ। ਦੋਹਾਂ ਧਿਰਾਂ ਦੀਆਂ ਖੂਬੀਆਂ-ਕਮਜ਼ੋਰੀਆਂ, ਚਾਨਣਾ ਪੱਖ-ਹਨੇਰਾ ਪੱਖ ਪੇਸ਼ ਕਰਨ ਵੇਲੇ ਨਿਰਪੱਖਤਾ ਦਾ ਪੱਲਾ ਨਹੀਂ ਛੱਡਿਆ ਗਿਆ। ਇਸੇ ਕਰਕੇ ਇਨ੍ਹਾਂ ਕਹਾਣੀਆਂ ਵਿਚ ਜੀਵਨ ਦੀ ਹਰੇਕ ਅਸਫਲਤਾ ਦਾ ਭਾਂਡਾ ਨਿਰਾ ਮਰਦ ਸਿਰ ਨਹੀਂ ਭੰਨਿਆ ਗਿਆ, ਸਗੋਂ ਔਰਤ-ਮਰਦ ਦੇ ਸਰੋਕਾਰਾਂ ਨੂੰ ਨਵੇਂ ਪਰਿਪੇਖ ਵਿਚ ਉਘਾੜਨ ਦੀ ਕੋਸ਼ਿਸ਼ ਕੀਤੀ ਗਈ ਹੈ।

ਇਸ ਸੰਗ੍ਰਿਹ ਦੀਆਂ ਕਹਾਣੀਆਂ ਦਾ ਰੂਪਕ-ਪੱਖ ਬਹੁਤ ਦਿਲਚਸਪ ਹੈ। ਕੁਝ ਕਹਾਣੀਆਂ ਸ਼ਬਦ-ਚਿੱਤਰਾਂ ਦੇ ਸੁਭਾਅ ਵਾਲੀਆਂ ਹਨ। ਇਕ ਕਹਾਣੀ ਚਿੱਠੀ ਦੇ ਰੂਪ ਵਿਚ ਲਿਖੀ ਹੋਈ ਹੈ। ਚੇਤਨਾ-ਪ੍ਰਵਾਹ ਦੀ ਜੁਗਤ ਪ੍ਰਮੁੱਖ ਤੌਰ 'ਤੇ ਨਹੀਂ ਵਰਤੀ ਗਈ, ਪਰ ਕਹਾਣੀਆਂ ਦਾ ਅਧਿਐਨ ਕਰਦਿਆਂ ਇਸ ਜੁਗਤ ਨੂੰ ਅੱਖੋਂ ਪਰੋਖੇ ਵੀ ਨਹੀਂ ਕੀਤਾ ਜਾ ਸਕਦਾ।

ਕਹਾਣੀਆਂ ਦੀ ਬੋਲੀ, ਸ਼ੈਲੀ, ਵਿਸ਼ਾ-ਚੋਣ ਤੇ ਵਿਸ਼ੇ ਦੇ ਨਿਭਾ ਲਈ ਵਰਤੀਆਂ ਜੁਗਤਾਂ ਸਦਕਾ ਪਰਵੇਜ਼ ਸੰਧੂ ਸਮਕਾਲੀ ਕਹਾਣੀਕਾਰਾਂ ਨਾਲੋਂ ਵੱਖਰੀ ਖੜ੍ਹੀ ਦਿਖਾਈ ਦਿੰਦੀ ਹੈ। ਉਹ ਭਵਿੱਖ ਵਿਚ ਇਸ ਤੋਂ ਵੀ ਭਰਵੀਂ ਪੁਲਾਂਘ ਪੁੱਟੇਗੀ, ਇਹ ਸੰਗ੍ਰਿਹ ਇਸ ਗੱਲ ਦੀ ਸ਼ਾਹਦੀ ਭਰਦਾ ਹੈ।

# ਕਾਲਾ ਸ਼ਾਹ ਕਾਲਾ: ਟਾਈਮ ਪਾਸ ! ਕੇਵਲ ਟਾਈਮ ਪਾਸ !

ਜੇ ਤੁਸੀਂ ਕੇਵਲ ਟਾਈਮ ਪਾਸ ਕਰਨ ਲਈ ਫਿਲਮ ਵੇਖਣੀ ਹੈ ਤਾਂ 'ਕਾਲਾ ਸ਼ਾਹ ਕਾਲਾ' ਵੇਖ ਸਕਦੇ ਹੋ। ਜੇ ਤੁਸੀਂ ਮੰਝੇ ਹੋਏ ਕਲਾਕਾਰਾਂ ਦੀ ਪਰਫਾਰਮੈਂਸ ਵੇਖਣੀ ਹੈ ਤਾਂ ਫਿਲਮ ਵੇਖਣ ਯੋਗ ਹੈ, ਪਰ ਜੇ ਤੁਸੀਂ ਵਧੀਆ ਸਕ੍ਰਿਪਟ ਅਤੇ ਕਿਸੇ ਮੈਸਿਜ ਦੀ ਉਮੀਦ ਲਾਈ ਬੈਠੇ ਹੋ ਤਾਂ...!

ਫਿਲਮ ਚਾਹੇ ਵਿਆਹ ਦੇ ਵਿਸ਼ੇ 'ਤੇ ਬਣੀ ਹੈ ਪਰ ਇਸ ਦਾ ਸੰਕਲਪ ਹੁਣ ਤਕ ਆਈਆਂ

**ਫਿਲਮ ਸਮੀਖਿਆ**

***ਇਕਬਾਲ ਸਿੰਘ ਚਾਨਾ***

ਕਈ ਬਕਵਾਸ ਜਿਹੀਆਂ 'ਸ਼ਾਦੀ ਫਿਲਮਾਂ' ਤੋਂ ਵੱਖਰਾ ਹੈ। ਇੱਕ ਕਾਲੇ ਬੰਦੇ ਦਾ ਵਿਆਹ ਨਾ ਹੋਣ ਦੇ ਦੁਖਾਂਤ ਨੂੰ ਕਾਮੇਡੀ ਦੇ 'ਚਟਕਾਰਿਆਂ' ਵਿਚ ਮਿਲਾ ਕੇ ਇੱਕ ਮਨੋਰੰਜਨ ਭਰਪੂਰ ਫਿਲਮ ਬਣਾਉਣ ਦਾ ਯਤਨ ਕੀਤਾ ਗਿਆ ਹੈ। ਜਿਵੇਂ ਪਹਿਲਾਂ ਵੀ ਮੈਂ ਜ਼ਿਕਰ ਕਰ ਚੁਕਾ ਹਾਂ ਕਿ ਅੱਜ ਕੱਲ ਦੇ ਡਾਇਰੈਕਟਰ ਖੁਦ ਹੀ ਵੱਡੇ ਤੋਂ ਵੱਡਾ ਲੇਖਕ ਹੋਣ ਦਾ ਭਰਮ ਪਾਲੀ ਬੈਠੇ ਹਨ, 'ਕਾਲਾ ਸ਼ਾਹ ਕਾਲਾ' ਵੀ ਇਸੇ ਪੱਖੋਂ ਮਾਰ ਖਾ ਬੈਠੀ ਹੈ। ਲੇਖਕ ਤੇ ਨਿਰਦੇਸ਼ਕ ਅਮਰਜੀਤ ਸਿੰਘ 'ਹਮ ਦਿਲ ਦੇ ਚੁਕੇ ਸਨਮ' ਅਤੇ 'ਦਿਲ ਵਾਲੇ ਦੁਲਹਨੀਆ ਲੇ ਜਾਏਂਗੇ' ਜਿਹੀਆਂ ਬਲਾਕ-ਬਸਟਰ ਫਿਲਮਾਂ ਦੀ ਨਕਲ ਮਾਰਨ ਦੇ ਚੱਕਰ ਵਿਚ ਭਟਕ ਗਿਆ ਲਗਦਾ ਹੈ, ਤੇ ਇਸੇ ਕਾਰਨ ਜਿੱਥੇ ਫਿਲਮ ਦਾ ਪਹਿਲਾ ਅੱਧ ਕਮਾਲ ਦਾ ਹੈ, ਉਥੇ ਦੂਜਾ ਭਾਗ ਓਨਾ ਹੀ ਢਿੱਲ੍ਹਾ। ਕਲਾਈਮੈਕਸ ਤੋਂ ਅੱਧਾ ਘੰਟਾ ਪਹਿਲਾਂ ਫਿਲਮ ਬੋਰ ਕਰਨ ਲੱਗ ਜਾਂਦੀ ਹੈ।

ਇਕ ਕਾਲੇ ਰੰਗ ਦੇ ਵਿਅਕਤੀ ਲਵਲੀ ਅੰਦਰਲੇ ਗੁਣ ਅਤੇ ਮਿਹਨਤ ਵੇਖ ਕੇ ਉਸ ਨੂੰ ਛੱਡਣ 'ਤੇ ਤੁਲੀ ਉਸ ਦੀ ਪਤਨੀ ਪੰਮੀ ਭਾਵੁਕ ਹੋ ਕੇ ਉਸ ਨਾਲ ਰਹਿਣ ਦਾ ਫੈਸਲਾ ਲੈ ਲੈਂਦੀ ਹੈ, ਪਰ ਇੱਥੇ ਲੇਖਕ ਮੁਖ ਪਾਤਰ ਲਵਲੀ ਨੂੰ ਸੁਭਾਵਕ ਮਿਹਨਤੀ ਵਿਖਾਉਣ ਦੀ ਥਾਂ ਇਹ ਵਿਖਾਉਂਦਾ ਹੈ ਕਿ ਉਹ ਇਹ ਸਭ ਕੁਝ ਆਪਣੀ ਪਤਨੀ ਨੂੰ ਪ੍ਰਭਾਵਿਤ ਕਰਨ ਲਈ ਜਾਣ ਬੁੱਝ ਕੇ ਕਰ ਰਿਹਾ ਹੈ। ਇਹੀ ਫਿਲਮ ਦਾ ਕਮਜ਼ੋਰ ਪੱਖ ਹੈ। ਡਾਇਰੈਕਟਰ ਇੱਕ ਅੱਧ ਚੰਗੇ ਫਿਲਮੀ ਲੇਖਕ ਨੂੰ ਨਾਲ ਜੋੜ ਲੈਂਦਾ ਤਾਂ ਚੰਗਾ ਹੁੰਦਾ।




ਇਸ ਵਿਚ ਕੋਈ ਸ਼ੱਕ ਨਹੀਂ ਕਿ ਬਿੰਨੂ ਢਿੱਲੋਂ ਇਕ ਵਧੀਆ ਐਕਟਰ ਹੈ। ਉਸ ਨੇ 'ਕਾਲੇ ਸ਼ਾਹ ਲਵਲੀ' ਉਰਫ 'ਨਾਗ' ਦੇ ਕਿਰਦਾਰ ਨੂੰ ਸਫਲਤਾ ਪੂਰਵਕ ਨਿਭਾਇਆ ਹੈ। ਪਰ ਉਸ ਦਾ ਮੇਕ-ਅੱਪ ਬਹੁਤ ਘਟੀਆ ਹੈ। ਕੁਦਰਤੀ ਕਾਲਾ ਬਿਲਕੁਲ ਨਹੀਂ ਲੱਗਦਾ। ਕਈ ਥਾਂ ਇੰਜ ਲਗਦਾ ਜਿਵੇਂ ਚਿਹਰੇ ਉਤੇ ਲੁੱਕ ਮਲੀ ਹੋਈ ਹੋਵੇ। ਸਰਗੁਣ ਮਹਿਤਾ ਬਿਨਾ ਸ਼ੱਕ ਪੰਜਾਬੀ ਦੀ ਨੰਬਰ ਵੰਨ ਹੀਰੋਇਨ ਹੈ। ਇਸ ਫਿਲਮ ਵਿਚ ਵੀ ਐਕਟਿੰਗ ਉਸ ਨੇ ਕਮਾਲ ਦੀ ਕੀਤੀ ਹੈ। ਸਭ ਤੋਂ ਵੱਧ ਕਮਾਲ ਜਤਿੰਦਰ ਕੌਰ ਤੇ ਨਿਰਮਲ ਰਿਸ਼ੀ ਦਾ ਹੈ। ਕਾਫੀ ਚਿਰ ਤੋਂ ਆਮ ਰੁਟੀਨ ਦੇ ਕਿਰਦਾਰਾਂ 'ਚ ਵੇਖੀ ਜਾ ਰਹੀ ਨਿਰਮਲ ਰਿਸ਼ੀ ਵਿਚੋਲਣ ਭੂਆ ਦੇ ਕਿਰਦਾਰ ਵਿਸ਼ ਖੂਬ ਜਚੀ ਹੈ।

ਪੰਮੀ ਦੀ ਦਾਦੀ ਦੇ ਰੋਲ ਵਿਚ ਜਤਿੰਦਰ ਕੌਰ ਨੇ ਇਕ ਵੱਡੀ ਕਲਾਕਾਰ ਹੋਣ ਦੀ ਝਲਕ ਇੱਕ ਵੇਰ ਫਿਰ ਵਿਖਾ ਦਿੱਤੀ। ਤਾਰੋ ਦੇ ਰੋਲ ਵਿਚ ਸ਼ਹਿਨਾਜ਼ ਗਿੱਲ, ਲਵਲੀ ਦੀ ਮਾਂ ਦੇ ਰੋਲ ਵਿਚ ਅਨੀਤਾ ਦੇਵਗਨ, ਬਾਪ ਦੇ ਰੋਲ ਵਿਚ ਗੁਰਮੀਤ ਸਾਜਨ ਅਤੇ ਪੰਮੀ ਦੇ ਬਾਪ ਦੇ ਰੋਲ ਵਿਚ ਬੀ. ਐਨ. ਸ਼ਰਮਾ ਆਪੋ ਆਪਣੇ ਕਿਰਦਾਰਾਂ ਵਿਚ ਸੁਭਾਵਕ ਹਨ। ਲਵਲੀ ਦੇ ਦੋਸਤਾਂ ਦੇ ਰੂਪ ਵਿਚ ਕਰਮਜੀਤ ਅਨਮੋਲ (ਹਰੀ) ਅਤੇ ਹਾਰਬੀ ਸੰਘਾ (ਜੀਤਾ ਨਾਈ) ਬੜੇ ਸਾਧਾਰਨ ਤੇ ਫਾਲਤੂ ਜਿਹੇ ਲਗਦੇ ਹਨ। ਇੰਜ ਲਗਦਾ ਹੈ ਜਿਵੇ ਬਿਨੂ ਢਿੱਲੋਂ ਨਾਲ ਦੋ 'ਫਿੱਲਰ' ਤਾਸ਼ ਦੀਆਂ ਸਰਾਂ ਵਾਂਗ ਟੋਟਕੇ ਤੇ ਚੁਟਕਲੇ ਭੋਰਨ ਲਈ ਰੱਖੇ ਗਏ ਹਨ।

ਕਈ ਡਾਇਰੈਕਟਰਾਂ ਦਾ ਸਹਾਇਕ ਰਹਿ ਚੁਕੇ ਅਮਰਜੀਤ ਸਿੰਘ ਦੀ ਬਤੌਰ ਡਾਇਰੈਕਟਰ ਇਹ ਪਹਿਲੀ ਫਿਲਮ ਹੈ। ਲੇਖਕ ਨੂੰ ਪਾਸੇ ਰੱਖ ਦੇਈਏ ਤਾਂ ਡਾਇਰੈਕਸ਼ਨ ਵਿਚ ਉਸ ਨੇ ਪਾਸ ਹੋਣ ਦੇ ਪੂਰੇ ਨੰਬਰ ਹਾਸਿਲ ਕੀਤੇ ਹਨ। ਰਵੀ ਕੁਮਾਰ ਸਨਾ ਦਾ ਕੈਮਰਾ ਵਰਕ ਸ਼ਲਾਘਾਯੋਗ ਹੈ। ਚਾਰ ਸੰਗੀਤਕਾਰਾਂ ਦਾ ਸੰਗੀਤ ਫਿਲਮ ਦੇ ਮਾਹੌਲ ਵਿਚ ਪੂਰੀ ਤਰ੍ਹਾਂ ਫੱਬਦਾ ਹੈ।




# ਐਟਲਾਂਟਿਸ ਬੈਂਕੁਇਟਸ

## ਵਿਆਹ-ਸ਼ਾਦੀ ਹੋਵੇ ਜਾਂ ਖ਼ੁਸ਼ੀ ਦਾ ਕੋਈ ਹੋਰ ਮੌਕਾ

**1273 N Rand Rd, Arlington Heights, IL 60004**

## ਸ਼ਾਨਦਾਰ ਹਾਲ ਸ਼ਾਨਦਾਰ ਮਾਹੌਲ

## 100 ਤੋਂ 600 ਬੰਦਿਆਂ ਲਈ ਪਾਰਟੀ ਹਾਲ



## ਪੰਜਾਬੀ ਅਤੇ ਹੋਰ ਭਾਰਤੀ ਸਵਾਦੀ ਖਾਣੇ






## ਕੇ ਕੇ ਪੰਮਾ

**ਫੋਨ: 847-219-7432**
**847-259-0013**

# ਕੁਦਰਤ ਦੀ ਮਿਠਾਸ ਸ਼ਮਸ਼ਾਦ ਬੇਗਮ

ਮੁਮਤਾਜ਼ ਗੁਲੂਕਾਰਾ ਸ਼ਮਸ਼ਾਦ ਬੇਗਮ ਦੀ ਆਵਾਜ਼ ਦੀਆਂ ਪਰਤਾਂ ਵਿਚ ਪੰਜਾਬ ਦੀ ਜ਼ਰਖੇਜ਼ ਮਿੱਟੀ ਦੀ ਮਹਿਕ, ਪੰਜਾਬੀ ਸੁਭਾਅ ਵਰਗੀ ਖਣਕ ਤੇ ਬਹਾਰਾਂ ਵਰਗੀ ਤਾਜ਼ਗੀ ਸੀ। ਉਹ ਸਿਰਫ ਰੇਡੀਓ ਗਾਇਕ ਹੀ ਨਹੀਂ ਸੀ, ਸਗੋਂ ਪੰਜਾਬੀ-ਹਿੰਦੀ ਫਿਲਮਾਂ ਦੀ ਆਲ੍ਹਾ ਦਰਜੇ ਦੀ ਗੁਲੂਕਾਰਾ ਸੀ।

ਸ਼ਮਸ਼ਾਦ ਬੇਗਮ ਦੀ ਪੈਦਾਇਸ਼ 14 ਅਪਰੈਲ 1919 ਨੂੰ ਸਾਂਝੇ ਪੰਜਾਬ ਦੀ ਰਾਜਧਾਨੀ ਲਾਹੌਰ ਦੀ ਲੌਹਾਰੀ ਮੰਡੀ ਦੀ ਖਾਨਦਾਨੀ ਹਵੇਲੀ ਵਿਚ ਵੱਸੇ ਪੰਜਾਬੀ ਮੁਸਲਿਮ ਮਾਨ ਜੱਟ ਪਰਿਵਾਰ ਵਿਚ ਹੋਈ। ਉਸ ਦੇ ਵਾਲਿਦ ਦਾ ਨਾਂ ਮੀਆਂ ਹੁਸੈਨ ਬਖਸ਼ ਮਾਨ ਅਤੇ ਵਾਲਿਦਾ ਦਾ

ਮਨਦੀਪ ਸਿੰਘ ਸਿੱਧੂ

ਨਾਂ ਗੁਲਾਮ ਫਾਤਿਮਾ ਸੀ। ਸ਼ਮਸ਼ਾਦ ਬੇਗਮ ਦੀ ਸਕੂਲੀ ਤਾਲੀਮ ਘੱਟ ਹੀ ਸੀ। ਉਹ ਸਿਰਫ 5 ਜਮਾਤਾਂ ਹੀ ਪੜ੍ਹੀ ਸੀ। ਉਹਨੇ ਆਪਣੇ ਵਾਲਦਾਇਨ ਦੇ ਮੁਖਾਲਿਫ ਹੋ ਕੇ ਆਪਣਾ ਵਿਆਹ ਹਿੰਦੂ ਪਰਿਵਾਰ ਦੇ ਬੈਰਿਸਟਰ ਗਣਪਤ ਲਾਲ ਬੱਟੋ ਨਾਲ 1934 ਵਿਚ ਕਰਵਾਇਆ, ਜੋ 1955 ਵਿਚ ਵਫਾਤ ਪਾ ਗਏ। ਫੋਟੋਗ੍ਰਾਫੀ ਦੇ ਸ਼ੌਕੀਨ ਬੱਟੋ ਫਿਲਮਾਂ ਦੀ ਸ਼ੂਟਿੰਗ ਦੇਖਣ ਜਾਂਦੇ ਸਨ, ਜਿਥੇ ਉਨ੍ਹਾਂ ਦੀ ਮੁਲਕਾਤ ਸ਼ਮਸ਼ਾਦ ਬੇਗਮ ਨਾਲ ਹੋਈ। ਸ਼ਮਸ਼ਾਦ ਬੇਗਮ ਸੰਗੀਤ ਦੀ ਦੁਨੀਆਂ ਵਿਚ ਵਾਲਿਦ ਦੀ ਇਸ ਸਖਤ ਹਦਾਇਤ 'ਤੇ ਆਈ ਸੀ ਕਿ ਉਹ ਕਿਸੇ ਨੂੰ ਆਪਣੀ ਸ਼ਕਲ ਨਹੀਂ ਦਿਖਾਏਗੀ ਅਤੇ ਨਾ ਹੀ ਕੋਈ ਤਸਵੀਰ ਖਿਚਵਾਏਗੀ। ਲਿਹਾਜ਼ਾ ਸ਼ਮਸ਼ਾਦ ਦੀ ਪਹਿਲੀ ਤਸਵੀਰ 1970 ਵਿਚ ਖਿੱਚੀ ਗਈ, ਜਦੋਂ ਉਹ 51 ਸਾਲ ਦੀ ਹੋ ਚੁਕੀ ਸੀ। ਉਸ ਦੇ ਘਰ 15 ਜੂਨ 1936 ਨੂੰ ਧੀ ਊਸ਼ਾ ਨੇ ਜਨਮ ਲਿਆ। ਉਸ ਦਾ ਵਿਆਹ ਅਪਰੈਲ 1959 ਵਿਚ ਦਿੱਲੀ ਵਾਸੀ ਲੈਫਟੀਨੈਂਟ ਕਰਨਲ ਯੋਗਰਾਜ ਰੱਤੜਾ ਨਾਲ ਹੋਇਆ, ਜੋ ਪਿਛੋਂ ਮੁੰਬਈ ਜਾ ਵੱਸੇ। ਉਮਰ ਦੇ ਆਖਰੀ ਲਮਹੇ ਸ਼ਮਸ਼ਾਦ ਨੇ ਆਪਣੇ ਧੀ-ਜਵਾਈ ਦੇ ਘਰ ਹੀ ਬਿਤਾਏ ਸਨ।



16 ਦਸੰਬਰ 1937 ਨੂੰ ਪੇਸ਼ਾਵਰ ਰੇਡੀਓ ਸਟੇਸ਼ਨ ਤੋਂ ਸੰਗੀਤ ਸਫਰ ਦਾ ਆਗਾਜ਼ ਕਰਨ ਵਾਲੀ ਸ਼ਮਸ਼ਾਦ ਬੇਗਮ ਅਜ਼ੀਮ ਸੰਗੀਤਕਾਰ ਮਾਸਟਰ ਗੁਲਾਮ ਹੈਦਰ ਦੀ ਖੋਜ ਸੀ। ਉਸ ਨੇ ਬਾਕਾਇਦਗੀ ਨਾਲ ਕਿਧਰੋਂ ਗਾਉਣਾ ਨਹੀਂ ਸਿੱਖਿਆ। ਉਸ ਦਾ ਸੰਗੀਤਕ ਉਸਤਾਦ ਗ੍ਰਾਮੋਫੋਨ ਸੀ ਜਿਸ ਵਿਚੋਂ ਨਿਕਲਦੀ ਆਵਾਜ਼ ਤੋਂ ਹੈਰਤਜ਼ਦਾ ਸ਼ਮਸ਼ਾਦ ਨੇ ਗੁਣ-ਗੁਣਾਉਂਦਿਆਂ ਰਿਆਜ਼ ਕਰਨਾ ਸ਼ੁਰੂ ਕਰ ਦਿੱਤਾ। ਇਸ ਤਰ੍ਹਾਂ ਉਹ ਪਰਪੱਕ ਗੁਲੂਕਾਰਾ ਬਣ ਗਈ। 2 ਸਾਲ ਪਿਛੋਂ ਜਦੋਂ ਲਾਹੌਰ ਵਿਚ ਰੇਡੀਓ ਸਟੇਸ਼ਨ ਖੁੱਲ੍ਹਿਆ ਤਾਂ ਉਹ ਵਾਪਸ ਆ ਕੇ ਲਾਹੌਰ ਦੇ ਨਾਲ-ਨਾਲ ਦਿੱਲੀ ਅਤੇ ਲਖਨਊ ਦੇ ਰੇਡੀਓ ਸਟੇਸ਼ਨਾਂ 'ਤੇ ਗਾਉਣ ਲੱਗ ਪਈ। ਮਾਸਟਰ ਗੁਲਾਮ ਹੈਦਰ ਉਸ ਵਕਤ ਜੀਨੋਫੋਨ ਕੰਪਨੀ, ਲਾਹੌਰ ਵਿਚ ਸਥਾਈ ਸੰਗੀਤਕਾਰ ਸਨ। ਉਨ੍ਹਾਂ ਸ਼ਮਸ਼ਾਦ ਤੋਂ ਗੈਰ-ਫਿਲਮੀ ਆਰਤੀ ਗਵਾਈ ਜਿਸ ਦੇ ਬੋਲ ਸਨ, 'ਓਮ ਜਯ ਜਗਦੀਸ਼ ਹਰੇ।' ਮਿਸ ਸ਼ਮਸ਼ਾਦ ਦੇ ਨਾਮ ਨਾਲ ਗਾਇਆ ਉਸ ਦਾ ਪਹਿਲਾ ਪੰਜਾਬੀ ਲੋਕ ਗੀਤ 'ਜੋੜਾ ਲੈ ਪੱਖੀਆਂ ਦਾ ਓਏ, ਕਸਮ ਖੁਦਾ ਦੀ ਚੰਨਾ, ਮਾਹੀ ਚਾਨਣ ਅੱਖੀਆਂ ਦਾ ਓਏ' ਸੀ। ਅੱਲ੍ਹੜ ਉਮਰੇ ਉਸ ਦਾ ਗਾਇਆ ਗੀਤ ਐਨਾ ਮਕਬੂਲ ਹੋਇਆ ਕਿ ਕੰਪਨੀ ਨੇ ਸਾਲ ਭਰ ਲਈ ਸ਼ਮਸ਼ਾਦ ਕੋਲੋਂ 100 ਤੋਂ ਵੱਧ ਨਗਮੇ ਗਵਾਏ, ਜਿਨ੍ਹਾਂ ਵਿਚ ਇਸਲਾਮੀ ਨਾਅਤ, ਗਜ਼ਲਾਂ, ਲੋਕ ਗੀਤ ਅਤੇ ਸ਼ਬਦ ਸ਼ਾਮਲ ਸਨ। ਮਾਸਟਰ ਗੁਲਾਮ ਹੈਦਰ ਦੇ ਸੰਗੀਤ ਨਾਲ ਸਜੇ ਇਨ੍ਹਾਂ ਗੀਤਾਂ ਵਿਚ 'ਯੇਹ ਰਾਗ ਪਪੀਹਾ ਗਾਤਾ ਹੈ', 'ਕੂਕ ਪਪੀਹੇ ਕੂਕ', 'ਸੂਹੇ ਵੇ ਚੀਰੇ ਵਾਲਿਆ ਮੈਂ ਕਹਿਨੀ ਆਂ', 'ਰਾਵੀ ਦਾ ਕੰਢਾ ਤੇ ਬਾਗਾਂ ਦੀਆਂ ਛਾਂਵਾਂ', 'ਏਸੇ ਡਰ ਦੀ ਮਾਰੀ ਅੜਿਆ ਮੈਂ ਨੀ ਅੱਖੀਆਂ ਲਾਂਦੀ ਸੀ', 'ਦੋ ਪੱਤਰ ਅਨਾਰਾਂ ਦੇ' ਆਦਿ ਸ਼ਾਮਲ ਹਨ। ਇਹ ਉਹ ਦੌਰ ਸੀ ਜਦੋਂ ਰੇਡੀਓ ਸਟੇਸ਼ਨ 'ਤੇ ਉਸ ਦੇ ਗਾਏ ਗੀਤਾਂ ਦੀ ਮੰਗ ਵਧ ਗਈ ਸੀ ਅਤੇ ਹੌਲੀ-ਹੌਲੀ ਉਸ ਦੀ ਆਵਾਜ਼ ਲਾਹੌਰ ਤੋਂ ਬਾਅਦ ਅੰਮ੍ਰਿਤਸਰ, ਝੰਗ, ਬਹਾਵਲਪੁਰ, ਮੁਲਤਾਨ, ਲਾਇਲਪੁਰ ਤੇ ਰਾਵਲਪਿੰਡੀ ਵਿਚ ਵੱਸਦੇ ਪੰਜਾਬੀ ਪਰਿਵਾਰਾਂ ਵਿਚ ਹਰਮਨਪਿਆਰੀ ਹੋ ਗਈ ਸੀ।

ਇੰਨੇ ਮਕਬੂਲ ਪੰਜਾਬੀ ਲੋਕ ਗੀਤ ਗਾਉਣ ਦੇ ਬਾਵਜੂਦ ਸ਼ਮਸ਼ਾਦ ਬੇਗਮ ਨੇ ਉਦੋਂ ਤਕ ਕਿਸੇ ਫਿਲਮ ਵਿਚ ਪਿਠਵਰਤੀ ਗਾਇਨ ਨਹੀਂ ਕੀਤਾ ਸੀ। ਇਨ੍ਹੀਂ ਦਿਨੀਂ ਲਾਹੌਰ ਦੇ ਮਸ਼ਹੂਰ ਫਿਲਮਸਾਜ਼ ਸੇਠ ਦਲਸੁਖ ਐਮ. ਪੰਚੋਲੀ ਦੀ ਫਿਲਮ ਕੰਪਨੀ ਨੂੰ ਨਵੀਂ ਅਤੇ ਸੁਰੀਲੀ ਆਵਾਜ਼ ਦੀ ਤਲਾਸ਼ ਸੀ। ਲਿਹਾਜ਼ਾ ਜੀਨੋਫੋਨ ਕੰਪਨੀ, ਜੋ ਪੰਚੋਲੀ ਆਰਟ ਬੈਨਰ ਦੀਆਂ ਬਣੀਆਂ ਫਿਲਮਾਂ ਦੇ ਰਿਕਾਰਡ ਜਾਰੀ ਕਰਦੀ ਸੀ, ਨੇ ਸ਼ਮਸ਼ਾਦ ਬੇਗਮ ਦੇ ਨਾਮ ਦੀ ਸਿਫਾਰਸ਼ ਪੰਚੋਲੀ ਸਾਹਿਬ ਨੂੰ ਕਰ ਦਿੱਤੀ। ਇਸ ਤਰ੍ਹਾਂ ਦਲਸੁਖ ਐਮ. ਪੰਚੋਲੀ ਰਾਹੀਂ ਸ਼ਮਸ਼ਾਦ ਬੇਗਮ ਨੂੰ ਪਹਿਲੀ ਪੰਜਾਬੀ ਫਿਲਮ 'ਗੁਲ ਬਕਾਵਲੀ' (1939) ਵਿਚ ਪਿਠਵਰਤੀ ਗਾਇਨ ਕਰਨ ਦਾ ਮੌਕਾ ਮਿਲਿਆ।

ਸਲੀਮ ਰਜ਼ਾ ਅਤੇ ਸੁਰੱਈਆ ਜ਼ਬੀਨ ਦੇ ਕਿਰਦਾਰ ਵਾਲੀ ਇਸ ਫਿਲਮ ਵਿਚ ਸ਼ਮਸ਼ਾਦ ਬੇਗਮ ਨੇ ਭਾਈ ਗੁਲਾਮ ਹੈਦਰ 'ਅੰਮ੍ਰਿਤਸਰੀ' ਦੀ ਸੰਗੀਕਾਰੀ 'ਚ ਵਲੀ ਸਾਹਿਬ ਦੇ ਲਿਖੇ ਤਿੰਨ ਗੀਤ ਗਾਏ: 'ਘੂਕ ਮੇਰੀ ਕਿਸਮਤ ਸੌਂ ਗਈ ਜਾਗੋ ਜ਼ਰੂਰ ਓਏ', 'ਮੈਂ ਤੇਰੀ ਤੂੰ ਮੇਰਾ ਸੁਣ ਵੇ ਚੰਨ ਵੇ' ਅਤੇ 'ਮਾਹੀਆ ਵੇ ਉਹ ਆਈਆਂ ਨੀ।' 'ਸੱਸੀ ਪੁੱਨੂੰ' (1939) 'ਚ ਮਾਸਟਰ ਧੁੰਮੀਖਾਨ ਰਾਮਪੁਰੀ ਦੇ ਸੰਗੀਤ 'ਚ ਫੀਰੋਜ਼ਦੀਨ ਸ਼ਰਫ ਦੇ ਲਿਖੇ 4 ਗੀਤ 'ਪੁਨੂੰ ਦੀਏ ਮੂਰਤੇ ਤੂੰ ਮੂੰਹੋਂ ਕਿਓਂ ਨੀ ਬੋਲਦੀ', 'ਚੁੰਨੀ ਰੰਗ ਦੇ ਲਲਾਰੀਆ ਮੇਰੀ', 'ਸੋਹਣੇ ਦੇਸ਼ਾਂ 'ਚੋਂ ਦੇਸ਼ ਪੰਜਾਬ ਨੀ ਅੜੀਓ' ਤੇ ਮੁਹੰਮਦ ਅਸਲਮ ਨਾਲ ਗਾਇਆ ਰੁਮਾਨੀ ਗੀਤ 'ਹੋਵੇਂ ਤੂੰ ਚੰਨ ਅਸਮਾਨੀ ਚੰਦਾ ਮੈਂ ਹੋਵਾਂ ਤਾਰਾ' ਸਨ। 'ਸੋਹਣੀ-ਮਹੀਂਵਾਲ' (1939) ਵਿਚ ਜੀ. ਏ. ਚਿਸ਼ਤੀ ਦੇ ਸੰਗੀਤ ਵਿਚ ਉਸਤਾਦ ਹਮਦਮ ਦਾ ਲਿਖਿਆ 'ਛੱਬੀ ਦੀਆਂ ਚੁੰਨੀਆਂ ਮੈਂ ਮਲ-ਮਲ ਧੋਨੀ ਆਂ' ਬੜਾ ਮਕਬੂਲ ਹੋਇਆ। ਇਸੇ ਬੈਨਰ ਦੀ ਹੀ ਫਿਲਮ 'ਦੁੱਲਾ ਭੱਟੀ' (1940) 'ਚ ਪੰਡਿਤ ਗੋਬਿੰਦਰਾਮ ਦੇ ਸੰਗੀਤ ਵਿਚ ਅਜ਼ੀਜ਼ ਕਸ਼ਮੀਰੀ ਦਾ ਲਿਖਿਆ ਇਕ ਗੀਤ 'ਦਾਰੋ ਨੀ ਮੇਰਾ ਘੜਾ ਚੁਕਾ ਦੇ ਮੈਂ ਨਈ' ਗਾਇਆ।

'ਮੇਰਾ ਪੰਜਾਬ' (1940) 'ਚ ਧੁੰਮੀਖਾਨ ਰਾਮਪੁਰੀ ਦੇ ਸੰਗੀਤ ਵਿਚ ਸ਼ਮਸ਼ਾਦ ਬੇਗਮ ਨੇ ਬੀ. ਸੀ. ਬੇਕਲ 'ਅੰਮ੍ਰਿਤਸਰੀ' ਦੇ ਲਿਖੇ 2 ਗੀਤ 'ਮਹਿੰਦੀਏ ਨੀ ਮਹਿੰਦੀਏ ਕੀ ਮਹਿੰਦੀ ਤੇਰੀ ਕਹਿੰਦੀ ਏ', 'ਪੀ ਲੇ ਪੀ ਲੇ ਸੋਹਣਿਆ ਵੇਲਾ ਹੈ ਇਹ ਪੀਣ ਦਾ' ਵੀ ਪਸੰਦ ਕੀਤੇ ਗਏ। 'ਯਮਲਾ ਜੱਟ' (1940) 'ਚ ਭਾਈ ਗੁਲਾਮ ਹੈਦਰ ਦੇ ਸੰਗੀਤ 'ਚ ਵਲੀ ਸਾਹਿਬ ਦੇ ਲਿਖੇ 10 ਗੀਤਾਂ 'ਚੋਂ 4 ਗੀਤ ਸ਼ਮਸ਼ਾਦ ਬੇਗਮ ਦੇ ਹਿੱਸੇ ਆਏ। ਇਨ੍ਹਾਂ ਵਿਚ ਹਨ 'ਕਣਕਾਂ ਦੀਆਂ ਫਸਲਾਂ ਪੱਕੀਆਂ ਨੇ' ਅਤੇ ਮਾਸਟਰ ਗੁਲਾਮ ਹੈਦਰ ਨਾਲ 'ਸੁਪਨੇ ਵਿਚ ਸੁਪਨਾ ਤੱਕਿਆ', 'ਆ ਦੁੱਖੜੇ ਫੋਲ ਲਈਏ' ਤੇ 'ਆ ਆ ਸੱਜਣਾ ਦੋਵੇਂ ਰਲਕੇ ਚੱਲੀਏ ਪਰਲੇ ਪਾਰ' ਵੀ ਬੇਹੱਦ ਮਕਬੂਲ ਹੋਏ।

ਦੇਸ਼ ਵੰਡ ਪਿਛੋਂ ਸ਼ਮਸ਼ਾਦ ਬੇਗਮ ਲਾਹੌਰ ਤੋਂ ਬੰਬਈ ਜ ਵੱਸੀ। 'ਲੱਛੀ' (1949) ਵਿਚ ਉਸ ਨੇ ਹੰਸਰਾਜ ਬਹਿਲ ਦੇ ਸੰਗੀਤ ਵਿਚ ਐਮ. ਆਰ. ਭਾਖੜੀ ਦਾ ਲਿਖਿਆ ਤੇ ਮਨੋਰਮਾ 'ਤੇ ਫਿਲਮਾਏ ਗੀਤ 'ਮੇਰੀ ਲੱਗਦੀ ਕਿਸੇ ਨੇ ਨਾ ਵੇਖੀ' ਨਾਲ ਧੁੰਮਾਂ ਪਾ ਦਿੱਤੀਆਂ ਸਨ। 'ਭਾਈਆ ਜੀ' (1950) 'ਚ 'ਮੈਂ ਜੱਟੀ ਪੰਜਾਬ ਦੀ', 'ਸੂਹੇ ਵੇ ਚੀਰੇ ਵਾਲਿਆ' ਵੀ ਕਾਫੀ ਹਿੱਟ ਹੋਏ। ਹੰਸਰਾਜ ਬਹਿਲ ਦੇ ਸੰਗੀਤ ਵਿਚ ਫਿਲਮ 'ਛਈ' (1950) 'ਚ 'ਆਜਾ ਦਿਲ ਨਾਲ ਦਿਲ ਨੂੰ ਮਿਲਾ ਲੈ', 'ਜਾ ਵੇ ਬੇਕਦਰਾ ਤੂੰ ਸਾਡੀ ਕਦਰ ਨਾ ਜਾਣੀ' ਗਾਇਆ। ਅੱਲ੍ਹਾ ਰੱਖਾ ਕੁਰੈਸ਼ੀ ਦੇ ਸੰਗੀਤ ਵਿਚ ਫਿਲਮ 'ਮਦਾਰੀ' (1951) ਵਿਚ 'ਉਹਦੇ ਨਾਲ ਹੋਣਗੀਆਂ ਗੱਲਾਂ ਅੱਜ ਗੂੜ੍ਹੀਆਂ' ਅਤੇ 'ਏਡਾ ਹੁਸਨ 'ਤੇ ਗਰੂਰ ਨਹੀਂ ਚਾਹੀਦਾ' ਗਾਏ। ਸਰਦੂਲ ਕਵਾਤੜਾ ਦੀ ਸੰਗੀਤ-ਨਿਰਦੇਸ਼ਿਤ ਫਿਲਮ 'ਪੋਸਤੀ' (1951) 'ਚ 'ਚੱਲੀ ਪਿਆਰ ਦੀ ਹਵਾ ਮਸਤਾਨੀ' (ਆਸ਼ਾ ਭੌਸਲੇ ਨਾਲ), 'ਚਿੱਟੇ-ਚਿੱਟੇ ਬੱਦਲਾਂ ਦੀ ਛਾਂ ਡੋਲਦੀ', 'ਗੋਰੀਏ ਗੰਨੇ ਦੀਏ ਪੋਰੀਏ ਨੀਂ' ਗਾਏ। ਐਨ. ਦੱਤਾ ਦੀ ਫਿਲਮ 'ਬਾਲੋ' (1951) ਵਿਚ 'ਸੋਹਣੇ ਫੁੱਲ ਪਿਆਰ ਦੇ' ਗਾਏ। ਪੰਡਿਤ ਹਰਬੰਸ ਦੀ ਮੌਸੀਕੀ ਵਿਚ ਫਿਲਮ 'ਵਸਾਖੀ' (1951) 'ਚ 'ਲਿਸ਼ਕਾਰਾ' ਅਤੇ 'ਦੋ ਨੈਣਾਂ ਦੇ ਤੀਰ' ਗਾਏ। ਹੰਸਰਾਜ ਬਹਿਲ ਦੇ ਸੰਗੀਤ 'ਚ ਫਿਲਮ 'ਜੁਗਨੀ' (1953) 'ਚ 'ਅੱਗ ਪਿਆਰ ਦੀ' ਤੇ 'ਉਹ ਵੇਲਾ ਯਾਦ ਕਰ' ਗਾਏ। ਸਰਦੂਲ ਕਵਾਤੜਾ ਦੇ ਸੰਗੀਤ 'ਚ ਫਿਲਮ 'ਕੌਡੇ ਸ਼ਾਹ' (1953) 'ਚ 'ਛੱਡ ਦੇ ਤੂੰ ਮੇਰਾ ਦੁਪੱਟਾ', 'ਕੱਚੀ ਕਲੀ ਸੀ ਨਾਜ਼ੁਕ ਦਿਲ ਮੇਰਾ', 'ਤੁਣਕਾ ਮਾਰ ਦੇ ਤੁਣਕਾ' ਗਾਏ। ਧਨੀ ਰਾਮ ਦੇ ਸੰਗੀਤ 'ਚ ਫਿਲਮ 'ਲਾਰਾ ਲੱਪਾ' (1953) ਵਿਚ 'ਮੈਂ ਤੇਰੀ ਹੋ ਗਈ' ਅਤੇ 'ਅੱਖੀਆਂ ਵਿਚ ਅੱਖੀਆਂ ਰਹਿਣ ਦੇ' ਗਾਏ।

ਸ਼ਮਸ਼ਾਦ ਬੇਗਮ ਨੇ ਆਪਣਾ ਆਖਰੀ ਨਗਮਾ ਐਸ. ਮੋਹਿੰਦਰ ਦੇ ਸੰਗੀਤ ਵਿਚ ਫਿਲਮ 'ਦਾਜ' (1976) ਵਿਚ ਗਾਇਆ। ਇਸ ਭੰਗੜਾ ਗੀਤ ਦੇ ਬੋਲ ਹਨ 'ਗੋਰਾ ਰੰਗ ਵੰਡਿਆ ਨਾ ਜਾਵੇ ਗੁੜ ਹੋਵੇ ਵੰਡਦੀ ਫਿਰਾਂ' (ਮਹਿੰਦਰ ਕਪੂਰ ਨਾਲ)। ਉਸ ਨੇ 1939 ਤੋਂ 1976 ਤਕ ਬਣੀਆਂ ਕੁੱਲ 55 ਪੰਜਾਬੀ ਫਿਲਮਾਂ 'ਚ ਕਰੀਬ 160 ਗੀਤ ਗਾਏ।

ਪੰਜਾਬੀ ਫਿਲਮਾਂ ਦਾ ਸੰਗੀਤ ਹਿੱਟ ਹੁੰਦਿਆਂ ਹੀ ਭਾਈ ਗੁਲਾਮ ਹੈਦਰ ਨੇ ਸ਼ਮਸ਼ਾਦ ਬੇਗਮ ਦੀ ਆਵਾਜ਼ ਦਾ ਇਸਤੇਮਾਲ ਉਰਦੂ/ਹਿੰਦੀ ਫਿਲਮਾਂ ਵਿਚ ਵੀ ਕੀਤਾ। ਹਿੰਦੀ ਫਿਲਮ 'ਖਜ਼ਾਨਚੀ' (1941) ਵਿਚ ਪਹਿਲੀ ਵਾਰ ਸ਼ਮਸ਼ਾਦ ਬੇਗਮ ਨੇ ਭਾਈ ਗੁਲਾਮ ਹੈਦਰ ਦੇ ਸੰਗੀਤ 'ਚ ਵਲੀ ਸਾਹਿਬ ਦੇ ਲਿਖੇ 9 ਗੀਤਾਂ ਨੂੰ ਆਪਣੀ ਆਵਾਜ਼ ਦਿੱਤੀ, ਪਰ ਫਿਲਮ 'ਚ ਭਾਈ ਗੁਲਾਮ ਹੈਦਰ ਨਾਲ ਦੋਗਾਣਾ ਗੀਤ 'ਸਾਵਣ ਕੇ ਨਜ਼ਾਰੇਂ ਹੈਂ ਹਾਹਾ ਹਾ' ਨੇ ਪੂਰੇ ਹਿੰਦੋਸਤਾਨ ਵਿਚ ਗੂੰਜਾਂ ਪਾ ਛੱਡੀਆਂ ਸਨ। ਫਿਲਮ 'ਖਾਨਦਾਨ' (1942) ਵਿਚ ਭਾਈ ਗੁਲਾਮ ਹੈਦਰ ਦੇ ਸੰਗੀਤ 'ਚ 3 ਗੀਤ ਗਾਏ। 'ਸ਼ਿਆਮ ਦਿਲ ਲੈ ਕੇ ਰੂਠ ਗਏ' (ਨਿਸ਼ਾਨੀ/1942), 'ਦੁਨੀਆ ਮੇਂ ਗਰੀਬੋਂ ਕੋ ਆਰਾਮ ਨਹੀਂ ਮਿਲਤਾ' (ਜ਼ਮੀਂਦਾਰ/1942), 'ਝਲਕ ਦਿਖਾ ਕੇ ਛੁਪੀ ਚਾਂਦਨੀ' (ਪੂੰਜੀ/1943) 'ਨੈਨਾ ਭਰ ਆਏ ਨੀਰ' (ਹਮਾਯੂੰ/1945), 'ਆਜ ਮੌਸਮ ਹੈ ਰੰਗੀਨ' (ਆਵਾਰਾ/1951), 'ਸਈਆਂ ਦਿਲ ਮੇਂ ਆਨਾ ਰੇ' (ਬਹਾਰ/1951) ਅਤੇ 'ਮੁਹੱਬਤ ਚੂਮੇ ਜਿਨਕੇ ਹਾਥ' (ਆਨ/1952) ਆਦਿ ਗਾਏ। ਸ਼ਮਸ਼ਾਦ ਬੇਗਮ ਦਾ ਆਖਰੀ ਹਿੱਟ ਗੀਤ ਫਿਲਮ 'ਕਿਸਮਤ' (1968) ਲਈ ਓ. ਪੀ. ਨਈਅਰ ਦੇ ਸੰਗੀਤ 'ਚ ਆਸ਼ਾ ਭੋਸਲੇ ਨਾਲ ਗਾਇਆ 'ਕਜਰਾ ਮੁਹੱਬਤ ਵਾਲਾ' ਸੀ। ਰਤਨ ਪ੍ਰੋਡਕਸ਼ਨ, ਬੰਬਈ ਦੀ ਫਿਲਮ 'ਬਾਂਕੇਲਾਲ' (1972) ਸ਼ਮਸ਼ਾਦ ਬੇਗਮ ਦੇ ਗਾਇਨ ਸਫਰ ਦੀ ਆਖਰੀ ਫਿਲਮ ਸੀ। ਫਿਲਮ 'ਚ ਉਸ ਨੇ ਪਰਦੇਸੀ ਦੇ ਸੰਗੀਤ 'ਚ ਪੰਡਿਤ ਮਧੁਰ ਦਾ ਲਿਖਿਆ ਸਿਰਫ ਇਕ ਗੀਤ 'ਹਮ ਕਿਸਸੇ ਕਹੇਂ ਕਯਾ ਸ਼ਿਕਵਾ ਕਰੇਂ" (ਮਹਿੰਦਰ ਕਪੂਰ, ਆਸ਼ਾ ਭੋਸਲੇ) ਗਾਇਆ। ਉਸ ਨਾਲ ਇਹ ਪ੍ਰਿਥਵੀ ਰਾਜ ਕਪੂਰ ਦੀ ਵੀ ਆਖਰੀ ਫਿਲਮ ਸੀ।

ਸ਼ਮਸ਼ਾਦ ਬੇਗਮ ਨੇ ਪੰਜਾਬੀ, ਉਰਦੂ/ਹਿੰਦੀ, ਗੀਤਾਂ ਤੋਂ ਬਿਨਾ ਤਾਮਿਲ, ਭੋਜਪੁਰੀ, ਰਾਜਸਥਾਨੀ ਅਤੇ ਪਸ਼ਤੋ ਜ਼ੁਬਾਨ ਵਿਚ ਵੀ ਗੀਤ ਗਾਏ। ਆਪਣੀਆਂ ਹਮ-ਅਸਰ ਗੁਲੂਕਰਾਵਾਂ ਵਿਚੋਂ ਉਹ ਹੀ ਸਭ ਤੋਂ ਉੱਚੇ ਸੁਰ 'ਚ ਗਾਉਣ ਵਾਲੀ ਗਾਇਕਾ ਸੀ। ਉਸ ਦੀ ਟੁਣਕਵੀਂ ਆਵਾਜ਼ ਦੀ ਵਿਸ਼ੇਸ਼ ਕਸ਼ਿਸ਼ ਸੀ। ਜਦੋਂ ਪਤਲੀਆਂ ਆਵਾਜ਼ਾਂ ਦਾ ਜ਼ਮਾਨਾ ਸ਼ੁਰੂ ਹੋਇਆ ਤਾਂ ਉਸ ਦਾ ਗਾਉਣਾ ਘੱਟ ਹੁੰਦਾ ਗਿਆ।

ਸਾਲ 2009 ਵਿਚ ਭਾਰਤ ਸਰਕਾਰ ਨੇ ਉਸ ਨੂੰ 'ਪਦਮ ਭੂਸ਼ਣ' ਨਾਲ ਸਨਮਾਨਤ ਕੀਤਾ, ਜੋ 90 ਵਰ੍ਹਿਆਂ ਦੀ ਉਮਰ ਵਿਚ ਕਿਸੇ ਸੁਖਦ ਅਹਿਸਾਸ ਤੋਂ ਘੱਟ ਨਹੀਂ ਸੀ। 23 ਅਪਰੈਲ 2013 ਨੂੰ 94 ਵਰ੍ਹਿਆਂ ਦੀ ਉਮਰ ਵਿਚ ਉਸ ਦਾ ਦੇਹਾਂਤ ਹੋ ਗਿਆ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 9 ਮਾਰਚ 2019 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-367



*ਰੋਹਬ ਵਿਲੱਖਣ ਸਿੰਘ ਦਾ ਬਖਸ਼ਿਆ ਦਸਮ ਦਾਤਾਰ।*
*ਜਿਸ ਦੇ ਮੋਹਰੇ ਹੇਚ ਨੇ ਸਰਕਾਰੀ ਸਿਪਾਹ-ਸਾਲਾਰ।*

### ਕੈਪਸ਼ਨ ਮੁਕਾਬਲਾ-365



ਟਿੱਕੀ ਨਿਕਲਦਿਆਂ ਕਿੱਲਿਓਂ ਖੋਲ੍ਹ
ਪਾਲੀ ਛੇੜਦਾ ਵੱਗ, ਲੈ ਪਸੂ-ਲਵੇਰੇ।
ਟੋਭੇ, ਢਾਬ 'ਚ ਲਾ ਕੇ ਤਾਰੀਆਂ
ਬੋਹੜ ਥੱਲੇ ਲਾ ਲੈਂਦੇ ਡੇਰੇ।
ਪਿੰਡ ਦੀਆਂ ਸਾਂਝਾਂ, ਰੌਣਕਾਂ ਗਈਆਂ
ਸੁੰਨ ਪਸਰ ਗਈ ਹੈ ਚਾਰ ਚੁਫੇਰੇ।
*-ਦਵਿੰਦਰ ਕੌਰ*

---

ਸੁਬਾਹ ਸਵੇਰੇ ਵੱਗ ਛਿੜਦੇ ਸੀ
ਨਿੱਤ ਮਿਲਦੀਆਂ ਮੱਝੀਆਂ ਗਾਵਾਂ।
ਤਾਰੀਆਂ ਲਾਉਣ ਨੂੰ ਛੱਪੜ ਹੈ ਸੀ
ਦੁਪਹਿਰ ਕੱਟਣ ਨੂੰ ਠੰਢੀਆਂ ਛਾਂਵਾਂ।
ਚੇਤਿਆਂ ਵਿਚੋਂ ਵਿਸਰ ਗਏ ਸਭ
ਯਾਦ 'ਚ ਹੈ ਪਲ ਟਾਂਵਾਂ ਟਾਂਵਾਂ।
*-ਜਗਮੀਤ ਸਿੰਘ ਪੰਧੇਰ*
*ਪਿੰਡ ਕਲਾਹੜ (ਲੁਧਿਆਣਾ)*
*ਫੋਨ: 91-98783-37222*

---

ਕਾੜ੍ਹਨੀਆਂ ਵਿਚ ਦੁੱਧ ਕੜ੍ਹਨ ਨਾ
ਕਿੱਥੋਂ ਮਿਲੇ ਮਲਾਈ?
ਲੈ ਗਏ ਦੁੱਧ ਡਰੰਮਾਂ ਵਾਲੇ
ਆ ਸੁਵੱਖਤੇ ਭਾਈ।
ਛੰਨਾਂ ਦੁੱਧ ਦਾ ਮਿਲੇ ਨਾ ਭਰਿਆ
ਲੱਸੀ ਸੁਪਨਾ ਹੋਈ।
ਤੜਕੇ ਉਠ ਕੇ ਨਾਲ ਮਧਾਣੀ
ਦੁੱਧ ਨਾ ਰਿੜਕੇ ਕੋਈ।
ਝੋਨਾ ਹਰ ਥਾਂ ਹਰਿਆ ਭਰਿਆ
ਰਹੀ ਕਪਾਹ ਨਾ ਮੱਕੀ।
ਵਾਗੀ ਮੱਝਾਂ ਕਿੱਥੇ ਚਾਰਨ
ਮੈਰਾ ਰਿਹਾ ਨਾ ਢੱਕੀ।
ਮੱਝਾਂ ਕਿੱਧਰੇ ਦਿਸਣ ਟਾਂਵੀਆਂ
ਨਾ ਕੱਟੀਆਂ ਨਾ ਕੱਟੇ।
ਥਾਂ ਥਾਂ ਵੱਗ ਗਊਆਂ ਦੇ ਫਿਰਦੇ
ਥਾਂ ਥਾਂ ਭਿੜਦੇ ਢੱਟੇ।
*-ਮਾਸਟਰ ਪ੍ਰੀਤਮ ਸਿੰਘ ਲੰਮੇ*
*ਕੈਲੀਫੋਰਨੀਆ।*
*ਫੋਨ: 925-325-2486*

---

ਜੋ ਦੇਖਿਆ ਅਸੀਂ
ਨਹੀਂ ਦੇਖਿਆ ਅਗਲੀ ਪੀੜ੍ਹੀ ਨੇ।
ਸੰਘਣੀਆਂ ਛਾਂਵਾਂ ਪਿੱਪਲਾਂ, ਬੋਹੜਾਂ
ਦੂਰ ਦੂਰ ਤੱਕ ਜੜ੍ਹਾਂ ਫੈਲੀਆਂ
ਟਾਹਣਿਆਂ ਵੀ ਝੁਰਮਟ ਪਾਇਆ।
ਢਾਣੀ ਬੈਠੀ ਤਾਸ਼ ਖੇਲੇ
ਪਸੂ ਮਸਤ ਬੈਠੇ ਕਰਨ ਜਗਾਲੀਆਂ
ਉੜ-ਪੁੜ ਗਏ ਪਿੱਪਲ ਬੋਹੜ
ਛੱਪੜ ਸੁੱਕੇ ਖਾਲੀ ਹੋਏ।
ਕੱਟਾ ਜੰਮਿਆ ਕਦਰ ਘਟੀ ਕਿਸਾਨ ਲਈ
ਕੀ ਪੁੱਛਦੇ ਹੋ ਹਾਲ ਵਤਨ ਦਾ
ਦੇਖ ਸੁੰਨੇ ਸੁੰਨੇ ਵੀਰਾਨ ਰਾਹ
ਪੰਛੀ ਵੀ ਪਰਵਾਸ ਕਰ ਗਏ।
ਮਧੁਰ ਆਵਾਜ਼ਾਂ ਸੀ ਮੁਗਧ ਕਰਦੀਆਂ
ਅੱਜ ਨਹੀਂ ਉਹ ਕੋਇਲ, ਬੀਂਡੇ ਬੋਲਦੇ
ਲੰਮੇ ਮੁਰਝਾਏ ਸਫੈਦੇ ਹੀ ਦਿਸਦੇ।
*-ਦਰਸ਼ਨਪਾਲ ਦੋਸਾਂਝ*

## ਚਿਰਾਗ-ਡਾਰ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

# ਸਫਰ ਜਾਰੀ ਰਹੇ...

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ-ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ। ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਮੁਸ਼ਕਿਲਾਂ ਦੀ ਗੱਲ ਕਰਦਿਆਂ ਨਸੀਹਤ ਕੀਤੀ ਸੀ, "ਮੁਸ਼ਕਿਲਾਂ ਤੋਂ ਮੁੱਖ ਨਾ ਮੋੜੋ। ਸਗੋਂ ਜ਼ਿੰਦਾਦਿਲੀ ਨਾਲ ਸਾਹਮਣਾ ਕਰੋ। ਇਸ ਦੇ ਨੈਣਾਂ ਵਿਚ ਝਾਕੋ ਅਤੇ ਕਾਮਯਾਬੀ ਦੇ ਮਾਰਗ ਦੀ ਲੋਚਾ ਬਣਾਓ। ਜ਼ਿੰਦਗੀ ਤੁਹਾਡੀ ਹਿੰਮਤ ਅਤੇ ਹੌਸਲੇ ਦਾ ਨਗਮਾ ਗੁਣਗਣਾਏਗੀ।" ਜ਼ਿੰਦਗੀ ਵਿਚ ਬੰਦੇ ਨੇ ਕਿਸੇ ਦਿਨ ਤਾਂ ਰਿਟਾਇਰ (ਸੇਵਾ ਮੁਕਤ) ਹੋਣਾ ਹੀ ਹੈ, ਸਿਰਫ ਨੌਕਰੀ ਤੋਂ ਹੀ ਨਹੀਂ ਆਪਣੇ ਜੀਵਨ ਦੀਆਂ ਜ਼ਿੰਮੇਵਾਰੀਆਂ ਤੋਂ ਵੀ। ਡਾ. ਭੰਡਾਲ ਕਹਿੰਦੇ ਹਨ ਕਿ ਸੇਵਾ ਮੁਕਤੀ ਪਿਛੋਂ ਜੇ ਧਿਆਨ ਦਈਏ ਤਾਂ ਬਹੁਤ ਕੁਝ ਹੈ, ਜੋ ਕੀਤਾ ਜਾ ਸਕਦਾ ਹੈ। ਇਨ੍ਹਾਂ ਵਿਚ ਉਹ ਰੀਝਾਂ ਪੂਰੀ ਕਰਨਾ ਵੀ ਸ਼ਾਮਲ ਹੈ, ਜੋ ਪੂਰੀਆਂ ਨਹੀਂ ਸੀ ਕਰ ਸਕੇ। ਉਹ ਕਹਿੰਦੇ ਹਨ, ਉਨ੍ਹਾਂ ਲੋਕਾਂ ਨੂੰ ਗਲ ਨਾਲ ਲਾਓ, ਜੋ ਰੁੱਸ ਗਏ ਨੇ, ਨਿੱਕੀਆਂ-ਨਿੱਕੀਆਂ ਗਲਤਫਹਿਮੀਆਂ ਕਾਰਨ। ਉਨ੍ਹਾਂ ਸਬੰਧਾਂ ਨੂੰ ਮੁੜ ਤੋਂ ਪੁਨਰ-ਸੁਰਜੀਤ ਕਰੋ, ਜੋ ਤਿੜਕਣ ਦੀ ਰੁੱਤ ਹੰਢਾ ਰਹੇ ਨੇ ਅਤੇ ਲੰਮੇ ਸਮੇਂ ਤੋਂ ਸੋਚਾਂ ਨੂੰ ਬੇਦਾਵਾ ਦੇ ਚੁਕੇ ਨੇ। ਐਵੇਂ ਹੀ ਕੁਝ ਲੋਕ ਤਾਂ ਆਖਰੀ ਸਫਰ 'ਤੇ ਤੁਰਨ ਤੋਂ ਪਹਿਲਾਂ ਹੀ ਮਰਸੀਆ ਬਣ ਜਾਂਦੇ। ਉਨ੍ਹਾਂ ਦਾ ਵਿਚਾਰ ਹੈ ਕਿ ਜੀਵਨ ਦੇ ਕਿਸੇ ਵੀ ਪੜਾਅ 'ਤੇ ਨਵੇਂ ਸੁਪਨੇ ਲਏ ਜਾ ਸਕਦੇ ਨੇ। ਨਵੀਂਆਂ ਤਰਜ਼ੀਹਾਂ ਤੇ ਤਦਬੀਰਾਂ ਨੂੰ ਅਪਨਾਇਆ ਜਾ ਸਕਦਾ ਅਤੇ ਨਵੀਂਆਂ ਮੰਜ਼ਿਲਾਂ ਵੰਨੀਂ ਉਡਾਣ ਭਰੀ ਜਾ ਸਕਦੀ ਏ। -ਸੰਪਾਦਕ***

ਸੇਵਾ-ਮੁਕਤੀ, ਜੀਵਨ ਦੇ ਇਕ ਪੜਾਅ ਦੀ ਸੰਪੂਰਨਤਾ ਅਤੇ ਅਗਲੇਰੇ ਪੜਾਅ ਦਾ ਅਰੰਭ।

ਸੇਵਾ-ਮੁਕਤੀ, ਪਰਿਵਾਰਕ ਜ਼ਿੰਮੇਵਾਰੀਆਂ ਅਤੇ ਕੰਮਕਾਜੀ ਰੁਝੇਵਿਆਂ ਨੂੰ ਬਾਖੂਬੀ ਨਿਭਾ ਕੇ ਸੁਤੰਤਰ ਜੀਵਨ ਦੇ ਰਾਹੀਂ ਤੁਰਨਾ। ਜੀਵਨ ਦਾ ਵਧੇਰੇ ਹਿੱਸਾ ਮਾਂ-ਬਾਪ, ਪਤਨੀ-ਬੱਚਿਆਂ ਅਤੇ ਪੇਸ਼ੇ ਦੇ ਲੇਖੇ ਲਾਉਣ ਪਿਛੋਂ ਖੁਦ ਵੱਲ ਪਰਤਣਾ। ਮਨ ਦੀਆਂ ਰੀਝਾਂ, ਸੂਖਮ ਸੋਚਾਂ ਅਤੇ ਕਲਾਤਮਕ ਰੁਚੀਆਂ ਨੂੰ ਰੂਹ-ਪਰਵਾਜ਼ ਦੇਣੀ।

ਸੇਵਾ-ਮੁਕਤੀ ਬੇਲੋੜੇ ਮਾਨਸਿਕ ਦਬਾਅ, ਖਿਚੋਤਾਣ, ਭੱਜ-ਦੌੜ, ਭਟਕਣਾ ਅਤੇ ਪ੍ਰੇਸ਼ਾਨੀਆਂ ਤੋਂ ਪੂਰਨ ਰਾਹਤ। ਜਲਦੀ ਸੇਵਾ-ਮੁਕਤ ਹੋ ਕੇ ਨਿੱਜੀ ਸ਼ੌਕਾਂ ਨੂੰ ਪੂਰਾ ਕਰਨ ਵਾਲੇ ਅਤੇ ਮਨ ਦੀਆਂ ਮੁਹਾਰਾਂ ਰੂਹ ਹੱਥ ਫੜਾਉਣ ਵਾਲੇ ਹੀ ਲੰਮੀ ਉਮਰ ਦੇ ਰਾਜ਼ਦਾਨ।

ਦਰਅਸਲ ਸੇਵਾ-ਮੁਕਤ ਹੋਣਾ ਜੀਵਨ ਤੋਂ ਮੁਕਤ ਹੋਣਾ ਨਹੀਂ, ਸਗੋਂ ਜੀਵਨ ਨੂੰ ਨਵੀਆਂ ਰਾਹਾਂ ਤੇ ਬੁਲੰਦੀਆਂ ਵੰਨੀਂ ਤੋਰਨ ਦਾ ਨਾਮ। ਜੀਵਨ ਨੂੰ ਨਵੇਂ ਸਿਰੇ ਤੋਂ ਦੇਖਣ, ਸਮਝਣ ਅਤੇ ਸਿਰਜਣਾਤਮਕਤਾ ਵੰਨੀਂ ਤੋਰਨਾ।

ਸੇਵਾ-ਮੁਕਤ ਹੋ ਕੇ ਜੀਵਨ ਦੇ ਆਖਰੀ ਸਫਰ ਤੋਂ ਪਹਿਲਾਂ ਮਨ ਵਿਚ ਬਹੁਤ ਸਾਰੇ ਖਿਆਲ, ਸੁਪਨੇ ਅਤੇ ਸੂਖਮ ਸੋਚਾਂ ਮਨ-ਦਰ 'ਤੇ ਦਸਤਕ ਦਿੰਦੀਆਂ, ਜਿਨ੍ਹਾਂ ਦੀ ਪੂਰਤੀ ਜੀਵਨ ਦੀਆਂ ਉਲਝਣਾਂ ਵਿਚ ਹੀ ਗੁਆਚ ਗਈ ਹੋਵੇ।

ਸੇਵਾ ਮੁਕਤੀ ਪਿਛੋਂ ਉਨ੍ਹਾਂ ਲੋਕਾਂ ਨੂੰ ਗਲ ਨਾਲ ਲਾਓ, ਜੋ ਰੁੱਸ ਗਏ ਨੇ, ਨਿੱਕੀਆਂ-ਨਿੱਕੀਆਂ ਗਲਤਫਹਿਮੀਆਂ ਕਾਰਨ। ਉਨ੍ਹਾਂ ਸਬੰਧਾਂ ਨੂੰ ਮੁੜ ਤੋਂ ਪੁਨਰ-ਸੁਰਜੀਤ ਕਰੋ, ਜੋ ਤਿੜਕਣ ਦੀ ਰੁੱਤ ਹੰਢਾ ਰਹੇ ਨੇ ਅਤੇ ਲੰਮੇ ਸਮੇਂ ਤੋਂ ਸੋਚਾਂ ਨੂੰ ਬੇਦਾਵਾ ਦੇ ਚੁਕੇ ਨੇ। ਰਿਸ਼ਤੇਦਾਰੀਆਂ ਵਿਚ ਭਰੀ ਕੁੜੱਤਣ ਵਿਚ ਮਿਠਾਸ ਘੋਲਣ ਦੀ ਕੋਸ਼ਿਸ਼ ਕਰੋ ਤਾਂ ਕਿ ਰਿਸ਼ਤਿਆਂ ਦੀ ਸੁਗੰਧ ਹਾਸਲ ਬਣ ਜਾਵੇ ਅਤੇ ਮੋਹਵੰਤੇ ਸਮਾਜ ਦਾ ਨਰੋਇਆ ਰੂਪ ਹੰਢਾਵੇ।

ਸੇਵਾ ਮੁਕਤ ਹੋ ਕੇ ਮਨ ਵਿਚ ਤਾਂ ਇਹ ਵੀ ਆਉਂਦਾ ਕਿ ਉਨ੍ਹਾਂ ਬਚਪਨੀ ਮਿੱਤਰਾਂ ਨੂੰ ਤਲਾਸ਼ਾਂ, ਜੋ ਦੁਨੀਆਂ ਦੀ ਭੀੜ ਵਿਚ ਗੁਆਚ ਗਏ ਨੇ। ਲੱਭ ਕੇ ਗਲ ਨਾਲ ਲਾਵਾਂ ਅਤੇ ਉਨ੍ਹਾਂ ਨੂੰ ਬਚਪਨੇ ਦੀਆਂ ਸ਼ਰਾਰਤਾਂ, ਖੇਡਾਂ, ਮਾਸੂਮੀਅਤ ਭਰੀਆਂ ਗੱਲਾਂ ਅਤੇ ਅਣਭੋਲ ਸ਼ਰਾਰਤਾਂ ਵਿਚੋਂ ਅਸੀਮ ਖੁਸ਼ੀਆਂ ਮਾਣਨ ਦੇ ਪਲਾਂ ਨੂੰ ਯਾਦ ਕਰਾਵਾਂ। ਭਾਵੇਂ ਇਹ ਖਿੱਦੋ-ਖੂੰਡੀ ਖੇਡਦਿਆਂ ਘੱਟੇ 'ਚ ਲੱਥਪੱਥ ਹੋਣਾ ਹੋਵੇ, ਮੱਝਾਂ ਦੀਆਂ ਪੂਛਾਂ ਫੜ ਕੇ ਛੱਪੜ ਵਿਚ ਨਹਾਉਣਾ ਹੋਵੇ, ਫੱਟੀਆਂ ਸੁਕਾਉਂਦਿਆਂ ਫੱਟੀਆਂ ਨਾਲ ਕੀਤੀ ਲੜਾਈ ਹੋਵੇ, ਸਕੂਲੇ ਛੁੱਟੀ ਦੀ ਘੰਟੀ ਵਜਾਉਣਾ ਹੋਵੇ, ਮਾਸਟਰ ਦੀ ਕੁਰਸੀ ਨੂੰ ਚੁੱਕ ਕੇ ਬਾਹਰ ਲਿਜਾਣਾ ਹੋਵੇ, ਟੁੱਟੇ ਬਨੇਰੇ 'ਤੇ ਬਹਿ ਕੇ ਬੇਹੀ ਰੋਟੀ ਵਿਚੋਂ ਅੰਮ੍ਰਿਤੀ ਸਵਾਦ ਚੱਖਣਾ ਹੋਵੇ, ਰਾਤ ਨੂੰ ਤਾਰਿਆਂ ਦੇ ਦੇਸ਼ ਜਾਣਾ ਹੋਵੇ, ਪੱਖੇ ਮੂਹਰੇ ਡਾਹੇ ਮੰਜੇ 'ਤੇ ਪੈਣ ਦਾ ਚਾਅ ਹੋਵੇ, ਨਿਗੂਣੀ ਜਿੱਤ ਪੁਗਾਉਣ ਲਈ ਅੱਧਾ-ਅੱਧਾ ਦਿਨ ਰਿਹਾੜ ਕਰਨਾ ਹੋਵੇ, ਸੁਹਾਗੇ, ਖੂਹ ਦੀ ਗਾਟੀ ਜਾਂ ਖਰਾਸ 'ਤੇ ਲਏ ਝੂਟਿਆਂ ਦੇ ਪਲ ਹੋਣ। ਫੱਟੀ ਪੋਚਣ ਤੋਂ ਲੈ ਕੇ ਡੁੱਬਕੇ ਚੋਰੀ ਕਰਨ ਵਰਗੀ ਬਚਪਨੀ ਸਮਿਆਂ ਦੀ ਇਬਾਰਤ ਨੂੰ ਮਿੱਟਣ ਤੋਂ ਬਚਾਉਣ ਲਈ ਅਜੇ ਇਹੀ ਤਾਂ ਮੌਕਾ ਏ।

ਚਿੱਤ ਵਿਚ ਤਾਂ ਆਉਂਦਾ ਕਿ ਸੇਵਾ-ਮੁਕਤ ਹੋ ਕੇ ਜੀਵਨ ਦੀ ਭੱਜ-ਦੌੜ ਦੌਰਾਨ ਮੋੜਾਂ ਤੇ ਰਾਹ ਵਿਚ ਟੱਕਰੇ ਉਨ੍ਹਾਂ ਲੋਕਾਂ ਨੂੰ ਯਾਦ ਕਰਾਵਾਂ ਕਿ ਉਨ੍ਹਾਂ ਦੀ ਨੇਕ ਸਲਾਹ ਨੇ ਮੇਰੀਆਂ ਤਰਜ਼ੀਹਾਂ ਅਤੇ ਤਕਦੀਰ ਨੂੰ ਕਿੰਨਾ ਬਦਲ ਦਿਤਾ ਸੀ? ਉਨ੍ਹਾਂ ਲੋਕਾਂ ਦੀ ਅਹਿਮੀਅਤ ਤੇ ਦੇਣ ਨੂੰ ਸਜ਼ਦਾ ਕਰਾਂ ਜਦ ਰੋਟੀ ਦੀ ਮੁਥਾਜੀ 'ਚ ਰੁਜ਼ਗਾਰ ਭਾਲਦਿਆਂ, ਉਨ੍ਹਾਂ ਦੀ ਹੱਲਾਸ਼ੇਰੀ ਅਤੇ ਸਹਾਰੇ ਨੇ ਜੀਵਨ ਨੂੰ ਨਵੀਂ ਰੰਗਤ ਦਿੰਦਿਆਂ ਜਿਉਣ-ਜੋਗਾ ਬਣਾਇਆ ਸੀ। ਬੀਤੇ ਨਾਲ ਜੁੜਨ ਦੀ ਤਮੰਨਾ ਵਿਚੋਂ ਹੀ ਅਜਿਹੀਆਂ ਸੋਚਾਂ ਮਨ-ਜੂਹ ਵਿਚ ਤੈਰਦੀਆਂ। ਆਪਣੇ ਅਤੀਤ ਨੂੰ ਯਾਦ ਰੱਖਣਾ ਹੀ ਮਨੁੱਖੀ ਫਿਤਰਤ ਲਈ ਸਭ ਤੋਂ ਅਹਿਮ।

ਇਹ ਵੀ ਚਾਹੁੰਨਾਂ ਕਿ ਰਿਟਾਇਰ ਹੋ ਕੇ ਜਿਉਂਦੇ-ਜੀਅ ਅਫਰੀਕਾ/ਕਾਲੇ ਪਾਣੀਆਂ ਦੇ ਉਨ੍ਹਾਂ ਜੰਗਲਾਂ ਨੂੰ ਗਾਹਾਂ, ਜਿਸ ਦੇ ਮੂਲ ਨਿਵਾਸੀ ਦੁਨੀਆਂ ਦੀ ਤੇਜ ਰਫਤਾਰੀ ਤੋਂ ਨਿਰਲੇਪ, ਜ਼ਿੰਦਗੀ ਨੂੰ ਕੁਦਰਤ ਦੇ ਆਗੋਸ਼ ਵਿਚ, ਕੁਦਰਤ ਸੰਗ ਇਕਸੁਰਤਾ ਨਾਲ ਜਿਉਂਦੇ ਨੇ। ਉਨ੍ਹਾਂ ਲਈ ਕੁਦਰਤ ਦੀ ਅਵੱਗਿਆ, ਸਭ ਤੋਂ ਵੱਡੀ ਅਕ੍ਰਿਤਘਣਤਾ ਅਤੇ ਨਾ-ਮੁਆਫੀ ਯੋਗ ਗੁਨਾਹ। ਉਨ੍ਹਾਂ ਦੇ ਮਨਾਂ ਦੀ ਪਾਕੀਜ਼ਗੀ ਤੇ ਜੀਵਨੀ-ਸੁਰਤਾਲ ਅਜੋਕੇ ਮਨੁੱਖ ਵਿਚੋਂ ਕਿਉਂ ਮਨਫੀ ਹੋ ਗਈ? ਕਿਉਂ ਨਹੀਂ ਅਸੀਂ ਜੀਵਨ ਅਤੇ ਜੀਵਨ-ਦਾਨੀ ਵਿਚ ਸੰਤੁਲਨ ਰੱਖ ਕੇ ਜੀਵਨ ਨੂੰ ਜੀਵੰਤ ਬਣਾ ਸਕਦੇ?

ਕਦੇ ਕਦੇ ਉਡਾਰੂ ਮਨ ਐਂਟਾਰਟਿਕਾ ਵਿਚ ਕੁਦਰਤ ਦੀ ਰਹੱਸਮਈ ਚੁੱਪ ਅਤੇ ਆਲੇ-ਦੁਆਲੇ ਫੈਲੀ ਹੋਈ ਕੁਦਰਤੀ ਸੁੰਦਰਤਾ ਨੂੰ ਨਿਹਾਰਨਾ ਚਾਹੁੰਦਾ, ਜੋ ਮਨੁੱਖੀ ਵਸੋਂ ਤੋਂ ਨਿਰਲੇਪ, ਮਨੁੱਖੀ ਗਲਤੀਆਂ ਤੋਂ ਬਚੀ, ਨਿਰਛੱਲਤਾ ਦਾ ਮੁਜੱਸਮਾ ਏ। ਇਥੇ ਰਹਿੰਦੇ ਭੋਲੇ-ਭਾਲੇ ਜੀਵਾਂ ਨੂੰ ਮਨੁੱਖ ਦੀ ਮਾਰੂ-ਬਿਰਤੀ ਨਹੀਂ ਦਿਸਦੀ। ਉਹ ਮਨੁੱਖੀ ਚਾਲਾਂ ਵਿਚ ਫਸ ਕੇ ਆਪਣੀ ਜੀਵਨ-ਲੀਲਾ ਹੀ ਗਵਾ ਬਹਿੰਦੇ ਨੇ। ਉਤਰੀ ਧਰੁੱਵ 'ਤੇ ਕੁਦਰਤ ਦੀ ਅੱਖ ਵਿਚ ਹੰਝੂ ਧਰਨ ਵਾਲਾ ਮਨੁੱਖ ਗਲੇਸ਼ੀਅਰਾਂ ਦੇ ਪਿਘਲਣ ਨੂੰ ਵੀ ਆਪਣੀ ਗਲਤੀ ਮੰਨਣ ਤੋਂ ਮੁਨਕਰ। ਇਸ ਮੁਨਕਰੀ ਨੇ ਉਤਰੀ ਧਰੁੱਵ ਨੂੰ ਸਦਾ ਲਈ ਅਲੋਪ ਕਰ ਦੇਣਾ।

ਸੋਚ ਉਡਾਣ ਤਾਂ ਉਸ ਪਿੰਡ ਦੀ ਜੂਹ ਵਿਚ ਫੇਰਾ ਪਾਉਣਾ ਚਾਹੁੰਦੀ, ਜਿਸ ਨੇ ਸੁਪਨੇ ਤੇ ਸੁਪਨਿਆਂ ਲਈ ਪਰ ਦਿਤੇ। ਉਨ੍ਹਾਂ ਖੇਤਾਂ, ਖਾਲਾਂ ਤੇ ਖਲਿਆਣਾਂ ਨੂੰ ਗਾਹਾਂ, ਜਿਨ੍ਹਾਂ ਨੇ ਮੈਨੂੰ ਜੀਵਨ ਵਿਚ ਮਿਹਨਤ-ਮੁਸ਼ੱਕਤ ਦੀ ਸੋਝੀ ਕਰਵਾਈ। ਖੇਤ ਵਿਚ ਛੰਨ ਪਾ ਕੇ ਬਿਰਖਾਂ ਅਤੇ ਪਰਿੰਦਿਆਂ ਦੀ ਸਾਂਝ ਵਿਚ ਮਾਣੇ ਉਹ ਪਲ ਹੁਣ ਵੀ ਚੇਤਿਆਂ ਨੂੰ ਸਕੂਨ ਬਖਸ਼ ਕੁਝ ਅਜਿਹਾ ਮਨ ਵਿਚ ਧਰ ਜਾਂਦੇ, ਜਿਨ੍ਹਾਂ ਦੀ ਅਸੀਮਤ ਖੁਸ਼ੀ ਮੈਨੂੰ ਖੇਤਾਂ ਵਿਚ ਤੁਰਨ ਜਿਹਾ ਵਿਸਮਾਦ ਪੈਦਾ ਕਰਦੀ। ਨੰਗੇ ਪੈਰੀਂ ਤ੍ਰੇਲ-ਭਿੱਜੀਆਂ ਵੱਟਾਂ 'ਤੇ ਤੁਰਨਾ, ਵੱਟਾਂ ਨੂੰ ਜਾਣ-ਬੁੱਝ ਕੇ ਢੇਹਣਾ, ਆੜ ਵਿਚ ਗੰਢੇ ਦੀ ਭੂਕ ਨਾਲ ਪਾਣੀ ਪੀਣਾ ਅਤੇ ਖਰਬੂਜ਼ੇ ਤੇ ਹਦਵਾਣੇ ਖਾਂਦਿਆਂ, ਅੱਧਾ ਖਾਣਾ ਤੇ ਅੱਧਾ ਵਗਾਹ ਮਾਰਨ ਵਾਲੀ ਉਹ ਰੁੱਤ ਕਿਵੇਂ ਵਾਪਸ ਪਰਤੇਗੀ ਤੇ ਕਿਵੇਂ ਉਸ ਨਾਲ ਆਪਣੀ ਮੁਹੱਬਤ ਦਾ ਇਜ਼ਹਾਰ ਕਰਾਂਗਾ?

ਬਹੁਤ ਜੀਅ ਕਰਦਾ, ਬਿਆਸ ਦਰਿਆ ਦੇ ਉਨ੍ਹਾਂ ਪਾਣੀਆਂ 'ਚ ਮੁੜ ਤਾਰੀਆਂ ਲਾਵਾਂ, ਜਿਨ੍ਹਾਂ ਵਿਚ ਮੱਝਾਂ ਦੀਆਂ ਪੂਛਾਂ ਫੜ ਕੇ ਨਹਾਉਣਾ, ਪਸ਼ੂਆਂ ਸੰਗ ਦਰਿਆ ਦੇ ਪਾਣੀ ਦੀਆਂ ਘੁੱਟਾਂ ਭਰਨੀਆਂ, ਚੁੱਭੀਆਂ ਲਾ ਕੇ ਇਕ ਦੂਜੇ ਨੂੰ ਲੱਭਣਾ ਤੇ ਛੂਹਣਾ। ਦਰਿਆ ਦੇ ਪਾਣੀ ਵਰਗੇ ਦੋਸਤ ਕਿਥੋਂ ਲਿਆਉਣ ਅਤੇ ਉਨ੍ਹਾਂ ਅਜ਼ੀਮ ਪਲਾਂ ਨੂੰ ਮੋੜ ਲਿਆਉਣ?

ਕਦੇ ਕਦੇ ਮਨ 'ਚ ਆਉਂਦਾ ਕਿ ਘਰ ਦੇ ਵਿਹੜੇ ਵਿਚ ਫੁੱਲਾਂ ਦੀ ਖੇਤੀ ਕਰਾਂ। ਪੱਤੀਆਂ ਨੂੰ ਸਹਿਲਾਵਾਂ। ਤਿਤਲੀਆਂ ਫੜਾਂ, ਭੌਰਿਆਂ ਦੀ ਫੁੱਲਾਂ ਸੰਗ ਗੁਫਤਗੂ ਸੁਣਾਂ ਅਤੇ ਹੁੰਗਾਰਾ ਭਰਾਂ। ਕਿੰਨੀ ਡੂੰਘੀ ਤੇ ਭਾਵਪੂਰਤ ਹੁੰਦੀ ਸੀ ਉਹ ਗੁਫਤਗੂ, ਜੋ ਮਨੁੱਖੀ ਗੱਲਬਾਤ ਤੋਂ ਉਕਾ ਨਿਆਰੀ ਤੇ ਪਿਆਰੀ। ਫੁੱਲਾਂ ਸੰਗ ਫੁੱਲ ਬਣਨ ਦਾ ਅਲੋਕਾਰੀ ਅਨੰਦ। ਫੁੱਲਾਂ ਜਿਹਾ ਬਣਨ ਦੀ ਲੋਚਾ ਨੇ ਹੀ ਜੀਵਨ ਨੂੰ ਸੁਹਜ-ਭਾਵੀ ਬਣਾਇਆ। ਵਿਹੜੇ 'ਚ ਸਬਜ਼ੀਆਂ ਤੇ ਫਲਦਾਰ ਬੂਟੇ ਉਗਾਵਾਂ। ਬਾਜ਼ਾਰੂ ਸਬਜ਼ੀਆਂ ਤੇ ਫਲਾਂ ਨੇ ਸਿਰਫ ਬਿਮਾਰੀਆਂ ਹੀ ਦਿਤੀਆਂ ਨੇ। ਬੀਤੇ ਵਿਚ ਜਿਉਣ ਨੂੰ ਬੜਾ ਮਨ ਕਰਦਾ।

ਸੋਚਦਾਂ, ਜੀਵਨੀ ਖਲਜਗਣਾਂ ਤੋਂ ਵਿਹਲਾ ਹੋ ਕੇ ਮਨ ਵਿਚ ਸੁੱਤੀਆਂ ਉਹ ਕਲਾਵਾਂ ਜਗਾਵਾਂ, ਜਿਨ੍ਹਾਂ ਦੀ ਸੁੰਨਤਾ ਨੇ ਮੇਰੀ ਸੋਚ-ਜੂਹ ਤ੍ਰਿਸਕਾਰੀ ਰੱਖੀ। ਉਨ੍ਹਾਂ ਭਾਵਨਾਵਾਂ ਨੇ ਸਾਹ-ਹੀਣ ਹੋਣ ਨਾਲੋਂ ਸੂਲੀ 'ਤੇ ਲਟਕਣ ਨੂੰ ਤਰਜ਼ੀਹ ਦਿਤੀ।

ਮਨ ਕਰਦਾ ਕਿ ਉਨ੍ਹਾਂ ਸੁਪਨਿਆਂ ਨੂੰ ਫਿਰ ਤੋਂ ਪਰਵਾਜ਼ ਦੇਵਾਂ, ਜਿਨ੍ਹਾਂ ਦੀ ਚੁੱਪ ਨੇ ਮੈਨੂੰ ਬੇਚੈਨ ਕਰ ਦਿਤਾ ਸੀ। ਹੁਣ ਉਹ ਅਧਮੋਏ ਜਿਹੇ ਫਿਰ ਤੋਂ ਆਪਣੀ ਹੋਂਦ ਨੂੰ ਵਿਸ਼ਾਲਣ ਲਈ ਅਹੁਲ ਰਹੇ ਨੇ। ਮਨ ਵਿਚ ਖਿਆਲ ਆਉਂਦਾ ਕਿ ਉਨ੍ਹਾਂ ਥਾਂਵਾਂ 'ਤੇ ਜਾਵਾਂ, ਜਿਨ੍ਹਾਂ ਦੀ ਖਿੱਚ ਨੇ ਬਚਪਨੇ 'ਚ ਮੈਨੂੰ ਪ੍ਰੇਰਿਆ ਸੀ। ਉਨ੍ਹਾਂ ਨੂੰ ਨਿਹਾਰਾਂ ਅਤੇ ਸੁਲਘਦੇ ਤੇ ਸਿਸਕਦੇ ਇਤਿਹਾਸ ਨੂੰ ਪੜ੍ਹਾਂ। ਬਜੁਰਗਾਂ ਦੀਆਂ ਕੀਰਤੀਆਂ, ਕਰਨੀਆਂ ਨੂੰ ਸੋਚ ਵਿਚ ਧਰ ਕੁਝ ਅਜਿਹਾ ਕਰਾਂ ਕਿ ਆਉਣ ਵਾਲੀਆਂ ਨਸਲਾਂ ਖੁਦ ਨੂੰ ਜੀਵਨ-ਧਰਾਤਲ ਦੇ ਮੇਚ ਕਰ ਸਕਣ।

***ਸੇਵਾ ਮੁਕਤ ਹੋ ਕੇ ਮਨ ਵਿਚ ਤਾਂ ਇਹ ਵੀ ਆਉਂਦਾ ਕਿ ਉਨ੍ਹਾਂ ਬਚਪਨੀ ਮਿੱਤਰਾਂ ਨੂੰ ਤਲਾਸ਼ਾਂ, ਜੋ ਦੁਨੀਆਂ ਦੀ ਭੀੜ ਵਿਚ ਗੁਆਚ ਗਏ ਨੇ। ਲੱਭ ਕੇ ਗਲ ਨਾਲ ਲਾਵਾਂ ਅਤੇ ਉਨ੍ਹਾਂ ਨੂੰ ਬਚਪਨੇ ਦੀਆਂ ਸ਼ਰਾਰਤਾਂ, ਖੇਡਾਂ, ਮਾਸੂਮੀਅਤ ਭਰੀਆਂ ਗੱਲਾਂ ਅਤੇ ਅਣਭੋਲ ਸ਼ਰਾਰਤਾਂ ਵਿਚੋਂ ਅਸੀਮ ਖੁਸ਼ੀਆਂ ਮਾਣਨ ਦੇ ਪਲਾਂ ਨੂੰ ਯਾਦ ਕਰਾਵਾਂ। ਭਾਵੇਂ ਇਹ ਖਿੱਦੋ-ਖੂੰਡੀ ਖੇਡਦਿਆਂ ਘੱਟੇ 'ਚ ਲੱਥਪੱਥ ਹੋਣਾ ਹੋਵੇ, ਮੱਝਾਂ ਦੀਆਂ ਪੂਛਾਂ ਫੜ ਕੇ ਛੱਪੜ ਵਿਚ ਨਹਾਉਣਾ ਹੋਵੇ, ਫੱਟੀਆਂ ਸੁਕਾਉਂਦਿਆਂ ਫੱਟੀਆਂ ਨਾਲ ਕੀਤੀ ਲੜਾਈ ਹੋਵੇ, ਸਕੂਲੇ ਛੁੱਟੀ ਦੀ ਘੰਟੀ ਵਜਾਉਣਾ ਹੋਵੇ, ਮਾਸਟਰ ਦੀ ਕੁਰਸੀ ਨੂੰ ਚੁੱਕ ਕੇ ਬਾਹਰ ਲਿਜਾਣਾ ਹੋਵੇ, ਟੁੱਟੇ ਬਨੇਰੇ 'ਤੇ ਬਹਿ ਕੇ ਬੇਹੀ ਰੋਟੀ ਵਿਚੋਂ ਅੰਮ੍ਰਿਤੀ ਸਵਾਦ ਚੱਖਣਾ ਹੋਵੇ, ਰਾਤ ਨੂੰ ਤਾਰਿਆਂ ਦੇ ਦੇਸ਼ ਜਾਣਾ ਹੋਵੇ, ਪੱਖੇ ਮੂਹਰੇ ਡਾਹੇ ਮੰਜੇ 'ਤੇ ਪੈਣ ਦਾ ਚਾਅ ਹੋਵੇ, ਨਿਗੂਣੀ ਜਿੱਤ ਪੁਗਾਉਣ ਲਈ ਅੱਧਾ-ਅੱਧਾ ਦਿਨ ਰਿਹਾੜ ਕਰਨਾ ਹੋਵੇ, ਸੁਹਾਗੇ, ਖੂਹ ਦੀ ਗਾਟੀ ਜਾਂ ਖਰਾਸ 'ਤੇ ਲਏ ਝੂਟਿਆਂ ਦੇ ਪਲ ਹੋਣ।***

ਮਨ ਵਿਚ ਇਹ ਵੀ ਆਉਂਦਾ ਕਿ ਉਨ੍ਹਾਂ ਲੋਕਾਂ ਨਾਲ ਉਹ ਗੱਲਾਂ ਕਰਾਂ, ਜੋ ਮਨ 'ਚ ਅਬੋਲ ਨੇ। ਆਖਰੀ ਸਾਹ ਲੈਣ ਵੇਲੇ ਮਨ 'ਚ ਕੋਈ ਸ਼ਿਕਵਾ ਨਾ ਰਹੇ। ਨਾ ਹੀ ਉਨ੍ਹਾਂ ਲੋਕਾਂ ਦੇ ਮਨਾਂ ਵਿਚ ਕੋਈ ਹੇਰਵਾ ਰਹੇ ਕਿ ਸਾਥੀਆਂ ਨੇ ਦਿਲਲਗੀ ਨਹੀਂ ਕੀਤੀ, ਰੂਹ ਦੀਆਂ ਬਾਤਾਂ ਨਹੀਂ ਪਾਈਆਂ ਤੇ ਰੂਹ ਤੋਂ ਰੂਹ ਤੀਕ ਦਾ ਫਾਸਲਾ ਮਿਟਾਉਣ ਵਿਚ ਕੋਈ ਉਚੇਚ ਨਹੀਂ ਕੀਤਾ। ਉਹ ਸਾਥੀ ਮੇਰੇ ਤੁਰ ਜਾਣ ਪਿਛੋਂ ਮੇਰੀਆਂ ਗੱਲਾਂ ਯਾਦ ਕਰ ਸਕਣਗੇ ਅਤੇ ਉਨ੍ਹਾਂ ਨੂੰ ਆਪਣੀ ਯਾਰੀ 'ਤੇ ਮਾਣ ਰਹੇਗਾ।

ਉਕਤ ਖਿਆਲ ਸੇਵਾ-ਮੁਕਤੀ 'ਤੇ ਮਨ ਵਿਚ ਆਉਂਦੇ। ਮੈਂ ਜੀਵਨ ਦਾ ਬਾਕੀ ਹਿੱਸਾ ਖੁਦ ਲਈ ਜਿਉਣਾ ਚਾਹੁੰਦਾਂ। ਐਵੇਂ ਹੀ ਕੁਝ ਲੋਕ ਤਾਂ ਆਖਰੀ ਸਫਰ 'ਤੇ ਤੁਰਨ ਤੋਂ ਪਹਿਲਾਂ ਹੀ ਮਰਸੀਆ ਬਣ ਜਾਂਦੇ। ਉਨ੍ਹਾਂ ਲਈ ਜਿਉਂਦੇ-ਜੀਅ ਮਰਨ ਨੂੰ ਹੀ ਜੀਅ ਕਰਦਾ।

ਜੀਵਨ ਜਿਉਣਾ ਹੋਵੇ ਤਾਂ ਉਨ੍ਹਾਂ ਲੋਕਾਂ ਵੰਨੀਂ ਦੇਖੋ, ਜੋ ਜੀਵਨ ਦੇ ਹਰ ਮੋੜ ਨੂੰ ਸੁਚਾਰੂ ਅਤੇ ਉਸਾਰੂ ਰੂਪ ਵਿਚ ਚਿਤਵਦਿਆਂ ਨਵੀਂਆਂ ਬੁਲੰਦੀਆਂ 'ਤੇ ਪਹੁੰਚ ਸਮਾਜ ਲਈ ਰਸ਼ਕ ਬਣੇ। ਮੇਰੇ ਸ਼ਹਿਰ ਦਾ ਬਹੁਤ ਹੀ ਜ਼ਹੀਨ ਸਰਜਨ ਹੈ। 75 ਸਾਲ ਕੰਮ ਕਰਨ ਪਿਛੋਂ ਰਿਟਾਇਰ ਹੋ ਅੰਗਰੇਜ਼ੀ ਦੀਆਂ ਕਲਾਸਿਕ ਪੁਸਤਕਾਂ ਦਾ ਪੰਜਾਬੀ ਵਿਚ ਉਲਥਾ ਕਰ ਪੰਜਾਬੀਆਂ ਨੂੰ ਕਲਾਸਿਕ ਸਾਹਿਤ ਦੇ ਦਰਸ਼ਨ ਕਰਵਾ ਰਿਹਾ ਏ। ਉਸ ਨੇ ਆਪਣੀ ਸਵੈ-ਜੀਵਨੀ ਵੀ ਲਿਖੀ ਕਿ ਕਿਵੇਂ ਨਿੱਕੇ ਜਿਹੇ ਪਿੰਡ ਦਾ ਜੁਆਕ ਦੇਸ਼ ਦੇ ਬਟਵਾਰੇ ਦਾ ਦਰਦ ਹੰਢਾਉਂਦਾ, ਦੁਸ਼ਵਾਰੀਆਂ ਤੇ ਆਰਥਕ ਕਠਿਨਾਈਆਂ ਸਰ ਕਰਦਾ ਜੀਵਨ ਨੂੰ ਰੌਸ਼ਨ ਰਾਹਾਂ ਵੰਨੀਂ ਤੋਰਨ ਅਤੇ ਨਵੀਂਆਂ ਲੀਹਾਂ ਪਾਉਣ ਵਿਚ ਕਾਮਯਾਬ ਰਿਹਾ। ਉਸ ਦਾ ਹਰ ਸਾਹ ਨਵੀਂ ਕੀਰਤੀ ਨੂੰ ਕਿਆਸਦਾ। ਸਾਰਥਕ ਰੁਝੇਵੇਂ ਨੇ ਉਮਰ ਦੀ ਦਸਤਕ ਵੀ ਮੁਲਤਵੀ ਕਰ ਦਿਤੀ। ਹਰਫਾਂ ਵਿਚੋਂ ਮਨੁੱਖੀ ਭਾਵਨਾਵਾਂ ਨੂੰ ਪਛਾਣਨ ਅਤੇ ਉਨ੍ਹਾਂ ਨੂੰ ਹਰਫਾਂ ਵਿਚ ਉਲਥਾਉਣ ਵਾਲਾ, ਕਿਵੇਂ ਡਾਕਟਰੀ ਔਜ਼ਾਰਾਂ ਤੋਂ ਸ਼ਬਦ-ਸਾਧਨਾ ਵੱਲ ਤੁਰਿਆ, ਇਸੇ ਨੂੰ ਜੀਵਨ-ਰਾਜ਼ ਕਹਿੰਦੇ। ਇਸੇ ਵਿਚੋਂ ਹੀ ਸਿਹਤਮੰਦ ਜੀਵਨ-ਜਾਚ ਨੂੰ ਨਿਰਧਾਰਤ ਕਰਦੇ ਹਾਂ।

ਜੀਵਨ ਦਾ ਇਕ ਮਾਰਗ ਬੰਦ ਹੋਣ ਪਿਛੋਂ ਦੂਜਾ ਰਾਹ ਬਣਾਉਣਾ, ਉਸ ਜਾਣਕਾਰ ਡਾਕਟਰ ਤੋਂ ਸਿਖਿਆ ਜਾ ਸਕਦਾ, ਜੋ ਡਾਕਟਰੀ ਪੇਸ਼ੇ ਤੋਂ ਪੇਂਟਿੰਗ ਵੱਲ ਪਰਤਿਆ ਏ। ਹਾਲਾਤ ਦੀ ਮਜ਼ਬੂਰੀ ਵਿਚ ਪੇਂਟਿੰਗ ਵਿਚੋਂ ਸਕੂਨ ਅਤੇ ਸਹਿਜ ਦੀ ਗੁੜਤੀ ਪਾਉਣਾ, ਕਲਾਤਮਕ ਪ੍ਰੇਰਨਾ ਵੀ ਬਣੀ। ਦਰਅਸਲ ਕਲਾਕਾਰ ਉਸ ਦੇ ਅੰਦਰ ਜਿਉਂਦਾ ਸੀ, ਪਰ ਡਾਕਟਰੀ ਪੇਸ਼ੇ ਨੇ ਉਸ ਦੀ ਪੇਸ਼ ਨਾ ਜਾਣ ਦਿਤੀ। ਹੁਣ ਉਹ ਸੂਖਮ-ਕਲਾਵਾਂ ਨੂੰ ਖੁਦ ਜਿਉਂਦਾ, ਕਲਾ-ਕ੍ਰਿਤਾਂ ਨਾਲ ਗੱਲਾਂ ਕਰਦਾ, ਹੁੰਗਾਰਾ ਭਰਦਾ ਅਤੇ ਕੈਨਵਸ 'ਤੇ ਮਾਰੀਆਂ ਲਕੀਰਾਂ ਨੂੰ ਬੋਲਣ ਲਾਉਂਦਾ। ਸੂਖਮ-ਭਾਵੀ ਅਤੇ ਰੂਹ-ਤ੍ਰਿਪਤੀ ਵਾਲੀਆਂ ਕਲਾਵਾਂ ਹੀ ਸਾਹਾਂ ਨੂੰ ਸੰਵੇਦਨਾ ਅਤੇ ਜੀਵਨੀ ਉਜਾੜ 'ਚ ਬਹਾਰ ਦੇ ਸੰਧੂਰੀ ਰੰਗ ਦੀ ਰੰਗਰੇਜ਼ਤਾ ਬਣਦੀਆਂ।

ਮਨ ਕਰਦਾ ਕਿ ਜੀਵਨ ਸਾਥੀ ਨਾਲ ਕੋਸੇ ਕੋਸੇ ਪਲ ਫਿਰ ਬਿਤਾਵਾਂ ਅਤੇ ਨਿੱਕੇ-ਨਿੱਕੇ ਹੁੰਗਾਰਿਆਂ ਤੇ ਹਾਸਿਆਂ ਵਿਚੋਂ ਜੀਵਨ ਦੇ ਸੰਦਲੀਪਣ ਨੂੰ ਮਾਣਾਂ।

ਸੇਵਾ-ਮੁਕਤੀ ਦਰਅਸਲ ਜੀਵਨ ਦੇ ਇਕ ਪੜਾਅ ਦਾ ਦੂਜੇ ਵਿਚ ਤਬਦੀਲ ਹੋਣਾ ਹੈ। ਇਕ ਪੜਾਅ 'ਚ ਤੁਸੀਂ ਕੰਮ ਕਰਨ ਲਈ ਜਿਉਂਦੇ ਹੋ, ਜਦ ਕਿ ਦੂਜੇ ਪੜਾਅ 'ਚ ਤੁਸੀਂ ਜਿਉਣ ਲਈ ਕੰਮ ਕਰਦੇ ਹੋ। ਦੂਜਾ ਪੜਾਅ ਹੀ ਤਾਂ ਜ਼ਿੰਦਗੀ ਦਾ ਸੁੰਦਰ ਸਰੂਪ, ਜੋ ਮਨੁੱਖ ਤੋਂ ਕੋਹਾਂ ਦੂਰ।

ਕੰਮ ਵਿਚ ਗਲਤਾਨ ਵਿਅਕਤੀ ਉਮਰ ਭਰ ਖੁਦ ਤੋਂ ਅਤੇ ਆਲੇ-ਦੁਆਲੇ 'ਚ ਪਸਰੀ ਸੁੰਦਰਤਾ ਤੇ ਸੰਜੀਵਤਾ ਤੋਂ ਦੂਰ ਰਹਿੰਦਾ। ਸੇਵਾ-ਮੁਕਤੀ ਪਿਛੋਂ ਹੀ ਤੁਸੀਂ ਚੌਗਿਰਦੇ ਵਿਚੋਂ, ਘਰ ਦੀ ਹਰ ਨੁੱਕਰ, ਰਿਸ਼ਤੇ ਤੇ ਸਬੰਧ ਵਿਚੋਂ ਅਸੀਮ ਖੁਸ਼ੀਆਂ ਨਿਹਾਰਦੇ, ਇਨ੍ਹਾਂ ਨੂੰ ਵੱਖਰੇ ਅਤੇ ਵਿਕੋਲਿਤਰੇ ਦ੍ਰਿਸ਼ਟੀਕੋਣ ਤੋਂ ਦੇਖਦੇ ਹੋ।

ਜੀਵਨ ਦੇ ਕਿਸੇ ਵੀ ਪੜਾਅ 'ਤੇ ਨਵੇਂ ਸੁਪਨੇ ਲਏ ਜਾ ਸਕਦੇ ਨੇ। ਨਵੀਂਆਂ ਤਰਜ਼ੀਹਾਂ ਤੇ ਤਦਬੀਰਾਂ ਨੂੰ ਅਪਨਾਇਆ ਜਾ ਸਕਦਾ ਅਤੇ ਨਵੀਂਆਂ ਮੰਜ਼ਿਲਾਂ ਵੰਨੀਂ ਉਡਾਣ ਭਰੀ ਜਾ ਸਕਦੀ ਏ। ਇਹ ਉਡਾਣ ਮਾਇਕ ਲਾਭ ਲਈ ਨਾ ਵੀ ਹੋਵੇ ਪਰ ਅੰਤਰੀਵੀ ਸਕੂਨ ਦਾ ਸਭ ਤੋਂ ਵੱਡਾ ਹਾਸਲ। ਫਿਰ ਸਿਰਫ ਸੁਪਨੇ ਯਾਦ ਰਹਿੰਦੇ, ਉਮਰ ਤਾਂ ਯਾਦ ਹੀ ਨਹੀਂ ਰਹਿੰਦੀ।

ਸੇਵਾ-ਮੁਕਤ ਹੋਣ ਵੇਲੇ ਮੇਰੀ ਮਾਨਸਿਕ ਅਵਸਥਾ ਇਕ ਕਵਿਤਾ ਰਾਹੀਂ ਨਾਜ਼ਲ ਹੋਈ, ਜਿਸ ਨੇ ਜੀਵਨੀ ਤਰਕ-ਸੰਗਤਾ ਅਤੇ ਤਰੋ-ਤਾਜ਼ਗੀ ਨੂੰ ਜੀਵਨ-ਵਰਕਿਆਂ ਦੇ ਨਾਮ ਕੀਤਾ:

ਉਹ ਕਹਿੰਦੇ ਨੇ ਕਿ
ਮੈਂ ਰਿਟਾਇਰ ਹੋ ਰਿਹਾ ਹਾਂ
ਜ਼ਿੰਦਗੀ ਦੀ ਦੌੜ ਤੋਂ ਅੱਕਿਆ
ਬੇਲੋੜਾ, ਨਿਕੰਮਾ ਅਤੇ ਵਾਧੂ
ਜੀਵਨ-ਪੈਂਡਿਆਂ ਦਾ ਥੱਕਿਆ ਰਾਹੀ
ਸੁਰਖ ਧੁੱਪਾਂ ਤੋਂ ਮੁਨਕਰ, ਢਲਦੀ ਸ਼ਾਮ।

ਉਹ ਸੋਚਦੇ ਨੇ ਕਿ
ਛੇਵੇਂ ਦਹਾਕੇ 'ਚ ਪਹੁੰਚਦਿਆਂ
ਸੋਚਾਂ 'ਚ ਸਥਲਤਾ
ਕਰਮ 'ਚ ਹੀਣਤਾ
ਅਤੇ ਚਾਲ ਠਹਿਰ ਜਾਂਦੀ ਏ।

ਉਨ੍ਹਾਂ ਨੂੰ ਭਰਮ ਏ ਕਿ
ਉਮਰ ਨਾਲ ਬਿਖੜੇ ਮਾਰਗੀਂ
ਥਿੜਕ ਜਾਂਦੇ ਨੇ ਸਾਹ
ਅਤੇ ਸੁਪਨਿਆਂ ਦੀ ਅੱਖ 'ਚ
ਉਤਰ ਆਉਂਦੀ ਏ ਨਮੀ।

ਉਨ੍ਹਾਂ ਦੀ ਧਾਰਨਾ ਏ ਕਿ
ਮੋਟੀਆਂ ਐਨਕਾਂ
ਠਹਿਰੀ ਤੋਰੇ ਤੁਰਦਾ
ਅਤੇ ਲੰਗੜੇ ਸਾਹਾਂ ਵਾਲਾ ਸ਼ਖਸ
ਰਿਟਾਇਰ ਵਿਅਕਤੀ ਹੀ ਹੁੰਦਾ।

ਉਨ੍ਹਾਂ ਨੂੰ ਸ਼ਾਇਦ ਪਤਾ ਹੀ ਨਹੀਂ
ਕਿ ਅੱਜ ਕੱਲ
ਹਰ ਵਿਅਕਤੀ ਨੌਕਰੀ ਤੋਂ ਕੀ
ਜੀਵਨ ਤੋਂ ਹੀ ਉਪਰਾਮ ਹੋ
ਮਾਨਸਿਕ ਤੌਰ 'ਤੇ ਸਮੇਂ ਤੋਂ ਬਹੁਤ ਪਹਿਲਾਂ
ਰਿਟਾਇਰ ਹੋ ਜਾਂਦਾ ਹੈ।

ਪਰ
ਮੈਂ ਰਿਟਾਇਰ ਨਹੀਂ ਹੋ ਰਿਹਾ
ਮੈਂ ਤਾਂ ਅਜੇ
ਸੁਪਨਿਆਂ ਦੇ ਨੈਣੀਂ ਝਾਕਣਾ ਏ
ਮਸਤਕ-ਚਿਰਾਗ ਜਗਾਉਣਾ ਏ
ਅੱਖਰ-ਜੋਤ ਦਾ ਚਾਨਣ ਵੰਡਣਾ ਏ
ਵਰਕਿਆਂ 'ਤੇ ਹਰਫ-ਗਿਆਨ ਧਰਨਾ ਏ
'ਵਾਵਾਂ ਨੂੰ ਗੰਢਾਂ ਦੇਣ ਵਾਲੀ
ਰਵਾਨਗੀ ਬਣਨਾ ਏ
ਅਤੇ ਨਰੋਏ ਦਿਸਹੱਦਿਆਂ ਦੀ
ਨਿਸ਼ਾਨਦੇਹੀ ਕਰਨੀ ਏ।

ਅਜੇ ਤਾਂ ਮੈਂ
ਅੰਬਰ ਦੀ ਜੂਹ ਨਾਪਣੀ ਏ
ਤਾਰਿਆਂ ਦੇ ਘਰੀਂ ਜਾਣਾ ਏ
ਕਿਰਨ-ਪਰਾਗਾ ਝੋਲੀ ਪਾਣਾ ਏ
ਅਤੇ ਚੰਦਰਮਾ ਗਲ ਨਾਲ ਲਾਣਾ ਏ।

ਹੁਣੇ ਹੀ ਤਾਂ
ਰੁਝੇਵਿਆਂ ਤੋਂ ਕੁਝ ਰਾਹਤ ਮਿਲੀ ਏ
ਜੀਅ ਕੇ ਦੇਖਣਾ ਏ
ਸੁਰਖਰੂ ਪਲ ਸਿਰਜਣੇ ਨੇ
ਤੇ ਵਕਤ ਨੂੰ ਆਪਣੇ ਨਾਮ ਕਰਨਾ ਏ।

ਭਲਾ! ਤੁਰਨ ਦੀ ਤਮੰਨਾ ਵਾਲੇ
ਕਦ ਰਿਟਾਇਰ ਹੋਇਆ ਕਰਦੇ ਨੇ!
ਉਨ੍ਹਾਂ ਲਈ ਹਰ ਦਿਨ
ਨਵੀਂਆਂ ਚੁਣੌਤੀਆਂ, ਸੰਭਾਵਨਾਵਾਂ
ਤੇ ਪ੍ਰਾਪਤੀਆਂ ਦੀ ਦਸਤਕ ਹੁੰਦਾ ਏ
ਉਹ ਜੀਵਨ ਨੂੰ ਅਲਵਿਦਾ ਕਹਿੰਦਿਆਂ ਵੀ
ਜ਼ਿੰਦਗੀ ਦਾ ਆਖਰੀ ਸਫਾ
ਪੜ੍ਹਨ 'ਚ ਮਸ਼ਰੂਫ ਹੁੰਦੇ ਨੇ।

ਮੈਂ ਰਿਟਾਇਰ ਨਹੀਂ ਹੋ ਰਿਹਾ
ਸਗੋਂ ਜ਼ਿੰਦਗੀ ਦੀ
ਨਵੀਂ ਪਾਰੀ ਖੇਡਣ ਦੀ ਤਿਆਰੀ 'ਚ ਹਾਂ।
ਮੈਂ ਰਿਟਾਇਰ ਨਹੀਂ ਹੋ ਰਿਹਾ।

ਅਧੂਰੇ ਸੁਪਨਿਆਂ ਦੀ ਪੂਰਤੀ ਜੀਵਨ ਦੇ ਕਿਸੇ ਵੀ ਪੜਾਅ ਵਿਚ ਕੀਤੀ ਜਾ ਸਕਦੀ, ਬਸ਼ਰਤੇ ਮਨ ਵਿਚ ਕੁਝ ਅਜਿਹਾ ਕਰਨ ਦਾ ਖਿਆਲ ਹੋਵੇ, ਜੋ ਵਰਤਮਾਨ ਜੀਵਨ ਤੋਂ ਵੱਖਰਾ ਤੇ ਵਿਲੱਖਣ ਹੋਵੇ। ਇਸ ਵਿਲੱਖਣਤਾ ਵਿਚੋਂ ਹੀ ਵਿਰਲਿਆਂ ਨੂੰ ਵਲਗਣਾਂ ਤੋੜਨ ਤੇ ਕੁਝ ਨਵਾਂ ਸਿਰਜਣ ਦਾ ਸਬੱਬ ਮਿਲਦਾ। ਤੁਸੀਂ ਅਜਿਹਾ ਸਬੱਬ ਜਰੂਰ ਬਣਨਾ।

# ਮਰਣੁ ਮੁਣਸਾ ਸੂਰਿਆ ਹਕੁ ਹੈ...

ਸਿਆਣਿਆਂ ਦਾ ਫੁਰਮਾਨ ਹੈ, ਜਿਊਣਾ ਝੂਠ ਤੇ ਮਰਨਾ ਸੱਚ। ਜੇ ਮੌਤ ਇੱਕ ਸੱਚਾਈ ਹੈ ਤਾਂ ਅਸੀਂ ਇੰਨਾ ਅਡੰਬਰ ਕਿਉਂ ਰਚਦੇ ਹਾਂ? ਕੀ ਅਸੀਂ ਇੱਕ ਕਫਨ ਲੈਣ ਲਈ ਇੰਨਾ ਲੰਬਾ ਪੈਂਡਾ ਤੈਅ ਕਰਦੇ ਹਾਂ? ਇਸ ਅਜੀਬ ਸੋਚ ਨੇ ਮੇਰੇ 'ਤੇ ਅਸਰ ਕੀਤਾ ਹੈ ਤੇ ਸੱਚ ਲੱਭਣ ਦੇ ਯਤਨ ਵਿਚ ਮੈਂ ਜਿੰਨਾ ਅੱਗੇ ਵਧਦਾ ਹਾਂ, ਮਹਿਸੂਸ ਹੁੰਦਾ ਹੈ ਕਿ ਡੂੰਘੇ ਹਨੇਰੇ ਵਿਚ ਘਿਰਦਾ ਜਾ ਰਿਹਾ ਹਾਂ। ਦੁਨੀਆਂ ਦੇ ਵੱਖ ਵੱਖ ਧਰਮਾਂ ਦੀਆਂ ਕਿਤਾਬਾਂ ਦਾ ਅਧਿਐਨ ਕਰਨ ਦਾ ਯਤਨ ਕਰਦਾ ਹਾਂ, ਹਰ ਧਰਮ ਵੱਖਰੇ



**ਡਾ. ਅਜੀਤ ਸਿੰਘ ਕੋਟਕਪੂਰਾ**
ਫੋਨ: 585-305-0443

ਤੌਰ 'ਤੇ ਸਮਝਾਉਣ ਦੇ ਯਤਨ ਕਰਦਾ ਹੈ।

ਜੇ ਜਾਣਾ ਮਰਿ ਜਾਈਐ ਘੁਮਿ ਨ ਆਈਐ॥
ਝੂਠੀ ਦੁਨੀਆ ਲਗਿ ਨ ਆਪੁ ਵਞਾਈਐ॥੨॥
ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ॥
ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ॥੩॥
ਛੈਲ ਲੰਘੰਦੇ ਪਾਰਿ ਗੋਰੀ ਮਨੁ ਧੀਰਿਆ॥
ਕੰਚਨ ਵੰਨੇ ਪਾਸੇ ਕਲਵਤਿ ਚੀਰਿਆ॥੪॥
ਸੇਖ ਹੈਯਾਤੀ ਜਗਿ ਨ ਕੋਈ ਥਿਰੁ ਰਹਿਆ॥
ਜਿਸੁ ਆਸਣਿ ਹਮ ਬੈਠੇ
ਕੇਤੇ ਬੈਸਿ ਗਇਆ॥੫॥
ਕਤਿਕ ਕੂੰਜਾਂ ਚੇਤਿ ਡਉ ਸਾਵਣਿ ਬਿਜੁਲੀਆਂ॥
ਸੀਆਲੇ ਸੋਹੰਦੀਆਂ ਪਿਰ ਗਲਿ ਬਾਹੜੀਆਂ॥੬॥
ਚਲੇ ਚਲਣਹਾਰ ਵਿਚਾਰਾ ਲੇਇ ਮਨੋ॥
ਗੰਢੇਦਿਆਂ ਛਿਅ ਮਾਹ
ਤੁੜੰਦਿਆ ਹਿਕੁ ਖਿਨੋ॥੭॥
ਜਮੀ ਪੁਛੈ ਅਸਮਾਨ
ਫਰੀਦਾ ਖੇਵਟ ਕਿੰਨਿ ਗਏ॥
ਜਾਲਣ ਗੋਰਾਂ ਨਾਲਿ
ਉਲਾਮੇ ਜੀਅ ਸਹੇ॥੮॥੨॥ (ਪੰਨਾ 488)

ਬਾਬਾ ਸ਼ੇਖ ਫਰੀਦ ਰਾਗ ਆਸਾ ਵਿਚ ਵਰਣਨ ਕਰਦੇ ਹਨ, ਜੇ ਅਸੀਂ ਜਾਣਦੇ ਹਾਂ ਕਿ ਅਖੀਰ ਮਰਨਾ ਹੈ ਤੇ ਫੇਰ ਵਾਪਸ ਵੀ ਨਹੀਂ ਆਉਣਾ, ਤਾਂ ਇਸ ਝੂਠੀ ਦੁਨੀਆਂ ਵਿਚ ਮਸਤ ਹੋ ਕੇ ਆਪਣਾ ਆਪ ਕਿਉਂ ਗਵਾ ਰਹੇ ਹਾਂ? ਸਦਾ ਸੱਚ ਦਾ ਪੱਲਾ ਫੜੀਏ ਤੇ ਆਪਣੇ ਗੁਰੂ ਦੇ ਦੱਸੇ ਰਾਹ 'ਤੇ ਚੱਲੀਏ। ਜਵਾਨਾਂ ਦਾ ਤੁਰ ਜਾਣਾ ਦੇਖ ਕੇ ਕਮਜ਼ੋਰ ਔਰਤ ਦਾ ਮਨ ਵੀ ਹੌਸਲਾ ਕਰ ਲੈਂਦਾ ਹੈ। ਮਨ ਸਮਝਾਉਣ ਦਾ ਯਤਨ ਕੀਤਾ ਹੈ ਕਿ ਤੂੰ ਸੰਤ ਜਨਾਂ ਦੀ ਸੰਗਤ ਕਰ, ਜੋ ਸੋਨੇ ਵਾਲੇ ਪਾਸੇ ਅਰਥਾਤ ਮਾਇਆ ਵਿਚ ਉਲਝ ਜਾਂਦੇ ਹਨ, ਉਹ ਆਰੇ ਨਾਲ ਚੀਰੇ ਜਾਂਦੇ ਹਨ। ਇਸ ਸੰਸਾਰ 'ਤੇ ਕੋਈ ਵੀ ਸਥਿਰ ਨਹੀਂ ਰਹਿ ਸਕਿਆ, ਜਿਸ ਥਾਂ 'ਤੇ ਹੁਣ ਬੈਠੇ ਹਾਂ, ਕਿੰਨੇ ਹੀ ਬੈਠ ਕੇ ਜਾ ਚੁਕੇ ਹਨ। ਮਿਸਾਲ ਸਮੇਤ ਦਸਿਆ ਹੈ ਕਿ ਇਹ ਜੱਗ ਚੱਲਣਹਾਰ ਹੈ। ਜਮੀਨ-ਅਸਮਾਨ ਇਸ ਦੇ ਗਵਾਹ ਹਨ ਕਿ ਬੇਅੰਤ ਲੋਕ-ਛੋਟੇ ਤੇ ਵੱਡੇ ਇਸ ਦੁਨੀਆਂ ਤੋਂ ਜਾ ਚੁਕੇ ਹਨ, ਉਨ੍ਹਾਂ ਦੇ ਸਰੀਰ ਕਬਰਾਂ ਵਿਚ ਗਲ ਚੁਕੇ ਹਨ, ਅਤੇ ਕੀਤੇ ਕੰਮਾਂ ਦਾ ਲੇਖਾ ਤਾਂ ਦੇਣਾ ਹੀ ਪੈਂਦਾ ਹੈ।

ਇਤਿਹਾਸ ਅਨੁਸਾਰ ਜਦ ਬਾਬਾ ਬੁੱਢਾ ਜੀ ਬਾਰਾਂ ਸਾਲ ਦੇ ਹੋਏ ਤਾਂ ਗੁਰੂ ਨਾਨਕ ਦੇਵ ਫਿਰਦੇ ਹੋਏ ਰਾਮਦਾਸ ਕੋਲ ਆ ਰੁਕੇ। ਇਨ੍ਹਾਂ ਨੇ ਬਾਬੇ ਨਾਨਕ ਦੇ ਦਰਸ਼ਨ ਕੀਤੇ ਅਤੇ ਇਨ੍ਹਾਂ ਨੂੰ ਗੁਰੂ ਜੀ ਬੜੇ ਪਿਆਰੇ ਲੱਗੇ ਤੇ ਮਨ ਵਿਚ ਗੁਰੂ ਜੀ ਦੀ ਸੇਵਾ ਕਰਨ ਦਾ ਚਾਅ ਪੈਦਾ ਹੋਇਆ। ਉਹ ਉਨ੍ਹਾਂ ਲਈ ਦੁੱਧ ਤੇ ਮੱਖਣ ਦੇ ਪੇੜੇ ਲੈ ਕੇ ਹਾਜ਼ਰ ਹੋਏ।

ਗੁਰੂ ਜੀ ਨੇ ਪੁੱਛਿਆ, "ਕਾਕਾ ਤੇਰਾ ਨਾਂ ਕੀ ਹੈ ਅਤੇ ਕੰਮ ਕੀ ਕਰਦਾ ਹੈਂ?

"ਸੱਚੇ ਪਾਤਸ਼ਾਹ! ਮਾਪਿਆਂ ਨੇ ਮੇਰਾ ਨਾਂ ਬੂੜਾ ਰਖਿਆ ਹੈ, ਤੇ ਮੈਂ ਮੱਝੀਆਂ ਦਾ ਵਾਗੀ ਹਾਂ।"

"ਤੂੰ ਸਾਡੇ ਪਾਸ ਕੀ ਇੱਛਾ ਧਾਰ ਕੇ ਆਇਆ ਹੈਂ, ਕੀ ਚਾਹੁੰਦਾ ਹੈਂ?"

"ਮੇਰੀ ਬੇਨਤੀ ਹੈ ਕਿ ਮੈਨੂੰ ਮੌਤ ਦੇ ਦੁੱਖ ਤੋਂ ਬਚਾਓ। ਇਸ ਚੁਰਾਸੀ ਦੇ ਗੇੜ 'ਚੋਂ ਕੱਢ ਕੇ ਮੁਕਤੀ ਪ੍ਰਦਾਨ ਕਰੋ।"

ਗੁਰੂ ਜੀ ਕਹਿਣ ਲੱਗੇ, ਤੇਰੀ ਖੇਡਣ ਦੀ ਉਮਰ ਹੈ, ਤੈਨੂੰ ਮੌਤ ਅਤੇ ਮੁਕਤੀ ਦੇ ਖਿਆਲਾਂ ਦਾ ਧਿਆਨ ਵੱਡੇ ਹੋ ਕੇ ਕਰਨ ਦੀ ਲੋੜ ਹੈ, ਤਾਂ ਬੂੜੇ ਨੇ ਆਖਿਆ, ਹੋ ਸਕਦਾ ਹੈ ਮੈਂ ਵੱਡਾ ਨਾ ਹੋਵਾਂ ਅਤੇ ਮੌਤ ਪਹਿਲਾਂ ਹੀ ਘੇਰ ਲਵੇ।

ਗੁਰੂ ਜੀ ਦੇ ਪੁੱਛਣ 'ਤੇ ਕਿ ਇਹ ਵਿਚਾਰ ਤੇਰੇ ਮਨ ਵਿਚ ਕਿਵੇਂ ਆਇਆ? ਬੂੜੇ ਨੇ ਦੱਸਿਆ ਕਿ ਕੁਝ ਸਮਾਂ ਪਹਿਲਾਂ ਕੁਝ ਪਠਾਣ ਸਾਡੇ ਪਿੰਡ ਵਿਚੋਂ ਲੰਘਦੇ ਬਦੋ ਬਦੀ ਸਾਡੀਆਂ ਕੱਚੀਆਂ, ਪੱਕੀਆਂ ਅਤੇ ਅੱਧ ਪੱਕੀਆਂ ਫਸਲਾਂ ਵੱਢ ਕੇ ਲੈ ਗਏ। ਇਸੇ ਤਰ੍ਹਾਂ ਮੌਤ ਵੀ ਜਦੋਂ ਮਰਜੀ ਬੱਚੇ, ਗੱਭਰੂ ਅਤੇ ਬੁੜ੍ਹੇ ਨੂੰ ਆ ਕੇ ਨੱਪ ਲਵੇਗੀ। ਮੈਨੂੰ ਮੌਤ ਤੋਂ ਡਰ ਲਗਦਾ ਹੈ ਤੇ ਮੇਰਾ ਇਹ ਡਰ ਦੂਰ ਕਰ ਦਿਓ, ਸੱਚੇ ਪਾਤਸ਼ਾਹ ਜੀ।

ਗੁਰੂ ਜੀ ਨੇ ਹੱਸ ਕੇ ਕਿਹਾ, "ਰੱਬ ਮੌਤ ਤੋਂ ਕੀਤੇ ਵੱਡਾ ਤੇ ਬਲਵਾਨ ਹੈ, ਜੇ ਤੂੰ ਰੱਬ ਦਾ ਹੋ ਜਾਵੇਂ ਤਾਂ ਮੌਤ ਤੈਨੂੰ ਡਰਾ ਨਹੀਂ ਸਕੇਗੀ ਅਤੇ ਉਹ ਤੇਰੇ ਤੋਂ ਡਰਨ ਲੱਗੇਗੀ। ਤੂੰ ਜਨਮ-ਮਰਨ ਦੇ ਗੇੜ ਤੋਂ ਮੁਕਤ ਹੋ ਜਾਵੇਂਗਾ। ਰੱਬ ਦਾ ਨਾਂ ਲਿਆ ਕਰ, ਉਸ ਦੇ ਪੈਦਾ ਕੀਤੇ ਜੀਵਾਂ ਨਾਲ ਪਿਆਰ ਕਰਿਆ ਕਰ, ਪ੍ਰੇਮ ਨਾਲ ਸੇਵਾ ਕਰਿਆ ਕਰ, ਤੇਰੇ ਸਭ ਦੁਖ ਦੂਰ ਹੋ ਜਾਣਗੇ।"

ਇਹ ਸੱਚ ਹੈ ਕਿ ਜਦੋਂ ਵੀ ਕੋਈ ਜੀਵ-ਜੰਤੂ, ਮਨੁੱਖ ਪੈਦਾ ਹੁੰਦਾ ਹੈ, ਮੌਤ ਰਾਣੀ ਬਣ ਉਸ ਦੇ ਮੋਢਿਆਂ 'ਤੇ ਸਵਾਰ ਹੋ ਕੇ ਨਾਲ ਨਾਲ ਚਲਦੀ ਹੈ ਅਤੇ ਜਦੋਂ ਮਨ ਕਰਦਾ ਹੈ, ਉਸ ਨੂੰ ਦਬੋਚ ਲੈਂਦੀ ਹੈ। ਸਟੋਰਾਂ 'ਤੇ ਵਸਤਾਂ ਵੇਚਣ ਲਈ ਪ੍ਰਬੰਧ ਕਰਤਾ ਨੇ ਫਿਫੋ (First in First out or FIFO), ਲਿਫੋ (Last in First out or LIFO) ਅਤੇ ਹਿਫੋ (Highest in First out or HIFO) ਨਿਯਮ ਬਣਾਏ ਹਨ, ਪਰ ਮੌਤ ਇਨ੍ਹਾਂ ਵਿਚੋਂ ਕਿਸੇ ਵੀ ਨਿਯਮ ਦੀ ਪਾਲਣਾ ਨਹੀਂ ਕਰਦੀ ਤੇ ਜਦੋਂ ਮਰਜ਼ੀ ਬਿਨਾ ਉਮਰ ਦਾ ਹਿਸਾਬ ਕੀਤੇ ਪਹਿਲਾਂ ਜਾਂ ਪਿਛੋਂ ਆਇਆਂ ਨੂੰ, ਅਕਲਵੰਦ ਜਾਂ ਅਕਲਬੰਦ ਨੂੰ ਇਸ ਹੱਸਦੀ ਵੱਸਦੀ ਦੁਨੀਆਂ ਤੋਂ ਚਲੇ ਜਾਣ ਦਾ ਹੁਕਮ ਸੁਣਾ ਦਿੰਦੀ ਹੈ। ਸੂਰਜ ਚੜ੍ਹਦਾ ਹੈ, ਦਿਨ ਹੁੰਦਾ ਹੈ ਅਤੇ ਫਿਰ ਰਾਤ ਆ ਜਾਂਦੀ ਹੈ ਤਾਂ ਸੂਰਜ ਚਲਾ ਜਾਂਦਾ ਹੈ ਤੇ ਚੰਦ੍ਰਮਾ ਦਿਸਦਾ ਹੈ। ਧਰਤੀ ਦੀ ਧੀਮੀ ਚਾਲ ਸਦਕਾ ਦਿਨ-ਰਾਤ ਅਨੁਸਾਰ ਸਮਾਂ ਅੱਗੇ ਵਧਦਾ ਹੈ। ਪੌਦੇ ਉਗਦੇ ਹਨ, ਫੁੱਲ ਤੇ ਫਲ ਲਗਦੇ ਹਨ। ਫੁੱਲ ਦਾ ਸਮਾਂ ਖਤਮ ਹੋ ਜਾਣ 'ਤੇ ਫੁੱਲ ਝੜ ਜਾਂਦੇ ਹਨ ਅਤੇ ਕੁਝ ਫੁੱਲ ਤੋਂ ਫਲ ਤਿਆਰ ਹੋ ਜਾਂਦੇ ਹਨ। ਫਲ ਪੱਕਦਾ ਹੈ ਤੇ ਪੱਕਣ ਪਿਛੋਂ ਧਰਤੀ 'ਤੇ ਡਿਗ ਪੈਂਦਾ ਹੈ। ਮਨੁੱਖ, ਪਸ਼ੂ ਜਾਂ ਪੰਛੀ ਇਸ ਨੂੰ ਖਾ ਲੈਂਦੇ ਹਨ ਤੇ ਉਸ ਦੇ ਅੰਦਰਲਾ ਬੀਜ ਫਿਰ ਧਰਤੀ ਤਕ ਪੁਜ ਜਾਂਦਾ ਹੈ। ਉਸ ਬੀਜ ਤੋਂ ਨਵਾਂ ਪੌਦਾ ਬਣ ਜਾਂਦਾ ਹੈ। ਇਹ ਕ੍ਰਿਆ ਦੁਹਰਾਈ ਜਾਂਦੀ ਹੈ।

ਇਸੇ ਤਰ੍ਹਾਂ ਮਨੁੱਖ ਜਨਮ ਲੈਂਦਾ ਹੈ, ਵੱਡਾ ਹੁੰਦਾ ਹੈ, ਦੁਨਿਆਵੀ ਕੰਮ ਕਰਦਾ ਹੈ, ਜੀਵਨ ਸੌਖਾ ਕਰਨ ਲਈ ਹਰ ਹੀਲਾ ਵਰਤਦਾ ਹੈ, ਤੇ ਅੰਤ ਮੌਤ ਦੇ ਮੂੰਹ 'ਚ ਜਾ ਪੈਂਦਾ ਹੈ। ਇਹੋ ਜੀਵਨ ਦਾ ਅਟੱਲ ਸੱਚ ਹੈ ਕਿ ਕੁਦਰਤ ਦੀ ਹਰ ਸਿਰਜਣਾ ਦਾ ਅੰਤ ਹੋਣਾ ਹੈ ਤੇ ਇਸ ਨੂੰ ਟਾਲਣਾ ਵੀ ਸੰਭਵ ਨਹੀਂ ਹੈ, ਜਿਸ ਨੂੰ ਸਮੇਂ ਸਮੇਂ ਦੇ ਵਿਚਾਰਵਾਨਾਂ ਨੇ ਵੱਖ ਵੱਖ ਸ਼ਬਦਾਂ ਰਾਹੀਂ ਵਰਨਣ ਕੀਤਾ ਹੈ। ਫਿਲਮ 'ਮੁਕੱਦਰ ਕਾ ਸਿਕੰਦਰ' ਦਾ ਗੀਤ ਹੈ,

ਜ਼ਿੰਦਗੀ ਤੋ ਬੇਵਫਾ ਹੈ
ਏਕ ਦਿਨ ਠੁਕਰਾਏਗੀ
ਮੌਤ ਮਹਿਬੂਬਾ ਅਪਨੇ ਸਾਥ
ਲੇ ਕਰ ਜਾਏਗੀ।

ਮੌਤ ਨੂੰ ਰੋਕਿਆ ਨਹੀਂ ਜਾ ਸਕਦਾ ਅਤੇ ਇਸ ਦਾ ਡਰ ਸਾਨੂੰ ਭੈ ਭੀਤ ਕਰਦਾ ਰਹੇਗਾ, ਜਦੋਂ ਤਕ ਇਸ ਰਹੱਸ ਤੋਂ ਪਰਦਾ ਨਹੀਂ ਉਠਾਇਆ ਜਾਂਦਾ। ਕੁਝ ਲੋਕ ਮੌਤ ਤੋਂ ਨਹੀਂ ਡਰਦੇ ਸਗੋਂ ਮੌਤ ਦੇ ਢੰਗ ਤਰੀਕੇ ਤੋਂ ਡਰਦੇ ਹਨ। ਕਈਆਂ ਨੂੰ ਮੌਤ ਦੀ ਉਡੀਕ ਕਰਨੀ ਪੈਂਦੀ ਹੈ, ਗੀਤਾ ਪਾਠ ਕਰਨ ਪਿਛੋਂ ਵੀ ਮੌਤ ਡਰਾ ਰਹੀ ਹੁੰਦੀ ਹੈ ਤਾਂ ਪ੍ਰੇਸ਼ਾਨੀ ਵਧਦੀ ਹੈ। ਜੇ ਮੌਤ ਦਾ ਡਰ ਨਾ ਹੁੰਦਾ ਤਾਂ ਧਰਮ ਦਾ ਫੈਲਾਓ ਇੰਨਾ ਨਹੀਂ ਸੀ ਹੋਣਾ, ਜੋਤਿਸ਼ ਦੀਆਂ ਕਿਤਾਬਾਂ ਦੀ ਪੁਛ-ਪ੍ਰਤੀਤ ਨਹੀਂ ਸੀ ਹੋਣੀ। ਜਵਾਨ ਉਮਰੇ ਮੌਤ ਦਾ ਘੇਰਾ ਵੱਧ ਦੁਖਦਾਈ ਹੁੰਦਾ ਹੈ, ਕਿਉਂ ਜੋ ਸਾਡੀਆਂ ਆਸਾਂ ਨੂੰ ਫਲ ਲੱਗਣ ਪਿਛੋਂ ਜੋ ਫਾਇਦਾ ਹੋਣਾ ਹੁੰਦਾ ਹੈ, ਉਸ ਫਸਲ ਨੂੰ ਰੱਬ ਗੜੇ ਪਾ ਕੇ ਪੂਰੀ ਤਰ੍ਹਾਂ ਵਿਗਾੜ ਦਿੰਦਾ ਹੈ ਅਤੇ ਜ਼ਿੰਦਗੀ ਦੀ ਗੱਡੀ ਹਾਦਸੇ ਕਾਰਨ ਚਲਣ ਤੋਂ ਅਸਮਰਥ ਹੋ ਜਾਂਦੀ ਹੈ। ਜੇ ਮੌਤ ਦੇ ਜਮਾਂ ਨੇ ਸਾਡੇ ਦਰ 'ਤੇ ਪੁਜਣਾ ਹੀ ਹੈ ਤਾਂ ਫਿਰ ਅਸੀਂ ਇਸ ਨਾਲ ਲੁਕਣ ਮੀਚੀ ਨਾ ਖੇਡੀਏ ਤੇ ਨਾ ਹੀ ਕਮਜ਼ੋਰ ਦਿਲ ਲੋਕਾਂ ਵਾਂਗ ਬੈਠ ਕੇ ਉਡੀਕ ਕਰੀ ਜਾਈਏ। ਮੁਕਾਬਲਾ ਕਰਦਿਆਂ ਬਹਾਦਰਾਂ ਵਿਚ ਦਰਜ ਹੋਈਏ ਅਤੇ ਹੱਕ ਸੱਚ ਦੀ ਲੜਾਈ ਲੜ ਕੇ ਪਰਮਾਤਮਾ ਦੀਆਂ ਬਖਸ਼ਿਸ਼ਾਂ ਪ੍ਰਾਪਤ ਕਰੀਏ। ਅਜਿਹੀ ਮੌਤ ਸਬੰਧੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ,

ਮਰਣੁ ਨ ਮੰਦਾ ਲੋਕਾ ਆਖੀਐ
ਜੇ ਮਰਿ ਜਾਣੈ ਐਸਾ ਕੋਇ॥
ਸੇਵਿਹੁ ਸਾਹਿਬੁ ਸੰਮ੍ਰਥੁ ਆਪਣਾ
ਪੰਥੁ ਸੁਹੇਲਾ ਆਗੈ ਹੋਇ॥
ਪੰਥਿ ਸੁਹੇਲੈ ਜਾਵਹੁ ਤਾਂ ਫਲੁ ਪਾਵਹੁ
ਆਗੈ ਮਿਲੈ ਵਡਾਈ॥
ਭੇਟੈ ਸਿਉ ਜਾਵਹੁ ਸਚਿ ਸਮਾਵਹੁ
ਤਾਂ ਪਤਿ ਲੇਖੈ ਪਾਈ॥
ਮਹਲੀ ਜਾਇ ਪਾਵਹੁ ਖਸਮੈ ਭਾਵਹੁ
ਰੰਗ ਸਿਉ ਰਲੀਆ ਮਾਣੈ॥
ਮਰਣੁ ਨ ਮੰਦਾ ਲੋਕਾ ਆਖੀਐ
ਜੇ ਕੋਈ ਮਰਿ ਜਾਣੈ॥੨॥ (ਪੰਨਾ 579)

ਅਰਥਾਤ ਹੇ ਲੋਕੋ! ਮੌਤ ਨੂੰ ਮਾੜਾ ਨਾ ਆਖੋ, ਮੌਤ ਚੰਗੀ ਹੈ, ਪਰ ਤਾਂ ਹੀ, ਜੇ ਕੋਈ ਉਸ ਤਰੀਕੇ ਨਾਲ ਜੀਅ ਕੇ ਮਰਨਾ ਜਾਣਦਾ ਹੋਵੇ। ਉਹ ਤਰੀਕਾ ਹੈ, ਆਪਣੇ ਸਰਬ-ਸ਼ਕਤੀਮਾਨ ਮਾਲਕ ਨੂੰ ਸਿਮਰੋ, ਤਾਂ ਕਿ ਜੀਵਨ ਸਫਰ ਵਿਚ ਰਸਤਾ ਸਿਮਰਣ ਦੀ ਸ਼ਕਤੀ ਸਦਕਾ ਸੌਖਾ ਹੋ ਜਾਏ। ਜੇ ਪ੍ਰਭੂ ਦੇ ਨਾਮ ਦੀ ਭੇਟਾ ਲੈ ਕੇ ਜਾਵੋਗੇ ਤਾਂ ਉਸ ਸਦਾ-ਥਿਰ ਪ੍ਰਭੂ ਵਿਚ ਇਕ-ਰੂਪ ਹੋ ਜਾਵੋਗੇ, ਕੀਤੇ ਕਰਮਾਂ ਦਾ ਹਿਸਾਬ ਹੋਣ ਵੇਲੇ ਇੱਜਤ ਮਿਲੇਗੀ, ਪ੍ਰਭੂ ਦੀ ਹਜ਼ੂਰੀ ਵਿਚ ਥਾਂ ਪ੍ਰਾਪਤ ਕਰੋਗੇ। ਇਸ ਲਈ ਹੇ ਲੋਕੋ! ਮੌਤ ਨੂੰ ਮਾੜਾ ਨਾ ਆਖੋ, ਪਰ ਇਸ ਗੱਲ ਨੂੰ ਉਹੀ ਸਮਝਦਾ ਹੈ, ਜੋ ਇਸ ਤਰ੍ਹਾਂ ਮਰਨਾ ਜਾਣਦਾ ਹੋਵੇ,

ਮਰਣੁ ਮੁਣਸਾ ਸੂਰਿਆ ਹਕੁ ਹੈ
ਜੋ ਹੋਇ ਮਰਨਿ ਪਰਵਾਣੋ॥
ਸੂਰੇ ਸੇਈ ਆਗੈ ਆਖੀਅਹਿ
ਦਰਗਹ ਪਾਵਹਿ ਸਾਚੀ ਮਾਣੋ॥
ਦਰਗਹ ਮਾਣੁ ਪਾਵਹਿ ਪਤਿ ਸਿਉ ਜਾਵਹਿ
ਆਗੈ ਦੂਖੁ ਨ ਲਾਗੈ॥
ਕਰਿ ਏਕੁ ਧਿਆਵਹਿ ਤਾਂ ਫਲੁ ਪਾਵਹਿ
ਜਿਤੁ ਸੇਵਿਐ ਭਉ ਭਾਗੈ॥
ਊਚਾ ਨਹੀ ਕਹਣਾ ਮਨ ਮਹਿ ਰਹਣਾ
ਆਪੇ ਜਾਣੈ ਜਾਣੋ॥
ਮਰਣੁ ਮੁਣਸਾਂ ਸੂਰਿਆ ਹਕੁ ਹੈ
ਜੋ ਹੋਇ ਮਰਹਿ ਪਰਵਾਣੋ॥੩॥
(ਪੰਨ 579)

ਜੋ ਮਨੁੱਖ ਜਿਉਂਦਿਆਂ ਹੀ ਪ੍ਰਭੂ ਦੀਆਂ ਨਜ਼ਰਾਂ ਵਿਚ ਕਬੂਲ ਹੋ ਕੇ ਮਰਦੇ ਹਨ, ਉਹ ਸੂਰਮੇ ਹਨ, ਉਨ੍ਹਾਂ ਦਾ ਮਰਨਾ ਲੋਕ-ਪਰਲੋਕ ਵਿਚ ਸਲਾਹਿਆ ਜਾਂਦਾ ਹੈ। ਉਹ ਪ੍ਰਭੂ ਦੀ ਦਰਗਾਹ ਵਿਚ ਆਦਰ ਪਾਉਂਦੇ ਹਨ, ਪਰਲੋਕ ਵਿਚ ਉਨ੍ਹਾਂ ਨੂੰ ਕੋਈ ਦੁੱਖ ਨਹੀਂ ਵਿਆਪਦਾ। ਉਹ ਬੰਦੇ ਪਰਮਾਤਮਾ ਨੂੰ ਹਰ ਥਾਂ ਵਿਆਪਕ ਜਾਣ ਕੇ ਸਿਮਰਦੇ ਹਨ, ਉਸ ਦੇ ਦਰ ਤੋਂ ਫਲ ਪ੍ਰਾਪਤ ਕਰਦੇ ਹਨ, ਜਿਸ ਦਾ ਸਿਮਰਨ ਕੀਤਿਆਂ ਹਰ ਤਰ੍ਹਾਂ ਦਾ ਡਰ ਦੂਰ ਹੋ ਜਾਂਦਾ ਹੈ। ਹੇ ਭਾਈ! ਅਹੰਕਾਰ ਦਾ ਬੋਲ ਨਹੀਂ ਬੋਲਣਾ ਚਾਹੀਦਾ, ਆਪਣੇ ਆਪ ਨੂੰ ਕਾਬੂ ਵਿਚ ਰੱਖਣਾ ਚਾਹੀਦਾ ਹੈ, ਉਹ ਅੰਤਰਜਾਮੀ ਪ੍ਰਭੂ ਹਰੇਕ ਦੇ ਦਿਲ ਦੀ ਆਪ ਹੀ ਜਾਣਦਾ ਹੈ।

ਨਾਨਕ ਕਿਸ ਨੋ ਬਾਬਾ ਰੋਈਐ
ਬਾਜੀ ਹੈ ਇਹੁ ਸੰਸਾਰੋ॥
ਕੀਤਾ ਵੇਖੈ ਸਾਹਿਬੁ ਆਪਣਾ
ਕੁਦਰਤਿ ਕਰੇ ਬੀਚਾਰੋ॥
ਕੁਦਰਤਿ ਬੀਚਾਰੇ ਧਾਰਣ ਧਾਰੇ
ਜਿਨਿ ਕੀਆ ਸੋ ਜਾਣੈ॥
ਆਪੇ ਵੇਖੈ ਆਪੇ ਬੂਝੈ
ਆਪੇ ਹੁਕਮੁ ਪਛਾਣੈ॥
ਜਿਨਿ ਕਿਛੁ ਕੀਆ ਸੋਈ ਜਾਣੈ
ਤਾ ਕਾ ਰੂਪੁ ਅਪਾਰੋ॥
ਨਾਨਕ ਕਿਸ ਨੋ ਬਾਬਾ ਰੋਈਐ
ਬਾਜੀ ਹੈ ਇਹੁ ਸੰਸਾਰੋ॥੪॥੨॥
(ਪੰਨਾ 580)

ਹੇ ਨਾਨਕ! ਇਹ ਜਗਤ ਇਕ ਖੇਡ ਹੈ। ਖੇਡ ਬਨਦੀ ਤੇ ਢਹਿੰਦੀ ਰਹਿੰਦੀ ਹੈ। ਕਿਸੇ ਦੇ ਮਰਨ 'ਤੇ ਰੋਣਾ ਵਿਅਰਥ ਹੈ। ਮਾਲਕ-ਪ੍ਰਭੂ ਆਪਣੇ ਪੈਦਾ ਕੀਤੇ ਜਗਤ ਦੀ ਆਪ ਸੰਭਾਲ ਕਰਦਾ ਹੈ। ਜਿਸ ਨੇ ਜਗਤ ਰਚਿਆ ਹੈ, ਉਹੀ ਇਸ ਦੀਆਂ ਲੋੜਾਂ ਵੀ ਜਾਣਦਾ ਹੈ। ਪ੍ਰਭੂ ਆਪ ਸਭ ਦੇ ਕੀਤੇ ਕਰਮ ਵੇਖਦਾ ਹੈ, ਸਭ ਦੇ ਦਿਲਾਂ ਦੀ ਜਾਣਦਾ ਹੈ, ਆਪਣੇ ਹੁਕਮ ਨੂੰ ਪਛਾਣਦਾ ਹੈ ਕਿ ਕਿਵੇਂ ਇਹ ਹੁਕਮ ਜਗਤ ਵਿਚ ਵਰਤਿਆ ਜਾਣਾ ਹੈ।

ਸਿੱਖ ਧਰਮ ਅੰਦਰ ਸ਼ਹੀਦ ਦੇ ਅਰਥ ਗਵਾਹੀ ਦੇ ਤੌਰ 'ਤੇ ਪਰਵਾਨ ਕੀਤੇ ਗਏ ਹਨ ਅਤੇ ਸ਼ਹਾਦਤ ਨੂੰ ਸਿੱਖੀ ਦਾ ਪਹਿਲਾ ਗੁਣ ਮੰਨਿਆ ਗਿਆ ਹੈ। ਸ਼ਹੀਦੀ ਦਾ ਰਾਹ ਲੈਣਾ ਤਲਵਾਰ ਦੀ ਧਾਰ 'ਤੇ ਚੱਲਣ ਜਿਹਾ ਹੈ। ਜੇ ਸਿੱਖ ਇਤਿਹਾਸ 'ਤੇ ਨਜ਼ਰ ਮਾਰੀਏ ਤਾਂ ਪਤਾ ਚਲਦਾ ਹੈ ਕਿ ਸਿੱਖ ਆਪਣੇ ਧਰਮ ਲਈ ਹੀ ਸ਼ਹਾਦਤ ਨਹੀਂ ਦਿੰਦਾ, ਉਹ ਅਸੂਲਾਂ ਅਤੇ ਆਦਰਸ਼ਾਂ ਦੀ ਰਾਖੀ ਲਈ ਕਿਸੇ ਹੋਰ ਧਰਮ ਦੀ ਰਾਖੀ ਖਾਤਰ ਸ਼ਹੀਦ ਹੋਣ ਲਈ ਵੀ ਤਤਪਰ ਰਹਿੰਦਾ ਹੈ ਅਤੇ ਮੌਤ ਤੇ ਜ਼ਿੰਦਗੀ ਨੂੰ ਇਕੋ ਜਿਹਾ ਹੀ ਮਹਿਸੂਸ ਕਰਦਾ ਹੈ। ਸਿੱਖ ਦੀ ਸ਼ਹਾਦਤ ਨਾ ਤਾਂ ਸਵੈ ਲਈ ਹੁੰਦੀ ਹੈ, ਨਾ ਕੇਵਲ ਆਪਣੀ ਕੌਮ ਦੇ ਸਨਮਾਨ ਲਈ, ਸਗੋਂ ਉਹ ਤਾਂ ਸਾਰੀ ਮਨੁੱਖਤਾ ਲਈ ਅਤੇ ਹਰ ਕਿਸਮ ਦੀ ਬੇਇਨਸਾਫੀ ਵਿਰੁਧ ਜੂਝ ਮਰਨ ਨੂੰ ਗੁਰੂ ਦਾ ਹੁਕਮ ਮੰਨ ਕੇ ਸਵੀਕਾਰ ਕਰਦਾ ਹੈ।

ਸਿੱਖ ਧਰਮ ਅਨੁਸਾਰ ਸ਼ਹੀਦ ਮੌਤ ਦੇ ਡਰ ਤੋਂ ਮੁਕਤ ਹੁੰਦੇ ਹਨ ਅਤੇ ਪਰਮਾਤਮਾ ਨਾਲ ਇੱਕ ਸੁਰ ਹੋਏ ਹੁੰਦੇ ਹਨ। ਸੱਚ ਅਤੇ ਮਨੁੱਖਤਾ ਦੇ ਭਲੇ ਲਈ ਜੂਝ ਮਰਨ ਦਾ ਸਿਧਾਂਤ ਪਹਿਲੀ ਪਾਤਸ਼ਾਹੀ ਵਲੋਂ ਸਿਖਾਇਆ ਸੱਚ ਹੈ। ਇਹ ਸੱਚ ਕੇਵਲ ਸਿਧਾਂਤਾਂ ਤਕ ਹੀ ਸੀਮਤ ਨਹੀਂ, ਇਸ ਦਾ ਵਿਹਾਰਕ ਰੂਪ ਵੀ ਦਿਖਾਇਆ ਗਿਆ ਹੈ। ਸਿੱਖ ਧਰਮ ਵਿਚ ਸ਼ਹਾਦਤਾਂ ਦੀ ਲੜੀ ਗੁਰੂ ਅਰਜਨ ਦੇਵ ਜੀ ਤੋਂ ਸ਼ੁਰੂ ਹੁੰਦੀ ਹੈ ਅਤੇ ਦੂਜੇ ਸ਼ਹੀਦੀ ਪ੍ਰਾਪਤ ਕਰਨ ਵਾਲੇ ਨੌਵੇਂ ਗੁਰੂ ਤੇਗ ਬਹਾਦਰ ਜੀ ਸਨ, ਜੋ ਸਿੱਖੀ ਸਿਧਾਂਤਾਂ ਖਾਤਰ ਆਪਾ ਕੁਰਬਾਨ ਕਰ ਗਏ। ਇਹ ਸ਼ਹਾਦਤਾਂ ਕਿਸੇ ਮਨੁੱਖ ਜਾਂ ਧਰਮ ਦੇ ਵਿਰੁਧ ਨਹੀਂ, ਸਗੋਂ ਜ਼ੁਲਮ ਦੇ ਵਿਰੁਧ ਸਨ। ਸ਼ਹੀਦੀ ਦਾ ਮਹਾਨ ਸਿਧਾਂਤ ਹੌਲੀ ਹੌਲੀ ਜਨ ਸਾਧਾਰਨ ਦੀ ਚੇਤਨਾ ਵਿਚ ਸ਼ਾਮਿਲ ਹੋਣ ਲੱਗਾ ਅਤੇ ਆਮ ਲੋਕ ਜ਼ੁਲਮ ਨੂੰ ਭਾਣਾ ਮੰਨ ਲੈਣ ਤੋਂ ਇਨਕਾਰ ਕਰਨ ਲੱਗੇ। ਸਿੱਖ ਕੇਵਲ ਧਾਰਮਕ ਆਜ਼ਾਦੀ ਖਾਤਰ ਹੀ ਨਹੀਂ ਸਗੋਂ ਹੋਰ ਤਰ੍ਹਾਂ ਦੇ ਜ਼ੁਲਮਾਂ, ਆਰਥਕ ਅਤੇ ਸਮਾਜਕ ਕਿਸਮ ਦੀਆਂ ਵਧੀਕੀਆਂ ਸਹਿਣ ਤੋਂ ਵੀ ਇਨਕਾਰੀ ਹੋ ਗਏ।

ਸਿੱਖੀ ਸੋਚ ਦੇ ਧਾਰਨੀਆਂ ਦਾ ਯਕੀਨ ਹੈ ਕਿ ਸ਼ਹੀਦ ਹੋਣ ਲਈ ਯੋਗ ਹੋਣਾ ਵੀ ਜ਼ਰੂਰੀ ਹੈ। ਮੌਤ ਤੇ ਜ਼ਿੰਦਗੀ ਦੇ ਅਰਥਾਂ 'ਚ ਫਰਕ ਨਾ ਸਮਝਣ ਵਾਲੇ ਹੀ ਸਿੱਖ ਧਰਮ ਵਿਚ ਸ਼ਹੀਦ ਸਮਝੇ ਜਾਂਦੇ ਹਨ। ਸਿੱਖ ਧਰਮ 'ਚ ਸ਼ਹਾਦਤ ਦੇ ਕੇ ਹੋਰ ਲੋਕਾਂ ਲਈ ਆਦਰਸ਼ ਬਣ ਜਾਣਾ ਅਤੇ ਸਮਾਜ ਵਿਚ ਖੁਸ਼ੀਆਂ ਤੇ ਖੇੜੇ ਪ੍ਰਦਾਨ ਕਰਨਾ ਪ੍ਰਵਾਨ ਹੈ। ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਅਨੁਸਾਰ ਉਹ ਮੌਤ ਮਹਾਨ ਹੈ, ਜੋ ਆਜ਼ਾਦੀ ਦੀ ਲੜਾਈ ਲੜਦਿਆਂ ਅਤੇ ਸਿਰ ਉਚਾ ਰੱਖਦਿਆਂ ਆ ਜਾਵੇ। ਉਨ੍ਹਾਂ ਆਪਣੇ ਸ਼ਬਦਾਂ ਵਿਚ ਇਸ ਤਰ੍ਹਾਂ ਲਿਖਿਆ ਹੈ,

ਸਵੈਯਾ॥
ਹੇ ਰਵਿ ਹੇ ਸਸਿ ਹੇ ਕਰੁਨਾਨਿਧ
ਮੇਰੀ ਅਬੈ ਬਿਨਤੀ ਸੁਨਿ ਲੀਜੈ॥
ਅਉਰ ਨ ਮਾਂਗਤ ਹਉ ਤੁਮ ਤੇ ਕਛੁ ਚਾਹਤ
ਹਉ ਚਿਤ ਮੈ ਸੋਈ ਕੀਜੈ॥
ਸ਼ਤ੍ਰਨ ਸਿਉ ਅਤਿ ਹੀ ਰਨ ਭੀਤਰ
ਜੂਝ ਮਰੋ ਕਹਿ ਸਾਚ ਪਤੀਜੈ॥
ਸੰਤ ਸਹਾਇ ਸਦਾ ਜਗ ਮਾਇ
ਕ੍ਰਿਪਾ ਕਰਿ ਸ਼ਯਾਮ ਇਹੈ ਬਰੁ ਦੀਜੈ॥

ਇਸ ਲਈ ਲੋੜ ਹੈ-ਜਜ਼ਬੇ ਦੀ, ਹਿੰਮਤ ਦੀ, ਠੋਸ ਤੇ ਨੇਕ ਸਿਧਾਂਤ ਦੀ; ਉਸ ਸਿਧਾਂਤ 'ਤੇ ਸੁਹਿਰਦ ਯਤਨਾਂ ਦੀ ਅਤੇ ਉਦੇਸ਼ ਦੀ ਪ੍ਰਾਪਤੀ ਲਈ ਕੀਤੇ ਅਮਲ ਦੀ ਇਕਸੁਰਤਾ ਦੀ। ਜਦੋਂ ਮਨੁੱਖ ਸੁਹਿਰਦ ਯਤਨ ਕਰਦਾ ਹੈ ਤਾਂ ਜਿੱਤ ਕਦਮ ਚੁੰਮਣ ਲਈ ਤਿਆਰ ਹੋ ਜਾਂਦੀ ਹੈ। ਜੇ ਰਸਤਾ ਠੀਕ ਚੁਣਿਆ ਜਾਵੇ ਤੇ ਨਿਸ਼ਾਨਾ ਸੋਧਿਆ ਵੀ ਦਰੁਸਤ ਹੋਵੇ ਤਾਂ ਪਰਮਾਤਮਾ ਵੀ ਹੱਕ ਵਿਚ ਇਕ ਥਿਰ ਬਣ ਜਾਂਦਾ ਹੈ ਅਤੇ ਜੇ ਪਰਮਾਤਮਾ ਦੀ ਨਜ਼ਰ ਸਵੱਲੀ ਹੋਵੇ ਤਾਂ ਉਸ ਨੂੰ ਕੋਈ ਹਰਾ ਨਹੀਂ ਸਕਦਾ। ਹਰ ਨਾਨਕ ਨਾਮ ਲੇਵਾ ਦਾ ਫਰਜ਼ ਹੈ ਕਿ ਜੋਰ ਜਬਰ ਦੇ ਖਿਲਾਫ ਆਵਾਜ਼ ਬੁਲੰਦ ਕਰੇ ਤੇ ਨਾ-ਇਨਸਾਫੀ ਦੇ ਮੁਕਾਬਲੇ ਲਈ ਤਿਆਰ ਰਹੇ।

## ਬੀਜ ਮੰਤ੍ਰ ਹਰਿ ਕੀਰਤਨ ਗਾਉ

**ਗੁਰਬਾਣੀ ਗਿਆਨ**

**ੴ ਸਤਿਗੁਰ ਪ੍ਰਸਾਦਿ॥**
**ਰਾਮਕਲੀ ਮਹਲਾ ੫**
ਬੀਜ ਮੰਤ੍ਰੁ ਹਰਿ ਕੀਰਤਨੁ ਗਾਉ॥
ਆਗੈ ਮਿਲੀ ਨਿਥਾਵੇ ਥਾਉ॥
ਗੁਰ ਪੂਰੇ ਕੀ ਚਰਣੀ ਲਾਗੁ॥
ਜਨਮ ਜਨਮ ਕਾ ਸੋਇਆ ਜਾਗੁ॥
ਹਰਿ ਹਰਿ ਜਾਪੁ ਜਪਲਾ॥
ਗੁਰ ਕਿਰਪਾ ਤੇ ਹਿਰਦੈ ਵਾਸੈ
ਭਉਜਲੁ ਪਾਰਿ ਪਰਲਾ॥ ਰਹਾਉ॥
ਨਾਮੁ ਨਿਧਾਨੁ ਧਿਆਇ ਮਨ ਅਟਲ॥
ਤਾ ਛੂਟਹਿ ਮਾਇਆ ਕੇ ਪਟਲ॥
ਗੁਰ ਕਾ ਸਬਦੁ ਅੰਮ੍ਰਿਤ ਰਸੁ ਪੀਉ॥
ਤਾ ਤੇਰਾ ਹੋਇ ਨਿਰਮਲ ਜੀਉ॥
ਸੋਧਤ ਸੋਧਤ ਸੋਧਿ ਬੀਚਾਰਾ॥
ਬਿਨੁ ਹਰਿ ਭਗਤਿ ਨਹੀ ਛੁਟਕਾਰਾ॥
ਸੋ ਹਰਿ ਭਜਨੁ ਸਾਧ ਕੈ ਸੰਗਿ॥
ਮਨੁ ਤਨੁ ਰਾਪੈ ਹਰਿ ਕੈ ਰੰਗਿ॥
ਛੋਡਿ ਸਿਆਣਪ ਬਹੁ ਚਤੁਰਾਈ॥
ਮਨ ਬਿਨੁ ਹਰਿ ਨਾਵੈ ਜਾਇ ਨ ਕਾਈ॥
ਦਇਆ ਧਾਰੀ ਗੋਵਿਦ ਗੋੁਸਾਈ॥
ਹਰਿ ਹਰਿ ਨਾਨਕ ਟੇਕ ਟਿਕਾਈ॥

ਗੁਰਦੇਵ ਪਿਤਾ ਆਖਦੇ ਹਨ, ਮਿਹਰਬਾਨ ਪ੍ਰਭੂ ਨੂੰ ਵੱਸ ਵਿਚ ਕਰਨ ਦਾ ਇਹ ਸਭ ਤੋਂ ਸ੍ਰੇਸ਼ਟ ਮੰਤ੍ਰ ਹੈ ਕਿ ਪ੍ਰਭੂ ਦੀ ਸਿਫਤ ਦੇ ਗੀਤ ਗਾਇਆ ਕਰੋ। ਕੀਰਤਨ ਦੀ ਬਰਕਤ ਨਾਲ ਅੱਗੇ ਪਰਲੋਕ ਵਿਚ ਨਿਆਸਰੇ ਜੀਵ ਨੂੰ ਭੀ ਆਸਰਾ ਮਿਲ ਜਾਂਦਾ ਹੈ। ਹੇ ਭਾਈ, ਪੂਰੇ ਗੁਰੂ ਦੇ ਚਰਨਾਂ 'ਤੇ ਪਿਆ ਰਹੁ, ਇਸ ਤਰ੍ਹਾਂ ਕਈ ਜਨਮਾਂ ਤੋਂ ਮਾਇਆ ਦੇ ਮੋਹ ਦੀ ਨੀਂਦ ਵਿਚ ਸੁਤਾ ਹੋਇਆ ਤੂੰ ਜਾਗ ਪਵੇਂਗਾ।

ਗੁਰ ਪੂਰੇ ਕੀ ਚਰਣੀ ਲਾਗੁ॥
ਜਨਮ ਜਨਮ ਕਾ ਸੋਇਆ ਜਾਗੁ॥
ਹਰਿ ਹਰਿ ਜਾਪੁ ਜਪਲਾ॥
ਗੁਰ ਕਿਰਪਾ ਤੇ ਹਿਰਦੈ ਵਾਸੈ
ਭਉਜਲੁ ਪਾਰਿ ਪਰਲਾ॥ ਰਹਾਉ॥

ਸ਼ਬਦ ਦੀ ਰਹਾਉ ਦੀ ਪੰਕਤੀ ਵਿਚ ਗੁਰੂ ਅਰਜਨ ਦੇਵ ਉਪਦੇਸ਼ ਕਰਦਿਆਂ ਮਿਹਰਬਾਨ ਪ੍ਰਭੂ ਦੇ ਨਾਮ ਦੀ ਮਹਿਮਾ ਦਾ ਵਰਣਨ ਕਰਦੇ ਹਨ, ਹੇ ਭਾਈ! ਜਿਸ ਮਨੁੱਖ ਨੇ ਪਰਮਾਤਮਾ ਦਾ ਨਾਮ ਜਪਿਆ, ਗੁਰੂ ਦੀ ਕਿਰਪਾ ਸਦਕਾ ਜਿਸ ਮਨੁੱਖ ਦੇ ਹਿਰਦੇ ਵਿਚ ਪਰਮਾਤਮਾ ਦਾ ਨਾਮ ਆ ਵੱਸਦਾ ਹੈ, ਉਹ ਮਨੁੱਖ ਭਵਜਲ ਯਾਨਿ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਂਦਾ ਹੈ।

ਨਾਮੁ ਨਿਧਾਨੁ ਧਿਆਇ ਮਨ ਅਟਲ॥
ਤਾ ਛੂਟਹਿ ਮਾਇਆ ਕੇ ਪਟਲ॥
ਗੁਰ ਕਾ ਸਬਦੁ ਅੰਮ੍ਰਿਤ ਰਸੁ ਪੀਉ॥
ਤਾ ਤੇਰਾ ਹੋਇ ਨਿਰਮਲ ਜੀਉ॥

ਸਤਿਗੁਰੂ ਜੀ ਆਖਦੇ ਹਨ, ਹੇ ਮਨ ਪਰਮਾਤਮਾ ਦਾ ਨਾਮ ਕਦੀ ਨਾ ਮੁਕਣ ਵਾਲਾ ਖਜ਼ਾਨਾ ਹੈ, ਤੂੰ ਇਸ ਦਾ ਸਿਮਰਨ ਸਦਾ ਹੀ ਕਰਦਾ ਰਹੁ, ਤਾਂ ਹੀ ਤੇਰੇ ਮਾਇਆ ਦੇ ਮੋਹ ਦੇ ਪਟਲ ਭਾਵ ਪਰਦੇ ਪਾਟਣਗੇ। ਹੇ ਮਨ! ਗੁਰੂ ਸ਼ਬਦ ਹੀ ਆਤਮਕ ਜੀਵਨ ਦੇਣ ਵਾਲਾ ਅੰਮ੍ਰਿਤ ਰਸ ਹੈ। ਤੂੰ ਇਸ ਨੂੰ ਪੀਂਦਾ ਰਹਿ, ਤਾਂ ਹੀ ਤੇਰਾ ਜੀਉ ਨਿਰਮਲ ਪਵਿਤਰ ਹੋਵੇਗਾ।

ਸੋਧਤ ਸੋਧਤ ਸੋਧਿ ਬੀਚਾਰਾ॥
ਬਿਨੁ ਹਰਿ ਭਗਤਿ ਨਹੀ ਛੁਟਕਾਰਾ॥
ਸੋ ਹਰਿ ਭਜਨੁ ਸਾਧ ਕੈ ਸੰਗਿ॥
ਮਨੁ ਤਨੁ ਰਾਪੈ ਹਰਿ ਕੈ ਰੰਗਿ॥

ਸਤਿਗੁਰ ਆਖਦੇ ਹਨ, ਹੇ ਮਨ! ਅਸਾਂ ਬਹੁਤ ਹੀ ਵਿਚਾਰ ਕੇ ਇਹ ਸਿੱਟਾ ਕੱਢਿਆ ਹੈ ਕਿ ਮਿਹਰਬਾਨ ਪ੍ਰਭੂ ਦੀ ਭਗਤੀ ਤੋਂ ਬਿਨਾ ਮਾਇਆ ਦੇ ਮੋਹ ਤੋਂ ਖਲਾਸੀ ਨਹੀਂ ਹੋ ਸਕਦੀ। ਪ੍ਰਭੂ ਦੀ ਉਹ ਭਗਤੀ ਗੁਰੂ ਦੀ ਸੰਗਤ ਵਿਚ ਰਹਿ ਕੇ ਹੀ ਪ੍ਰਾਪਤ ਹੁੰਦੀ ਹੈ। ਜਿਸ ਨੂੰ ਪ੍ਰਾਪਤ ਹੁੰਦੀ ਹੈ, ਉਸ ਦਾ ਮਨ ਅਤੇ ਤਨ-ਦੋਵੇਂ ਹੀ ਪਰਮਾਤਮਾ ਦੇ ਰੰਗ ਵਿਚ ਰੰਗੇ ਜਾਂਦੇ ਹਨ।

ਛੋਡਿ ਸਿਆਣਪ ਬਹੁ ਚਤੁਰਾਈ॥
ਮਨ ਬਿਨੁ ਹਰਿ ਨਾਵੈ ਜਾਇ ਨ ਕਾਈ॥
ਦਇਆ ਧਾਰੀ ਗੋਵਿਦ ਗੋੁਸਾਈ॥
ਹਰਿ ਹਰਿ ਨਾਨਕ ਟੇਕ ਟਿਕਾਈ॥

ਗੁਰਦੇਵ ਕਹਿੰਦੇ ਨੇ, ਹੇ ਮਨ! ਆਪਣੀ ਸਾਰੀ ਹੀ ਸਿਆਣਪ ਅਤੇ ਬਹੁਤੀ ਚਤੁਰਾਈ ਛੱਡ ਦੇਹ। ਜਿਵੇਂ ਜਾਲੇ ਦੇ ਕਾਰਨ ਧਰਤੀ ਵਿਚ ਪਾਣੀ ਨਹੀਂ ਜਾ ਸਕਦਾ, ਇਵੇਂ ਹੀ ਹਉਮੈ ਰੂਪ ਕਾਈ ਕਰਕੇ ਗੁਰੂ ਦੇ ਉਪਦੇਸ਼ ਦਾ ਵੀ ਮਨੁੱਖ 'ਤੇ ਅਸਰ ਨਹੀਂ ਹੁੰਦਾ, ਪ੍ਰਭੂ ਨਾਮ ਤੋਂ ਬਿਨਾ ਇਹ ਜਾਲਾ ਦੂਰ ਨਹੀਂ ਹੁੰਦਾ। ਇਹ ਆਖਦਾ ਹੈ, ਜਿਸ ਮਨੁੱਖ ਉਤੇ ਧਰਤੀ ਦਾ ਮਾਲਕ ਪ੍ਰਭੂ ਦਇਆ ਕਰਦਾ ਹੈ, ਉਹ ਪ੍ਰਭੂ ਦਾ ਆਸਰਾ ਲੈਂਦਾ ਹੈ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*

ਧਰਮ-ਕਰਮ

# ਵਿਪਰਵਾਦ-ਪੁਜਾਰੀਵਾਦ

ਨੰਦ ਸਿੰਘ ਬਰਾੜ
ਫੋਨ: 916-501-3974

ਵਿਪਰ, ਹਿੰਦੂਆਂ ਦਾ ਧਾਰਮਕ, ਪਵਿੱਤਰ ਅਤੇ ਸਨਮਾਨਯੋਗ ਵਿਅਕਤੀ ਗਿਣਿਆ ਜਾਂਦਾ ਹੈ, ਕਿਉਂਕਿ ਉਹ ਆਪਣੇ ਹਿੰਦੂ ਅਨੁਆਈਆਂ ਨੂੰ ਮਹਾਂਪੁਰਖਾਂ ਦੀ ਸਿਖਿਆ ਅਨੁਸਾਰ ਧਰਮ ਦੇ ਰਸਤੇ 'ਤੇ ਚਲਣ ਲਈ ਪ੍ਰੇਰਦਾ ਹੈ। ਉਹ ਸਾਫ ਸੁਥਰਾ ਅਤੇ ਪੂਰੀ ਤਰ੍ਹਾਂ ਧਾਰਮਕ ਪਹਿਰਾਵਾ ਧਾਰਨ ਕਰਦਾ ਹੈ, ਜੋ ਉਸ ਦਾ ਧਰਮ ਦੀ ਸੱਚੀ ਸੁੱਚੀ ਮੂਰਤ ਵਾਂਗ ਪ੍ਰਭਾਵ ਪੈਦਾ ਕਰਦਾ ਹੈ।

ਮੰਦਿਰਾਂ ਤੇ ਉਨ੍ਹਾਂ ਵਿਚ ਸਥਾਪਤ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਦੀ ਸੇਵਾ ਸੰਭਾਲ ਅਤੇ ਮੰਦਿਰਾਂ ਵਿਚ ਪੂਜਾ ਅਰਚਨਾ ਸਿਰਫ ਉਹ ਹੀ ਕਰ ਸਕਦਾ ਹੈ। ਉਹ ਹੀ ਅਨੁਆਈਆਂ ਵਾਸਤੇ ਉਨ੍ਹਾਂ ਦੇ ਘਰਾਂ ਵਿਚ ਪੂਜਾ ਪਾਠ ਕਰਦਾ ਹੈ ਅਤੇ ਹੋਰ ਧਾਰਮਕ ਤੇ ਸਮਾਜਕ ਕੰਮ ਨੇਪਰੇ ਚਾੜ੍ਹਨ ਵਾਸਤੇ ਉਨ੍ਹਾਂ ਦੀ ਅਗਵਾਈ ਕਰਦਾ ਹੈ। ਇਹ ਸਾਰੇ ਫਰਜ਼ ਨਿਭਾਉਂਦਿਆਂ ਉਸ ਨੂੰ ਜੋ ਤਿਲ ਫੁਲ ਭੇਟਾ ਮਿਲਦੀ ਹੈ, ਉਸ ਨਾਲ ਉਹ ਆਪਣੇ ਪਰਿਵਾਰ ਦਾ ਪੂਰੇ ਸਬਰ ਸੰਤੋਖ ਨਾਲ ਗੁਜ਼ਾਰਾ ਕਰਦਾ ਹੈ। ਇਸ ਤਰ੍ਹਾਂ ਉਸ ਦਾ ਸਮੁੱਚਾ ਜੀਵਨ ਸਾਫ ਸੁਥਰਾ, ਸਾਦਾ ਅਤੇ ਪੂਰੀ ਤਰ੍ਹਾਂ ਸੱਚੇ ਸੁੱਚੇ ਧਾਰਮਕ ਵਿਅਕਤੀ ਵਾਲਾ ਹੁੰਦਾ ਹੈ।

ਇਹ ਠੀਕ ਹੈ ਕਿ ਵਿਪਰ ਇੱਕ ਬ੍ਰਾਹਮਣ ਹੀ ਹੋ ਸਕਦਾ ਹੈ, ਪਰ ਇਹ ਵੀ ਠੀਕ ਹੈ ਕਿ ਹਰ ਬ੍ਰਾਹਮਣ ਵਿਪਰ ਨਹੀਂ ਹੁੰਦਾ। ਇਹ ਸੱਚਾਈ ਆਪਾਂ ਸਿੱਖ ਧਰਮ ਦੀ ਅਜੋਕੀ ਸਥਿਤੀ ਤੋਂ ਸੌਖਿਆਂ ਹੀ ਸਮਝ ਸਕਦੇ ਹਾਂ। ਆਪਾਂ ਜਾਣਦੇ ਹਾਂ ਕਿ ਅਕਾਲ ਤਖਤ ਸਾਹਿਬ ਦੀਆਂ ਹਦਾਇਤਾਂ ਅਨੁਸਾਰ ਇਕ ਅੰਮ੍ਰਿਤਧਾਰੀ ਸਿੰਘ ਹੀ ਕਿਸੇ ਗੁਰਦੁਆਰੇ ਦਾ ਗ੍ਰੰਥੀ ਹੋ ਸਕਦਾ ਹੈ। ਭਾਵ ਗ੍ਰੰਥੀ ਇਕ ਅੰਮ੍ਰਿਤਧਾਰੀ ਸਿੰਘ ਹੁੰਦਾ ਹੈ, ਪਰ ਸਾਰੇ ਅੰਮ੍ਰਿਤਧਾਰੀ ਸਿੰਘ ਗ੍ਰੰਥੀ ਨਹੀਂ ਹੁੰਦੇ ਸਗੋਂ ਜ਼ਿੰਦਗੀ ਦੇ ਆਪੋ ਆਪਣੇ ਕਾਰਵਿਹਾਰ ਕਰਦੇ ਹਨ। ਉਸੇ ਤਰ੍ਹਾਂ ਵਿਪਰ ਤੋਂ ਬਿਨਾ ਬਾਕੀ ਬ੍ਰਾਹਮਣ ਵੀ ਆਪੋ ਆਪਣੇ ਕਾਰ ਵਿਹਾਰ ਕਰਦੇ ਹਨ। ਪੁਰਾਣੀ ਇਤਿਹਾਸਕ ਮਿਸਾਲ ਮਸ਼ਹੂਰ ਬ੍ਰਾਹਮਣ ਬੀਰਬਲ ਦੀ ਲੈ ਸਕਦੇ ਹਾਂ, ਜੋ ਵਿਪਰ ਨਾ ਹੋ ਕੇ ਇਕ ਰਾਜੇ ਦਾ ਮੰਤਰੀ ਸੀ। ਇਸੇ ਤਰ੍ਹਾਂ ਅੱਜ ਵੀ ਆਪਾਂ ਵੇਖਦੇ ਹਾਂ ਕਿ ਉਹ ਇਕ ਆਮ ਮਜ਼ਦੂਰ ਤੋਂ ਲੈ ਕੇ ਵੱਡੀਆਂ ਵੱਡੀਆਂ ਕੰਪਨੀਆਂ ਤੇ ਕਾਰਪੋਰੇਸ਼ਨਾਂ ਦੇ ਮਾਲਕ ਅਤੇ ਇਕ ਚਪੜਾਸੀ ਤੋਂ ਲੈ ਕੇ ਵੱਡੇ ਤੋਂ ਵੱਡੇ ਅਹੁਦਿਆਂ 'ਤੇ ਬਿਰਾਜਮਾਨ ਹਨ। ਇਸ ਤਰ੍ਹਾਂ ਵਿਪਰ ਅਤੇ ਬ੍ਰਾਹਮਣ ਨੂੰ ਇਕ ਨਹੀਂ ਗਿਣਨਾ ਚਾਹੀਦਾ।

ਦੁਨੀਆਂ 'ਤੇ ਜਿੰਨੇ ਵੀ ਧਰਮ ਹਨ, ਹਰ ਇਕ ਦਾ ਵਿਪਰ ਵਾਂਗ ਹੀ ਆਪੋ ਆਪਣਾ ਧਾਰਮਕ, ਪਵਿੱਤਰ ਅਤੇ ਸਨਮਾਨਯੋਗ ਵਿਅਕਤੀ ਹੁੰਦਾ ਹੈ, ਜੋ ਉਪਰ ਜ਼ਿਕਰ ਕੀਤੇ ਵਿਪਰ ਵਾਂਗ ਧਾਰਮਕ ਜ਼ਿੰਮੇਵਾਰੀਆਂ ਤੇ ਫਰਜ਼ ਨਿਭਾਉਂਦਾ ਹੈ। ਵੱਖ ਵੱਖ ਧਰਮਾਂ ਵਿਚ ਉਨ੍ਹਾਂ ਦਾ ਪਹਿਰਾਵਾ ਅਤੇ ਰਹਿਣ-ਸਹਿਣ ਵੱਖੋ ਵੱਖਰਾ ਹੁੰਦਾ ਹੈ ਅਤੇ ਨਾਂ ਵੀ ਭਾਵੇਂ ਵੱਖ ਵੱਖ ਹੁੰਦੇ ਹਨ, ਪਰ ਉਨ੍ਹਾਂ ਦੇ ਰੁਜ਼ਗਾਰ ਦਾ ਸੋਮਾ ਕਰੀਬ ਇਕੋ ਜਿਹਾ ਹੁੰਦਾ ਹੈ। ਉਹ ਸਾਰੇ ਹੀ ਆਪੋ ਆਪਣੇ ਅਨੁਆਈਆਂ ਵਲੋਂ ਕੀਤੀਆਂ ਤਿਲ ਫੁਲ ਭੇਟਾਵਾਂ ਨਾਲ ਜੀਵਨ ਦਾ ਨਿਰਬਾਹ ਕਰਦੇ ਹਨ।

ਦੂਜੇ ਸ਼ਬਦਾਂ ਵਿਚ ਕਹਿ ਸਕਦੇ ਹਾਂ ਕਿ ਪੂਜਾ ਹੀ ਇਕ ਤਰ੍ਹਾਂ ਨਾਲ ਉਨ੍ਹਾਂ ਦਾ ਰੁਜ਼ਗਾਰ ਹੁੰਦਾ ਹੈ। ਇਸ ਵਾਸਤੇ ਇਸ ਲਿਖਤ ਵਿਚ ਸਭ ਨੂੰ ਇਕ ਸਾਂਝੇ ਨਾਂ 'ਪੁਜਾਰੀ' ਨਾਲ ਸੰਬੋਧਨ ਕਰ ਰਿਹਾ ਹਾਂ। ਹਰ ਧਰਮ ਦੇ ਪੁਜਾਰੀ ਦੀ ਉਸ ਦੇ ਧਾਰਮਕ ਪਹਿਰਾਵੇ ਤੋਂ ਸੌਖਿਆਂ ਹੀ ਪਛਾਣ ਹੋ ਜਾਂਦੀ ਹੈ ਅਤੇ ਇਸ ਪਹਿਰਾਵੇ ਕਰਕੇ ਸਮਾਜ ਵਿਚ ਹੁੰਦੀ ਉਸ ਦੀ ਇੱਜਤ ਦਾ ਅੰਦਾਜ਼ਾ ਆਪਾਂ ਇਸ ਗੱਲੋਂ ਲਾ ਸਕਦੇ ਹਾਂ ਕਿ ਹਰੇਕ ਪੁਜਾਰੀ ਦਾ ਆਦਰ ਸਤਿਕਾਰ ਸਿਰਫ ਉਸ ਦੇ ਧਰਮ ਵਾਲੇ ਹੀ ਨਹੀਂ ਕਰਦੇ ਸਗੋਂ ਬਾਕੀ ਦੂਜੇ ਧਰਮਾਂ ਵਾਲੇ ਵੀ ਕਰਦੇ ਹਨ। ਹੈਰਾਨੀ ਦੀ ਗੱਲ ਹੈ ਕਿ ਪੁਜਾਰੀ, ਜਿਸ ਨੂੰ ਧਰਮ ਦਾ ਰਾਖਾ ਸਮਝਿਆ ਜਾਂਦਾ ਹੈ, ਨਾਲ ਜੁੜੀ ਵਿਪਰਵਾਦ ਜਾਂ ਪੁਜਾਰੀਵਾਦ ਦੀ ਧਾਰਨਾ ਧਰਮ ਵਿਰੋਧੀ ਗਿਣੀ ਜਾਂਦੀ ਹੈ। ਇਸੇ ਕਰਕੇ ਹਰ ਧਾਰਮਕ ਬੁਲਾਰਾ ਆਪਣੇ ਵਿਰੋਧੀਆਂ ਨੂੰ ਧਰਮ ਵਿਰੋਧੀ ਸਾਬਤ ਕਰਨ ਵਾਸਤੇ ਉਨ੍ਹਾਂ ਲਈ ਵਿਪਰਵਾਦੀ ਜਾਂ ਪੁਜਾਰੀਵਾਦੀ ਹੋਣ ਦਾ ਦੋਸ਼ ਲਾਉਂਦਾ ਹੈ। ਇਸ ਲਿਖਤ ਰਾਹੀਂ ਇਹ ਸਮਝਣ ਦਾ ਯਤਨ ਕੀਤਾ ਗਿਆ ਹੈ ਕਿ ਕਿਸੇ ਵੀ ਪੁਜਾਰੀ ਨਾਲ ਵਿਪਰਵਾਦ ਜਾਂ ਪੁਜਾਰੀਵਾਦ ਦੀ ਇਹ ਧਰਮ ਵਿਰੋਧੀ ਧਾਰਨਾ ਕਿਉਂ ਜੁੜ ਜਾਂਦੀ ਹੈ?

ਸੰਸਾਰ ਦੇ ਕਰੀਬ ਸਾਰੇ ਕਿੱਤੇ, ਸਿਰਫ ਕੁਝ ਇਕ ਨੂੰ ਛੱਡ ਕੇ, ਦਸਾਂ ਨਹੁੰਆਂ ਦੀ ਕਿਰਤ ਵਾਲੇ ਹੀ ਹੁੰਦੇ ਹਨ। ਉਕਤ ਪੁਜਾਰੀਵਾਦ ਵਾਲੀ ਧਾਰਨਾ ਨੂੰ ਸੌਖਿਆਂ ਸਮਝਣ ਲਈ ਅਸੀਂ ਕਿਸੇ ਇਕ ਦੁਨਿਆਵੀ ਕਿੱਤੇ ਦੀ ਮਿਸਾਲ ਲੈ ਸਕਦੇ ਹਾਂ। ਇਕ ਦੋਧੀ ਦਾ ਕੰਮ ਕਾਫੀ ਮਿਹਨਤ ਮੁਸ਼ੱਕਤ ਵਾਲਾ ਅਤੇ ਨੇਕ ਕਿੱਤਾ ਹੈ। ਉਹ ਪਿੰਡ ਦੇ ਘਰਾਂ ਤੋਂ ਦੁੱਧ ਇਕੱਠਾ ਕਰਕੇ ਨੇੜੇ ਦੇ ਸ਼ਹਿਰ ਜਾਂ ਕਸਬੇ ਵਿਚ ਲਿਜਾ ਕੇ ਵੇਚਦਾ ਹੈ। ਇਹ ਕਿੱਤਾ ਨੇਕ ਇਸ ਲਈ ਹੈ ਕਿ ਉਹ ਜਿਨ੍ਹਾਂ ਘਰਾਂ ਤੋਂ ਦੁੱਧ ਇਕੱਠਾ ਕਰਦਾ ਹੈ, ਉਨ੍ਹਾਂ ਦੇ ਰੁਜ਼ਗਾਰ ਦਾ ਸਬੱਬ ਬਣਦਾ ਹੈ ਅਤੇ ਸ਼ਹਿਰ ਵਾਲਿਆਂ ਲਈ, ਜੋ ਪਸ਼ੂ ਰੱਖਣ ਦੇ ਅਸਮਰੱਥ ਹੁੰਦੇ ਹਨ, 13ਵੇਂ ਰਤਨ ਦਾ ਪ੍ਰਬੰਧ ਕਰਕੇ ਪੁੰਨ ਦਾ ਕੰਮ ਕਰਦਾ ਹੈ। ਦੁੱਧ ਦੇ ਪਿੰਡ ਅਤੇ ਸ਼ਹਿਰ ਦੇ ਮੁੱਲ ਵਿਚ ਫਰਕ ਕਰਕੇ ਹੁੰਦਾ ਮੁਨਾਫਾ ਉਸ ਦੀ ਨੇਕ ਕਮਾਈ ਹੁੰਦੀ ਹੈ। ਹੋਰ ਮਿਹਨਤ ਕਰਕੇ ਭਾਵ ਵੱਧ ਦੁੱਧ ਇਕੱਠਾ ਕਰਕੇ ਅਤੇ ਵੇਚ ਕੇ ਵਧਾਈ ਕਮਾਈ ਵੀ ਉਸ ਦੀ ਦਸਾਂ ਨਹੁੰਆਂ ਦੀ ਕਮਾਈ ਹੀ ਰਹਿੰਦੀ ਹੈ, ਪਰ ਜੇ ਉਹ ਕੋਈ ਗਲਤ ਢੰਗ ਵਰਤ ਕੇ ਯਾਨਿ ਦੁੱਧ ਵਿਚ ਪਾਣੀ ਆਦਿ ਮਿਲਾ ਕੇ ਆਪਣੀ ਕਮਾਈ ਵਧਾਉਂਦਾ ਹੈ ਤਾਂ ਇਹ ਬੇਈਮਾਨੀ ਦੀ ਕਮਾਈ ਬਣ ਜਾਂਦੀ ਹੈ। ਜੇ ਉਹ ਇਥੇ ਵੀ ਨਹੀਂ ਰੁਕਦਾ ਅਤੇ ਆਪਣੀ ਕਮਾਈ ਨੂੰ ਬੇਹਿਸਾਬੀ ਵਧਾਉਣ ਵਾਸਤੇ ਰਸਾਇਣਕ ਪਦਾਰਥਾਂ ਦੀ ਵਰਤੋਂ ਨਾਲ ਬਨਾਉਟੀ ਦੁੱਧ ਬਣਾ ਕੇ ਵੇਚਦਾ ਹੈ, ਜੋ ਪੀਣ ਵਾਲਿਆਂ ਦੀ ਸਿਹਤ 'ਤੇ ਬਹੁਤ ਬੁਰਾ ਪ੍ਰਭਾਵ ਪਾਉਂਦਾ ਹੈ, ਤਾਂ ਇਹ ਘੋਰ ਪਾਪ ਦੀ ਕਮਾਈ ਬਣ ਜਾਂਦੀ ਹੈ। ਇਸ ਤਰ੍ਹਾਂ ਇਕ ਨੇਕ ਤੇ ਪੁੰਨ ਦਾ ਕੰਮ ਕਰਨ ਵਾਲਾ ਦੋਧੀ ਆਪਣੇ ਅੰਨ੍ਹੇ ਲਾਲਚ ਵੱਸ ਮਹਾਂ ਪਾਪੀ ਬਣ ਜਾਂਦਾ ਹੈ।

ਕੁਝ ਇਸੇ ਤਰ੍ਹਾਂ ਦਾ ਘਟਨਾਕ੍ਰਮ ਇਕ ਪੁਜਾਰੀ ਨਾਲ ਵੀ ਵਾਪਰ ਸਕਦਾ ਹੈ, ਜਿਸ ਤੋਂ ਉਹ ਆਪਣੇ ਫਰਜ਼ਾਂ ਪ੍ਰਤੀ ਸੁਚੇਤ ਹੋ ਕੇ ਆਪਣੇ ਆਪ ਨੂੰ ਬਚਾ ਕੇ ਪਾਕ ਪਵਿੱਤਰ ਰਹਿ ਸਕਦਾ ਹੈ। ਬਹੁਤੇ ਪੁਜਾਰੀ ਪਾਕ ਪਵਿੱਤਰ ਹੀ ਹੁੰਦੇ ਹਨ। ਉਹ ਆਪਣੀ ਸਬਰ ਸੰਤੋਖ ਵਾਲੀ ਧਾਰਮਕ ਜ਼ਿੰਦਗੀ ਜਿਉਣ ਦੇ ਨਾਲ ਨਾਲ ਲੋਕਾਂ ਨੂੰ ਕਰਾਮਾਤਾਂ, ਅੰਧਵਿਸ਼ਵਾਸਾਂ ਅਤੇ ਕਰਮਕਾਂਡਾਂ ਦੇ ਜੰਜਾਲ ਵਿਚੋਂ ਕੱਢਣ ਵਾਸਤੇ ਮਹਾਂਪੁਰਖਾਂ ਦੀ ਸਿਖਿਆ ਦਾ ਪ੍ਰਚਾਰ ਕਰਦੇ ਹਨ ਤੇ ਸੱਚੇ ਸੁੱਚੇ ਧਰਮ ਦੇ ਰਾਹ 'ਤੇ ਚੱਲ ਕੇ ਆਪਣਾ ਜੀਵਨ ਸੁਧਾਰਨ ਲਈ ਪ੍ਰੇਰਦੇ ਹਨ।

ਉਹ ਆਪਣੀਆਂ ਸਿਖਿਆਵਾਂ ਅਤੇ ਪ੍ਰਚਾਰ ਰਾਹੀਂ ਸਮੁੱਚੇ ਸਮਾਜ ਵਿਚ ਇਕਸੁਰਤਾ ਅਤੇ ਭਰਾਤਰੀ ਭਾਵ ਬਣਾਈ ਰੱਖਣ ਦਾ ਹਰ ਸੰਭਵ ਯਤਨ ਕਰਦੇ ਹਨ। ਅਜਿਹਾ ਕਰਦਿਆਂ ਉਨ੍ਹਾਂ ਨੂੰ ਸ਼ਰਧਾਲੂਆਂ ਤੋਂ ਜੋ ਤਿਲ ਫੁਲ ਭੇਟਾ ਮਿਲਦੀ ਹੈ, ਉਹ ਉਨ੍ਹਾਂ ਦੀ ਨੇਕ ਅਤੇ ਦਸਾਂ ਨਹੁੰਆਂ ਦੀ ਕਮਾਈ ਹੁੰਦੀ ਹੈ।

**ਦੁਨੀਆਂ 'ਤੇ ਜਿੰਨੇ ਵੀ ਧਰਮ ਹਨ, ਹਰ ਇਕ ਦਾ ਵਿਪਰ ਵਾਂਗ ਹੀ ਆਪੋ ਆਪਣਾ ਧਾਰਮਕ, ਪਵਿੱਤਰ ਅਤੇ ਸਨਮਾਨਯੋਗ ਵਿਅਕਤੀ ਹੁੰਦਾ ਹੈ, ਜੋ ਉਪਰ ਜ਼ਿਕਰ ਕੀਤੇ ਵਿਪਰ ਵਾਂਗ ਧਾਰਮਕ ਜ਼ਿੰਮੇਵਾਰੀਆਂ ਤੇ ਫਰਜ਼ ਨਿਭਾਉਂਦਾ ਹੈ। ਵੱਖ ਵੱਖ ਧਰਮਾਂ ਵਿਚ ਉਨ੍ਹਾਂ ਦਾ ਪਹਿਰਾਵਾ ਅਤੇ ਰਹਿਣ-ਸਹਿਣ ਵੱਖੋ ਵੱਖਰਾ ਹੁੰਦਾ ਹੈ ਅਤੇ ਨਾਂ ਵੀ ਭਾਵੇਂ ਵੱਖ ਵੱਖ ਹੁੰਦੇ ਹਨ, ਪਰ ਉਨ੍ਹਾਂ ਦੇ ਰੁਜ਼ਗਾਰ ਦਾ ਸੋਮਾ ਕਰੀਬ ਇਕੋ ਜਿਹਾ ਹੁੰਦਾ ਹੈ। ਉਹ ਸਾਰੇ ਹੀ ਆਪੋ ਆਪਣੇ ਅਨੁਆਈਆਂ ਵਲੋਂ ਕੀਤੀਆਂ ਤਿਲ ਫੁਲ ਭੇਟਾਵਾਂ ਨਾਲ ਜੀਵਨ ਦਾ ਨਿਰਬਾਹ ਕਰਦੇ ਹਨ।**

ਉਹ ਉਸੇ ਵਿਚ ਸੰਤੁਸ਼ਟ ਰਹਿੰਦੇ ਹਨ, ਪਰ ਕੁਝ ਇੱਕ ਪੁਜਾਰੀ ਐਨੇ ਵਿਚ ਸੰਤੁਸ਼ਟ ਨਹੀਂ ਰਹਿ ਸਕਦੇ। ਉਹ ਲੋਕਾਂ ਨੂੰ ਕਰਾਮਾਤਾਂ, ਅੰਧਵਿਸ਼ਵਾਸ ਅਤੇ ਕਰਮਕਾਂਡ ਦੇ ਜੰਜਾਲ ਵਿਚ ਫਸਾ ਕੇ ਆਪਣੀ ਕਮਾਈ ਵਧਾਉਣ ਦਾ ਜੁਗਾੜ ਬਣਾ ਲੈਂਦੇ ਹਨ, ਜੋ ਉਨ੍ਹਾਂ ਦੀ ਬੇਈਮਾਨੀ ਦੀ ਕਮਾਈ ਬਣ ਜਾਂਦੀ ਹੈ। ਇਹ ਹੀ ਪੁਜਾਰੀਵਾਦ ਦੀ ਧਾਰਨਾ ਵੱਲ ਵਧਣ ਵਾਲਾ ਪਹਿਲਾ ਕਦਮ ਹੈ। ਕੁਝ ਇੱਕ ਤਾਂ ਇਥੇ ਵੀ ਨਹੀਂ ਰੁਕਦੇ। ਉਹ ਆਪਣੀ ਕਮਾਈ ਦੇ ਨਾਲ ਨਾਲ ਆਪਣੀ ਤਾਕਤ ਵਧਾਉਣ ਵਾਸਤੇ ਮਨੁੱਖਤਾ ਵਿਚ ਵੰਡੀਆਂ ਪਾ ਕੇ ਇਕ ਦੂਜੇ ਦੇ ਵਿਰੋਧੀ ਅਤੇ ਦੁਸ਼ਮਣ ਧੜਿਆਂ ਵਿਚ ਲਾਮਬੰਦ ਕਰਨ ਦਾ ਪਾਪ ਕਰਨ ਤੋਂ ਵੀ ਗੁਰੇਜ ਨਹੀਂ ਕਰਦੇ। ਇਹ ਵਿਪਰਵਾਦ ਜਾਂ ਪੁਜਾਰੀਵਾਦ ਦਾ ਇੱਕ ਤਰ੍ਹਾਂ ਨਾਲ ਸਿਖਰ ਹੋ ਨਿਬੜਦਾ ਹੈ। ਇਹ ਕੁਝ ਕਰਨ ਵਾਸਤੇ ਸਭ ਤੋਂ ਪਹਿਲਾਂ ਉਹ ਕਹਿਣਗੇ ਕਿ ਸਾਡਾ ਧਰਮ ਸਭ ਤੋਂ ਉਤਮ ਧਰਮ ਹੈ। ਇਹ ਗੱਲ ਹਰ ਧਰਮ ਦਾ ਇਸ ਕਿਸਮ ਦਾ ਪੁਜਾਰੀ ਕਰਦਾ ਹੈ।

ਪਹਿਲੀ ਨਜ਼ਰੇ ਦੇਖਿਆਂ ਭਾਵੇਂ ਇਹ ਗੱਲ ਮਾੜੀ ਨਹੀਂ ਲਗਦੀ, ਪਰ ਹਕੀਕਤ ਇਹ ਹੈ ਕਿ ਜੇ ਕੋਈ ਇੱਕ ਉਤਮ ਹੈ ਤਾਂ ਦੂਜੇ ਸਾਰੇ ਉਸ ਤੋਂ ਘਟੀਆ ਬਣ ਜਾਂਦੇ ਹਨ। ਇਸ ਦਾ ਅਗਲਾ ਅਸਰ ਇਹ ਹੁੰਦਾ ਹੈ ਕਿ ਇੱਕ ਧਰਮ ਨੂੰ ਮੰਨਣ ਵਾਲਾ ਮਨੁੱਖ ਆਪਣੇ ਆਪ ਨੂੰ ਉਤਮ ਅਤੇ ਦੂਜੇ ਧਰਮਾਂ ਨੂੰ ਮੰਨਣ ਵਾਲੇ ਮਨੁੱਖਾਂ ਨੂੰ ਘਟੀਆ ਸਮਝਣ ਲੱਗ ਪੈਂਦਾ ਹੈ। ਇਹ ਮਨੁੱਖਤਾ ਨੂੰ ਵਰਗਾਂ ਵਿਚ ਵੰਡਣ ਵਾਲਾ ਪਹਿਲਾ ਕਦਮ ਹੈ। ਅਗਲੇ ਕਦਮ ਵਿਚ ਇਹ ਪੁਜਾਰੀ ਆਪਣੇ ਆਪ ਨੂੰ ਧਰਮ ਦੇ ਰਾਖੇ ਦੱਸਣ ਲਈ ਕਹਿਣਗੇ ਕਿ ਦੂਜੇ ਧਰਮਾਂ ਵਾਲੇ ਸਾਡੇ ਧਰਮ ਵਿਚ ਦਖਲਅੰਦਾਜ਼ੀ ਕਰਕੇ ਸਾਡੇ ਧਰਮ ਨੂੰ ਖਤਮ ਕਰਨਾ ਚਾਹੁੰਦੇ ਹਨ। ਇਸ ਕਰਕੇ ਉਨ੍ਹਾਂ ਦੀਆਂ ਚਾਲਾਂ ਤੋਂ ਸੁਚੇਤ ਰਹਿਣ ਦੀ ਬਹੁਤ ਲੋੜ ਹੈ। ਅਜਿਹੇ ਪ੍ਰਚਾਰ ਨਾਲ ਇਸ ਕਿਸਮ ਦੇ ਪੁਜਾਰੀਆਂ ਦੀ ਤਾਂ ਭਾਵੇਂ ਭੱਲ ਬਣ ਜਾਵੇ ਪਰ ਧੜਿਆਂ ਵਿਚ ਵੰਡੇ ਲੋਕ ਜਿਥੇ ਪਹਿਲਾਂ ਦੂਸਰੇ ਧਰਮਾਂ ਦੇ ਮਨੁੱਖਾਂ ਨੂੰ ਆਪਣੇ ਤੋਂ ਘਟੀਆ ਸਮਝਦੇ ਸਨ, ਹੁਣ ਉਹ ਉਨ੍ਹਾਂ ਨੂੰ ਆਪਣੇ ਦੁਸ਼ਮਣ ਸਮਝਣ ਲਗ ਪੈਂਦੇ ਹਨ। ਇਹ ਦੁਸ਼ਮਣੀ ਦਾ ਅਹਿਸਾਸ ਹੀ ਅੰਤ ਨੂੰ ਭਰਾ ਮਾਰੂ ਜੰਗ ਦਾ ਕਾਰਨ ਬਣਦਾ ਹੈ।

ਇਥੇ ਇੱਕ ਗੱਲ ਹੋਰ ਵੀ ਸਾਹਮਣੇ ਆਉਂਦੀ ਹੈ ਕਿ ਵਿਪਰਵਾਦ ਜਾਂ ਪੁਜਾਰੀਵਾਦ ਧਰਮ ਵਿਰੋਧੀ ਤਾਂ ਹੈ ਹੀ, ਇਹ ਤਾਂ ਸਗੋਂ ਮਾਨਵਤਾ ਵਿਰੋਧੀ ਵੀ ਹੋ ਨਿੱਬੜਦਾ ਹੈ ਅਤੇ ਮਨੁੱਖਤਾ ਦੀ ਬਰਬਾਦੀ ਦਾ ਕਾਰਨ ਬਣਦਾ ਹੈ। ਇਸ ਲਈ ਸਾਨੂੰ ਇਸ ਤੋਂ ਸੁਚੇਤ ਰਹਿਣ ਦੀ ਲੋੜ ਹੈ।

ਇਸ ਤੋਂ ਬਚਣ ਵਾਸਤੇ ਅਸੀਂ ਆਪਣੀ ਸਧਾਰਨ ਬੁੱਧੀ ਅਤੇ ਤਾਰਕਿਕ ਵਿਚਾਰ ਨਾਲ ਸਹਿਜੇ ਹੀ ਸਮਝ ਸਕਦੇ ਹਾਂ ਕਿ ਕੀ ਸਾਹਮਣੇ ਵਾਲਾ ਵਿਅਕਤੀ ਸੱਚੇ ਸੁੱਚੇ ਪੁਜਾਰੀ ਵਾਲੇ ਫਰਜ਼ ਨਿਭਾ ਰਿਹਾ ਹੈ ਜਾਂ ਸਾਡੇ ਜਜ਼ਬਾਤ ਨੂੰ ਭੜਕਾ ਕੇ ਆਪਣੀ ਸਵਾਰਥ ਸਿਧੀ ਵਾਸਤੇ ਵਿਪਰਵਾਦੀ ਹੋਣ ਦਾ ਰੋਲ ਨਿਭਾ ਰਿਹਾ ਹੈ? ਇਸ ਤਰ੍ਹਾਂ ਅਸੀਂ ਆਪਣੀ ਸਧਾਰਨ ਬੁੱਧੀ ਵਰਤਦਿਆਂ ਐਵੇਂ ਕਿਸੇ ਦੇ ਮਗਰ ਲੱਗ ਕੇ ਸਮਾਜ ਅਤੇ ਮਨੁੱਖਤਾ ਦੇ ਉਜਾੜੇ ਦਾ ਕਾਰਨ ਬਣਨ ਤੋਂ ਬਚ ਸਕਦੇ ਹਾਂ ਅਤੇ ਨਾਲ ਦਿਆਂ ਨੂੰ ਵੀ ਬਚਾ ਸਕਦੇ ਹਾਂ।

---

ਖਰੀਆਂ-ਖਰੀਆਂ

# ਜਾਦੂਗਰੀ



ਅਵਤਾਰ ਸਿੰਘ (ਪ੍ਰੋ.)
ਫੋਨ: 91-94175-18384

ਬਚਪਨ ਸਮੇਂ ਪਿੰਡ 'ਚ ਕਦੇ ਕਦੇ ਜਾਦੂਗਰ ਆਉਂਦੇ ਹੁੰਦੇ ਸਨ। ਉਨ੍ਹਾਂ ਆਪਣਾ ਬੋਜਕਾ ਜਿਹਾ ਭੁੰਝੇ ਰੱਖ ਕੇ ਇੱਕ ਹੱਥ ਨਾਲ ਡੁਗਡੁਗੀ ਵਜਾਉਣੀ ਤੇ ਦੂਸਰੇ ਹੱਥ ਨਾਲ ਸਟੀਲ ਦੀ ਬਾਰੀਕ ਜਿਹੀ ਬੰਸਰੀ ਵਜਾਉਣੀ। ਵਿਚ ਵਿਚ ਇਸ ਤਰ੍ਹਾਂ ਤੇਜ਼ ਤੇਜ਼ ਡੁਰਰ ਡੁਰਰ ਕਰਨੀ ਕਿ ਕੰਨਾਂ ਵਿਚ ਉਸ ਦਾ ਕੋਈ ਜਾਦੂਈ ਅਸਰ ਘੁਲ ਜਾਣਾ।

ਉਸ ਨੇ ਇਸੇ ਤਰ੍ਹਾਂ ਕੁਝ ਚਿਰ ਚੰਗਾ ਰੰਗ ਬੰਨਣਾ। ਉਹੋ ਜਿਹੀ ਡੁਗਡੁਗੀ ਤੇ ਬੰਸਰੀ ਸਿਰਫ ਉਹੀ ਵਜਾਉਂਦੇ ਸਨ। ਫਿਰ ਆਸ ਪਾਸ ਭਰਵਾਂ ਇਕੱਠ ਦੇਖ ਕੇ ਉਨ੍ਹਾਂ ਨੇ ਆਪਣੇ ਬੋਜਕੇ ਕੋਲ ਪੈਰਾਂ ਭਾਰ ਬੈਠ ਜਾਣਾ ਤੇ ਲੱਤਾਂ ਦੁਆਲੇ ਚਾਦਰ ਲਪੇਟ ਲੈਣੀ।

ਬੋਜਕੇ ਵਿਚੋਂ ਲੀਰਾਂ ਦਾ ਸੱਪ ਜਿਹਾ ਕੱਢ ਕੇ ਸਾਹਮਣੇ ਸੁੱਟ ਦੇਣਾ ਤੇ ਉਸ ਦੇ ਬਾਬਤ ਬਿਲਕੁਲ ਨਾ ਸਮਝ ਆਉਣ ਵਾਲੀਆਂ ਕੁਝ ਬੇਸਿਰ-ਪੈਰ ਅਤੇ ਅਨੋਖੀਆਂ ਗੱਲਾਂ ਦੱਸਣੀਆਂ ਤੇ ਆਖਣਾ ਕਿ ਇਹ ਉਸ ਦੇ ਜਾਦੂ ਨਾਲ ਤੁਰ ਪਵੇਗਾ।

ਉਸ ਨੇ ਜਾਦੂ ਦੇ ਖੇਲ ਖੇਲਣੇ। ਉਹ ਖੇਲ ਸਿਰਫ ਉਸ ਦੇ ਹੱਥਾਂ ਦੀ ਫੁਰਤੀ 'ਤੇ ਦਿਮਾਗ ਦੀ ਚੁਸਤੀ ਹੁੰਦੇ। ਖੇਲ ਮੁੱਕ ਜਾਣ ਦੇਣ ਲਈ ਅਤੇ ਆਪਣੇ ਤੋਂ ਲੋਕਾਂ ਦਾ ਧਿਆਨ ਪਰੇ ਹਟਾਉਣ ਲਈ ਉਹ ਲੀਰਾਂ ਦੇ ਉਸ ਸੱਪ ਜਿਹੇ ਬਾਬਤ ਗੱਲਾਂ ਕਰਨ ਲੱਗ ਪੈਂਦਾ। ਉਸ ਨੇ ਆਖਣਾ, 'ਤੁਰ ਪਿਆ, ਤੁਰ ਪਿਆ, ਤੁਰ ਪਿਆ।'

ਦੇਖਣ ਵਾਲਿਆਂ ਨੇ ਇੱਕਦਮ ਉਸ ਪਾਸੇ ਦੇਖਣ ਲੱਗ ਪੈਣਾ ਤੇ ਉਸ ਨੇ ਝੱਟ ਪੱਟ ਆਪਣੀ ਚਾਦਰ ਵਿਚ ਫੁਰਤੀ ਨਾਲ ਉਹ ਕੰਮ ਕਰ ਲੈਣਾ, ਜਿਹੜਾ ਉਸ ਨੇ ਕਰਨਾ ਹੁੰਦਾ ਸੀ।

ਖੇਲ ਮੁੱਕ ਜਾਣਾ ਪਰ ਉਹ ਲੀਰਾਂ ਦਾ ਸੱਪ ਕਦੇ ਵੀ ਨਹੀਂ ਸੀ ਤੁਰਦਾ। ਸਾਡੇ ਮਨ ਦੀਆਂ ਮਨ ਵਿਚ ਰਹਿ ਜਾਣੀਆਂ ਤੇ ਕਦੀ ਕਦੀ ਜਾਦੂਗਰ 'ਤੇ ਖਿਝ ਵੀ ਆਉਣੀ ਕਿ ਉਹ ਲੋਕਾਂ ਨੂੰ ਮੂਰਖ ਕਿਉਂ ਬਣਾਉਂਦਾ ਹੈ।

ਉਹ ਗਰੀਬ ਅਖੀਰ 'ਚ ਪੱਲਾ ਝਾੜ ਕੇ ਸੱਚ ਬੋਲ ਦਿੰਦਾ ਕਿ ਜੇ ਉਹ ਸਭ ਚੀਜ਼ਾਂ ਜਾਦੂ ਨਾਲ ਬਣਾ ਸਕਦਾ ਹੁੰਦਾ ਤਾਂ ਉਹ ਇਹ ਪਟੌਟੇ ਕਿਉਂ ਕਰਦਾ; ਆਪਣੇ ਘਰੇ ਬੈਠਦਾ ਤੇ ਲੋੜ ਮੁਤਾਬਕ ਸਭ ਕੁਝ ਐਵੇਂ ਕੈਵੇਂ ਪੈਦਾ ਕਰਦਾ ਰਹਿੰਦਾ। ਉਹ ਦੱਸਦਾ ਕਿ ਇਹ ਸਭ ਉਸ ਦੇ ਹੱਥ ਦੀ ਸਫਾਈ ਹੈ।

ਉਹ ਦੱਸਦਾ ਕਿ ਉਹ ਇਹ ਸਾਰਾ ਕੁਝ ਆਪਣੇ ਪਾਪੀ ਪੇਟ ਲਈ ਕਰਦਾ ਹੈ। ਉਹ ਆਪਣੇ ਨਾਲ ਆਏ ਬੱਚੇ ਵੱਲ ਇਸ਼ਾਰਾ ਕਰਦਾ ਅਤੇ ਸਾਰੇ ਲੋਕ ਉਸ ਦੀ ਗਰੀਬੀ, ਸਾਦਗੀ, ਸੱਚਾਈ ਤੇ ਸਫਾਈ ਤੋਂ ਪ੍ਰਭਾਵਿਤ ਹੁੰਦੇ।

ਲੋਕ ਉਸ ਦੀ ਗੱਲ 'ਤੇ ਯਕੀਨ ਕਰਦੇ ਤੇ ਉਸ 'ਤੇ ਤਰਸ ਵੀ ਕਰਦੇ। ਹਰੇਕ ਜੀਅ ਉਸ ਨੂੰ ਕੁਝ ਨਾ ਕੁਝ ਦਿੰਦਾ। ਕੋਈ ਗੁੜ, ਕੋਈ ਦਾਣਾ ਫੱਕਾ ਪਾ ਦਿੰਦਾ ਤੇ ਕੋਈ ਪੰਜ ਪੈਸੇ, ਦਸ ਪੈਸੇ, ਚੁਆਨੀ, ਧੇਲੀ ਤੇ ਕੋਈ ਵਿਰਲਾ ਰੁਪਈਆ ਵੀ ਦੇ ਛੱਡਦਾ। ਕਦੇ ਕੋਈ ਉਸ ਨੂੰ ਰੋਟੀ ਵੀ ਖੁਆ ਦਿੰਦਾ।

ਉਹ ਆਪਣਾ ਬੋਜਕਾ ਸਾਂਭਦਾ ਤੇ ਅਗਲੇ ਪਿੰਡ ਤੁਰ ਜਾਂਦਾ। ਅਸੀਂ ਪਿੱਛੋਂ ਕਈ ਦਿਨ ਉਸ ਦੇ ਜਾਦੂ ਦੇ ਤਰਕ ਲੱਭਦੇ ਰਹਿੰਦੇ; ਇੱਕ ਦੂਜੇ ਨਾਲ ਖਹਿਬੜਦੇ ਤੇ ਖੁਦ ਨੂੰ ਵੱਧ ਚੁਸਤ ਦਰੁਸਤ ਸਮਝਦੇ ਤੇ ਦੂਸਰਿਆਂ ਨੂੰ ਮਨਾਉਣ ਦੀ ਕੋਸ਼ਿਸ਼ ਕਰਦੇ।

ਹੁਣ ਉਹ ਜਾਦੂ ਦੇ ਖੇਲ ਕਿਤੇ ਨਹੀਂ ਹੁੰਦੇ। ਹੁੰਦੇ ਹਨ-ਪਿੰਡਾਂ, ਵੇਹੜਿਆਂ ਜਾਂ ਮਹੱਲਿਆਂ ਵਿਚ ਨਹੀਂ; ਹੁਣ ਉਹ ਰਾਜਧਾਨੀ ਦੇ ਰਾਜਸੀ ਗਲਿਆਰਿਆਂ ਵਿਚ ਹੁੰਦੇ ਹਨ ਤੇ ਸਾਡੇ ਰਾਜਸੀ ਲੋਕ ਜਾਨਲੇਵਾ ਜਾਦੂ ਦੇ ਅਜਿਹੇ ਖੇਲ ਖੇਲਦੇ ਹਨ, ਜਿਨ੍ਹਾਂ ਵਿਚ ਪਹਿਲਾਂ ਮਾਸੂਮ ਅਤੇ ਬੇਕਸੂਰ ਲੋਕਾਂ ਦੀ ਜਾਨ ਜਾਂਦੀ ਹੈ ਤੇ ਬਾਅਦ ਵਿਚ ਕਦੀ ਕਦੀ ਉਹ ਖੁਦ ਵੀ ਫਸ ਜਾਂਦੇ ਹਨ।

ਇਨ੍ਹਾਂ ਰਾਜਸੀ ਲੋਕਾਂ ਨੇ ਵੀ ਕੋਈ ਨਾ ਕੋਈ ਲੀਰਾਂ ਦਾ ਸੱਪ ਬਣਾਇਆ ਹੁੰਦਾ ਹੈ, ਜਿਸ ਨੂੰ ਉਹ ਆਪਣੇ ਚਾਹੁਣ ਵਾਲਿਆਂ ਦੇ ਸਾਹਮਣੇ ਸੁੱਟ ਰੱਖਦੇ ਹਨ ਤੇ ਆਪਣੇ ਬਿਆਨਾਂ ਦੀ ਡੁਗਡੁਗੀ ਵਜਾਉਂਦਿਆਂ ਉਨ੍ਹਾਂ ਨੂੰ ਲਗਾਤਾਰ ਮੂਰਖ ਬਣਾਉਂਦੇ ਰਹਿੰਦੇ ਹਨ। ਲੀਰਾਂ ਦੇ ਸੱਪ ਨੂੰ 'ਤੁਰ ਪਿਆ, ਤੁਰ ਪਿਆ' ਆਖ ਕੇ ਲੋਕਾਂ ਦਾ ਧਿਆਨ ਖੁਦ ਤੋਂ ਪਰੇ ਹਟਾ ਲੈਂਦੇ ਹਨ ਤੇ ਆਪਣੇ ਦੋਹਾਂ ਹੱਥਾਂ ਦੀ ਸਫਾਈ ਨਾਲ ਦੇਸ਼ ਦੀ ਸੰਪਤੀ ਅਤੇ ਧੰਨ ਦੌਲਤ ਹੜੱਪ ਜਾਂਦੇ ਹਨ ਤੇ ਆਪਣੇ ਖਤਰਨਾਕ ਗੁੱਝੇ ਮਨਸੂਬਿਆਂ ਨੂੰ ਅੰਜਾਮ ਦੇ ਲੈਂਦੇ ਹਨ।

ਛੋਟੇ ਹੁੰਦੇ ਅਕਸਰ ਸੁਣਦੇ ਸਾਂ ਕਿ 'ਪੰਥ' ਨੂੰ ਖਤਰਾ ਹੈ। ਬਾਅਦ ਵਿਚ ਪਤਾ ਲੱਗਾ ਕਿ ਪੰਥ ਨੂੰ ਕੋਈ ਖਤਰਾ ਨਹੀਂ ਹੈ, ਸਗੋਂ ਇਸ ਖਤਰੇ ਦੀ ਘੁੰਟੀ ਖਤਕਾ ਕੇ ਗੁਰੂ ਕੀਆਂ ਗੋਲਕਾਂ ਦੀ ਸਫਾਈ ਕਰਨੀ ਹੈ ਜਾਂ ਆਪਣੀ ਸਿਆਸੀ ਚੌਧਰ ਮਜ਼ਬੂਤ ਕਰਨੀ ਹੈ।

ਅਜੋਕਾ ਬੇਅਦਬੀ ਕਾਂਡ ਵੀ ਇਕ ਸਿਆਸੀ ਖੇਲ ਹੀ ਸੀ, ਜੋ ਕਿਸੇ ਅਨਾੜੀ ਦੇ ਕਾਲੇ ਜਾਦੂ ਦੀ ਤਰ੍ਹਾਂ ਹਾਲ ਦੀ ਘੜੀ ਪੁੱਠਾ ਪੈ ਗਿਆ ਲੱਗਦਾ ਹੈ। ਡੇਰੇਦਾਰ ਤੇ ਤਖਤਾਂ ਦੇ ਮਾਲਕ ਤਾਂ ਮਹਿਜ ਸ਼ਤਰੰਜ ਦੇ ਪਿਆਦੇ ਬਣੇ, ਜਿਨ੍ਹਾਂ ਦੀ ਬਲੀ ਦੇਣੀ ਸਾਡੇ ਸਿਆਸੀ ਖਿਲਾੜੀਆਂ ਜਾਂ ਘੁਲਾਟੀਆਂ ਲਈ ਮਾਮੂਲੀ ਗੱਲ ਹੈ।

ਕਿਤੇ ਸੁਣਨਾ ਕਿ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਬੜਾ ਭਾਰੀ ਖਤਰਾ ਹੈ। ਬੜੀ ਦੇਰ ਬਾਅਦ ਪਤਾ ਲੱਗਾ ਕਿ ਦੇਸ਼ ਦੀ ਏਕਤਾ ਤੇ ਅਖੰਡਤਾ ਦਾ ਕਿਸੇ ਭੜੂਏ ਨੂੰ ਕੋਈ ਫਿਕਰ ਨਹੀਂ ਹੈ, ਫਿਕਰ ਹੈ ਤਾਂ ਬਸ ਆਪਣੀ ਡਿਗਦੀ ਜਾਂ ਖੁਰਦੀ ਹੋਈ ਸਿਆਸੀ ਸਾਖ ਨੂੰ ਬੰਨਣ ਅਤੇ ਥੰਮਣ ਦਾ। ਜਾਂ ਸਿਉਂਕ ਦੀ ਤਰ੍ਹਾਂ ਲੁਕ ਛਿਪ ਕੇ ਦੇਸ਼ ਦੀ ਪੂੰਜੀ ਨੂੰ ਚਟਮ ਕਰ ਜਾਣ ਦਾ।

ਕਿਸੇ ਨੇ ਉਹ ਲੀਰਾਂ ਦਾ ਸੱਪ ਇੱਕ ਮੁਲਕ ਨੂੰ ਬਣਾਇਆ ਹੋਇਆ ਹੈ। ਕਿਸੇ ਤਰ੍ਹਾਂ ਦੀਆਂ ਵੀ ਚੋਣਾਂ ਹੋਣ, ਬਸ ਮੁਲਕੀ ਲੀਰਾਂ ਦਾ ਸੱਪ 'ਤੁਰ ਪਿਆ, ਤੁਰ ਪਿਆ' ਦੀ ਰਟ ਲੱਗ ਜਾਂਦੀ ਹੈ। ਲੋਕਾਂ ਦਾ ਧਿਆਨ ਉਧਰ ਖਿੱਚਿਆ ਜਾਂਦਾ ਹੈ ਤੇ ਸਿਆਸੀ ਚੌਧਰੀ ਅਜਗਰ ਵਾਂਗ ਆਪਣੇ ਬੜੇ ਬੜੇ ਸਿਆਸੀ ਸ਼ਿਕਾਰ ਸਾਬਤ ਸਬੂਤੇ ਨਿਗਲ ਜਾਂਦੇ ਹਨ।

ਬਹੁਤ ਸਾਰੇ ਮਾਸੂਮ, ਲਾਚਾਰ ਤੇ ਬੇਸਹਾਰਾ ਲੋਕਾਂ ਦੀ ਬਲੀ ਵੀ ਦੇ ਦਿੱਤੀ ਜਾਂਦੀ ਹੈ। ਲੋਕ ਆਪਣੀ ਨਾਸਮਝੀ ਤੇ ਅਨੋਭੜ ਭਾਵੁਕਤਾ ਦਾ ਪ੍ਰਗਟਾਵਾ ਕਰਦੇ ਕਰਦੇ ਹਰ ਵਾਰ ਲੁੱਟੇ ਪੁੱਟੇ ਜਾਂਦੇ ਹਨ। ਸਿਆਸੀ ਚਿੜੀਆਂ ਖੇਤਾਂ ਦੇ ਖੇਤ ਚੁਗ ਜਾਂਦੀਆਂ ਹਨ ਤੇ ਕਿਸੇ ਦੇ ਪੱਲੇ ਕੱਖ ਨਹੀਂ ਛੱਡਦੀਆਂ। ਲੋਕ ਦੇਖਦੇ ਰਹਿ ਜਾਂਦੇ ਹਨ।

ਸਾਡੇ ਦੇਸ਼ ਵਿਚ ਫਨ ਚੁੱਕੀ ਫਿਰਦਾ ਕੁਰੱਪਸ਼ਨ ਦਾ ਇੱਕ ਕੋਬਰਾ ਸੱਪ ਹੈ, ਜਿਸ ਵੱਲ ਕਿਸੇ ਦਾ ਧਿਆਨ ਨਹੀਂ ਹੈ। ਲੀਰਾਂ ਦੇ ਸੱਪ ਨੂੰ ਸਾਰੇ ਲੋਕ ਬੇਵਜ੍ਹਾ ਮਾਰਨਾ ਲੋਚਦੇ ਹਨ, ਪਰ ਕੁਰੱਪਸ਼ਨ ਦੇ ਜ਼ਹਿਰੀਲੇ ਕੋਬਰੇ ਨੂੰ ਸਾਰੇ ਲੋਕ ਕੀਲ ਕੇ ਆਪੋ ਆਪਣੀ ਪਟਾਰੀ 'ਚ ਰੱਖ ਕੇ ਪਾਲਣਾ ਚਾਹੁੰਦੇ ਹਨ; ਕੋਈ ਇਸ ਨੂੰ ਮਾਰਨਾ ਨਹੀਂ ਚਾਹੁੰਦਾ। ਅਸੀਂ ਸਾਰੇ ਇਸ ਕੋਬਰੇ ਦੀ ਬਰਕਤ ਨਾਲ ਮਾਲਾ ਮਾਲ ਹੋਣਾ ਲੋਚਦੇ ਹਾਂ।

ਕੁਰੱਪਸ਼ਨ ਦੇ ਕੋਬਰੇ ਦੀ ਸ਼ਨਾਖਤ ਕਰਨੀ ਬੇਹੱਦ ਮੁਸ਼ਕਿਲ ਹੈ, ਕਿਉਂਕਿ ਇਹ ਸਾਡੇ ਸਾਹਮਣੇ ਧਾਰਮਕ ਕੁੰਜ ਪਾ ਕੇ ਪੇਸ਼ ਹੁੰਦਾ ਹੈ। ਜਿੰਨੀ ਮੋਟੀ ਧਾਰਮਕ ਕੁੰਜ, ਉਨੀ ਭਿਆਨਕ ਜ਼ਹਿਰ ਤੇ ਉਨੀ ਵੱਧ ਕੁਰੱਪਸ਼ਨ। ਕੁੰਜ, ਜ਼ਹਿਰ ਅਤੇ ਕੁਰੱਪਸ਼ਨ ਦੀ ਕੈਮਿਸਟਰੀ ਉਧੇੜਨੀ ਬੜੀ ਮੁਸ਼ਕਿਲ ਹੈ। ਜੇ ਕੋਈ ਮਾਂਦਰੀ ਇਸ ਕੈਮਿਸਟਰੀ ਦੀ ਪੋਲ ਖੋਲ੍ਹਣ ਦੀ ਕੋਸ਼ਿਸ਼ ਕਰਦਾ ਹੈ ਤਾਂ ਕੁਰੱਪਸ਼ਨ ਦੇ ਕੋਬਰੇ ਉਸ ਦੇ ਖਿਲਾਫ 'ਕੱਠੇ ਹੋ ਕੇ ਮੋਰਚਾ ਖੋਲ੍ਹ ਲੈਂਦੇ ਹਨ।

ਪਿੱਛੇ ਜਿਹੇ ਇਕ ਮੰਝੇ ਹੋਏ ਮਾਂਦਰੀ ਨੇ ਕੁਰੱਪਸ਼ਨ ਦੇ ਕੋਬਰੇ ਦੀ ਸ਼ਨਾਖਤ ਕਰ ਲਈ ਸੀ ਤੇ ਉਸ ਨੇ ਇਸ ਦੀ ਕੁੰਜ ਉਤਾਰਨ ਅਤੇ ਭ੍ਰਿਸ਼ਟ ਕੈਮਿਸਟਰੀ ਦੇ ਬਖੀਏ ਉਧੇੜਨ ਦੀ ਪੱਕੀ ਠਾਣ ਲਈ ਸੀ। ਇਸੇ ਲਈ ਸਾਰੇ ਕੋਬਰੇ, ਆਪੋ ਆਪਣੀ ਕੁੰਜ ਬਚਾਉਣ ਲਈ, 'ਕੱਠੇ ਹੋ ਕੇ ਉਸ ਦੇ ਮਗਰ ਪੈ ਗਏ ਸਨ।

ਧਰਮ ਦੀ ਕੋਈ ਸਿਆਸਤ ਹੋ ਸਕਦੀ ਹੈ, ਪਰ ਸਿਆਸਤ ਦਾ ਕੋਈ ਧਰਮ ਨਹੀਂ ਹੈ; ਸ਼ਾਇਦ ਹੁੰਦਾ ਹੀ ਨਹੀਂ। ਅਸੀਂ ਖਾਹਮਖਾਹ ਅਤੇ ਸ਼ਾਇਦ ਇਸੇ ਲਈ ਲਗਾਤਾਰ ਜਾਣ ਬੁੱਝ ਕੇ ਅੰਨੇ ਅਤੇ ਮੂਰਖ ਬਣਦੇ ਆ ਰਹੇ ਹਾਂ।

## ਸ਼ਾਹ ਮੁਹੰਮਦ ਦੇ ਬਹਾਨੇ ਪੰਜਾਬ ਦੀ ਪੀੜ ਨੂੰ ਸਮਝਦਿਆਂ-3

# ਸ਼ਾਹ ਮੁਹੰਮਦ ਅਤੇ ਪੰਜਾਬੀਅਤ ਦਾ ਪਰਚਮ

## *ਪੀ. ਕੇ. ਨਿਝਾਵਨ ਹੋਣ ਦੇ ਅਰਥ...*

*ਪੀ. ਕੇ. ਨਿਝਾਵਨ (1927-2006) ਪੱਛਮੀ ਪੰਜਾਬ ਵਿਚ ਐਮਨਾਬਾਦ ਵਿਚ ਜਨਮਿਆ ਸੁਹਿਰਦ ਪੰਜਾਬੀ ਵਿਦਵਾਨ ਹੈ। ਉਹ ਲੰਮਾ ਸਮਾਂ ਪੰਜਾਬ ਅਤੇ ਕੇਂਦਰ ਸਰਕਾਰ ਵਿਚ ਉਚ ਅਹੁਦਿਆਂ 'ਤੇ ਰਿਹਾ ਅਤੇ ਫਿਰ ਬੰਬਈ ਵਿਚ ਅੰਗਰੇਜ਼ੀ ਅਖਬਾਰ 'ਟਾਈਮਜ਼ ਆਫ ਇੰਡੀਆ' ਦਾ ਐਸੋਸੀਏਟ ਸੰਪਾਦਕ ਵੀ ਬਣਿਆ। ਨਿਝਾਵਨ ਧਾਰਮਕ ਪਛਾਣਾਂ ਤੋਂ ਪਾਰ ਸਾਂਝੀ ਪੰਜਾਬੀਅਤ ਦਾ ਮੁੱਦਈ ਹੈ। ਜਦੋਂ ਪੰਜਾਬ ਵਿਚ ਧਾਰਮਕ ਪਛਾਣ ਦੇ ਆਧਾਰ 'ਤੇ ਹਿੰਸਾ-ਪ੍ਰਤੀ-ਹਿੰਸਾ ਦਾ ਦੌਰ ਚੱਲਿਆ ਤਾਂ ਉਹ ਲੋਕਾਂ ਨੂੰ ਸਾਂਝੇ ਪੰਜਾਬ ਦੀ ਪੰਜਾਬੀਅਤ ਦੇ ਤਸੱਵੁਰ ਦਾ ਅਹਿਸਾਸ ਕਰਵਾਉਣ ਦੇ ਮਨਸ਼ੇ ਨਾਲ ਪੰਜਾਬ ਆ ਗਿਆ। ਉਸ ਨੇ 'ਹਿੰਦੂਇਜ਼ਮ ਰੀਵਿਜਿਟਿਡ' ਤੇ 'ਸ੍ਰੀ ਗੋਬਿੰਦ ਗੀਤਾ' ਵਰਗੀਆਂ ਇਤਿਹਾਸਕ ਤੌਰ 'ਤੇ ਮੁੱਲਵਾਨ ਕਿਤਾਬਾਂ ਦੀ ਰਚਨਾ ਕੀਤੀ।*

*ਨਿਝਾਵਨ ਸ਼ਾਹ ਮੁਹੰਮਦ ਨੂੰ ਵੱਖ-ਵੱਖ ਧਰਮਾਂ ਦੇ ਪੰਜਾਬੀਆਂ ਦੀ ਸਾਂਝੀ ਪੰਜਾਬੀਅਤ ਦਾ ਪ੍ਰਤੀਕ ਮੰਨਦਾ ਹੈ। ਇਸ ਲਈ ਉਹ 'ਦਿ ਫਰਸਟ ਪੰਜਾਬ ਵਾਰ-ਸ਼ਾਹ ਮੁਹੰਮਦ'ਜ਼ ਜੰਗਨਾਮਾ (2001)' ਸਿਰਲੇਖ ਹੇਠ ਨਿਵੇਕਲੀ ਪੁਸਤਕ ਦੀ ਰਚਨਾ ਕਰਦਾ ਹੈ, ਜਿਸ ਵਿਚ ਜੰਗਨਾਮੇ ਦੀ ਗੁਰਮੁਖੀ ਅਤੇ ਸ਼ਾਹਮੁਖੀ ਟੈਕਸਟ ਦੇ ਨਾਲ ਇਸ ਦਾ ਅੰਗਰੇਜ਼ੀ ਅਤੇ ਹਿੰਦੀ ਅਨੁਵਾਦ ਵੀ ਕੀਤਾ ਗਿਆ। ਉਸ ਮੰਨਦਾ ਹੈ ਕਿ ਇਹ ਜੰਗਨਾਮਾ ਪੰਜਾਬੀ ਸਾਹਿਤ ਅਤੇ ਲੋਕ ਸਾਹਿਤ ਵਿਚ ਅਜਿਹੀ ਵਾਹਦ ਰਚਨਾ ਹੈ, ਜਿਸ ਵਿਚ ਪੰਜਾਬੀ ਇਕਜੁੱਟਤਾ ਅਤੇ ਸਾਂਝੀ ਪੰਜਾਬੀਅਤ ਭਰਵੇਂ ਰੂਪ ਵਿਚ ਪੇਸ਼ ਹੁੰਦੀ ਹੈ।*

*ਇਸ ਪੁਸਤਕ ਦੀ ਭੂਮਿਕਾ ਵਜੋਂ ਸ਼ਾਮਿਲ ਇਸ ਲੇਖ ਵਿਚ ਉਹ ਇਹ ਤਲਾਸ਼ ਕਰਨ ਦੀ ਕੋਸ਼ਿਸ਼ ਕਰਦਾ ਹੈ ਕਿ ਪੰਜਾਬ ਵਿਚ ਫਿਰਕਾਪ੍ਰਸਤੀ ਇਸ ਰੂਪ ਵਿਚ ਕਿਵੇਂ ਅਤੇ ਕਿਉਂ ਪੈਦਾ ਹੋਈ? ਉਹ 'ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ' ਵਾਲੇ ਪੰਜਾਬ ਦੀ ਸਾਂਝੀਵਾਲਤਾ ਵਾਲੀ ਜੀਵਨ ਰੌਂਅ ਦਾ, ਅੰਗਰੇਜ਼ੀ ਸ਼ਾਸਨ ਅਤੇ ਆਰੀਆ ਸਮਾਜ ਵਰਗੀਆਂ ਧਰਮ ਸੁਧਾਰ ਲਹਿਰਾਂ ਵਲੋਂ ਕੀਤੇ ਇਤਿਹਾਸਕ ਘਾਣ ਦੀ ਪਛਾਣ ਕਰਦਾ ਹੈ। ਇਸ ਲਈ ਉਹ ਅਲਹਿਦਗੀ ਪੈਦਾ ਕਰਨ ਵਾਲੀ ਆਰੀਆ ਸਮਾਜੀ ਵਿਆਖਿਆ ਦੀ ਥਾਂ ਹਿੰਦੂ ਧਰਮ ਦੀ ਬਹੁਲਤਾਵਾਦੀ ਸਨਾਤਨੀ ਵਿਆਖਿਆ ਕਰਦਾ ਹੋਇਆ ਪੰਜਾਬ ਵਿਚ ਹਿੰਦੂ-ਸਿੱਖਾਂ ਦੀਆਂ ਪੀਡੀਆਂ ਸਾਂਝਾਂ ਨੂੰ ਸਥਾਪਿਤ ਕਰਦਾ ਹੈ।*

*ਸਾਡੇ ਵੇਲਿਆਂ ਵਿਚ ਜਦੋਂ ਫਿਰਕਾਪ੍ਰਸਤ ਤਰਕ ਭਾਰੂ ਤੇ ਸਰਕਾਰੂ ਹੋਇਆ ਲੱਗਦਾ ਹੈ ਤਾਂ ਇਹ ਰਚਨਾ ਅੱਜ ਵੀ ਪ੍ਰਸੰਗਿਕ ਹੈ। ਅਸੀਂ ਇਸ ਲੇਖ ਦਾ ਅਨੁਵਾਦ ਇਸ ਆਸ ਨਾਲ ਛਾਪ ਰਹੇ ਹਾਂ ਕਿ ਬਹੁਪੱਖੀ ਸੰਕਟਾਂ ਵਿਚ ਗ੍ਰਸੇ ਪੰਜਾਬੀਆਂ ਲਈ ਸ਼ਾਹ ਮੁਹੰਮਦ ਦੀ ਸਾਂਝੀ ਪੰਜਾਬੀਅਤ, ਭਵਿਖ ਦੀ ਯੋਜਨਾਬੰਦੀ ਦਾ ਰਵਾਨਗੀ ਬਿੰਦੂ ਬਣ ਸਕਦੀ ਹੈ। ਇਸ ਦਾ ਅਨੁਵਾਦ ਰਵਿੰਦਰ ਸਿੰਘ ਘੁੰਮਣ ਨੇ ਕੀਤਾ ਹੈ। ਇਸ ਲਿਖਤ ਦੀ ਤੀਜੀ ਤੇ ਆਖਰੀ ਕਿਸ਼ਤ ਹਾਜ਼ਰ ਹੈ।*

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

*(5)*

ਅਸੀਂ ਸ਼ਾਹ ਮੁਹੰਮਦ ਬਾਰੇ ਚਰਚਾ ਕਰਦਿਆਂ ਪੰਜਾਬੀ ਰਾਸ਼ਟਰਵਾਦ ਬਾਰੇ, ਇਸ ਵਿਚਲੇ ਵੱਖ-ਵੱਖ ਫਿਰਕਿਆਂ ਸਮੇਤ ਲੰਮਾ ਵਿਸ਼ਲੇਸ਼ਣ ਕੀਤਾ ਹੈ। ਮੇਰਾ ਵਿਚਾਰ ਹੈ ਕਿ ਅਸਲ ਵਿਚ ਇਹ ਜੰਗ ਹਿੰਦ ਜਾਂ ਈਸਟ ਇੰਡੀਆ ਕੰਪਨੀ ਦੇ ਕਬਜ਼ੇ ਵਾਲੇ ਭਾਰਤ ਨਾਲ ਸਿੱਖਾਂ ਦੀ ਨਹੀਂ ਸੀ, ਸਗੋਂ ਸਾਰੇ ਪੰਜਾਬ ਦੀ ਸੀ। ਇਸ ਕਥਾ ਦਾ ਸਿਰਲੇਖ ਹੀ ਇਹ ਸਪਸ਼ਟ ਕਰ ਦਿੰਦਾ ਹੈ ਕਿ ਇਹ ਜੰਗ ਦੋ ਖੁਦਮੁਖਤਾਰ ਦੇਸ਼ਾਂ ਦਰਮਿਆਨ ਸੀ-ਇਕ ਪਾਸੇ ਈਸਟ ਇੰਡੀਆ ਦੇ ਕਬਜ਼ੇ ਵਾਲਾ ਭਾਰਤ ਸੀ ਅਤੇ ਦੂਜੇ ਪਾਸੇ ਪੰਜਾਬ ਸੀ, ਜਿਸ ਨੂੰ ਖਾਲਸਾ ਦਰਬਾਰ ਚਿੰਨ੍ਹਤ ਕਰਦਾ ਸੀ। ਆਪਣੇ ਇਸ ਦਾਅਵੇ ਨੂੰ ਬਾਦਲੀਲ ਸਪਸ਼ਟ ਕਰਨ ਲਈ ਪੰਜਾਬੀ ਰਾਸ਼ਟਰਵਾਦ ਦੀਆਂ ਕੁਝ ਝਲਕਾਂ ਦਿਖਾਉਣੀਆਂ ਜ਼ਰੂਰੀ ਹਨ। ਮਸਲਨ ਬੰਦ 63 ਅਨੁਸਾਰ:

**ਪੀ. ਕੇ. ਨਿਝਾਵਨ**

**ਤਰਜ਼ਮਾ: ਰਵਿੰਦਰ ਸਿੰਘ ਘੁੰਮਣ**
**ਯੂਨੀਵਰਸਿਟੀ ਕਾਲਜ, ਘੁੱਦਾ, ਬਠਿੰਡਾ**
**ਫੋਨ: 91-81461-56500**

ਲੱਗੀ ਧਮਕ ਸਾਰੇ ਹਿੰਦੁਸਤਾਨ ਅੰਦਰ,
ਦਿੱਲੀ, ਆਗਰੇ, ਹਾਂਸੀ, ਹਿਸਾਰ ਮੀਆਂ।
ਬੀਕਾਨੇਰ, ਗੁਲਨੇਰ, ਭਟਨੇਰ, ਜੈਪੁਰ,
ਪਈਆਂ ਭਾਜੜਾਂ ਜਮਨਾ ਤੋਂ ਪਾਰ ਮੀਆਂ।
ਚੜ੍ਹੀ ਸਭ ਪੰਜਾਬ ਦੀ ਬਾਦਸ਼ਾਹੀ,
ਨਹੀਂ ਦਲਾਂ ਦਾ ਅੰਤ ਸ਼ੁਮਾਰ ਮੀਆਂ।
ਸ਼ਾਹ ਮੁਹੰਮਦਾ ਕਿਸੇ ਨੇ ਅਟਕਣਾ ਨਈਂ,
ਸਿੰਘ ਲੈਣਗੇ ਦਿੱਲੀ ਨੂੰ ਮਾਰ ਮੀਆਂ।

ਅਗਲੀ ਝਲਕ ਬੰਦ 72 'ਚ ਇੰਜ ਹੈ:
ਹੁਕਮ ਲਾਟ ਕੀਤਾ ਲਸ਼ਕਰ ਆਪਣੇ ਨੂੰ,
ਤੁਸਾਂ ਲਾਜ ਅੰਗਰੇਜ਼ ਦੀ ਰੱਖਣੀ ਜੀ।
ਸਿੰਘਾਂ ਮਾਰ ਕੇ ਕਟਕ ਮੁਕਾਇ ਦਿੱਤੇ,
ਹਿੰਦੁਸਤਾਨੀ ਤੇ ਪੂਰਬੀ ਦੱਖਣੀ ਜੀ।
ਨੰਦਨ ਟਾਪੂਆਂ ਵਿਚ ਕੁਰਲਾਟ ਹੋਈ,
ਕੁਰਸੀ ਚਾਰ ਹਜ਼ਾਰ ਹੈ ਸੱਖਣੀ ਜੀ।
ਸ਼ਾਹ ਮੁਹੰਮਦਾ ਲਾਟ ਹੁਣ ਕਹਿਣ ਲੱਗਾ,
ਰੱਤ ਸਿੰਘ ਸਿਪਾਹੀ ਦੀ ਚੱਖਣੀ ਜੀ।

ਬੰਦ 88 ਇਸ ਦਾ ਪੱਖ ਸਪਸ਼ਟ ਕਰਦਾ ਹੈ:
ਪਿਛੋਂ ਬੈਠ ਸਰਦਾਰਾਂ ਗੁਰਮਤਾ ਕੀਤਾ,
ਕੋਈ ਅਕਲ ਦਾ ਕਰੋ ਇਲਾਜ ਯਾਰੋ।
ਛੇੜ ਬੁਰਛਿਆਂ ਦੀ ਸਾਡੇ ਪੇਸ਼ ਆਈ,
ਪੱਗ ਦਾੜ੍ਹੀਆਂ ਦੀ ਰੱਖੋ ਲਾਜ ਯਾਰੋ।
ਮੁੱਠ ਮੀਟੀ ਸੀ ਏਸ ਪੰਜਾਬ ਦੀ ਜੀ,
ਇਨ੍ਹਾਂ ਖੋਲ੍ਹ ਦਿਤਾ ਅੱਜ ਪਾਜ ਯਾਰੋ।
ਸ਼ਾਹ ਮੁਹੰਮਦਾ ਮਾਰ ਕੇ ਮਰੋ ਏਥੇ,
ਕਦੇ ਰਾਜ ਨਾ ਹੋਇ ਮੁਥਾਜ ਯਾਰੋ।

ਪਰ ਬੰਦ 90 ਸਭ ਦਾ ਸਿਖਰ ਹੈ:
ਆਈਆਂ ਪੜਤਲਾਂ ਬੀੜ ਕੇ ਤੋਪਖਾਨੇ,
ਅੱਗੋਂ ਸਿੰਘਾਂ ਨੇ ਪਾਸੜੇ ਤੋੜ ਸੁੱਟੇ।
ਮੇਵਾ ਸਿੰਘ ਤੇ ਮਾਖੇ ਖਾਂ ਹੋਏ ਸਿੱਧੇ,
ਹੱਲੇ ਤਿੰਨ ਫਿਰੰਗੀ ਦੇ ਮੋੜ ਸੁੱਟੇ।
ਸ਼ਾਮ ਸਿੰਘ ਸਰਦਾਰ ਅਟਾਰੀ ਵਾਲੇ,
ਮਾਰ ਸ਼ਸਤ੍ਰੀਂ ਜੋੜ ਵਿਛੋੜ ਸੁੱਟੇ।
ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ,
ਵਾਂਙ ਨਿੰਬੂਆਂ ਲਹੂ ਨਿਚੋੜ ਸੁੱਟੇ।

ਸਾਰੇ ਜੰਗਨਾਮੇ ਵਿਚ ਪੰਜਾਬੀ ਰਾਸ਼ਟਰਵਾਦ ਇਸ ਦੀ ਮੂਲ ਸੁਰ ਵਾਂਗ ਸਮੋਇਆ ਹੋਇਆ ਹੈ। ਇਹ ਤੱਥ ਹੈ ਕਿ ਪੂਰੇ ਜੰਗਨਾਮੇ ਵਿਚ ਇਕ ਵੀ ਵੇਰਵਾ ਜਾਂ ਸੰਕੇਤ ਅਜਿਹਾ ਨਹੀਂ ਜਿਸ ਤੋਂ ਕੋਈ ਫਿਰਕੂ ਭਾਅ ਆਉਂਦੀ ਹੋਵੇ। ਪੰਜਾਬੀ ਪਾਠਕ ਨੂੰ ਇਹ ਗੱਲ ਲਾਜ਼ਮੀ ਪ੍ਰਭਾਵਿਤ ਕਰੇਗੀ ਕਿ ਅੱਜ ਦੇ ਪੰਜਾਬ ਨੇ ਇਥੋਂ ਤੱਕ ਕਿ ਮੇਰੀ ਪੀੜ੍ਹੀ ਨੇ ਵੀ ਇਹ ਸੰਪਰਦਾਇਕ ਪੰਜਾਬੀ ਏਕਤਾ ਅਨੁਭਵ ਨਹੀਂ ਕੀਤੀ। ਸਾਡੇ ਆਗੂਆਂ, ਸਾਡੇ ਸਿਖਿਆ ਪ੍ਰਬੰਧ, ਸਾਡੀਆਂ ਸੰਸਥਾਵਾਂ ਆਦਿ, ਪਿਛਲੇ 50 ਸਾਲਾਂ ਵਿਚ ਬੁਰੀ ਤਰ੍ਹਾਂ ਫਿਰਕੂ ਰੰਗ ਵਿਚ ਰੰਗੇ ਗਏ ਹਨ। ਅਸੀਂ ਸ਼ਾਇਦ ਇਸ ਵਿਚ ਡਿਗਣ ਲਈ ਵਧੇਰੇ ਹੀ ਕਾਹਲੇ ਸਾਂ ਅਤੇ ਦੁਖਾਂਤ ਇਹ ਹੈ ਕਿ ਅਸੀਂ ਇਹ ਮੰਨਣਾ ਸ਼ੁਰੂ ਕਰ ਦਿਤਾ ਹੈ ਕਿ ਇਹ ਸਭ ਇਤਿਹਾਸ ਦੀਆਂ ਘਟਨਾਵਾਂ ਦਾ ਸੁਭਾਵਿਕ ਨਤੀਜਾ ਹੈ ਅਤੇ ਇਹ ਇੰਜ ਹੀ ਹੋਣਾ ਸੀ।

ਅਸੀਂ ਹਿੰਦੂਆਂ ਨੇ ਹਮੇਸ਼ਾ ਇਹ ਸਮਝਿਆ ਹੈ ਕਿ ਮੁਸਲਿਮ ਨਜ਼ਰੀਆ ਹੀ ਸਾਰੀ ਸੰਪਰਦਾਇਕਤਾ ਦੀ ਜੜ੍ਹ ਹੈ, ਜਦੋਂ ਕਿ ਮੁਸਲਮਾਨ ਆਪਣੇ ਆਪ ਨੂੰ ਇਸ ਤਰ੍ਹਾਂ ਪੀੜਿਤ ਧਿਰ ਸਮਝਦੇ ਰਹੇ ਕਿ ਹਿੰਦੂ ਬਹੁਗਿਣਤੀ ਵਿਚ ਹੋਣ ਕਾਰਨ ਉਨ੍ਹਾਂ ਨੂੰ ਗੁਲਾਮ ਬਣਾਉਣ 'ਤੇ ਤੁਲੇ ਹੋਏ ਹਨ। ਸ਼ਾਹ ਮੁਹੰਮਦ ਇਹ ਸੁਝਾਉਂਦਾ ਹੈ ਕਿ ਜਿਸ ਨੂੰ ਅਸੀਂ ਇਲਾਹੀ ਸੱਚ ਸਮਝਦੇ ਰਹੇ ਹਾਂ, ਅਸਲ ਵਿਚ ਉਹ ਸਿਰਫ ਨਜ਼ਰ ਦਾ ਭਰਮ ਸੀ, ਸਗੋਂ ਪਥ ਭ੍ਰਿਸ਼ਟਤਾ ਸੀ। ਵੈਸ਼ਨਵਵਾਦੀਆਂ ਅਤੇ ਸੂਫੀਆਂ ਨੇ ਆਪਣੇ ਸ਼ਰਧਾਲੂਆਂ ਦੇ ਇਕੱਠੇ ਹੋਣ ਲਈ ਖੇਤਰੀ ਆਧਾਰ ਮੁਹੱਈਆ ਕੀਤੇ ਹਨ। ਇਸ ਨੂੰ ਅੱਜ ਕਲ੍ਹ ਉਪ-ਰਾਸ਼ਟਰਵਾਦ ਕਿਹਾ ਜਾ ਰਿਹਾ ਹੈ, ਸ਼ਾਇਦ ਸਾਡੀ ਰਾਸ਼ਟਰੀ ਚੇਤਨਾ ਨੂੰ ਇਸ ਉਪ-ਰਾਸ਼ਟਰਵਾਦ 'ਤੇ ਆਧਾਰਤ ਹੋਣਾ ਚਾਹੀਦਾ ਹੈ।

ਜੇ ਅਸੀਂ ਅਸਲੀ ਮੁੱਦੇ ਤੋਂ ਨਾ ਭਟਕੀਏ ਤਾਂ ਸਾਡੇ ਰਾਸ਼ਟਰੀ ਨਜ਼ਰੀਏ ਵਿਚ ਉਦੋਂ ਤਬਦੀਲੀ ਆਉਣੀ ਸ਼ੁਰੂ ਹੋਈ ਜਦੋਂ ਪੂਰੇ ਉਤਰੀ ਭਾਰਤ, ਖਾਸ ਕਰ ਹਿੰਦੀ ਇਲਾਕੇ ਵਿਚ ਧਾਰਮਕ ਵਿਵਾਦ ਦਾ ਦੌਰ ਸ਼ੁਰੂ ਹੋਇਆ। ਜਿਸ ਸਵਾਲ 'ਤੇ ਕਸਬਾ-ਦਰ-ਕਸਬਾ ਬਹਿਸ ਹੋ ਰਹੀ ਸੀ, ਉਹ ਇਹ ਸੀ ਕਿ ਕਿਸ ਦਾ ਰੱਬ ਵਧੇਰੇ ਸੱਚਾ ਹੈ? ਪ੍ਰਭਾਵ ਸਰੂਪ ਇਹ ਕਿਹਾ ਜਾ ਰਿਹਾ ਸੀ ਕਿ ਦੂਜਾ ਰੱਬ ਨਾ ਹੀ ਸਿਰਫ ਸੱਚਾ ਨਹੀਂ ਹੈ ਸਗੋਂ ਝੂਠਾ ਹੈ। ਇਸ ਵਿਵਾਦ ਨੇ ਉਨ੍ਹਾਂ ਲੋਕਾਂ ਵਿਚ ਬਹੁਤ ਸਾਰੀ ਫਿਰਕੂ ਤਪਸ਼ ਪੈਦਾ ਕੀਤੀ ਜੋ ਸਦੀਆਂ ਤੋਂ ਇਕੱਠੇ ਰਹਿ ਰਹੇ ਸਨ। ਆਓ, ਕੁਝ ਪੰਨੇ 'ਸਤਿਆਰਥ ਪ੍ਰਕਾਸ਼' ਦੇ ਪਲਟਦੇ ਹਾਂ ਤਾਂ ਕਿ ਸਪਸ਼ਟ ਹੋਵੇ ਕਿ ਮੈਂ ਕੀ ਕਹਿਣਾ ਚਾਹੁੰਦਾ ਹਾਂ। ਜਦੋਂ ਮੂਲਵਾਦੀ ਨਜ਼ਰੀਆ ਮੁੱਖ ਧਾਰਾ ਬਣ ਕੇ ਸਰਬਗ੍ਰਾਹੀ ਲੱਗਣ ਲੱਗਾ ਤਾਂ ਸਮਾਨਤਾਵਾਦੀ ਜਾਂ ਬਰਾਬਰੀ ਦੇ ਵਿਚਾਰ ਗਾਇਬ ਹੋਣ ਲੱਗੇ। ਇੰਜ ਲੱਗਦਾ ਹੈ ਕਿ ਵੇਲੇ ਦੀ ਸਰਕਾਰ ਵੀ ਇਸ ਨੂੰ ਹੱਲਾਸ਼ੇਰੀ ਦਿੰਦੀ ਰਹੀ, ਜਿਸ ਦਾ ਲੋਕਾਂ ਨੂੰ ਵੰਡਣ ਤੋਂ ਬਿਨਾ ਹੋਰ ਕੋਈ ਮਕਸਦ ਨਹੀਂ ਸੀ।

ਭਾਰਤ ਵਿਚ ਇਹ ਲੰਮੀ ਪਰੰਪਰਾ ਹੈ, ਜਿਸ ਵਿਚ ਕਿਸੇ ਦੇ ਸ਼ੰਕਿਆਂ ਦੀ ਨਵਿਰਤੀ ਕੀਤੀ ਜਾਂਦੀ ਹੈ ਅਤੇ ਉਹ ਸਵਾਲ ਖੜ੍ਹੇ ਕੀਤੇ ਜਾਂਦੇ ਹਨ, ਜੋ ਬਣੇ ਬਣਾਏ ਉਤਰਾਂ ਨੂੰ ਰੱਦ ਕਰਦੇ ਹੋਣ। ਆਖਰਕਾਰ ਇਹ ਬੰਦੇ ਦੀ ਆਤਮਕ ਤੜਪ ਹੈ, ਜਿਸ ਨੇ ਜੀਵਨ ਅਤੇ ਸਭਿਆਚਾਰ ਨੂੰ ਅਨੇਕਾਂ ਅਰਥ ਦਿਤੇ ਹਨ। ਸਾਡੇ ਕੋਲ ਸ਼ਾਸਤਰਾਰਥ ਦੀ ਆਪਣੀ ਪਰੰਪਰਾ ਰਹੀ ਹੈ। ਇਹ ਸਿਰਜਣਾਤਮਕ ਵਿਚਾਰ-ਚਰਚਾ ਹੁੰਦੀ ਸੀ ਤਾਂ ਜੋ ਕਿਸੇ ਸਹੀ ਨਤੀਜੇ 'ਤੇ ਪਹੁੰਚਿਆ ਜਾ ਸਕੇ। ਇਸ ਵਿਚ ਲਾਜ਼ਮੀ ਸੀ ਕਿ ਚਰਚਾ ਨਿਸ਼ਚਿਤ ਮਾਪਦੰਡਾਂ ਦਰਮਿਆਨ ਹੀ ਰਹੇ। ਇਸੇ ਤਰੀਕੇ ਨਾਲ ਹੀ ਉਪਨਿਸ਼ਦਾਂ ਦੀ ਰਚਨਾ ਹੋਈ ਅਤੇ ਉਹ ਇਕੱਠੇ ਕੀਤੇ ਗਏ। ਸੁਕਰਾਤ ਨੇ ਵੀ ਸੱਚ ਦੀ ਭਾਲ ਲਈ ਇਹੀ ਵਿਧੀ ਵਰਤੀ ਸੀ ਅਤੇ ਆਪਣਾ ਸੰਦੇਸ਼ ਫੈਲਾਇਆ। ਕਈ ਵਾਰ ਉਹ ਆਪ ਸਵਾਲ ਖੜ੍ਹਾ ਕਰਦਾ ਅਤੇ ਲੋਕਾਂ ਨੂੰ ਆਪ ਹੀ ਉਸ ਦਾ ਜਵਾਬ ਦਿੰਦਾ ਪਰ ਹੁਣ ਵਿਚਾਰ-ਚਰਚਾ ਵਿਚ ਵੀ ਹੱਦ ਬੰਨੇ ਨਾ ਰਹੇ। ਬਹੁਤ ਪ੍ਰੌੜ ਦਲੀਲ ਵੀ ਅਕਸਰ ਦੁਰਵਿਹਾਰ ਅਤੇ ਨਿੰਦਿਆ ਹੇਠਾਂ ਦਬ ਗਈ। ਕੁਝ ਹਾਲਤਾਂ ਵਿਚ ਵਿਸ਼ਵਾਸ ਦੇ ਸਵਾਲ ਨੂੰ ਉਸ ਤਰੀਕੇ ਨਾਲ ਸਬੂਤਾਂ ਨਾਲ ਜਾਂ ਤਰਕਾਂ ਨਾਲ ਨਜਿਠਿਆ ਜਾ ਸਕਦਾ ਹੈ। ਮਿਸਾਲ ਵਜੋਂ ਹਿੰਦੂ ਧਰਮ ਦੀ ਸਨਾਤਨੀ ਸ਼ਾਖਾ ਦਾ ਵਿਸ਼ਵਾਸ ਸਦੀਆਂ ਪੁਰਾਣਾ ਹੈ। ਇਸ ਨੇ ਸਮਾਜ ਵਿਚ ਬਹੁਲਤਾਵਾਦ ਦਾ ਪ੍ਰਤੀਮਾਨ ਪ੍ਰਸਾਰਿਆ ਪਰ ਜਦੋਂ ਇਸ ਦੀ ਨਿੰਦਾ ਹੋਣ ਲੱਗੀ ਤਾਂ ਇਸ ਸਮਾਜਕ ਨੇਮ ਦੀ ਹਾਨੀ ਹੋਈ। ਇਸ ਤਰ੍ਹਾਂ ਚੀਜ਼ਾਂ ਨੂੰ ਨਿਰਾਦਰੀ ਅਤੇ ਨਿੰਦਿਆ ਦੇ ਢੰਗ ਨਾਲ ਨਹੀਂ ਸਮਝਿਆ ਜਾ ਸਕਦਾ।




ਮਸਲਨ, ਇਸ ਢੰਗ ਨਾਲ ਕ੍ਰਿਸ਼ਨ-ਗੋਪੀਆਂ ਦੀ ਕ੍ਰੀੜਾ ਨੂੰ ਕਿਵੇਂ ਸਮਝਿਆ ਜਾ ਸਕਦਾ ਹੈ। ਹਿੰਦੂ ਧਰਮ ਵਿਚ ਸਭ ਤੋਂ ਵੱਧ ਨਿੰਦਿਆ ਵੈਸ਼ਨਵਵਾਦ ਦੀ ਹੋਈ, ਜਿਸ ਨੂੰ ਅਸੰਜਮੀ ਤੇ ਆਪਹੁਦਰੀ ਕਿਸਮ ਦੀ ਪੂਜਾ ਕਿਹਾ ਗਿਆ। ਹਿੰਦੂਆਂ ਨੂੰ ਅਕਸਰ ਦੁਨੀਆਂ ਦੇ ਪਹਿਲੇ ਲਿੰਗ-ਪੂਜਕ ਕਿਹਾ ਜਾਂਦਾ ਹੈ। ਜਦੋਂ ਇਕ ਦੂਜੇ ਧਰਮ ਨਾਲ ਚਰਚਾ ਦੀ ਹਾਲਤ ਹੁੰਦੀ ਹੈ ਤਾਂ ਇਸ ਤੱਥ 'ਤੇ ਸਿਰ ਪਾੜਨ ਤੱਕ ਦੀ ਨੌਬਤ ਆ ਜਾਂਦੀ ਹੈ। ਇਸ ਨਾਲ ਕੀ ਹਾਸਲ ਹੋਇਆ? ਇਸ ਨੇ ਉਹ ਬੁਨਿਆਦੀ ਏਕਤਾ ਅਤੇ ਆਤਮਕ ਅਨੁਭਵ ਦਾ ਸੰਯੋਜਨ ਭੰਗ ਕਰ ਦਿਤਾ, ਜੋ ਹਿੰਦੂਆਂ ਨੂੰ ਹੋਰ ਧਰਮਾਂ ਦੇ ਨੇਮਾਂ-ਪ੍ਰਤੀਮਾਨਾਂ ਦਾ ਸਤਿਕਾਰ ਕਰਨਾ ਸਿਖਾਉਂਦਾ ਸੀ। ਇਸ ਨੇ ਸਮਾਜ ਦੀ ਆਤਮਕ ਸਿਹਤ ਨੂੰ ਗਲੀਆਂ ਵਿਚ ਟੋਟੇ ਟੋਟੇ ਕਰ ਦਿਤਾ। ਇਹ ਅਤਿ ਘਿਨਾਉਣਾ ਕਾਰਾ ਸੀ। ਇਕ ਝਟਕੇ ਨਾਲ ਹੀ ਮਿੱਥਾਂ ਦੇ ਰੂਪ ਵਿਚ ਚੱਲਿਆ ਆਉਂਦਾ ਲੋਕ ਗਿਆਨ ਪ੍ਰਾਚੀਨ ਕਾਲੀਨ ਅਸਭਿਅਕ ਔਰਤ-ਮਰਦ ਦਾ ਪ੍ਰਗਟਾਵਾ ਬਣਾ ਦਿਤਾ ਗਿਆ।

'ਨਵਾਂ' ਇਕਹਿਰਾ ਵਿਚਾਰ ਇਹ ਸੀ ਕਿ ਹਿੰਦੂਆਂ ਦਾ ਕੋਈ ਇਤਿਹਾਸ ਨਹੀਂ ਹੈ ਅਤੇ ਭਾਰਤ ਦੇ ਅਤੀਤ ਵਿਚ ਕੁਝ ਵੀ ਮੁੱਲਵਾਨ ਨਹੀਂ ਹੈ। ਇਸ ਦੇ ਉਲਟ, ਇਹ ਵੀ ਕਿਹਾ ਜਾ ਰਿਹਾ ਹੈ ਕਿ ਸਾਡਾ ਅਤੀਤ ਬਹੁਤ ਅਮੀਰ ਸੀ, ਫਿਰ ਵੀ ਜੇ ਅਸੀਂ ਸੰਕਟ ਦੇ ਸਮੇਂ ਵਿਚ ਡਿਗ ਪਏ ਸੀ ਤਾਂ ਇਸ ਦਾ ਕਾਰਨ ਸਾਡਾ ਵੰਡੇ ਹੋਣਾ ਅਤੇ ਆਪਣੇ ਆਪ ਨੂੰ ਬਚਾਉਣ ਤੋਂ ਅਸਮਰਥ ਹੋਣਾ ਸੀ। ਦੋਨੋਂ ਤਰ੍ਹਾਂ ਨਾਲ ਅਤੀਤ ਉਪਹਾਸ ਦੀ ਵਸਤ ਬਣ ਗਿਆ।

ਇਸ ਪੁਨਰ-ਸੁਰਜੀਤੀ ਲਹਿਰ ਨੇ ਮੁਸਲਮਾਨਾਂ ਉਤੇ ਵੀ ਘੱਟ ਅਸਰ ਨਹੀਂ ਪਾਇਆ। ਉਹ ਇਹ ਮਹਿਸੂਸ ਕਰਨ ਲੱਗ ਪਏ ਕਿ ਜੇ ਉਹ ਸੱਚੇ ਮੁਸਲਮਾਨ ਬਣੇ ਹੁੰਦੇ, ਤਾਂ ਖੁਦਾ ਨੇ ਉਨ੍ਹਾਂ ਨੂੰ ਇਹ ਸਜ਼ਾ ਨਹੀਂ ਸੀ ਦੇਣੀ, ਭਾਵ ਉਹ ਆਪਣੇ ਹੀ ਘਰ ਵਿਚ ਕਮੀਣ ਬਣ ਕੇ ਰਹਿ ਗਏ ਸਨ। ਸਿੱਖ ਸੁਧਾਰਵਾਦੀ ਲਹਿਰ ਨੇ ਵੀ ਇਸੇ ਤਰ੍ਹਾਂ ਦਾ ਤਰਕ ਤਿਆਰ ਕੀਤਾ। ਉਨ੍ਹਾਂ ਸੋਚਿਆ ਕਿ ਉਨ੍ਹਾਂ ਦੀ ਹਿੰਦੂ ਧਰਮ ਨਾਲ ਨੇੜਤਾ ਕਾਰਨ ਉਨ੍ਹਾਂ ਨੂੰ ਖਾਲਸੇ ਦੁਆਰਾ ਕੀਤੀਆਂ ਬਹਾਦਰੀਆਂ ਦਾ ਉਚਿਤ ਫਲ ਨਹੀਂ ਮਿਲਿਆ। ਸਾਰ-ਤੱਤ ਇਹ ਹੈ ਕਿ ਇਕ ਵਾਰ ਜਦੋਂ ਪੁਨਰ ਸੁਧਾਰਵਾਦੀ ਸੋਚ ਦੀ ਪ੍ਰਕ੍ਰਿਆ ਸ਼ੁਰੂ ਹੋ ਜਾਂਦੀ ਹੈ ਤਾਂ ਹਰ ਭਾਈਚਾਰਾ ਜਾਂ ਫਿਰਕਾ ਅੱਡੋ-ਅੱਡ ਪਾਸੇ ਵੱਲ ਖਿਚਿਆ ਜਾਣ ਲੱਗਦਾ ਹੈ। ਸਮੇਂ ਦੇ ਬੀਤਣ ਨਾਲ ਇਹੀ ਦਲੀਲ ਇਕ ਪੜਾਅ ਹੋਰ ਅੱਗੇ ਚਲੀ ਜਾਂਦੀ ਹੈ ਅਤੇ ਇਹੀ ਫਿਰਕਾ ਵੱਖਰੀ ਕੌਮ ਜਾਂ ਰਾਸ਼ਟਰ ਬਣ ਜਾਂਦਾ ਹੈ, ਜੋ ਕਿਸੇ ਵੀ ਛੋਟੀ ਜਿਹੀ ਉਕਸਾਹਟ 'ਤੇ ਲੜਨ-ਮਰਨ ਲਈ ਤਿਆਰ ਹੋ ਜਾਂਦਾ ਹੈ।

ਇਹੀ ਕੁਝ ਮੈਂ ਤੀਹਵਿਆਂ ਵਿਚ ਲਾਹੌਰ ਵਿਚ ਦੇਖਿਆ। ਜਦੋਂ ਲੋਕਾਂ ਨੇ ਸਮਾਜਕ ਅਤੇ ਧਾਰਮਕ ਖੇਤਰ ਵਿਚ ਮਾਨਵੀ ਸਭਿਅਤਾ ਦੀਆਂ ਉਚ ਮਾਨਵੀ ਕੀਮਤਾਂ ਨੂੰ ਛੱਡਣਾ ਸ਼ੁਰੂ ਕਰ ਦਿਤਾ ਤਾਂ ਰੱਬ ਸ਼ੈਤਾਨ ਬਣ ਗਏ। ਮਸਲਨ, ਲਾਹੌਰ ਦੇ ਭੱਟੀ ਦਰਵਾਜੇ ਜਾਂ ਮੋਚੀ ਦਰਵਾਜੇ ਵਿਚੋਂ ਹਿੰਦੂ ਜਾਂ ਸਿੱਖ ਔਰਤਾਂ ਦਾ ਲੰਘਣਾ ਮੁਹਾਲ ਹੋ ਜਾਂਦਾ ਸੀ। ਇਸੇ ਤਰ੍ਹਾਂ ਹਿੰਦੂ ਮੁੰਡੇ ਵੀ ਆਪਣੀ ਜ਼ਿੰਮੇਵਾਰੀ ਸਮਝਦੇ ਸਨ ਕਿ ਸ਼ਾਹ ਆਲਮੀ ਦਰਵਾਜੇ ਅਤੇ ਮੱਛੀ ਹੱਟਾ ਵਿਚੋਂ ਲੰਘਦੀਆਂ ਮੁਸਲਮਾਨ ਔਰਤਾਂ ਤੋਂ ਉਹ ਬਦਲਾ ਲੈਣ।

ਮੈਂ ਹੱਡਬੀਤੀ ਸਾਂਝੀ ਕਰਦਾਂ। ਬਚਪਨ ਵਿਚ ਮੇਰੇ ਸਿਰ 'ਤੇ ਬੋਦੀ ਸੀ, ਜਿਸ ਦਾ ਭਾਵ ਇਹ ਸੀ ਕਿ ਮੈਂ ਹਿੰਦੂ ਹਾਂ। ਇਸ ਤਰ੍ਹਾਂ ਹੀ ਮੇਰੇ ਭਰਾ ਦੀ ਵੀ ਬੋਦੀ ਸੀ। ਅਸੀਂ ਜਦੋਂ ਭੱਟੀ ਦਰਵਾਜੇ ਦੇ ਰਸਤਿਓਂ ਆਪਣੀ ਸੰਸਕ੍ਰਿਤ ਪਾਠਸ਼ਾਲਾ ਜਾਂਦੇ ਤਾਂ ਮੁਸਲਮਾਨ ਮੁੰਡੇ ਸਾਡੀਆਂ ਬੋਦੀਆਂ ਖਿਚ ਕੇ ਸਾਨੂੰ ਤੰਗ ਕਰਦੇ। ਸਾਨੂੰ ਪੜ੍ਹਾਇਆ ਗਿਆ ਸੀ ਕਿ ਅਸੀਂ ਆਪਣੀ ਜਾਨ ਦੇ ਕੇ ਵੀ ਇਸ ਦੀ ਰਾਖੀ ਕਰਨੀ ਹੈ ਪਰ ਕੀ ਅਸੀਂ ਰਾਖੀ ਕਰ ਸਕਦੇ ਸੀ? ਸਾਡੇ ਅਤੇ ਸ਼ਰਾਰਤੀ ਮੁਸਲਮਾਨ ਮੁੰਡਿਆਂ ਨਾਲ ਛੋਟੀ ਮੋਟੀ ਲੜਾਈ ਵਿਚ, ਵੱਡੇ ਮੁੰਡੇ ਵੀ ਸਾਡੇ ਵਿਰੁਧ ਉਨ੍ਹਾਂ ਨਾਲ ਰਲ ਜਾਂਦੇ, ਤੇ ਧਮਕਾਊ ਇਸ਼ਾਰੇ ਕਰਦੇ।

ਇਸ ਸਾਰੇ ਕੁਝ ਦਾ ਫਿਰ ਸਿੱਟਾ ਕੀ ਬਣਦਾ ਹੈ? ਸਿੱਟਾ ਇਹ ਹੈ ਕਿ ਅਸੀਂ ਸ਼ਾਹ ਮੁਹੰਮਦ ਦੇ ਪੰਜਾਬੀਆਂ ਵਜੋਂ ਨਿਕੰਮੇ ਤੇ ਨਾਕਾਬਿਲ ਸਾਬਿਤ ਹੋਏ ਹਾਂ। ਅਸੀਂ ਹੀ ਹਾਂ ਜਿਨ੍ਹਾਂ ਨੇ ਵੈਸ਼ਨਵਾਂ, ਸੂਫੀਆਂ, ਸਿੱਖ ਗੁਰੂਆਂ ਵਲੋਂ ਅਜਿਹੇ ਪੰਜਾਬੀ ਸਮਾਜ ਨੂੰ ਸਿਰਜਣ ਲਈ ਜਿਸ ਵਿਚ ਹਿੰਦੂ, ਮੁਸਲਮਾਨ, ਅਤੇ ਸਿੱਖ ਭਾਈਚਾਰਾ ਸਮੋਅ ਸਕਦਾ, ਨੂੰ ਬਣਾਉਣ ਲਈ ਕੀਤੇ ਗਏ, ਉਨ੍ਹਾਂ ਦੇ ਕੰਮਾਂ ਨੂੰ ਖੇਹ ਕੀਤਾ ਹੈ। ਭਾਵੇਂ ਸਾਡੇ ਸ਼ਹਿਰ ਵਿਚ ਨਹੀਂ ਪਰ ਸਾਡੀਆਂ ਚੋਟੀਆਂ (ਬੋਦੀਆਂ) ਉਸ ਗੱਲ ਲਈ ਸਤਿਕਾਰੀਆਂ ਜਾਂਦੀਆਂ ਸਨ, ਜੋ ਇਨ੍ਹਾਂ ਦਾ ਵੱਡਾ ਅਰਥ ਸੀ।

ਬਾਵਜੂਦ ਇਸ ਦੇ ਕਿ ਆਬਾਦੀ ਵਿਚ ਵੀ ਮੁਸਲਮਾਨਾਂ ਦੀ ਗਿਣਤੀ ਹਿੰਦੂ-ਸਿੱਖਾਂ ਦੇ ਮੁਕਾਬਲੇ 3:1 ਦੇ ਅਨੁਪਾਤ ਵਿਚ ਸੀ, ਕੋਈ ਸਾਨੂੰ ਛੇੜਦਾ ਜਾਂ ਤੰਗ ਨਹੀਂ ਸੀ ਕਰਦਾ। ਇਸੇ ਤਰ੍ਹਾਂ ਹਰ ਨੂੰਹ-ਧੀ ਭਾਵੇਂ ਉਹ ਕਿਸੇ ਹਿੰਦੂ ਦੀ ਹੋਵੇ ਜਾਂ ਮੁਸਲਮਾਨ ਦੀ, ਉਸ ਨੂੰ ਪਵਿਤਰ ਸਮਝਿਆ ਜਾਂਦਾ ਸੀ, ਕਿਉਂਕਿ ਪਿੰਡ ਜਾਂ ਸ਼ਹਿਰ ਦੀ ਨੂੰਹ-ਧੀ ਸਾਂਝੀ ਮੰਨੀ ਜਾਂਦੀ ਸੀ। ਦੂਜੇ ਸ਼ਬਦਾਂ

*(ਅਗਲੇ ਸਫੇ 'ਤੇ ਜਾਰੀ)*


ਵਿਚ, ਜਿੰਨੇ ਅਸੀਂ ਸਿਖਿਅਤ ਹੁੰਦੇ ਗਏ, ਓਨੇ ਹੀ ਅਸੀਂ ਉਜੱਡ ਹੁੰਦੇ ਗਏ! ਇਥੇ ਪੰਜਾਬ ਵਿਚ ਵਧੀ ਫਿਰਕਾਪ੍ਰਸਤੀ ਦੇ ਸਬੰਧ ਵਿਚ ਪਾਰਕਿਨਸਨ ਦਾ ਸਿਧਾਂਤ ਉਲਟਾ ਹੋ ਗਿਆ। ਹੋ ਸਕਦਾ ਹੈ, ਇੰਜ ਕਹਿਣਾ ਸਨਕ ਹੀ ਹੋਵੇ ਪਰ ਕੋਈ ਇਸ ਸਿੱਟੇ ਤੋਂ ਭੱਜ ਨਹੀਂ ਸਕਦਾ ਕਿ ਅਸੀਂ ਨਾ ਤਾਂ ਸਿਖਿਅਤ ਹੋ ਸਕੇ ਅਤੇ ਨਾ ਹੀ ਸਭਿਅਕ, ਜੇ ਹੋਏ ਹੁੰਦੇ ਤਾਂ ਨਾ ਤਾਂ ਪੰਜਾਬ ਵਿਚ ਫਿਰਕਾਪ੍ਰਸਤੀ ਦੀ ਮਾਰੂ ਫਸਲ ਹੁੰਦੀ ਅਤੇ ਨਾ ਹੀ ਦੇਸ਼ ਦੀ ਵੰਡ ਹੁੰਦੀ; ਸਗੋਂ ਅਸੀਂ ਉਸ ਤਰ੍ਹਾਂ ਦੇ ਪੰਜਾਬੀ ਬਣੇ ਰਹਿੰਦੇ, ਜਿਹੋ ਜਿਹੇ ਸਾਨੂੰ ਰਣਜੀਤ ਸਿੰਘ ਛੱਡ ਕੇ ਗਿਆ ਸੀ ਪਰ ਅਫਸੋਸ! ਆਧੁਨਿਕ ਸਿਖਿਆ ਨਾਲ ਸਭ ਕੁਝ ਬਦਲ ਗਿਆ। ਅੱਜ ਪੰਜਾਬ ਵਿਚ ਜਾਂ ਹਿੰਦੂ ਹਨ ਜਾਂ ਮੁਸਲਮਾਨ ਤੇ ਜਾਂ ਸਿੱਖ ਪਰ ਪੰਜਾਬੀ ਕੋਈ ਵੀ ਨਹੀਂ। ਸ਼ਾਇਦ ਅਸੀਂ ਆਧੁਨਿਕ ਸਿਖਿਆ ਰਾਹੀਂ ਸਿਖਿਆ ਘੱਟ ਹੈ ਅਤੇ ਭੁੱਲਿਆ ਵਧੇਰੇ ਹੈ। ਘੱਟੋ-ਘੱਟ ਅਸੀਂ ਸੱਚੇ ਅਰਥਾਂ ਵਿਚ ਸਭਿਅਕ ਹੋਣ ਦਾ ਸਦਾਚਾਰਕ ਗੁਣ ਭੁਲਾਇਆ ਹੈ, ਜਿਸ ਦਾ ਭਾਵ ਸੀ, ਸੰਵੇਦਨਸ਼ੀਲ ਅਤੇ ਸਹਿਣਸ਼ੀਲ ਮਨੁੱਖ ਬਣਨਾ ਜੋ ਭਾਈਚਾਰਕ ਏਕਤਾ ਅਤੇ ਇਕਮੁੱਠਤਾ ਵਰਗੀਆਂ ਉਚ ਪੰਜਾਬੀ ਭਾਵਨਾ ਨਾਲ ਜੁੜਿਆ ਹੋਵੇ।

*(6)*

ਸ਼ਾਹ ਮੁਹੰਮਦ ਵਲੋਂ ਵਰਤੀ ਗਈ ਬਿੰਬਾਵਲੀ ਬਾਰੇ ਗੱਲ ਕਰਨੀ ਵੀ ਇਥੇ ਲੋੜੀਂਦੀ ਹੈ। ਉਸ ਦੇ ਵਰਤੇ ਰੂਪਕ ਅਤੇ ਤਸ਼ਬੀਹਾਂ ਜੇ ਹਿੰਦੂ ਨਹੀਂ ਹਨ ਤਾਂ ਸਾਫ-ਸਾਫ ਰੂਪ ਵਿਚ ਭਾਰਤੀ ਹਨ। ਕਵੀਆਂ ਵਲੋਂ ਤਸ਼ਬੀਹਾਂ ਅਤੇ ਪ੍ਰਤੀਕਾਂ ਦੀ ਵਰਤੋਂ ਖਾਸ ਅਨੁਭਵਾਂ ਨੂੰ ਸੂਤਰਕ ਰੂਪ ਵਿਚ ਬਿਆਨ ਕਰਨ ਲਈ ਕੀਤੀ ਜਾਂਦੀ ਹੈ। ਇਸ ਨਾਲ ਸਾਰੀ ਕਹਾਣੀ ਅਤੇ ਉਸ ਦੀਆਂ ਵਿਭਿੰਨ ਪਰਤਾਂ ਪਾਠਕ ਸਾਹਵੇਂ ਇਕ ਸ਼ਬਦ ਵਿਚ ਹੀ ਰੌਸ਼ਨ ਹੋ ਜਾਂਦੀਆਂ ਹਨ। ਇਨ੍ਹਾਂ ਬਿੰਬਾਂ, ਪ੍ਰਤੀਕਾਂ ਆਦਿ ਦਾ ਸ੍ਰੋਤ ਘੱਟ ਜਾਂ ਵੱਧ ਭਾਰਤੀ ਕਲਾਸਿਕ ਰਚਨਾਵਾਂ ਜਿਵੇਂ ਮਹਾਂਭਾਰਤ ਅਤੇ ਰਾਮਾਇਣ ਆਦਿ ਬਣਦੇ ਹਨ।

ਸ਼ਾਹ ਮੁਹੰਮਦ ਅਰਬ ਦੀ ਕੁਰੈਸ਼ੀ ਬਰਾਦਰੀ ਤੋਂ ਸੀ, ਜਿਸ ਨੂੰ ਉਚ ਕੁਲ ਸਮਝਿਆ ਜਾਂਦਾ ਹੈ। ਇਸ ਆਧਾਰ 'ਤੇ ਇਹ ਸੰਭਵ ਸੀ ਕਿ ਉਹ ਆਪਣੇ ਬਿੰਬ ਫਾਰਸੀ ਅਤੇ ਅਰਬੀ ਕਲਾਸਿਕ ਰਚਨਾਵਾਂ ਵਿਚੋਂ ਲੈਂਦਾ ਪਰ ਸ਼ਾਹ ਮੁਹੰਮਦ ਇਸ ਤਰ੍ਹਾਂ ਨਹੀਂ ਕਰਦਾ। ਉਸ ਨੂੰ ਕੋਈ ਲੋੜ ਨਹੀਂ ਪੈਂਦੀ ਕਿ ਉਹ ਆਪਣੀ ਬੌਧਿਕਤਾ ਰਾਹੀਂ ਜਾਂ ਵਿਦੇਸ਼ੀ ਭਾਸ਼ਾਵਾਂ ਦੀ ਜਾਣਕਾਰੀ ਰਾਹੀਂ ਆਪਣੇ ਪਾਠਕ ਨੂੰ ਭੰਬਲਭੂਸੇ ਵਿਚ ਪਾਵੇ। ਉਹ ਲੋਕਾਂ ਦੇ ਮੁਹਾਵਰੇ ਵਿਚ ਇਸ ਤਰ੍ਹਾਂ ਗੱਲ ਕਰਦਾ ਹੈ ਕਿ ਉਸ ਦੀ ਭਾਸ਼ਾ ਵਿਚਲੇ ਨਵੇਂ ਸ਼ਬਦ ਵੀ ਸਪਸ਼ਟ ਸਮਝ ਆਉਂਦੇ ਹਨ। ਇਨ੍ਹਾਂ ਕੁਝ ਗੱਲਾਂ ਤੋਂ ਹੀ ਪਤਾ ਲੱਗਦਾ ਹੈ ਕਿ ਕਵੀ ਆਪਣੀ ਭਾਸ਼ਾ ਨਾਲ ਕਿੰਨੀ ਡੂੰਘੀ ਤਰ੍ਹਾਂ ਜੁੜਿਆ ਹੋਇਆ ਹੈ। ਉਂਜ, ਇਹ ਕਲਪਨਾ ਕਰਨਾ ਵੀ ਮੁਸ਼ਕਿਲ ਲੱਗਦਾ ਹੈ ਕਿ ਕੋਈ ਭਾਰਤੀ ਮੁਸਲਮਾਨ ਭਾਰਤੀ ਗਿਆਨ ਦਾ ਏਨਾ ਜਾਣਕਾਰ ਹੈ ਕਿ ਉਸ ਦੇ ਬਿੰਬਾਂ, ਪ੍ਰਤੀਕਾਂ ਦੇ ਸਾਰੇ ਸ੍ਰੋਤ ਸਥਾਨਕ ਹਨ। ਉਂਜ ਭਾਵੇਂ ਸਥਾਨਕ ਮੁਹਾਵਰੇ ਦੇ ਹੱਕ ਵਿਚ ਗੱਲਾਂ ਬਹੁਤ ਕੀਤੀਆਂ ਜਾਂਦੀਆਂ ਹਨ, ਪਰ ਅੱਜ ਵੀ ਅਜਿਹਾ ਨਹੀਂ ਹੁੰਦਾ। ਤੇ ਜੋ ਵੀ ਕੋਈ ਇਹ ਕਮਾਲ ਕਰਦਾ ਹੈ ਤਾਂ ਇਸ ਲਈ ਸਖਤ ਮਿਹਨਤ ਲੱਗਦੀ ਹੈ। ਪ੍ਰਚਲਿਤ ਕੁਲੀਨ ਅਤੇ ਬੌਧਿਕ ਭਾਸ਼ਾ ਵਿਚ ਲਿਖਣ ਨਾਲੋਂ ਲੋਕਾਂ ਦੀ ਅਜਿਹੀ ਸੌਖੀ ਭਾਸ਼ਾ ਵਿਚ ਲਿਖਣਾ, ਜੋ ਆਮ ਤੌਰ 'ਤੇ ਲਿਖਤ ਵਿਚ ਵਰਤੀ ਨਾ ਜਾਂਦੀ ਹੋਵੇ, ਬਹੁਤ ਕਠਿਨ ਹੁੰਦਾ ਹੈ। ਸ਼ਾਹ ਮੁਹੰਮਦ ਇਸ ਕਿਸਮ ਦੀ ਉਤਮ ਮਿਸਾਲ ਹੈ। ਮਸਲਨ, ਬਿਲਕੁਲ ਪਹਿਲੇ ਹੀ ਬੰਦ ਵਿਚ, ਉਹ ਚੌਦਾਂ ਤਬਕਾਂ (ਸੰਸਾਰ) ਦੀ ਗੱਲ ਕਰਦਾ ਹੈ। ਇਹ ਸ਼ੁਧ ਰੂਪ ਵਿਚ ਹਿੰਦੂ ਸੰਕਲਪ ਹੈ। ਮੁਸਲਮਾਨ ਬ੍ਰਹਿਮੰਡ ਨੂੰ 'ਦੋ ਜਹਾਨਾਂ' ਵਿਚ ਵੰਡਦੇ ਹਨ। ਅੱਗੇ ਨੌਵੇਂ ਬੰਦ ਵਿਚ ਉਸ ਲਈ ਮੌਤ ਦਾ ਦੇਵਤਾ ਧਰਮ ਰਾਜ ਹੈ, ਜੋ ਕਿਸੇ ਦੀ ਮੌਤ ਦੇ ਹੁਕਮਾਂ ਦੀ ਪਾਲਣਾ ਲਈ ਦੂਤ ਭੇਜਦਾ ਹੈ। ਇਸੇ ਤਰ੍ਹਾਂ ਉਹ ਸ਼ੇਰ ਸਿੰਘ ਦੇ ਪੁੱਤਰ ਪਰਤਾਪ ਸਿੰਘ ਦਾ ਚਿਤਰਨ ਕਰਦਾ ਹੈ, ਜੋ ਹਵਨ ਵਿਚ ਬੈਠਾ ਹੈ ਅਤੇ ਜ਼ਾਲਮ ਲਹਿਣਾ ਸਿੰਘ ਉਸ ਦਾ ਸਿਰ ਕਲਮ ਕਰ ਦਿੰਦਾ ਹੈ, ਪਰ ਲਹਿਣਾ ਸਿੰਘ ਆਪ ਇਸ ਗੱਲ ਤੋਂ ਬੇਖਬਰ ਹੈ ਕਿ ਉਹ ਆਪ ਵੀ ਇਕ ਦਿਨ ਦਾ ਹੀ ਪ੍ਰਾਹੁਣਾ ਹੈ। ਇਸੇ ਤਰ੍ਹਾਂ ਸੰਧਾਵਾਲੀਆ ਸਰਦਾਰ ਰਾਜਾ ਧਿਆਨ ਸਿੰਘ ਦੇ ਸੱਜਰੇ ਲਹੂ ਨਾਲ ਬਾਲ-ਰਾਜਕੁਮਾਰ ਦਲੀਪ ਸਿੰਘ ਦਾ ਰਾਜ ਤਿਲਕ ਕਰਦੇ ਹਨ ਅਤੇ ਫਿਰ ਉਸ ਦੀ ਪਰਿਕਰਮਾ ਕਰਦੇ ਹਨ। ਇਹ ਸਾਰੀਆਂ ਹਿੰਦੂ ਰਸਮਾਂ ਹਨ। ਇਸੇ ਤਰ੍ਹਾਂ 39ਵੇਂ ਬੰਦ ਵਿਚ ਉਹ ਜੈਮਲ ਅਤੇ ਫੱਤੇ ਦੇ ਸੋਹਲੇ ਗਾਉਂਦਾ ਹੈ, ਜਿਨ੍ਹਾਂ ਨੇ ਚਿੱਤੌੜ ਦੀ ਰੱਖਿਆ ਕਰਦਿਆਂ ਅਕਬਰ ਦਾ ਬਹਾਦਰੀ ਨਾਲ ਮੁਕਾਬਲਾ ਕੀਤਾ ਅਤੇ ਆਪਣੇ ਲਈ ਹਮੇਸ਼ਾ ਜਿਉਂਦੀ ਰਹਿਣ ਵਾਲੀ ਬਹਾਦਰੀ ਦੀ ਸ਼ਾਨਾਮੱਤੀ ਗਾਥਾ ਛੱਡ ਕੇ ਗਏ। ਉਹ ਸਰਦਾਰ ਲਹਿਣਾ ਸਿੰਘ ਮਜੀਠੀਏ ਦਾ ਬਿਆਨ ਕਰਦਾ ਹੈ, ਜੋ ਦਰਬਾਰ ਵਿਚ ਫੈਲੀ ਅਰਾਜਕਤਾ ਵਾਲੀਆਂ ਹਾਲਤਾਂ ਨੂੰ ਛੱਡ ਕੇ ਲੰਮੀ ਤੀਰਥ ਯਾਤਰਾ ਤੇ ਜਾ ਰਿਹਾ ਹੈ। ਇਥੇ ਉਸ ਵਲੋਂ 'ਮੁਲਕ' ਸ਼ਬਦ ਦੀ ਥਾਂ 'ਦੇਸ' ਸ਼ਬਦ ਦੀ ਵਰਤੋਂ ਉਸ ਦੀ ਸਥਾਨਕ ਮੁਹਾਵਰੇ ਨਾਲ ਨੇੜਤਾ ਨੂੰ ਜਾਹਰ ਕਰਦਾ ਹੈ, ਭਾਵੇਂ 'ਮੁਲਕ' ਸ਼ਬਦ ਵੀ ਇਸੇ ਤਰ੍ਹਾਂ ਦੇ ਪ੍ਰਭਾਵ ਨਾਲ ਵਰਤਿਆ ਜਾਂਦਾ ਹੈ।

ਸਿਰਫ ਇਹੀ ਨਹੀਂ, ਸ਼ਾਹ ਮੁਹੰਮਦ ਰਾਵਣ ਦੀ ਤਬਾਹੀ ਦੀ ਗੱਲ ਕਰਦਾ ਹੈ ਜਿਸ ਦੇ ਇਕ



*ਜੰਗ ਵਿਚ ਅੰਗਰੇਜ਼ਾਂ ਦਾ ਹੱਥ ਉਤਾਂਹ ਹੋਣ ਨੂੰ ਦਰਸਾਉਂਦਾ ਇਕ ਚਿੱਤਰ।*

ਲੱਖ ਪੁੱਤਰ ਅਤੇ ਸਵਾ ਲੱਖ ਦੋਹਤੇ ਸਨ, ਜੋ ਸਿਰਫ ਇਸ ਕਾਰਨ ਮਾਰਿਆ ਜਾਂਦਾ ਹੈ ਕਿ ਉਸ ਦਾ ਆਪਣਾ ਅੰਦਰ ਦਾ ਬੰਦਾ ਉਸ ਦੀ ਪਿੱਠ 'ਤੇ ਵਾਰ ਕਰਦਾ ਹੈ। ਇਸ ਤਰ੍ਹਾਂ 60ਵੇਂ ਬੰਦ ਵਿਚ, ਉਹ ਕਹਿੰਦਾ ਹੈ, "ਇਲਾਹੀ ਬਖਸ਼ ਨੇ ਆਪਣੀਆਂ ਤੋਪਾਂ ਮਾਂਜ ਕੇ ਬਾਹਰ ਰੱਖੀਆਂ ਅਤੇ ਉਨ੍ਹਾਂ ਨੂੰ ਧੂਫ ਦਿਤੀ।" ਕੀ ਕੋਈ ਹਿੰਦੂ ਤੋਪਚੀ ਕੁਝ ਹੋਰ ਕਰ ਸਕਦਾ ਸੀ। ਫੇਰ 76ਵੇਂ ਬੰਦ ਵਿਚ ਉਹ ਕਹਿੰਦਾ ਹੈ, "ਕੈਰੋਂ ਪਾਂਡਵਾਂ ਦੇ ਜੈਸੇ ਬਾਣ ਛੁੱਟੇ", ਮੀਂਹ ਵਾਂਗ ਡਿਗਦੇ ਗੋਲਿਆਂ ਨੂੰ ਬਿਆਨ ਕਰਨ ਲਈ ਸ਼ਾਇਦ ਇਕ ਭਾਰਤੀ ਲਈ ਇਹ ਬਹੁਤ ਹੀ ਮਾਕੂਲ ਤਸ਼ਬੀਹ ਹੈ ਪਰ ਸਭ ਤੋਂ ਵੱਡਾ ਕਮਾਲ ਬੰਦ 102 ਵਿਚ ਹੁੰਦਾ ਹੈ, ਇਸ ਲਈ ਇਥੇ ਸਾਰਾ ਬੰਦ ਹੀ ਪੇਸ਼ ਕਰਨਾ ਠੀਕ ਰਹੇਗਾ:

ਹੁੰਦੇ ਆਏ ਨੀ ਰੰਨਾਂ ਦੇ ਧੁਰੋਂ ਕਾਰੇ,
ਲੰਕਾ ਵਿਚ ਤਾਂ ਰਾਵਣ ਕੁਹਾਇ ਦਿਤਾ।
ਕੌਰਵ ਪਾਂਡਵਾਂ ਨਾਲ ਕੀ ਭਲਾ ਕੀਤਾ,
ਠਾਰਾਂ ਖੂਹਣੀਆਂ ਕਟਕ ਮੁਕਾਇ ਦਿਤਾ।
ਰਾਜੇ ਭੋਜ ਦੇ ਮੂੰਹ ਲਗਾਮ ਦਿਤੀ,
ਮਾਰ ਅੱਡੀਆਂ ਹੋਸ਼ ਭੁਲਾਇ ਦਿਤਾ।
ਸ਼ਾਹ ਮੁਹੰਮਦਾ ਏਸ ਰਾਣੀ ਜਿੰਦ ਕੌਰਾਂ,
ਸਾਰੇ ਦੇਸ਼ ਦਾ ਫਰਸ਼ ਉਠਾਇ ਦਿਤਾ।

ਇਹ ਬਿਆਨ ਕਰਨ ਲਈ ਕਿ ਕਿਵੇਂ ਇਤਿਹਾਸ ਵਿਚ ਇਹ ਸਮਝਿਆ ਜਾਂਦਾ ਹੈ ਕਿ ਔਰਤਾਂ ਕਾਰਨ ਬੰਦਿਆਂ ਨੂੰ ਕਿੰਨੀਆਂ ਮੁਸੀਬਤਾਂ ਝੱਲਣੀਆਂ ਪਈਆਂ ਹਨ, ਇਹ ਸ਼ਾਇਦ ਸਭ ਤੋਂ ਵਧੀਆ ਢੰਗ ਹੈ। ਉਹ ਸਿਰਫ ਰਾਮ, ਕੌਰਵਾਂ ਅਤੇ ਪਾਂਡਵਾਂ ਦਾ ਹੀ ਜ਼ਿਕਰ ਨਹੀਂ ਕਰਦਾ ਸਗੋਂ ਰਾਜਾ ਭੋਜ ਦਾ ਵੀ ਕਰਦਾ ਹੈ, ਜਿਸ ਦੀ ਸਿਆਣਪ ਦਾ ਜ਼ਿਕਰ ਕਹਾਣੀਆਂ ਵਿਚ ਅਖਾਣਾਂ ਵਾਂਗ ਆਉਂਦਾ ਹੈ। ਬੇਸ਼ਕ ਸ਼ਾਹ ਮੁਹੰਮਦ ਦੋ ਵਾਰ ਅਲੀ ਅਕਬਰ ਦਾ ਵੀ ਜ਼ਿਕਰ ਕਰਦਾ ਹੈ। ਇਹ ਜ਼ਿਕਰ ਕਰਨ ਦੇ ਦੋ ਕਾਰਨ ਨਜ਼ਰ ਆਉਂਦੇ ਹਨ-ਪਹਿਲਾ, ਅਲੀ ਅਕਬਰ ਅਜਿਹੇ ਆਦਰਸ਼ ਪੁੱਤਰ ਵਜੋਂ ਉਭਰਦਾ ਹੈ ਜੋ ਆਪਣੇ ਗੱਦੀਓਂ ਲਾਹੇ ਪਿਤਾ ਨੂੰ ਦੁਬਾਰਾ ਤਖਤ 'ਤੇ ਬਿਠਾਉਣ ਲਈ ਅਫਗਾਨਾਂ ਨੂੰ ਅੰਗਰੇਜ਼ਾਂ ਖਿਲਾਫ ਜੱਥੇਬੰਦ ਕਰਦਾ ਹੈ ਅਤੇ ਅੰਗਰੇਜ਼ਾਂ ਨੂੰ ਅਫਗਾਨਿਸਤਾਨ ਵਿਚੋਂ ਕੱਢ ਦਿੰਦਾ ਹੈ। ਦੂਜਾ, ਭਾਰਤ ਵਿਚ ਬਰਤਾਨਵੀ ਵਿਸਥਾਰ ਦੀ ਇਕ ਸਦੀ ਵਿਚ, ਉਹ ਇਕੋ-ਇਕ ਯੋਧਾ ਹੈ, ਜਿਸ ਨੇ ਆਪਣੇ ਹਥਿਆਰਾਂ ਨਾਲ, ਹੁਣ ਤੱਕ ਅਜਿਤ ਰਹੇ ਅੰਗਰੇਜ਼ਾਂ ਨੂੰ ਹਰਾਇਆ।

ਸ਼ਾਹ ਮੁਹੰਮਦ ਨੇਕ ਪੰਜਾਬੀ ਦੇ ਤੌਰ 'ਤੇ ਅੰਗਰੇਜ਼ਾਂ ਨੂੰ ਨਫਰਤ ਕਰਦਾ ਹੈ, ਸ਼ਾਇਦ ਉਹ ਚਾਹੁੰਦਾ ਹੈ ਕਿ ਫਿਰੰਗੀਆਂ ਨੂੰ ਪੰਜਾਬ ਵਿਚੋਂ ਬਾਹਰ ਖਦੇੜ ਦਿਤਾ ਜਾਵੇ ਤਾਂ ਜੋ ਹਿੰਦੂ ਅਤੇ ਮੁਸਲਮਾਨ ਸ਼ਾਂਤੀ ਨਾਲ ਇਕੱਠੇ ਰਹਿ ਸਕਣ। ਇਸ ਲਈ ਅਲੀ ਅਕਬਰ ਉਸ ਲਈ ਮੁਸਲਮਾਨ ਯੋਧਾ ਹੋਣ ਕਾਰਨ ਮਹੱਤਵਪੂਰਨ ਨਹੀਂ ਸਗੋਂ, ਇਸ ਲਈ ਕਿ ਉਹ ਖਾਸ ਮੁੱਲਾਂ ਦਾ ਪ੍ਰਤੀਕ ਹੈ।

ਉਹ ਪੰਜਾਬੀ ਰੌਬਿਨਹੁੱਡ ਕਹੇ ਜਾਂਦੇ ਦੁੱਲਾ ਭੱਟੀ ਦਾ ਜ਼ਿਕਰ ਵੀ ਕਰਦਾ ਹੈ, ਜੋ ਇਕ ਕਾਮੀ ਮੁਸਲਮਾਨ ਗਵਰਨਰ ਤੋਂ ਇਕ ਬ੍ਰਾਹਮਣ ਲੜਕੀ ਦੀ ਪਤ ਦੀ ਰੱਖਿਆ ਕਰਦਾ ਹੈ। ਸ਼ਾਇਦ ਸ਼ਾਹ ਮੁਹੰਮਦ ਮਹਿਸੂਸ ਕਰਦਾ ਹੈ ਕਿ ਦੁੱਲਾ ਭੱਟੀ ਵਰਗੇ ਬੰਦੇ ਪੰਜਾਬ ਵਿਚ ਹਿੰਦੂ-ਮੁਸਲਿਮ ਏਕਤਾ ਦਾ ਪ੍ਰਤੀਕ ਬਣਨੇ ਚਾਹੀਦੇ ਹਨ। ਦੁੱਲਾ ਭੱਟੀ ਪੰਜਾਬ ਦਾ ਸਭ ਤੋਂ ਵੱਧ ਜਾਣਿਆ-ਪਛਾਣਿਆ ਲੋਕ ਨਾਇਕ ਹੈ ਅਤੇ ਉਸ ਦੇ ਗੀਤ ਭਾਰਤ ਤੇ ਪਾਕਿਸਤਾਨ-ਦੋਹਾਂ ਵਿਚ ਗਾਏ ਜਾਂਦੇ ਹਨ। ਇਸ ਲਈ ਸ਼ਾਹ ਮੁਹੰਮਦ ਵਲੋਂ ਉਸ ਦਾ ਜ਼ਿਕਰ ਜਾਇਜ਼ ਹੈ। ਉਹ ਮੀਰ ਦਾਦ ਚੌਹਾਨ ਨੂੰ ਵੀ ਯਾਦ ਕਰਦਾ ਹੈ, ਜਿਸ ਦੀਆਂ ਪਤਨੀਆਂ ਨੇ ਰਾਜਪੂਤ ਪਰੰਪਰਾ ਅਨੁਸਾਰ ਆਪਣੇ ਆਪ ਨੂੰ ਸਤੀ ਕਰ ਲਿਆ। ਇਸ ਤਰ੍ਹਾਂ ਇਹ ਮਿਸਾਲ ਵੀ ਹਿੰਦੂ-ਮੁਸਲਿਮ ਏਕਤਾ ਦਾ ਪ੍ਰਤੀਕ ਬਣਦੀ ਹੈ।

ਹੁਣ ਸਵਾਲ ਪੈਦਾ ਹੁੰਦਾ ਹੈ: ਕੀ ਅੱਜ ਇਕ ਪੰਜਾਬੀ ਮੁਸਲਮਾਨ ਲਈ ਇਹ ਸੰਭਵ ਹੈ ਕਿ ਉਹ ਭਾਰਤੀ ਜੀਵਨ ਦੇ ਸਾਰੇ ਬਿੰਬਾਂ-ਪ੍ਰਤੀਕਾਂ ਦਾ ਇੰਨਾ ਜਾਣਕਾਰ ਹੋਵੇ? ਇਸ ਦਾ ਜਵਾਬ ਹੋ ਸਕਦਾ ਹੈ, ਨਾਂਹ ਵਿਚ ਹੋਵੇ। ਕਿਉਂ? ਕਾਰਨ ਇਹ ਹੈ ਕਿ ਨਵਾਂ ਬਣਿਆ ਪਾਕਿਸਤਾਨ, ਜਿਸ ਵਿਚ ਮੁੱਖ ਤੌਰ 'ਤੇ ਪੰਜਾਬੀ ਮੁਸਲਮਾਨ ਹੀ ਹਨ, ਉਹ ਹਿੰਦੂ ਨਫਰਤ ਉਤੇ ਉਸਰਿਆ ਹੈ, ਭਾਵੇਂ ਉਸ ਵਿਚਲੇ ਬਹੁਤੇ ਪੰਜਾਬੀ ਅੱਜ ਵੀ ਸਾਡੇ ਨਾਲੋਂ ਬਿਹਤਰ ਪੰਜਾਬੀ ਹਨ। ਜਦੋਂ ਤੱਕ ਪੰਜਾਬੀ ਭਾਸ਼ਾ ਦੋਵਾਂ ਪਾਸਿਆਂ ਦੇ ਪੰਜਾਬੀਆਂ ਵਿਚ ਜਿਉਂਦਾ ਪੁਲ ਹੈ, ਉਦੋਂ ਤੱਕ ਉਧਰਲੇ ਪੰਜਾਬੀਆਂ ਵਿਚ ਭਾਰਤੀ ਪੰਜਾਬੀਆਂ ਬਾਰੇ ਹੋਰ ਹੋਰ ਜਾਣਨ ਦੀ ਲਗਾਤਾਰ ਤੜਪ ਬਣੀ ਰਹੇਗੀ। ਜੇ ਇਹ ਤੜਪ ਸੱਚੀ ਅਤੇ ਖਰੀ ਹੈ, ਤਾਂ ਆਸ ਕੀਤੀ ਜਾ ਸਕਦੀ ਹੈ ਕਿ ਇਕ ਦਿਨ, ਉਹ ਪੰਜਾਬ ਪੈਦਾ ਹੋਵੇਗਾ, ਜਿਸ ਨੂੰ ਅਸੀਂ ਇਤਿਹਾਸਕ ਪੰਜਾਬ ਕਹਿ ਸਕਦੇ ਹਾਂ। ਸ਼ਾਹ ਮੁਹੰਮਦ ਉਸ ਮਹਾਨ ਸਭਿਅਕ ਵਿਰਾਸਤ ਦਾ ਪ੍ਰਤੀਕ ਬਣ ਸਕਦਾ ਹੈ, ਜਿਸ ਨੂੰ ਅਸੀਂ ਸਹੀ ਅਰਥਾਂ ਵਿਚ ਪੰਜਾਬੀ ਕਹਿ ਰਹੇ ਹਾਂ।

*(7)*

ਕੁਝ ਸ਼ਬਦ ਇਸ ਜੰਗਨਾਮੇ ਦੇ ਹਿੰਦੀ ਅਤੇ ਅੰਗਰੇਜ਼ੀ ਅਨੁਵਾਦ ਬਾਰੇ। ਕਾਰਨ ਬਹੁਤ ਸਪਸ਼ਟ ਹੈ। ਮੈਂ ਸਾਰੀ ਉਮਰ ਕਸਬੀ ਅਨੁਵਾਦਕ ਰਿਹਾ ਹਾਂ। ਜਦੋਂ ਮੈਂ 1995 ਵਿਚ ਇਹ ਰਚਨਾ ਪੜ੍ਹੀ ਤਾਂ ਇਸ ਦਾ ਅੰਗਰੇਜ਼ੀ ਵਿਚ ਅਨੁਵਾਦ ਕਰਨ ਪਿੱਛੇ ਭਾਵਨਾ ਇਹ ਸੀ ਕਿ ਅੰਗਰੇਜ਼ੀ ਜਾਣਨ ਵਾਲੇ ਬਹੁਤ ਸਾਰੇ ਪੰਜਾਬੀਆਂ ਤੱਕ ਉਨ੍ਹਾਂ ਦੀ ਆਪਣੀ ਵਿਰਾਸਤ ਦੀ ਇਹ ਅਨੂਠੀ ਰਚਨਾ ਜ਼ਰੂਰ ਪਹੁੰਚਣੀ ਚਾਹੀਦੀ ਹੈ। ਹੁਣ ਜਦੋਂ ਮੈਂ ਇਸ ਨੂੰ ਸੋਧਣ ਲਈ ਦੁਬਾਰਾ ਦੇਖਿਆ ਤਾਂ ਮੈਨੂੰ ਲੱਗਾ ਕਿ ਇਸ ਰਚਨਾ ਦਾ ਥੀਮ ਸਮਾਜਕ ਤੇ ਸਾਹਿਤਕ-ਦੋਵਾਂ ਪੱਖਾਂ ਤੋਂ ਬਹੁਤ ਅਹਿਮ ਹੈ। ਮੈਂ ਮਹਿਸੂਸ ਕੀਤਾ ਕਿ ਮੈਨੂੰ ਇਸ ਦਾ ਹਿੰਦੀ ਵਿਚ ਵੀ ਅਨੁਵਾਦ ਕਰਨਾ ਚਾਹੀਦਾ ਹੈ, ਕਿਉਂਕਿ ਇਹ ਕਾਵਿ ਰਚਨਾ ਰਾਸ਼ਟਰੀ ਏਕਤਾ ਬਾਰੇ ਸਭ ਤੋਂ ਉਤਮ ਹੈ। ਇਹ ਰਚਨਾ ਇਕ ਮੁਸਲਮਾਨ ਦੀ ਕਲਮ ਤੋਂ ਨਿਕਲੀ ਹੈ, ਜਿਸ ਨੂੰ ਅਜੇ ਤੱਕ ਕੋਈ ਹਿੰਦੂ ਪਾਰ ਨਹੀਂ ਕਰ ਸਕਿਆ।

ਪੰਜਾਬ ਦੇ ਪ੍ਰਸੰਗ ਵਿਚ ਇਸ ਦਾ ਦੋਹਰਾ ਮਹੱਤਵ ਹੈ, ਕਿਉਂਕਿ ਥੋੜ੍ਹਾ ਸਮਾਂ ਪਹਿਲਾਂ ਹੀ ਮੇਰੀ 'ਪਿਤਰ ਭੂਮੀ' 'ਦੋ ਰਾਸ਼ਟਰ' ਸਿਧਾਂਤ ਦੇ ਨਾਂ 'ਤੇ ਵੰਡੀ ਗਈ ਹੈ। ਇਹ ਅਜਿਹੀ ਸਾਹਿਤਕ ਰਚਨਾ ਹੈ, ਜੋ ਇਸ ਸਿਧਾਂਤ ਨੂੰ ਜ਼ੋਰਦਾਰ ਤਰੀਕੇ ਨਾਲ ਰੱਦ ਕਰਦੀ ਹੈ। ਸ਼ਾਹ ਮੁਹੰਮਦ ਨੂੰ ਪੜ੍ਹਨ ਪਿਛੋਂ ਇਹ ਸਾਫ ਹੋ ਜਾਂਦਾ ਹੈ ਕਿ ਪੰਜਾਬ ਵਿਚ ਫੈਲੀ ਫਿਰਕਾਪ੍ਰਸਤੀ, ਇਕ ਤੀਜੀ ਧਿਰ, ਭਾਵ ਅੰਗਰੇਜ਼ਾਂ ਦੀ ਕਰਤੂਤ ਸੀ। ਇਹ ਦ੍ਰਿਸ਼ਟੀ ਵੱਡੇ ਘੇਰੇ ਦੇ ਹਿੰਦੀ ਪਾਠਕਾਂ ਤੱਕ ਪਹੁੰਚਣੀ ਚਾਹੀਦੀ ਹੈ ਕਿਉਂਕਿ ਵੱਡੇ ਪੈਮਾਨੇ 'ਤੇ ਹਿੰਦੂ ਇਹ ਸੋਚਦੇ ਹਨ ਕਿ ਮੁਸਲਿਮ ਜਾਂ ਸਿੱਖ ਹੀ ਫਿਰਕੂ ਸਨ। ਇਸ ਨਾਲ ਉਹ ਸਮਝ ਸਕਣਗੇ ਕਿ ਅਸਲ ਦੋਸ਼ੀ ਕੌਣ ਹੈ। ਉਨ੍ਹਾਂ ਦੀ ਫਿਰਕਾਪ੍ਰਸਤੀ ਹਿੰਦੂਆਂ ਦੀ ਆਪਣੇ ਆਪ ਬਾਰੇ ਸੋਚਣੀ ਅਤੇ ਕਰਨੀ ਦਾ ਹੀ ਪ੍ਰਤਿਕਰਮ ਸੀ। ਇਸ ਲਈ ਇਸ ਦਾ ਹਿੰਦੀ ਅਨੁਵਾਦ ਕੀਤਾ ਗਿਆ ਹੈ।

ਪਰ ਇਸ ਦਾ ਇਕ ਕਾਰਨ ਹੋਰ ਵੀ ਹੈ। ਲੰਮੇ ਸਮੇਂ ਤੋਂ ਮੇਰੀ ਇੱਛਾ ਸੀ ਕਿ ਜੇ ਮੌਕਾ ਮਿਲਿਆ ਤਾਂ ਮੈਂ ਵਾਰਿਸ ਸ਼ਾਹ ਦੀ 'ਹੀਰ' ਦਾ ਅਨੁਵਾਦ ਕਰਾਂ। ਮੈਨੂੰ ਨਹੀਂ ਪਤਾ ਕਿ ਮੈਂ ਇਸ ਕਠਿਨ ਕਾਰਜ ਨੂੰ ਨੇਪਰੇ ਚੜ੍ਹਾਉਣ ਲਈ ਆਪਣੇ ਆਪ ਨੂੰ ਕਿਵੇਂ ਯੋਗ ਬਣਾ ਸਕਾਂਗਾ। ਇਸ ਲਈ ਇਹ ਅਨੁਵਾਦ ਇਕ ਤਰ੍ਹਾਂ ਨਾਲ ਸਿਖਾਂਦਰੂ ਕਾਰਜ ਹੈ। ਜੇ ਇਹ ਅਨੁਵਾਦ ਮੁਲਵਾਨ ਸਾਬਿਤ ਹੁੰਦਾ ਹੈ ਤਾਂ ਮੈਂ ਅਗਲਾ ਵੱਡਾ ਕੰਮ ਦੁੱਗਣੇ ਉਤਸ਼ਾਹ ਨਾਲ ਕਰ ਸਕਾਂਗਾ।

ਇਸ ਤੋਂ ਇਲਾਵਾ ਮੈਂ ਹਿੰਦੀ ਵਾਲੇ ਅਨੁਵਾਦ ਨੂੰ ਬੈਂਤ ਛੰਦ ਵਿਚ ਹੀ ਉਲਥਾਉਣ ਦਾ ਯਤਨ ਕੀਤਾ ਹੈ। ਇਸ ਦਾ ਮਕਸਦ ਇਹ ਹੈ ਕਿ ਗੈਰ-ਪੰਜਾਬੀ ਪਾਠਕ ਵੀ ਇਸ ਨੂੰ ਗੁਣਗੁਣਾ ਸਕਣ, ਜੋ ਵਾਰਿਸ ਸ਼ਾਹ ਦੀ 'ਹੀਰ' ਵਾਂਗ ਹੀ ਰੂਹਾਨੀ ਹੈ। ਇਸ ਤੋਂ ਇਲਾਵਾ, ਅੱਜ ਦੀ ਫਿਰਕਾਪ੍ਰਸਤੀ ਨਾਲ ਲੜਨ ਲਈ ਇਹ ਸ਼ਾਹ ਮੁਹੰਮਦ ਦੀ ਆਤਮਾ ਨੂੰ ਪੁਨਰ ਜੀਵਿਤ ਕਰੇਗਾ। ਮੈਂ ਉਹ ਦਿਨ ਦੇਖਣਾ ਚਾਹੁੰਦਾ ਹਾਂ, ਜਦੋਂ ਹਿੰਦੂ, ਮੁਸਲਿਮ ਤੇ ਸਿੱਖ-ਭਾਵ ਸਾਰੇ ਪੰਜਾਬੀਆਂ ਨੂੰ ਆਪਣੀ 'ਪਿਤਰ ਭੂਮੀ' ਨੂੰ ਵੰਡਣ ਦੀ ਬੱਜਰ ਇਤਿਹਾਸਕ ਭੁੱਲ ਦਾ ਅਹਿਸਾਸ ਹੋਵੇਗਾ। ਇਕ ਦਿਨ ਇਸ ਭੁੱਲ ਦਾ ਅਹਿਸਾਸ ਤਾਂ ਹੋਣਾ ਤੈਅ ਹੈ ਪਰ ਕੀ ਮੈਂ ਇਸ ਅਹਿਸਾਸ ਨੂੰ ਅੱਧਾ ਸਕਿੰਟ ਵੀ ਪਹਿਲਾਂ ਲੈ ਆਉਣ ਵਿਚ ਕੋਈ ਸਾਧਨ ਬਣ ਸਕਦਾ ਹਾਂ?

*(ਸਮਾਪਤ)*

# ਜੰਗਨਾਮਾ

**ਸ਼ਾਹ ਮੁਹੰਮਦ**

*7*

ਮੇਰੇ ਬੈਠਿਆਂ ਇਨ੍ਹਾਂ ਨੇ ਖੂਨ ਕੀਤਾ,
ਇਹ ਤਾਂ ਗਰਕ ਜਾਵੇ ਦਰਬਾਰ ਮੀਆਂ।
ਪਿੱਛੇ ਸਾਡੇ ਵੀ ਕੌਰ ਨਾ ਰਾਜ ਕਰਸੀ,
ਅਸੀਂ ਮਾਰਾਂਗੇ ਏਸ ਨੂੰ ਮਾਰ ਮੀਆਂ।
ਨਾਹੱਕ ਦਾ ਇਨ੍ਹਾਂ ਨੇ ਖੂਨ ਕੀਤਾ,
ਇਹ ਤਾਂ ਮਰਨਗੇ ਸਭ ਸਿਰਦਾਰ ਮੀਆਂ।
ਸ਼ਾਹ ਮੁਹੰਮਦਾ ਧੁਰੋਂ ਤਲਵਾਰ ਵੱਗੀ,
ਸਭੇ ਕਤਲ ਹੋਂਦੇ ਵਾਰੋ ਵਾਰ ਮੀਆਂ।

*8*

ਖੜਕ ਸਿੰਘ ਮਹਾਰਾਜ ਹੋਯਾ ਬਹੁਤ ਮਾਂਦਾ,
ਬਰਸ ਇਕ ਪਿੱਛੇ ਵੱਸ ਕਾਲ ਹੋਇਆ।
ਆਈ ਮੌਤ ਨਾ ਅਟਕਿਆ ਇਕ ਘੜੀ,
ਚੇਤ ਸਿੰਘ ਦੇ ਗਮ ਦੇ ਨਾਲ ਮੋਇਆ।
ਕੌਰ ਸਾਹਿਬ ਮਹਾਰਾਜੇ ਦੀ ਗੱਲ ਸੁਣ ਕੇ,
ਜ਼ਰਾ ਗਮ ਦੇ ਨਾਲ ਨਾ ਮੂਲ ਰੋਇਆ।
ਸ਼ਾਹ ਮੁਹੰਮਦਾ ਕਈਆਂ ਦੇ ਬੰਨ੍ਹਣੇ ਦਾ,
ਵਿਚ ਕੌਂਸਲ ਦੇ ਕੌਰ ਨੂੰ ਫਿਕਰ ਹੋਇਆ।

*9*

ਖੜਕ ਸਿੰਘ ਮਹਾਰਾਜੇ ਨੂੰ ਚੁੱਕ ਲਿਆ,
ਵੇਖੋ ਸਾੜਨੇ ਨੂੰ ਹੁਣ ਲੈ ਚੱਲੇ।
ਧਰਮ ਰਾਇ ਨੂੰ ਜਾਇ ਕੇ ਖਬਰ ਹੋਈ,
ਕੌਰ ਮਾਰਨੇ ਨੂੰ ਓਨ ਦੂਤ ਘੱਲੇ।
ਮਾਰੋ ਮਾਰ ਕਰਦੇ ਦੂਤ ਉਠ ਦੌੜੇ,
ਜਦੋਂ ਹੋਏ ਨੀ ਮੌਤ ਦੇ ਆਇ ਹੱਲੇ।
ਸ਼ਾਹ ਮੁਹੰਮਦਾ ਦੇਖ ਰਜ਼ਾਇ ਰੱਬ ਦੀ,
ਊਧਮ ਸਿੰਘ ਤੇ ਕੌਰ ਦੇ ਸਾਸ ਚੱਲੇ।

*10*

ਇਕ ਦੂਤ ਨੇ ਆਇ ਕੇ ਫਿਕਰ ਕੀਤਾ,
ਪਲਕ ਵਿਚ ਦਰਵਾਜ਼ੇ ਦੇ ਆਇਆ ਈ।
ਜਿਹੜਾ ਧੁਰੋਂ ਦਰਗਾਹੋਂ
ਸੀ ਹੁਕਮ ਆਇਆ,
ਦੇਖੋ ਓਸ ਨੇ ਖੂਬ ਬਜਾਇਆ ਈ।
ਅੰਦਰ ਤਰਫ ਹਵੇਲੀ ਦੇ ਤੁਰੇ ਜਾਂਦੇ,
ਛੱਜਾ ਢਾਹ ਦੋਹਾਂ ਉਤੇ ਪਾਇਆ ਈ।
ਸ਼ਾਹ ਮੁਹੰਮਦਾ
ਊਧਮ ਸਿੰਘ ਥਾਇੰ ਮੋਇਆ,
ਕੌਰ ਸਾਹਿਬ ਜੋ ਸਹਿਕਦਾ ਆਇਆ ਈ।

*11*

ਅੱਠ ਪਹਿਰ ਲੁਕਾਇ ਕੇ ਰੱਖਿਓ ਨੇ,
ਦਿਨ ਦੂਜੇ ਰਾਣੀ ਚੰਦ ਕੌਰ ਆਈ।
ਖੜਗ ਸਿੰਘ ਦਾ ਮੂਲ ਦਰੇਗ ਨਾਹੀਂ,
ਕੌਰ ਸਾਹਿਬ ਤਾਈਂ ਓਥੇ ਰੋਣ ਆਈ।
ਮ੍ਰਿਤ ਹੋਇਆ ਤੇ ਕਰੋ ਸਸਕਾਰ ਇਸਦਾ,
ਰਾਣੀ ਆਖਦੀ, 'ਤੁਸਾਂ ਕਿਉਂ ਦੇਰ ਲਾਈ ?'
ਸ਼ਾਹ ਮੁਹੰਮਦਾ ਰੋਂਦੀ ਏ ਚੰਦ ਕੌਰਾਂ,
ਜਿਹਦਾ ਮੋਇਆ ਪੁਤ੍ਰ ਸੋਹਣਾ ਸ਼ੇਰ ਸਾਈ।

*12*

ਸ਼ੇਰ ਸਿੰਘ ਨੂੰ ਕਿਸੇ ਜਾ ਖਬਰ ਦਿੱਤੀ,
ਜਿਹਦਾ ਮੋਇਆ ਭਤੀਜਾ ਵੀਰ ਯਾਰੋ।
ਓਨ ਤੁਰਤ ਵਟਾਲਿਓਂ ਕੂਚ ਕੀਤਾ,
ਰਾਹੀਂ ਆਂਵਦਾ ਘੱਤ ਵਹੀਰ ਯਾਰੋ।
ਜਦੋਂ ਆਣ ਕੇ ਹੋਇਆ ਲਾਹੌਰ ਦਾਖਲ,
ਅੱਖੀਂ ਰੋਵੇ ਪਲੱਟਦਾ ਨੀਰ ਯਾਰੋ।
ਸ਼ਾਹ ਮੁਹੰਮਦਾ ਲੋਕ ਦਿਲਬਰੀ ਦੇਂਦੇ,
ਚੰਦ ਕੌਰ ਹੋਈ ਦਿਲਗੀਰ ਯਾਰੋ।

*13*

ਦਿੱਤੇ ਸੰਤਰੀ ਚਾਰ ਖਲ੍ਹਾਰ ਚੋਰੀਂ,
ਸ਼ੇਰ ਸਿੰਘ ਅੰਦਰ ਅੱਜ ਆਵਣਾ ਜੇ।
ਤੁਰਤ ਫੂਕ ਦੇਹੋ ਤੁਸੀਂ ਕਰਾਬੀਨਾਂ,
ਪਲਕ ਵਿਚ ਹੀ ਮਾਰ ਗਵਾਵਣਾ ਜੇ।
ਸ਼ੇਰ ਸਿੰਘ ਨੂੰ ਰਾਜੇ ਨੇ ਖਬਰ ਦਿੱਤੀ,
ਅੰਦਰ ਅੱਜ ਹਜ਼ੂਰ ਨਾ ਆਵਣਾ ਜੇ।
ਸ਼ਾਹ ਮੁਹੰਮਦਾ ਅਜੇ ਨਾ ਜ਼ੋਰ ਤੇਰਾ,
ਤੈਨੂੰ ਅਸਾਂ ਹੀ ਅੰਤ ਸਦਾਵਣਾ ਜੇ।

*14*

ਚੰਦ ਕੌਰ ਦੀ ਮੰਦੀ ਜੋ ਨਜ਼ਰ ਦੇਖੀ,
ਦਗੇਬਾਜ਼ੀਆਂ ਹੋਰ ਬਥੇਰੀਆਂ ਨੀ।
ਓਨ ਤੁਰਤ ਲਾਹੌਰ ਥੀਂ ਕੂਚ ਕੀਤਾ,
ਬੈਠਾ ਜਾਇ ਕੇ ਵਿਚ ਮੁਕੇਰੀਆਂ ਨੀ।
ਪਿੱਛੇ ਰਾਜ ਬੈਠੀ ਰਾਣੀ ਚੰਦ ਕੌਰਾਂ,
ਦੇਂਦੇ ਆਇ ਮੁਸਾਹਿਬ ਦਲੇਰੀਆਂ ਨੀ।
ਸ਼ਾਹ ਮੁਹੰਮਦਾ ਕੌਰ ਨਾ ਜੰਮਣਾ ਏ,
ਕਿਲ੍ਹੇ ਕੋਟ ਤੇ ਰਈਅਤਾਂ ਤੇਰੀਆਂ ਨੀ।

*15*

ਰਾਜੇ ਲਸ਼ਕਰਾਂ ਵਿਚ ਸਲਾਹ ਕੀਤੀ,
ਸ਼ੇਰ ਸਿੰਘ ਨੂੰ ਕਿਵੇਂ ਸਦਾਈਏ ਜੀ।
ਉਹ ਹੈ ਪੁਤ੍ਰ ਸਰਕਾਰ ਦਾ ਫਤੇ-ਜੰਗੀ,
ਗੱਦੀ ਓਸ ਨੂੰ ਚਾਇ ਬਹਾਈਏ ਜੀ।
ਸਿੰਘਾਂ ਆਖਿਆ,'ਰਾਜਾ ਜੀ ! ਹੁਕਮ ਤੇਰਾ,
ਜਿਸ ਨੂੰ ਕਹੇਂ ਸੋ ਫਤਹਿ ਬੁਲਾਈਏ ਜੀ।
ਸ਼ਾਹ ਮੁਹੰਮਦਾ ਗੱਲ ਜੋ ਮੂੰਹੋਂ ਕੱਢੇਂ,
ਇਸੇ ਵਖਤ ਹੀ ਤੁਰਤ ਮੰਗਾਈਏ ਜੀ'।

*16*

ਬਾਈਆਂ ਦਿਨਾਂ ਦੀ ਰਾਜੇ ਨੇ ਲਈ ਰੁਖਸਤ,
ਤਰਫ ਜੰਮੂ ਦੀ ਹੋਏ ਨੀ ਕੂਚ ਡੇਰੇ,
ਸ਼ੇਰ ਸਿੰਘ ਤਾਈਂ ਲਿਖ ਘੱਲੀ ਚਿੱਠੀ,
ਮੈਂ ਤਾਂ ਰਫੂ ਕਰ ਛੱਡੇ ਨੀ ਕੰਮ ਤੇਰੇ।
ਧੌਂਸਾ ਮਾਰ ਕੇ ਪਹੁੰਚ ਲਾਹੌਰ ਜਲਦੀ,
ਅਗੋਂ ਆਇ ਮਿਲਸਨ ਤੈਨੂੰ ਸਭ ਡੇਰੇ।
ਸ਼ਾਹ ਮੁਹੰਮਦਾ ਮਿਲਣਗੇ ਸਭ ਅਫਸਰ,
ਜਿਸ ਵੇਲੜੇ ਸ਼ਹਿਰ ਦੇ ਜਾਇੰ ਨੇੜੇ।

*17*

ਸ਼ੇਰ ਸਿੰਘ ਨੇ ਰਾਜੇ ਦਾ ਖਤ ਪੜ੍ਹ ਕੇ,
ਫੌਜਾਂ ਤੁਰਤ ਲਾਹੌਰ ਨੂੰ ਘੱਲੀਆਂ ਨੀ।
ਘੋੜੇ ਹਿਣਕਦੇ ਤੇ ਮਾਰੂ ਵੱਜਦੇ ਨੀ,
ਧੂੜਾਂ ਉਡ ਕੇ ਘਟਾ ਹੋ ਚੱਲੀਆਂ ਨੀ।
ਆਵੇ ਬੁੱਧੂ ਦੇ ਪਾਸ ਨੀ ਲਾਏ ਡੇਰੇ,
ਫੌਜਾਂ ਲੱਖੀਆਂ ਆਣ ਇਕੱਲੀਆਂ ਨੀ।
ਸ਼ਾਹ ਮੁਹੰਮਦਾ ਆਣ ਜਾਂ ਰਥ ਪਹੁੰਚੇ,
ਗੱਲਾਂ ਸ਼ਹਿਰ ਲਾਹੌਰ ਵਿਚ ਚੱਲੀਆਂ ਨੀ।

# ਖਿਆਲਾਂ ਦੀ ਦੁਨੀਆਂ

**ਕਲਵੰਤ ਸਿੰਘ ਸਹੋਤਾ**
ਫੋਨ: 604-589-5919

ਖਿਆਲ ਹਵਾ ਦੇ ਬੁੱਲੇ ਵਾਂਗ ਆਉਂਦੇ ਹਨ ਤੇ ਇਵੇਂ ਹੀ ਜਾਂਦੇ ਹਨ। ਹਵਾ ਤੇਜ਼ ਤੇ ਹੌਲੀ ਵਗਣ ਵਾਂਗ ਇਹ ਵੀ ਮਨ ਦੇ ਅੰਦਰ ਹੁਲਾਰੇ ਖਾਂਦੇ ਰਹਿੰਦੇ ਹਨ। ਮਨ ਕਈ ਤਰ੍ਹਾਂ ਦੇ ਖਿਆਲ ਉਪਜਦਾ ਹੈ, ਤੇ ਇਹ ਹਟਦਾ ਹੀ ਨਹੀਂ। ਅੱਜ ਦੇ ਪਦਾਰਥਵਾਦੀ ਯੁੱਗ 'ਚ ਪਿਆਰ ਖੰਭ ਲਾ ਕੇ ਉਡਦਾ ਜਾ ਰਿਹਾ। ਮਿੱਟੀ 'ਚ ਦੱਬੀਆਂ ਧਾਤਾਂ, ਜੋ ਲੱਖਾਂ ਸਾਲਾਂ ਕੀ, ਧਰਤੀ ਦੀ ਪੈਦਾਇਸ਼ ਤੋਂ ਹੀ ਦੱਬੀਆਂ ਰਹੀਆਂ, ਅੱਜ ਬੰਦੇ ਨੇ ਉਨ੍ਹਾਂ ਨੂੰ ਬਾਹਰ ਕੱਢ ਕੇ, ਉਨ੍ਹਾਂ ਦਾ ਕੀ ਤੋਂ ਕੀ ਬਣਾ ਛੱਡਿਆ ਹੈ। ਬੰਦੇ ਦੇ ਬਣਾਏ ਪਦਾਰਥਾਂ ਨੇ ਬੰਦੇ ਨੂੰ ਇੰਨਾ ਰੁਝਾ ਦਿੱਤਾ ਹੈ ਕਿ ਬੰਦੇ ਦੇ ਖਿਆਲ ਵੀ ਪਦਾਰਥਾਂ ਦੁਆਲੇ ਹੀ ਘੁੰਮਣ ਲਾ ਦਿੱਤੇ ਹਨ।

ਧਰਤੀ 'ਚੋਂ ਅਨੇਕਾਂ ਖਣਿਜ ਪਦਾਰਥ ਕੱਢ ਕੇ ਨਵੀਆਂ ਵਸਤਾਂ ਤਾਂ ਜਰੂਰ ਬਣਾ ਲਈਆਂ ਪਰ ਪਿਆਰ ਤੇ ਅਪਣੱਤ ਵਾਲਾ ਸੀਮਿੰਟ, ਜੋ ਸਾਡੇ ਰਿਸ਼ਤਿਆਂ ਨੂੰ ਜੋੜੀ ਰੱਖਦਾ ਸੀ, ਉਸ 'ਤੇ ਪਦਾਰਥਾਂ ਦਾ ਜੈਕ ਹੈਮਰ ਚਲਾ ਕੇ ਉਸ ਨੂੰ ਟੁਕੜੇ ਟੁਕੜੇ ਕਰ ਦਿੱਤਾ ਹੈ। ਪਦਾਰਥਾਂ ਵਿਚ ਖੁੱਭਣ ਨਾਲ ਬੰਦਾ ਵੀ ਇਕ ਪਦਾਰਥੀ ਵਸਤੂ ਬਣ ਕੇ ਰਹਿ ਗਿਆ ਹੈ। ਸਾਡੇ ਖਿਆਲ ਉਲਟ ਦਿਸ਼ਾ ਵਲ ਚੱਲ ਕੇ ਦਿਸ਼ਾਹੀਣ ਹੋ ਗਏ ਲਗਦੇ ਹਨ। ਪਿਆਰ, ਅਪਣੱਤ ਦੇ ਖਿਆਲ ਘਟ ਗਏ ਤੇ ਪਦਾਰਥਾਂ ਨੂੰ ਪ੍ਰਾਪਤ ਕਰਨ ਦੀ ਦੌੜ ਵਧ ਗਈ ਹੈ, ਜੋ ਵੱਧਦੀ ਹੀ ਜਾ ਰਹੀ ਹੈ, ਜਿਸ ਦਾ ਕੋਈ ਅੰਤ ਨਹੀਂ ਦਿਸਦਾ। ਇਸ 'ਚ ਖੁੱਭ ਕੇ ਅਸੀਂ ਆਪਣੇ ਆਪ ਨੂੰ ਵੀ ਖੋ ਲਿਆ ਹੈ।

ਪਦਾਰਥਾਂ ਦੇ ਢੇਰ 'ਤੇ ਬੈਠ ਪੂਰਨ ਖੁਸ਼ੀ ਪ੍ਰਾਪਤ ਨਹੀਂ ਹੋਣੀ ਤੇ ਇਹ ਹੋ ਵੀ ਨਹੀਂ ਰਹੀ। ਜਦ ਖੁਸ਼ੀ ਨਹੀਂ ਪ੍ਰਾਪਤ ਹੋਣੀ ਤਾਂ ਮਨ ਅੰਦਰ ਬੇਚੈਨੀ ਦੀ ਕੁਰਬਲ ਕੁਰਬਲ ਵਧਣੀ ਹੈ; ਮਨ ਦਾ ਤਣਾਓ ਵਧਣਾ ਹੈ, ਜ਼ਿੰਦਗੀ ਅੱਗੇ ਹੀ ਤੇਜ਼ ਰਫਤਾਰ ਲੀਹ 'ਤੇ ਹੈ, ਇਸ ਦੀ ਰਫਤਾਰ ਹੋਰ ਤੇਜ਼ ਹੋਣੀ ਹੈ; ਮਨ 'ਚ ਕੁੜਿੱਤਣ ਹੋਣ ਲੱਗਣੀ ਹੈ, ਗੁੱਸਾ ਆਉਣਾ ਹੈ, ਖਿਝ ਦਾ ਬੋਲ ਬਾਲਾ ਹੋ ਜਾਣਾ ਹੈ ਤੇ ਤਣਾਓ ਵਧਣਾ ਹੈ।

ਪਦਾਰਥਵਾਦੀ ਯੁੱਗ ਦੀ ਕਾਢ ਨੇ ਨਵੀਂਆਂ ਤੋਂ ਨਵੀਂਆਂ ਦਵਾਈਆਂ ਕੱਢ ਮਾਰੀਆਂ, ਜਿਨ੍ਹਾਂ ਦਾ ਸਹਾਰਾ ਲੈ ਅਸਾਂ ਮੁੜ ਅਮੁੱਕ ਦੌੜ 'ਚ ਸ਼ਾਮਲ ਹੋ ਜਾਣਾ ਹੈ। ਇਹ ਇੱਕ ਐਸਾ ਘਣਚੱਕਰ ਹੈ, ਜਿਸ 'ਚੋਂ ਬੰਦਾ ਨਿਕਲ ਹੀ ਨਹੀਂ ਸਕਦਾ; ਦੇਖੋ ਫਿਰ ਬੰਦੇ ਦਾ ਕੀ ਬਣਦਾ ਹੈ? ਦਵਾਈਆਂ ਇੱਕ ਕਿਸਮ ਦਾ ਨਸ਼ਾ ਹੈ, ਇਸ ਨਸ਼ੇ ਦੇ ਸਹਾਰੇ ਅਸੀਂ ਦਿਨ ਕਟੀ ਕਰਨ ਲਗਦੇ ਹਾਂ; ਇਕ ਕਾਨੂੰਨੀ ਦਵਾਈਆਂ (ਮੈਡੀਸਨ) ਹਨ ਤੇ ਇਕ ਗੈਰ-ਕਾਨੂੰਨੀ (ਡਰੱਗਜ਼)। ਦੋਹਾਂ ਦੇ ਹੀ ਆਸਰੇ ਅਸੀਂ ਜ਼ਿੰਦਗੀ ਦੇ ਗੁਆਚੇ ਤੱਤ ਲੱਭਣ ਦਾ ਯਤਨ ਕਰਦੇ ਹਾਂ। ਜਿੰਨਾ ਇਨ੍ਹਾਂ ਦਾ ਆਸਰਾ ਲੈ ਯਤਨ ਤੇਜ ਕਰਦੇ ਹਾਂ, ਉਨਾਂ ਹੀ ਇਨ੍ਹਾਂ 'ਚ ਹੋਰ ਖੁੱਭ ਜਾਂਦੇ ਹਾਂ। ਮਨ ਦੀ ਨਿਰਾਸ਼ਾ ਹੋਰ ਵਧਦੀ ਹੈ।

ਦਰਅਸਲ ਬੰਦੇ ਦੇ ਸੰਤੋਖ ਦਾ ਕੜ ਟੁੱਟ ਗਿਆ ਹੈ, ਜਦ ਸੰਤੋਖ ਹੀ ਨਾ ਹੋਵੇ ਤਾਂ ਮਨ ਸ਼ਾਂਤ ਕਿਥੋਂ? ਕੀ ਜ਼ਿੰਦਗੀ 'ਚ ਖੁਸ਼ੀ ਪ੍ਰਾਪਤ ਕਰਨ ਲਈ ਸਭ ਤਰ੍ਹਾਂ ਦੀਆਂ ਈਜ਼ਾਦ ਕੀਤੀਆਂ ਚੀਜ਼ਾਂ ਦੀ ਲੋੜ ਹੈ? ਹਰਗਿਜ਼ ਨਹੀਂ। ਇਹ ਸਾਡੇ ਮਨ ਦੀ ਮ੍ਰਿਗ ਤ੍ਰਿਸ਼ਨਾ ਹੈ। ਜਿਵੇਂ ਕੜਕਦੀ ਗਰਮੀ 'ਚ ਹੀਰਾ ਹਰਨ ਪਾਣੀ ਦਾ ਝਲਕਾਰਾ ਭਾਂਪਦਾ ਭਾਂਪਦਾ ਅੱਗੇ ਤੋਂ ਅੱਗੇ ਤੁਰਿਆ ਜਾਂਦਾ ਹੈ, ਪਰ ਜਿਉਂ ਜਿਉਂ ਹੋਰ ਅੱਗੇ ਤੁਰਦਾ ਹੈ, ਪਾਣੀ ਦਾ ਝਉਲਾ ਹੋਰ ਅੱਗੇ ਤੁਰੀ ਜਾਂਦਾ ਹੈ। ਆਖਰ ਉਹ ਭੁੱਖਾ ਤਿਹਾਇਆ ਪਾਣੀ ਦੀ ਭਾਲ 'ਚ ਮ੍ਰਿਗ ਤ੍ਰਿਸ਼ਨਾ ਦਾ ਸ਼ਿਕਾਰ ਪ੍ਰਾਣ ਤਿਆਗ ਦਿੰਦਾ ਹੈ। ਇਹੀ ਹਾਲ ਬੰਦੇ ਦਾ ਹੈ। ਬੰਦਾ ਆਪਣੇ ਆਪ ਨੂੰ ਸਭ ਜਾਤਾਂ ਨਾਲੋਂ ਉੱਚ ਤੇ ਵਿਕਸਿਤ ਸਮਝਦਾ ਹੈ; ਇਹ ਇਸ ਦੀ ਭੁੱਲ ਹੈ।

***ਬੱਚੇ ਨੂੰ ਇਕ ਖੇਡ ਦੇ ਦੇਈਏ, ਉਹ ਉਸ ਨਾਲ ਪਰਚਿਆ ਰਹੇਗਾ। ਦੋ ਦੇ ਦਿਓ, ਉਹ ਦੋ ਨਾਲ ਖੇਡੀ ਜਾਏਗਾ। ਫਿਰ ਉਸ ਨੂੰ ਦਸ ਦੇ ਦਿਓ, ਉਹ ਉਨ੍ਹਾਂ ਨਾਲ ਹੀ ਉਲਝਿਆ ਰਹੇਗਾ। ਦਸਾਂ 'ਚ ਉਹ ਵੱਧ ਡੌਰ ਭੌਰ ਹੋਏਗਾ, ਉਸ ਨੂੰ ਸਮਝ ਨਹੀਂ ਪੈਣੀ ਕਿ ਕਿਹੜੀ ਖੇਡ ਨਾਲ ਖੇਡੇ ਤੇ ਕਿਹੜੀ ਛੱਡੇ; ਇਹੀ ਹਾਲ ਬੰਦੇ ਦਾ ਹੈ। ਬੰਦਾ ਵੀ ਜਿਉਂ ਜਿਉਂ ਵੱਧ ਮਨੋਰੰਜਨ ਦੀਆਂ ਜਾਂ ਰੋਜ਼ਾਨਾ ਵਰਤੋਂ ਦੀਆਂ ਵੱਧ ਵਸਤਾਂ ਇਕੱਤਰ ਕਰੇਗਾ ਤੇ ਇੰਜ ਵੱਧ ਅਸੰਤੁਸ਼ਟ ਹੁੰਦਾ ਜਾਏਗਾ। ਮਨ ਦਾ ਚੈਨ ਖੋ ਜਾਏਗਾ, ਬੇਚੈਨੀ ਦਾ ਸ਼ਿਕਾਰ ਹੋ ਉਲਝ ਜਾਏਗਾ। ਖੁਸ਼ੀ ਢੂੰਡੇਗਾ, ਮਨ ਪਰਚਾਉਣ ਦੇ ਸਾਧਨਾਂ ਮਗਰ ਪਏਗਾ; ਮਨ ਦੀ ਸਥਿਰਤਾ ਨਹੀਂ ਬਣੇਗੀ, ਕਿਉਂਕਿ ਮਨ ਨੂੰ ਫੈਸਲਾ ਕਰਨਾ ਹੀ ਔਖਾ ਹੋ ਜਾਣਾ ਹੈ ਕਿ ਇਨ੍ਹਾਂ ਬੇਅੰਤ ਪਦਾਰਥਵਾਦੀ ਚੀਜਾਂ 'ਚੋਂ ਕਿਹੜੀ ਉਸ ਦੀ ਖੁਸ਼ੀ ਦਾ ਪਾਤਰ ਬਣਦੀ ਹੈ?***

ਬੱਚੇ ਨੂੰ ਇਕ ਖੇਡ ਦੇ ਦੇਈਏ, ਉਹ ਉਸ ਨਾਲ ਪਰਚਿਆ ਰਹੇਗਾ। ਦੋ ਦੇ ਦਿਓ, ਉਹ ਦੋ ਨਾਲ ਖੇਡੀ ਜਾਏਗਾ। ਫਿਰ ਉਸ ਨੂੰ ਦਸ ਦੇ ਦਿਓ, ਉਹ ਉਨ੍ਹਾਂ ਨਾਲ ਹੀ ਉਲਝਿਆ ਰਹੇਗਾ। ਦਸਾਂ 'ਚ ਉਹ ਵੱਧ ਡੌਰ ਭੌਰ ਹੋਏਗਾ, ਉਸ ਨੂੰ ਸਮਝ ਨਹੀਂ ਪੈਣੀ ਕਿ ਕਿਹੜੀ ਖੇਡ ਨਾਲ ਖੇਡੇ ਤੇ ਕਿਹੜੀ ਛੱਡੇ; ਇਹੀ ਹਾਲ ਬੰਦੇ ਦਾ ਹੈ। ਬੰਦਾ ਵੀ ਜਿਉਂ ਜਿਉਂ ਵੱਧ ਮਨੋਰੰਜਨ ਦੀਆਂ ਜਾਂ ਰੋਜ਼ਾਨਾ ਵਰਤੋਂ ਦੀਆਂ ਵੱਧ ਵਸਤਾਂ ਇਕੱਤਰ ਕਰੇਗਾ ਤੇ ਇੰਜ ਵੱਧ ਅਸੰਤੁਸ਼ਟ ਹੁੰਦਾ ਜਾਏਗਾ। ਮਨ ਦਾ ਚੈਨ ਖੋ ਜਾਏਗਾ, ਬੇਚੈਨੀ ਦਾ ਸ਼ਿਕਾਰ ਹੋ ਉਲਝ ਜਾਏਗਾ। ਖੁਸ਼ੀ ਢੂੰਡੇਗਾ, ਮਨ ਪਰਚਾਉਣ ਦੇ ਸਾਧਨਾਂ ਮਗਰ ਪਏਗਾ; ਮਨ ਦੀ ਸਥਿਰਤਾ ਨਹੀਂ ਬਣੇਗੀ, ਕਿਉਂਕਿ ਮਨ ਨੂੰ ਫੈਸਲਾ ਕਰਨਾ ਹੀ ਔਖਾ ਹੋ ਜਾਣਾ ਹੈ ਕਿ ਇਨ੍ਹਾਂ ਬੇਅੰਤ ਪਦਾਰਥਵਾਦੀ ਚੀਜਾਂ 'ਚੋਂ ਕਿਹੜੀ ਉਸ ਦੀ ਖੁਸ਼ੀ ਦਾ ਪਾਤਰ ਬਣਦੀ ਹੈ?

ਜੇ ਦੇਖੀਏ ਤਾਂ ਬੰਦੇ ਦੀ ਸਾਰੀ ਜ਼ਿੰਦਗੀ ਹੀ ਇਕ ਮ੍ਰਿਗ ਤ੍ਰਿਸ਼ਨਾ ਹੈ। ਤ੍ਰਿਸ਼ਨਾ ਦੀ ਪਿਆਸ ਹੀ ਉਸ ਨੂੰ ਕਬਰ 'ਚ ਪਹੁੰਚਾ ਦਿੰਦੀ ਹੈ। ਸਾਰੀ ਉਮਰ ਆਪਣੀਆਂ ਖਾਹਿਸ਼ਾਂ ਦੀ ਪੂਰਤੀ ਲਈ ਹੀ ਨੱਠਿਆ ਭੱਜਿਆ ਫਿਰਦਾ ਰਹਿੰਦਾ ਹੈ। ਤ੍ਰਿਸ਼ਨਾ ਦਾ ਮਾਰਿਆ ਭਵੱਕੜ ਲੋ ਦੁਆਲੇ ਭਉਂਦਾ ਭਉਂਦਾ ਹੀ ਪ੍ਰਾਣ ਤਿਆਗ ਦਿੰਦਾ ਹੈ। ਬੰਦਾ ਵੀ ਦੁਨਿਆਵੀ ਪਦਾਰਥਾਂ 'ਚੋਂ ਮੁਕਤੀ ਲੱਭਦਾ, ਲੋਅ ਲੱਭਦਾ, ਖੁਸ਼ੀ ਲੱਭਦਾ ਤੇ ਪਦਾਰਥਾਂ ਦੇ ਢੇਰ 'ਚ ਗੁਆਚਾ ਆਪਾ ਗੁਆ ਲੈਂਦਾ ਹੈ।

ਜਿੰਨਾ ਆਲਾ-ਦੁਆਲਾ ਵੱਧ ਦੇਖਾਂਗੇ, ਉਨਾਂ ਹੀ ਮਨ ਵੱਧ ਭਟਕਣ 'ਚ ਜਾਏਗਾ। ਭਟਕਣ ਮਨ ਨੂੰ ਉਪਰਾਮਤਾ ਦੇ ਮਾਰਗ ਪਾਏਗੀ। ਇਹ ਸਭ ਗੱਲਾਂ ਮਨ ਦੇ ਤਣਾਓ ਨੂੰ ਵਧਾਉਂਦੀਆਂ ਹਨ। ਤਣਾਓ ਦਾ ਰੋਗ ਦਿਸਦਾ ਨਹੀਂ ਤੇ ਇਸ ਦਾ ਪਤਾ ਵੀ ਨਹੀਂ ਲਗਦਾ ਕਿ ਸਾਨੂੰ ਤਣਾਓ ਹੈ, ਪਰ ਲਗਾਤਾਰ ਇਸ ਦਾ ਰਹਿਣਾ ਸਰੀਰ 'ਤੇ ਮਾਰੂ ਪ੍ਰਭਾਵ ਪਾਉਂਦਾ ਹੈ। ਦਿਲ ਅਤੇ ਸਟਰੋਕ ਵਰਗੇ ਰੋਗਾਂ ਦੇ ਹੋਣ ਵਾਲੇ ਕਾਰਨਾਂ 'ਚੋਂ ਇਹ ਪ੍ਰਮੁੱਖ ਹੈ। ਕਿਉਂਕਿ ਇਹ ਦਿਸਦਾ ਨਹੀਂ, ਇਸ ਕਰਕੇ ਪਤਾ ਹੀ ਨਹੀਂ ਲਗਦਾ ਕਿ ਇਸ ਦੇ ਅਸੀਂ ਸ਼ਿਕਾਰ ਹਾਂ। ਜਿਵੇਂ ਉਪਰ ਜ਼ਿਕਰ ਕਰ ਆਏ ਹਾਂ, ਅੱਜ ਦੇ ਜ਼ਮਾਨੇ ਦੀ ਤੇਜ਼ ਤਰਾਰ ਜ਼ਿੰਦਗੀ 'ਚ ਕੋਈ ਵੀ ਤਣਾਓ ਤੋਂ ਬਚ ਨਹੀਂ ਸਕਿਆ। ਬਚਣਾ ਚਾਹਵੇ ਵੀ ਤਾਂ ਬਚ ਨਹੀਂ ਸਕਦਾ, ਕਿਉਂਕਿ ਅਸੀਂ ਆਲੇ-ਦੁਆਲੇ ਦੇ ਵਾਤਾਵਰਣ ਦਾ ਸ਼ਿਕਾਰ ਹਾਂ। ਨਵਾਂ ਸਮਾਨ ਜਿੰਨਾ ਬਣੀ ਜਾ ਰਿਹਾ, ਇਸ ਦੀ ਪਕੜ ਸਾਨੂੰ ਹੋਰ ਇਸ ਵਲ ਧੂਹੀ ਜਾ ਰਹੀ ਹੈ।

ਖਿਆਲਾਂ ਦੇ ਵਾਵਰੋਲੇ ਅਰੁੱਕ ਤੇ ਅਮੁੱਕ ਹਨ; ਪਤਾ ਨਹੀਂ ਪਲ 'ਚ ਹੀ ਕਿੰਨੇ ਕੁ ਤੁਹਾਡੀਆਂ ਅੱਖਾਂ ਮੂਹਰੇ ਘੁੰਮ ਜਾਂਦੇ ਹਨ। ਚੌਵੀ ਘੰਟਿਆਂ 'ਚ ਤਾਂ ਪਤਾ ਨਹੀਂ ਕਿੰਨੇ ਕੁ! ਕੀ ਉਹ ਖਿਆਲ ਬੰਦੇ ਦੀ ਸੀਮਤ ਜ਼ਿੰਦਗੀ 'ਚ ਸਮਾਜ ਨੂੰ ਚੰਗਾ ਬਣਾਉਣ ਲਈ ਵੀ ਯੋਗਦਾਨ ਪਾਉਣ ਯੋਗ ਹੁੰਦੇ ਹਨ? ਇਹ ਬੜਾ ਗੰਭੀਰ ਸਵਾਲ ਹੈ। ਖਿਆਲ ਤਾਂ ਮਾੜਾ ਸੋਚਣ ਦਾ ਵੀ ਹੋ ਸਕਦਾ ਹੈ, ਚੰਗੇ ਭਲੇ ਵਸਦੇ ਰਸਦੇ ਲੋਕਾਂ 'ਚ ਤਰਥੱਲ ਮਚਾਉਣ ਦਾ ਵੀ ਹੋ ਸਕਦਾ ਹੈ।

ਕਿਸੇ ਤਾਕਤਵਰ ਨੂੰ ਉਸਕਲ ਉਠਿਆ ਕਿ ਫਲਾਣੇ ਨੂੰ ਤੰਗ ਕਰਨਾ ਹੈ, ਤੇ ਕਹਿਰ ਮਚਾਉਣਾ ਸ਼ੁਰੂ ਕਰ ਦਿੱਤਾ; ਇਹ ਤਾਂ ਖਿਆਲ ਠੀਕ ਨਹੀਂ ਨਾ ਹੋਇਆ। ਤਾਕਤਵਰ ਤੇ ਵਿਕਸਿਤ ਮੁਲਕ 'ਤੇ ਰਾਜ ਭਾਗ ਕਰਨ ਵਾਲਿਆਂ ਨੂੰ ਉਸਕਲ ਉਠਿਆ ਕਿ ਆਪਣੇ ਹਿਤਾਂ ਦੇ ਫੁਰਨਿਆਂ ਨੂੰ ਪੱਠੇ ਪਾਉਣ ਲਈ, ਘੱਟ ਤਾਕਤਵਰ ਦਾ ਕਿਵੇਂ ਸ਼ੋਸ਼ਣ ਕਰਨਾ ਹੈ ਤੇ ਆਪਣੀ ਮਨਸ਼ਾ ਦੀ ਕਿਵੇਂ ਪੂਰਤੀ ਕਰਨੀ ਹੈ? ਇਹ ਵੀ ਤਾਂ ਚੰਗਾ ਖਿਆਲ ਨਹੀਂ ਨਾ ਹੋਇਆ। ਇਹ ਤਾਂ ਧੱਕੇ ਨਾਲ ਉਜਾੜਾ ਪਾਉਣ ਦਾ ਸੋਚ ਲਿਆ। ਦੁਨੀਆਂ ਦੇ ਬਹੁਤੇ ਹਿੱਸਿਆਂ 'ਚ ਅੱਜ ਕੱਲ ਇਨ੍ਹਾਂ ਖਿਆਲਾਂ ਦੇ ਅਧੀਨ ਹੀ ਖੌਰੂ ਪਿਆ ਹੋਇਆ ਹੈ ਅਤੇ ਹਜ਼ਾਰਾਂ-ਲੱਖਾਂ ਲੋਕ ਕਤਲ ਹੋ ਰਹੇ ਹਨ, ਸ਼ਰਨਾਰਥੀ ਬਣ ਤੇ ਉਜੜ ਰਹੇ ਹਨ।

ਆਹ ਵੀ ਤਾਂ ਖਿਆਲ ਹੀ ਹਨ, ਜੋ ਮੈਂ ਝਟਾ ਝੱਟ ਝਰੀਟੀ ਜਾ ਰਿਹਾਂ ਤੇ ਆਪਣੇ ਮਨ ਨੂੰ ਹੌਲਾ ਕਰ ਰਿਹਾਂ। ਅੱਜ ਦੇ ਟੈਕਨਾਲੋਜੀ ਯੁੱਗ ਵਿਚ ਘਰ ਦੇ ਕਿਸੇ ਵੀ ਖੂੰਜੇ 'ਚ ਬੈਠੇ ਟਵਿੱਟਰ ਜਾਂ ਫੇਸਬੁੱਕ 'ਤੇ ਜਿਹੜੀ ਵੀ ਮਰਜੀ ਸ਼ੁਰਲੀ ਛੱਡ ਦਿਓ, ਸਭ ਪ੍ਰਵਾਨ ਹੈ। ਮਿੰਟਾਂ-ਸਕਿੰਟਾਂ 'ਚ ਹੀ ਖਿਆਲਾਂ ਦੇ ਭੇੜ ਸ਼ੁਰੂ ਹੋ ਕੇ ਖੌਰੂ ਪੈਣ ਲੱਗ ਜਾਊ। ਇਹ ਹੈ ਖਿਆਲਾਂ ਦੀ ਬਰਕਤ। ਇੱਕ ਖਿਆਲ ਹੈ, ਜੋ ਤੁਸੀਂ ਕਿਸੇ ਖਾਸ ਵਿਸ਼ੇ ਬਾਰੇ ਪ੍ਰਗਟ ਕਰਦੇ ਹੋ, ਕਿਸੇ ਨੂੰ ਚੰਗਾ ਲੱਗੂ ਤੇ ਕਿਸੇ ਨੂੰ ਨਹੀਂ ਵੀ। ਖਿਆਲ ਪ੍ਰਗਟ ਕਰਨ ਦੇ ਸਾਧਨ ਅੱਜ ਇੰਨੇ ਵਿਕਸਿਤ ਹੋ ਚੁਕੇ ਹਨ ਕਿ ਹਰ ਇੱਕ ਲਈ ਮਾਧਿਅਮ ਦੀ ਸੁਵਿਧਾ ਹੈ। ਹੁਣ ਤੁਸੀਂ ਆਪਣੇ ਮਨ ਵਿਚ ਆਇਆ ਖਿਆਲ ਸਕਿੰਟਾਂ 'ਚ ਹੀ ਦੂਜਿਆਂ ਨਾਲ ਸਾਂਝਾ ਕਰਨ ਦੀ ਜੁਗਤ ਰੱਖਦੇ ਹੋ।

ਸਾਹ ਲੈਂਦਿਆਂ, ਨੱਕ ਜਾਂ ਮੂੰਹ ਰਾਹੀਂ, ਕਦੇ ਕਿਸੇ ਨੇ ਸਾਹ ਦੇ ਦਰਸ਼ਨ ਕੀਤੇ ਹਨ? ਹਾਂ, ਸਿਰਫ ਸਾਂ ਸਾਂ ਸੁਣੀ ਹੋਏਗੀ ਜਾਂ ਛਾਤੀ ਅਤੇ ਢਿੱਡ ਉਪਰ-ਥੱਲੇ ਫੈਲਦੇ ਤੇ ਸੁੰਗੜਦੇ ਜਰੂਰ ਦੇਖੇ ਹੋਣਗੇ। ਨਾ ਹੀ ਆਕਸੀਜਨ ਅੰਦਰ ਜਾਂਦੀ ਤੇ ਕਾਰਬਨ ਡਾਇਆਕਸਾਈਡ ਬਾਹਰ ਆਉਂਦੀ ਕਿਸੇ ਦੇਖੀ ਹੈ। ਖਿਆਲਾਂ ਦਾ ਵੀ ਇੰਜ ਹੀ ਹੈ। ਖਿਆਲਾਂ ਨੂੰ ਮਨ ਅੰਦਰ ਭੱਜਦੇ-ਦੌੜਦੇ ਤਾਂ ਜਰੂਰ ਅਨੁਭਵ ਕਰ ਲੈਂਦੇ ਹਾਂ ਪਰ ਉਨ੍ਹਾਂ ਨੂੰ ਦੇਖਿਆ ਤਾਂ ਨਹੀਂ। ਖਿਆਲ ਹੈਨ ਤਾਂ ਅਣਦਿੱਖ, ਪਰ ਸਾਡੀ ਜ਼ਿੰਦਗੀ 'ਚ ਚੰਗਾ-ਮਾੜਾ ਤਰਥੱਲ ਮਚਾਉਣ ਲਈ ਬੜੇ ਕਾਰਗਰ ਹਨ। ਖਿਆਲ ਹੀ ਬੰਦੇ ਤੋਂ ਚੰਗਾ-ਮਾੜਾ ਕੰਮ ਕਰਵਾਉਂਦੇ ਹਨ। ਸਾਡੇ ਮਨ 'ਤੇ ਨਿਰੰਤਰ ਭਾਰੂ ਰਹਿੰਦੇ ਹਨ।

ਖਿਆਲਾਂ ਕਰਕੇ ਹੀ ਦੁਨੀਆਂ ਦਾ ਵਿਕਾਸ ਤੇ ਪ੍ਰਗਤੀ ਹੋਈ ਹੈ। ਖਿਆਲ ਨਾ ਉਪਜਦੇ ਤਾਂ ਵਿਗਿਆਨੀਆਂ ਨੇ ਕਾਹਨੂੰ ਕਾਢਾਂ ਕੱਢਣੀਆਂ ਸਨ, ਹੁਣ ਬੰਦਾ ਜਿਸ ਪ੍ਰਗਤੀ ਦੇ ਤੀਰ ਦੀ ਨੋਕ 'ਤੇ ਬੈਠਾ ਸੂਟਾਂ ਵੱਟਦਾ ਜਾ ਰਿਹਾ, ਇਹ ਸੰਭਵ ਨਹੀਂ ਸੀ ਹੋ ਸਕਣਾ। ਦੁਨੀਆਂ 'ਚ ਅੱਜ ਸਿਆਸੀ, ਇਲਾਕਾਈ, ਆਰਥਕ ਤੇ ਅਤਿਵਾਦ ਦਾ ਜੋ ਭੜਥੂ ਪਿਆ ਹੋਇਆ, ਇਹ ਸਭ ਵੱਖੋ ਵੱਖਰੇ ਖਿਆਲਾਂ ਦੀ ਹੀ ਕਿਰਪਾ ਹੈ।

ਸੱਚ ਨੂੰ ਝੂਠ ਬਣਾਉਣ ਤੇ ਝੂਠ ਨੂੰ ਸੱਚ ਸਾਬਤ ਕਰਨ ਦੀਆਂ ਵਿਧੀਆਂ ਵੀ ਤਾਂ ਖਿਆਲਾਂ ਦੀ ਹੀ ਉਪਜ ਹਨ, ਜਿਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਪ੍ਰਚਾਰ ਦੇ ਨਵੇਂ ਤੌਰ ਤਰੀਕੇ ਇਸ 'ਚ ਬਹੁਤ ਸਹਾਈ ਹੁੰਦੇ ਹਨ। ਇਨ੍ਹਾਂ ਸਾਧਨਾਂ ਰਾਹੀਂ ਮਾੜੀ ਜਿਹੀ ਸ਼ੁਰਲੀ ਛੱਡ ਦਿਉ ਇੰਟਰਨੈਟ 'ਤੇ, ਫਿਰ ਦੇਖੋ ਕਿਵੇਂ ਤੋਏ ਤੋਏ ਹੋਣ ਲੱਗਦੀ ਹੈ। ਇਹ ਚੁਸਤ ਤੇ ਸ਼ਰਾਰਤੀ ਦਿਮਾਗਾਂ ਦੀ ਕਾਢ ਦੇ ਖਿਆਲਾਂ ਕਰਕੇ ਹੀ ਵਾਪਰਦਾ ਹੈ। ਉਲਟ-ਪੁਲਟ ਖਿਆਲ ਲੋਕਾਂ ਨੂੰ ਆਹਰੇ ਲਾਈ ਰੱਖਦੇ ਹਨ, ਰੁਝੇਵੇਂ 'ਚ ਰੱਖਦੇ ਹਨ, ਟਿਕ ਕੇ ਬਹਿਣ ਨਹੀਂ ਦਿੰਦੇ, ਬੰਦੇ ਨੂੰ ਭਜਾਈ ਹੀ ਫਿਰਦੇ ਹਨ; ਮਨ 'ਚ ਬੇਚੈਨੀ ਵਧਾਉਂਦੇ ਹਨ, ਤਣਾਓ 'ਚ ਵਾਧਾ ਕਰਦੇ ਹਨ-ਇਹ ਸਭ ਖਿਆਲ ਹੀ ਤਾਂ ਹਨ!

***ਖਿਆਲਾਂ ਕਰਕੇ ਹੀ ਦੁਨੀਆਂ ਦਾ ਵਿਕਾਸ ਤੇ ਪ੍ਰਗਤੀ ਹੋਈ ਹੈ। ਖਿਆਲ ਨਾ ਉਪਜਦੇ ਤਾਂ ਵਿਗਿਆਨੀਆਂ ਨੇ ਕਾਹਨੂੰ ਕਾਢਾਂ ਕੱਢਣੀਆਂ ਸਨ, ਹੁਣ ਬੰਦਾ ਜਿਸ ਪ੍ਰਗਤੀ ਦੇ ਤੀਰ ਦੀ ਨੋਕ 'ਤੇ ਬੈਠਾ ਸੂਟਾਂ ਵੱਟਦਾ ਜਾ ਰਿਹਾ, ਇਹ ਸੰਭਵ ਨਹੀਂ ਸੀ ਹੋ ਸਕਣਾ। ਦੁਨੀਆਂ 'ਚ ਅੱਜ ਸਿਆਸੀ, ਇਲਾਕਾਈ, ਆਰਥਕ ਤੇ ਅਤਿਵਾਦ ਦਾ ਜੋ ਭੜਥੂ ਪਿਆ ਹੋਇਆ, ਇਹ ਸਭ ਵੱਖੋ ਵੱਖਰੇ ਖਿਆਲਾਂ ਦੀ ਹੀ ਕਿਰਪਾ ਹੈ।***

---

# ਚਮਤਕਾਰ

**ਜੇ. ਬੀ. ਸਿੰਘ ਕੈਂਟ, ਵਾਸ਼ਿੰਗਟਨ**
ਫੋਨ: 253-508-9805

ਅਜੇ ਸਵੇਰ ਪੂਰੀ ਤਰ੍ਹਾਂ ਚੜ੍ਹੀ ਨਹੀਂ ਸੀ। ਮੈਂ ਅਜੇ ਸੁੱਤਾ ਹੀ ਸਾਂ ਕਿ ਘਰ ਦਾ ਦਰਵਾਜਾ ਖੜਕਿਆ। ਕਿਸੇ ਦੇ ਆਉਣ ਦੀ ਉਮੀਦ ਭੀ ਨਹੀਂ ਸੀ। ਖੈਰ! ਉਠ ਕੇ ਦਰਵਾਜਾ ਖੋਲ੍ਹਿਆ। ਇਕ ਦਮ ਕੋਈ ਤਿੰਨ ਕੈਮਰਿਆਂ ਦੀ ਫਲੈਸ਼ ਮੇਰੇ ਮੂੰਹ 'ਤੇ ਪਈ। ਮੈਂ ਘਬਰਾਇਆ, ਪਰ ਇਕ ਕੈਮਰਾਮੈਨ ਨੇ ਹੌਸਲਾ ਦਿੱਤਾ, "ਘਬਰਾਓ ਨਾ, ਇਹ ਖੁਸ਼ੀ ਦੀ ਖਬਰ ਹੈ। ਤੁਹਾਡੀ ਦਸ ਕਰੋੜ ਰੁਪਏ ਦੀ ਲਾਟਰੀ ਨਿਕਲੀ ਹੈ। ਅਸੀਂ ਪ੍ਰੈਸ ਰਿਪੋਰਟਰ ਤੁਹਾਡੀ ਇੰਟਰਵਿਊ ਲੈਣ ਆਏ ਹਾਂ।"

"ਮੈਨੂੰ ਤਾਂ ਯਾਦ ਵੀ ਨਹੀਂ, ਕਿਤੇ ਮੈਂ ਲਾਟਰੀ ਪਾਈ ਹੋਵੇ। ਤੁਹਾਨੂੰ ਭੁਲੇਖਾ ਲੱਗਾ ਹੈ।" ਮੈਂ ਕਿਹਾ ਤੇ ਦਰਵਾਜਾ ਬੰਦ ਕਰਨ ਦੀ ਕੋਸ਼ਿਸ਼ ਕੀਤੀ।

ਪਰ ਉਨ੍ਹਾਂ ਦਰਵਾਜਾ ਧੱਕਦਿਆਂ ਕਿਹਾ, "ਲਾਟਰੀ ਕੋਈ ਵੀ ਤੁਹਾਡੇ ਨਾਂ 'ਤੇ ਪਾ ਸਕਦਾ ਹੈ। ਕਾਗਜਾਂ ਅਨੁਸਾਰ ਨਾਂ ਤੇ ਪਤਾ-ਸਭ ਤੁਹਾਡਾ ਹੀ ਹੈ।"

ਗੱਲ ਉਨ੍ਹਾਂ ਦੀ ਸੱਚੀ ਹੋ ਸਕਦੀ ਸੀ, ਕਿਉਂਕਿ ਮੇਰੀ ਮਾਂ ਨੂੰ ਮੇਰੇ ਨਾਂ ਦੀ ਲਾਟਰੀ ਪਾਉਣ ਦੀ ਆਦਤ ਸੀ। ਇਹ ਸੋਚ ਕੇ ਮੈਂ ਉਨ੍ਹਾਂ ਦੇ ਸਵਾਲਾਂ ਦੇ ਸੰਖੇਪ ਜਿਹੇ ਉਤਰ ਦੇ ਦਿੱਤੇ।

ਕੋਈ ਦੋ ਕੁ ਘੰਟਿਆਂ ਪਿਛੋਂ ਉਸ ਲਾਟਰੀ ਦੀ ਕੰਪਨੀ ਵਲੋਂ ਭੇਜੇ ਦੋ ਆਦਮੀ ਆਏ, ਤੇ ਇਹ ਖੁਸ਼ਖਬਰੀ ਸੁਣਾ ਕੇ ਕਹਿਣ ਲੱਗੇ ਕਿ ਐਤਵਾਰ ਨੂੰ ਮੇਰੇ ਲਈ ਇਕ ਖਾਸ ਫੰਕਸ਼ਨ ਰੱਖਿਆ ਗਿਆ ਹੈ। ਭਰੇ ਪੰਡਾਲ ਵਿਚ ਮੈਨੂੰ ਚੈਕ ਦਿੱਤਾ ਜਾਵੇਗਾ। ਉਹ ਲਿਖਤੀ ਰੂਪ ਵਿਚ ਸੱਦਾ ਪੱਤਰ ਭੀ ਦੇ ਗਏ।

ਉਸ ਦਿਨ, ਦਿੱਤੇ ਸਮੇਂ ਤੋਂ ਪਹਿਲੇ ਹੀ ਮੈਂ ਉਸ ਫੰਕਸ਼ਨ 'ਤੇ ਪਹੁੰਚ ਗਿਆ।

ਕੁਝ ਨਾਚ ਗਾਣੇ ਦੇ ਪ੍ਰੋਗਰਾਮ ਪਿਛੋਂ ਮੈਨੂੰ ਸਟੇਜ 'ਤੇ ਬੁਲਾਇਆ ਗਿਆ। ਸਟੇਜ ਸੈਕਟਰੀ ਨੇ ਪੰਡਾਲ 'ਚ ਬੈਠੇ ਲੋਕਾਂ ਨਾਲ ਮੇਰੀ ਪਛਾਣ ਕਰਵਾਈ ਤੇ ਚੀਫ ਗੈਸਟ ਨੂੰ ਬੇਨਤੀ ਕੀਤੀ ਕਿ ਮੈਨੂੰ ਇਨਾਮ ਦਿੱਤਾ ਜਾਵੇ।

ਚੀਫ ਗੈਸਟ ਨੇ ਮੈਨੂੰ ਚੈਕ ਫੜਾਇਆ। ਪੰਡਾਲ ਤਾੜੀਆਂ ਨਾਲ ਗੂੰਜ ਉਠਿਆ। ਪਰ ਹੈਰਾਨੀ ਦੀ ਗੱਲ ਇਹ ਹੋਈ ਕਿ ਜਿਉਂ ਹੀ ਮੈਂ ਸਟੇਜ ਤੋਂ ਉਤਰਨ ਲੱਗਾ, ਚੈਕ ਮੇਰੇ ਹੱਥੋਂ ਅਲੋਪ ਹੋ ਗਿਆ।

ਮੈਨੂੰ ਲੱਗਾ, ਮੇਰੇ ਨਾਲ ਕੋਈ ਮਜ਼ਾਕ ਹੋਇਆ ਹੈ, ਪਰ ਉਸੇ ਵਕਤ ਪੰਡਾਲ ਵਿਚੋਂ ਇਕ ਆਦਮੀ ਉਠਿਆ ਤੇ ਸਟੇਜ ਵਲ ਵਧਿਆ। ਉਸ ਨੇ ਉਹੀ ਚੈਕ ਸਟੇਜ ਸੈਕਟਰੀ ਨੂੰ ਦੇ ਦਿੱਤਾ।

"ਇਹ ਕੋਈ ਜਾਦੂਗਰ ਹੋਵੇਗਾ।" ਉਨ੍ਹਾਂ ਸੋਚਿਆ।

ਸਟੇਜ ਸੈਕਟਰੀ ਦੇ ਇਸ਼ਾਰੇ 'ਤੇ ਮੈਂ ਵਾਪਸ ਸਟੇਜ 'ਤੇ ਆਇਆ।

ਬੱਸ, ਫਿਰ ਇਕ ਖੇਡ ਸ਼ੁਰੂ ਹੋ ਗਈ। ਚੀਫ ਗੈਸਟ ਚੈਕ ਮੇਰੇ ਹੱਥ 'ਤੇ ਰੱਖੇ, ਮੈਂ ਮੁੱਠੀ ਬੰਦ ਕਰਾਂ ਤੇ ਚੈਕ ਨਿਕਲੇ ਉਸ ਦੀ ਮੁੱਠੀ 'ਚੋਂ।

"ਮੈ ਸਚਮੁੱਚ ਕੋਈ ਜਾਦੂਗਰ ਨਹੀਂ ਹਾਂ। ਮੈ ਤਾਂ ਖੁਦ ਹੈਰਾਨ ਹਾਂ ਕਿ ਇਹ ਕੀ ਹੋ ਰਿਹਾ ਹੈ?" ਉਹ ਆਦਮੀ ਕਸਮਾਂ ਖਾ ਖਾ ਆਖਦਾ ਰਿਹਾ।

ਅੰਤ ਮਹਿਮਾਨਾਂ ਨੇ ਫੈਸਲਾ ਕੀਤਾ ਕਿ ਇਹ ਚੈਕ ਉਸ ਦੇ ਕੋਲ ਹੀ ਰਹਿਣ ਦਿੱਤਾ ਜਾਵੇ।

ਮੈਂ ਉਦਾਸ ਚਿਹਰੇ ਨਾਲ ਘਰ ਪਰਤਣ ਲੱਗਾ, ਜਿਵੇਂ ਮੈਨੂੰ ਦਸ ਕਰੋੜ ਦਾ ਘਾਟਾ ਪੈ ਗਿਆ ਹੋਵੇ। ਮੇਰੇ ਪੈਰਾਂ 'ਚੋਂ ਜਿਵੇਂ ਜਾਨ ਨਿਕਲ ਗਈ ਹੋਵੇ। ਇਉਂ ਲੱਗੇ, ਜਿਵੇਂ ਕਿਸੇ ਨੇ ਮਣ ਮਣ ਦੇ ਪੱਥਰ ਬੰਨ ਦਿੱਤੇ ਹੋਣ। ਹੌਲੀ ਹੌਲੀ ਆਪਣੇ ਆਪ ਨੂੰ ਘਸੀਟਦਾ, ਰਾਹ ਵਿਚ ਮੈਂ ਗੁਰਦੁਆਰੇ ਕੋਲੋਂ ਲੰਘਿਆ। ਥੱਕੇ ਟੁੱਟੇ ਪੈਰ ਮੈਨੂੰ ਗੁਰਦੁਆਰੇ ਅੰਦਰ ਲੈ ਗਏ। ਮੈਂ ਮੱਥਾ ਟੇਕ ਕੇ ਇਕ ਕੰਧ ਨਾਲ ਪਿੱਠ ਲਾ ਕੇ ਬੈਠ ਗਿਆ।

"ਇਹ ਕੀ ਭਾਣਾ ਵਰਤਿਆ ਮੇਰੇ ਨਾਲ!" ਮੈਂ ਸੋਚ ਰਿਹਾ ਸਾਂ। "ਕੀ ਲਾਟਰੀ ਦਾ ਇਨਾਮ ਇਕ ਡਰਾਮਾ ਸੀ? ਕੀ ਉਹ ਸਚਮੁੱਚ ਜਾਦੂਗਰ ਸੀ?" ਅਜਿਹੇ ਕਈ ਸਵਾਲ ਮੇਰੇ ਜ਼ਿਹਨ 'ਚ ਉਠੇ।

ਅੱਥਰੂ ਮੇਰੀਆਂ ਅੱਖਾਂ 'ਚੋਂ ਵਹਿ ਤੁਰੇ। ਆਪਣੇ ਆਪ ਨੂੰ ਧਰਵਾਸ ਦੇਣ ਲਈ ਮੈ ਆਖਿਆ, "ਮਨਾਂ! ਕੁਝ ਦਿਨ ਪਹਿਲਾਂ ਵੀ ਤੇਰੇ ਪਾਸ ਇਹ ਪੈਸੇ ਨਹੀਂ ਸਨ ਤੇ ਅੱਜ ਭੀ ਨਹੀਂ, ਫਿਰ ਅਫਸੋਸ ਕਾਹਦਾ?"

"ਪਰ ਕੁਦਰਤ ਨੇ ਮੇਰੇ ਨਾਲ ਇਹ ਮਜ਼ਾਕ ਕਿਉਂ ਕੀਤਾ?" ਇਸ ਸਵਾਲ ਦਾ ਜਵਾਬ ਮੇਰਾ ਮਨ ਅਜੇ ਵੀ ਢੂੰਡ ਰਿਹਾ ਸੀ। ਸੋਚ ਨੂੰ ਮੈਂ ਕਿਵੇਂ ਰੋਕਦਾ?

ਸੋਚ ਸੋਚ ਕੇ ਦਿਮਾਗ ਸੁੰਨ ਹੋ ਗਿਆ। ਕੋਈ ਜਵਾਬ ਨਹੀਂ ਸੁੱਝਿਆ। ਹਾਰ ਕੇ ਮੈਂ ਉਠਿਆ। ਅੱਗੇ ਮੈਂ ਸਤਿਗੁਰਾਂ ਪਾਸੋਂ ਹਮੇਸ਼ਾ ਮਾਇਆ ਮੰਗਦਾ ਸੀ, ਉਸ ਦਿਨ ਪਹਿਲੀ ਵਾਰ, ਮੈਂ ਮਾਇਆ ਨਹੀਂ, ਇਸ ਗੱਲ ਦਾ ਜਵਾਬ ਮੰਗਿਆ। ਅਰਦਾਸ ਕੀਤੀ। ਹੁਕਮਨਾਮਾ ਲਿਆ। ਹੁਕਮਨਾਮਾ ਸੀ, "ਇਛਾ ਪੂਰਕੁ ਸਰਬ ਸੁਖਦਾਤਾ ਹਰਿ ਜਾ ਕੈ ਵਸਿ ਹੈ ਕਾਮਧੇਨਾ॥ ਸੋ ਐਸਾ ਹਰਿ ਧਿਆਈਐ ਮੇਰੇ ਜੀਅੜੇ ਤਾ ਸਰਬ ਸੁਖ ਪਾਵਹਿ ਮੇਰੇ ਮਨਾ॥"

ਇਸ ਹੁਕਮਨਾਮੇ ਨੇ ਮੇਰੇ ਅੰਦਰ ਜਿਵੇਂ ਆਸ ਦੀ ਕੋਈ ਕਿਰਨ ਭਰ ਦਿੱਤੀ। ਆਪਣੀ ਆਦਤ ਅਨੁਸਾਰ ਮੈਂ ਇਸ ਹੁਕਮਨਾਮੇ ਨੂੰ ਵੱਟਸਐਪ ਤੇ ਫੈਸ ਬੁੱਕ 'ਤੇ ਵੀ ਪਾ ਕੇ ਸਾਰੇ ਮਿੱਤਰਾਂ ਨੂੰ ਭੇਜ ਦਿੱਤਾ। ਅਗਲੇ ਪਲ ਹੀ ਸਭ ਨੇ 'ਲਾਈਕ' ਕਰ ਕੇ ਜਵਾਬ ਦੇ ਦਿੱਤਾ।

ਗੁਰਦੁਆਰੇ ਤੋਂ ਘਰ ਵਾਪਸ ਆਇਆ ਤਾਂ ਦਾਦਾ ਜੀ ਨੂੰ ਸਾਰੀ ਘਟਨਾ ਬਾਰੇ ਦੱਸਿਆ। ਯਕੀਨ ਤਾਂ ਉਨ੍ਹਾਂ ਨੂੰ ਭੀ ਨਾ ਹੋਇਆ। ਪਰ ਮੇਰਾ ਚਿਹਰਾ ਦੇਖ ਕੇ ਕੁਝ ਉਦਾਸ ਜਿਹੇ ਹੋ ਗਏ। ਉਨ੍ਹਾਂ ਦਾ ਦਿਲ ਰੱਖਣ ਲਈ ਮੈ ਕਿਹਾ, "ਹੁਕਮਨਾਮਾ ਤਾਂ ਬਹੁਤ ਚੰਗਾ ਸੀ। ਸ਼ਾਇਦ ਕੋਈ ਕਰਾਮਾਤ ਹੋ ਹੀ ਜਾਏ।"

ਦਾਦਾ ਜੀ ਆਮ ਕਰਕੇ ਕਹਿੰਦੇ ਹੁੰਦੇ ਸਨ ਕਿ ਸ਼ਬਦ ਤਾਂ ਸਾਰੇ ਹੀ ਚੰਗੇ ਹੁੰਦੇ ਹਨ ਪਰ ਉਸ ਦਿਨ ਉਨ੍ਹਾਂ ਬੜੀ ਉਤਸੁਕਤਾ ਨਾਲ ਪੁਛਿਆ, "ਭਲਾ ਕੀ ਹੁਕਮਨਾਮਾ ਸੀ?"

ਸ਼ਬਦ ਮੈਨੂੰ ਯਾਦ ਨਹੀਂ ਸੀ ਆ ਰਿਹਾ। "ਹੁਣੇ ਵੱਟਸਐਪ ਤੋਂ ਦੇਖ ਕੇ ਦਸਦਾਂ।" ਮੈਂ ਕਿਹਾ ਤੇ ਫੋਨ 'ਤੇ ਵੇਖਿਆ।

"ਇਛਾ ਪੂਰਕੁ ਸਰਬ ਸੁਖ ਦਾਤਾ ਹਰਿ...॥"

ਉਨ੍ਹਾਂ ਲਈ ਸ਼ਬਦ ਦੀ ਪਹਿਲੀ ਤੁੱਕ ਦੱਸਣੀ ਹੀ ਕਾਫੀ ਹੁੰਦੀ ਸੀ। ਬਾਕੀ ਉਨ੍ਹਾਂ ਨੂੰ ਯਾਦ ਹੀ ਹੁੰਦਾ ਸੀ।

"ਪਰ ਇਹ ਹੁਕਮਨਾਮਾ ਵੱਟਸਐਪ 'ਤੇ ਕਿਉਂ ਪਾਇਆ?" ਉਨ੍ਹਾਂ ਹੈਰਾਨ ਹੋ ਕੇ ਪੁੱਛਿਆ। ਮੇਰੇ ਕੋਲ ਕੋਈ ਢੁੱਕਵਾਂ ਜਵਾਬ ਨਹੀਂ ਸੀ। ਮੈਨੂੰ ਰੋਜ਼ ਦਰਬਾਰ ਸਾਹਿਬ ਦਾ ਹੁਕਮਨਾਮਾ ਲੋਕ ਭੇਜਦੇ ਸਨ ਤੇ ਮੈਂ ਅੱਗੇ ਆਪਣੇ ਦੋਸਤਾਂ ਨੂੰ ਭੇਜ ਦਿੰਦਾ ਸਾਂ। ਇਕ ਆਦਤ ਜਿਹੀ ਬਣ ਗਈ ਸੀ, ਕਈ ਵਾਰ ਬਿਨਾ ਪੜ੍ਹੇ ਹੀ ਫਾਰਵਰਡ ਕਰਨ ਦੀ।

ਮੈਨੂੰ ਚੁੱਪ ਦੇਖ ਕੇ ਦਾਦਾ ਜੀ ਸਮਝਾਉਣ ਲੱਗੇ, "ਭਲਿਆ ਲੋਕਾ, ਹੁਕਮਨਾਮੇ ਦਾ ਅਰਥ ਹੈ, ਗੁਰੂ ਜੀ ਦਾ ਹੁਕਮ, ਜੋ ਤੁਸਾਂ ਨੇ ਮੰਨਣਾ ਹੈ ਤੇ ਕਮਾਉਣਾ ਹੈ। ਗੁਰੂ ਜੀ ਦਾ ਹੁਕਮ ਹੈ, 'ਸੋ ਐਸਾ ਹਰਿ ਧਿਆਈਐ' ਇਹ ਹੁਕਮ ਤੁਹਾਡੇ ਲਈ ਹੈ। ਵੱਟਸਐਪ ਜਾਂ ਫੇਸਬੁੱਕ ਰਾਹੀਂ ਅੱਗੇ ਭੇਜਣ ਲਈ ਨਹੀਂ।...ਤੇ ਹੁਣ ਅਫਸੋਸ ਕਾਹਦਾ? ਤੁਸਾਂ ਹੁਕਮਨਾਮਾ ਅੱਗੇ ਤੋਰ ਦਿੱਤਾ। ਪਰਮਾਤਮਾ ਨੇ ਆਪਣੀ ਦਿੱਤੀ ਦਾਤ ਅੱਗੇ ਤੋਰ ਦਿੱਤੀ। ਦਾਤ ਤਾਂ ਉਸ ਨੂੰ ਹੀ ਮਿਲਣੀ ਹੈ, ਜਿਸ ਨੇ ਇਸ ਨੂੰ ਸਮਝ ਕੇ ਅਮਲ ਕਰਨਾ ਹੈ।"

ਦਾਦਾ ਜੀ ਦੀ ਗੱਲ ਸੁਣ ਕੇ ਮੈਨੂੰ ਝਟਕਾ ਜਿਹਾ ਲੱਗਾ ਤੇ ਉਭੜ ਵਾਹੇ ਮੇਰੀਆਂ ਅੱਖਾਂ ਖੁੱਲ੍ਹ ਗਈਆਂ-ਤਨ ਦੀਆਂ ਵੀ ਤੇ ਮਨ ਦੀਆਂ ਵੀ। ਮੈਨੂੰ ਲੱਗਾ, ਮੇਰਾ ਕੁਝ ਗਵਾਚਾ ਨਹੀਂ, ਬਲਕਿ ਉਸ ਤੋਂ ਵੀ ਵੱਡੀ ਦਾਤ ਮਿਲ ਗਈ ਹੈ। ਅਣਮੁੱਲੀ ਜਿਹੀ। ਹੁਕਮ ਨੂੰ ਹੁਕਮ ਸਮਝਣ ਦੀ।

# ਗਦਰ ਲਹਿਰ ਦਾ ਧੁਰਾ ਜਵਾਲਾ ਸਿੰਘ ਠਠੀਆਂ

ਬਰਤਾਨਵੀ ਹਕੂਮਤ ਨੇ ਹਿੰਦੋਸਤਾਨ ਦੀ ਆਖਰੀ ਰਿਆਸਤ ਪੰਜਾਬ 'ਤੇ 1849 ਵਿਚ ਕਬਜ਼ਾ ਕਰ ਲਿਆ। ਸੋਨੇ ਦੀ ਚਿੜੀ ਕਹਾਉਣ ਵਾਲੇ ਦੇਸ਼ ਦੀ ਪੈਦਾਵਾਰ, ਕੱਚੇ ਮਾਲ ਦੇ ਅਨਮੋਲ ਕੁਦਰਤੀ ਖਜਾਨਿਆਂ ਦੀ ਅੰਨ੍ਹੀ ਲੁੱਟਮਾਰ ਕੀਤੀ। ਇਸ ਪਿਛੋਂ ਦੇਸ਼ ਦੇ ਹਰ ਨੌਜਵਾਨ ਸਾਹਮਣੇ ਇਹ ਗੱਲ ਸੂਰਜ ਵਾਂਗ ਰੌਸ਼ਨ ਸੀ ਕਿ ਹਿੰਦੋਸਤਾਨ ਗੁਲਾਮੀ ਦੀ ਮਾਰ ਝੱਲ ਰਿਹਾ ਹੈ। ਭੁੱਖ ਦੀ ਸਤਾਈ ਨੌਜਵਾਨੀ, ਰੁਜ਼ਗਾਰ ਦੀ ਭਾਲ ਵਿਚ ਬਾਹਰਲੇ ਮੁਲਕਾਂ ਵਿਚ ਮਜ਼ਦੂਰੀ ਕਰਨ ਤੁਰ ਪਈ ਤਾਂ ਕਿ ਜਿਥੇ ਆਪ ਰੱਜ ਕੇ ਰੋਟੀ ਖਾ ਸਕਣ, ਉਥੇ ਪਿੱਛੇ ਪਰਿਵਾਰ ਦਾ ਗੁਜ਼ਾਰਾ ਵੀ ਚਲਦਾ ਰੱਖ ਸਕਣ। ਇਸੇ ਮਜਬੂਰੀ ਕਾਰਨ ਹਿੰਦੋਸਤਾਨੀ, ਖਾਸ ਕਰ ਪੰਜਾਬੀ ਜਦੋਂ ਵੀ ਕੋਈ ਜੁਗਾੜ ਫਿੱਟ ਹੁੰਦਾ ਤਾਂ ਵਿਦੇਸ਼ਾਂ ਵਲ ਨਿਕਲਣ ਦਾ ਯਤਨ ਕਰਦਾ। 1905 ਵਿਚ ਰੁਜ਼ਗਾਰ ਦੀ ਭਾਲ 'ਚ ਘਰੋਂ ਚਲਿਆ ਜਿਲਾ ਅੰਮ੍ਰਿਤਸਰ ਦਾ ਨੌਜਵਾਨ ਜਵਾਲਾ ਸਿੰਘ ਚੀਨ, ਪਨਾਮਾ, ਮੈਕਸੀਕੋ ਵਲ ਦੀ ਹੁੰਦਾ ਹੋਇਆ, 1908 ਵਿਚ ਅਮਰੀਕਾ ਦੀ ਗੋਲਡਨ ਸਟੇਟ ਵਜੋਂ



ਜਾਣੀ ਜਾਂਦੀ ਕੈਲੀਫੋਰਨੀਆ ਵਿਚ ਅਪੜ ਗਿਆ। ਅਮਰੀਕਾ ਵਰਗੇ ਵਿਕਸਿਤ ਮੁਲਕ ਵਿਚ ਮਿਹਨਤ ਮਜ਼ਦੂਰੀ ਕਰਨ

**ਕਿਰਪਾਲ ਸਿੰਘ ਸੰਧੂ**
ਫੋਨ: 559-259-4844

ਵਾਲੇ ਕਾਮਿਆਂ ਨੂੰ ਮਿਹਨਤ ਦਾ ਸਿਲਾ ਮਿਲਦਾ ਹੋਣ ਕਰਕੇ ਇਹ ਪੰਜਾਬੀਆਂ ਲਈ ਧਰਤੀ 'ਤੇ ਸਵਰਗ ਦਾ ਨਮੂਨਾ ਸੀ। ਇਸੇ ਕਰਕੇ ਅਮਰੀਕਾ ਵਲ ਮਿਹਨਤੀ ਲੋਕ ਖਿੱਚੇ ਜਾ ਰਹੇ ਸਨ। ਅਮਰੀਕਾ ਦੀ ਇਹ ਮਿਕਨਾਤੀਸ਼ੀ ਖਿੱਚ ਅੱਜ ਵੀ ਜਾਰੀ ਹੈ।

ਜਿਲਾ ਅੰਮ੍ਰਿਤਸਰ ਵਿਚ ਬਿਆਸ ਨੇੜੇ ਪਿੰਡ ਠਠੀਆਂ ਦੇ ਸ. ਘਨਈਆ ਸਿੰਘ ਸੰਧੂ ਦੇ ਘਰ 1876 ਵਿਚ ਬਾਲਕ ਦਾ ਜਨਮ ਹੋਇਆ ਜਿਸ ਦਾ ਨਾਂ ਜਵਾਲਾ ਸਿੰਘ ਰਖਿਆ ਗਿਆ। ਕਿੱਤੇ ਵਜੋਂ ਇਹ ਪਰਿਵਾਰ ਜ਼ਿਮੀਦਾਰਾਂ ਦੇ ਘਰਾਂ ਵਿਚ ਪਾਣੀ ਭਰਨ ਦਾ ਕੰਮ ਕਰਦਾ ਸੀ। ਇਸੇ ਮਿਹਨਤ ਮਜ਼ਦੂਰੀ ਨਾਲ ਘਨਈਆ ਆਪਣੇ ਪਰਿਵਾਰ ਦਾ ਪੇਟ ਭਰਦਾ ਸੀ। ਜਵਾਲਾ ਸਿੰਘ ਦੇ ਦੋ ਵੱਡੇ ਭਰਾ-ਨਰੈਣ ਸਿੰਘ ਤੇ ਸਰੈਣ ਸਿੰਘ ਅਤੇ ਇਕ ਛੋਟੀ ਭੈਣ ਕਿੱਸੋ ਸੀ। ਬਚਪਨ ਵਿਚ ਹੀ ਜਵਾਲਾ ਸਿੰਘ ਜਿਥੇ ਜਿਸਮਾਨੀ ਤੌਰ 'ਤੇ ਸਿਹਤਮੰਦ, ਅਣਖੀਲਾ ਤੇ ਦਲੇਰ ਸੀ, ਉਥੇ ਸਿਦਕੀ, ਸਿਰੜੀ ਤੇ ਹਾਣੀਆਂ ਨਾਲ ਹਮੇਸ਼ਾ ਪਿਆਰ ਬਣਾਈ ਰੱਖਣ ਦਾ ਸਦਾ ਚਾਹਵਾਨ ਰਹਿੰਦਾ ਸੀ। ਘਰ ਦੀ ਗਰੀਬੀ ਕਾਰਨ ਉਹ ਬਹੁਤਾ ਪੜ੍ਹ-ਲਿਖ ਨਾ ਸਕਿਆ।

ਜਵਾਲਾ ਸਿੰਘ ਜਦੋਂ ਹਿੰਦੋਸਤਾਨ ਤੋਂ ਬਾਹਰ ਨਿਕਲਿਆ ਤਾਂ ਆਜ਼ਾਦ ਦੇਸ਼ਾਂ ਦਾ ਅਸਰ ਹੋਣ ਲੱਗਾ। ਅਮਰੀਕਾ ਵਰਗੇ ਦੇਸ਼ ਦੇ ਮੁੰਡੇ ਕੁੜੀਆਂ ਵਲੋਂ ਖਾਧੀ ਚੰਗੀ, ਸਾਫ ਸੁਥਰੀ ਖੁਰਾਕ ਦੀ ਬਦੌਲਤ ਨੌਜਵਾਨੀ ਚਿਹਰਿਆਂ 'ਤੇ ਟਪਕ ਰਹੇ ਨੂਰ ਨੂੰ ਜਦੋਂ ਦੇਖਿਆ ਤਾਂ ਆਪਣੇ ਮੁਲਕ ਦੀ ਜਵਾਨੀ ਦਾ ਮੁਕਾਬਲਾ ਆਪਣੇ ਮਨ ਅੰਦਰ ਕਰਨ ਲੱਗੇ, ਜਿਨ੍ਹਾਂ ਦੇ ਚਿਹਰਿਆਂ ਨੂੰ ਗਰੀਬੀ, ਜਹਾਲਤ, ਭੁੱਖਮਰੀ ਤੇ ਮਹਾਂਮਾਰੀ ਵਰਗੀਆਂ ਕਾਇਮੀ ਬਿਮਾਰੀਆਂ ਨੇ ਜਿਵੇਂ ਝੁਲਸ ਕੇ ਰੱਖ ਦਿੱਤਾ ਹੋਵੇ। ਜਦੋਂ ਸਾਰਾ ਸੀਨ ਜਵਾਲਾ ਸਿੰਘ ਦੀਆਂ ਅੱਖਾਂ ਸਾਹਮਣੇ ਘੁੰਮਣ ਲਗਦਾ ਤਾਂ ਉਸ ਨੂੰ ਜ਼ਿੰਦਗੀ ਵਿਚ ਅਨੋਖਾ ਜਿਹਾ ਅਹਿਸਾਸ ਹੋਣ ਲੱਗਦਾ, ਕਿਉਂ ਜੋ ਉਸ ਦੇ ਸੀਨੇ ਅੰਦਰ ਦੇਸ਼ ਪਿਆਰ ਦੇ ਨਾਲ-ਨਾਲ ਬੇਦਾਗ, ਨਰਮ ਦਿਲ ਸੀ ਅਤੇ ਉਸ ਦੇ ਦਿਮਾਗ ਉਪਰ ਬੜੀ ਤੇਜ਼ੀ ਨਾਲ ਆਜ਼ਾਦ ਦੇਸ਼ ਦਾ ਰੰਗ ਚੜ੍ਹਨ ਲੱਗਦਾ।

ਇਸ ਪੜਾਅ ਉਤੇ ਜਵਾਲਾ ਸਿੰਘ ਦਾ ਮੇਲ ਮਿਲਾਪ ਹਮਵਤਨੀ, ਹਮਖਿਆਲ, ਖੁਦਤਰਸ, ਈਸ਼ਵਰ ਭਗਤ ਸੰਤ ਵਿਸਾਖਾ ਸਿੰਘ (ਪਿੰਡ ਦਦੇਹਰ, ਜਿਲਾ ਅੰਮ੍ਰਿਤਸਰ) ਨਾਲ ਹੋਇਆ। ਇਹ ਸਾਥ ਆਖਰੀ ਉਮਰ ਤਕ ਰਿਹਾ। ਦੋਹਾਂ ਨੇ ਮਿਲ ਕੇ ਹੋਰਟਵਿੱਲ ਵਿਚ ਸਰਕਾਰ ਪਾਸੋਂ 500 ਏਕੜ ਜ਼ਮੀਨ ਲੀਜ਼ 'ਤੇ ਲੈ ਕੇ ਖੇਤੀ ਅਰੰਭ ਦਿੱਤੀ ਜਿਸ ਵਿਚ ਜ਼ਿਆਦਾ ਕਾਸ਼ਤ ਆਲੂ ਦੀ ਕੀਤੀ ਜਾਂਦੀ। ਮੌਸਮ ਦਾ ਪੂਰਾ-ਪੂਰਾ ਸਾਥ ਹੋਣ ਕਰਕੇ ਆਲੂ ਦੀ ਭਰਪੂਰ ਫਸਲ ਹੋਈ ਅਤੇ ਹਜ਼ਾਰਾਂ ਡਾਲਰ ਜਮ੍ਹਾਂ ਹੋ ਗਏ। ਜਵਾਲਾ ਸਿੰਘ ਆਲੂਆਂ ਦੇ ਬਾਦਸ਼ਾਹ ਅਖਵਾਉਣ ਲੱਗੇ। ਇਕ ਦਿਨ ਕੰਮਕਾਰ ਤੋਂ ਵਿਹਲੇ ਹੋ ਕੇ ਆਰਾਮ ਕਰਨ ਲਈ ਇਕੱਲੇ ਬੈਠੇ ਸਨ ਤਾਂ ਸੰਤ ਵਿਸਾਖਾ ਸਿੰਘ ਦਿਲੀ ਪਿਆਰ ਤੇ ਸਤਿਕਾਰ ਨਾਲ ਬੋਲੇ- ਜਵਾਲਾ ਸਿੰਘ ਜੀ, ਸਾਡੇ 'ਤੇ ਗੁਰੂ ਮਹਾਰਾਜ ਦੀ ਅਪਾਰ ਕ੍ਰਿਪਾ ਹੈ। ਜਾਪਦਾ ਹੈ ਕਿ ਇਸ ਸਾਲ ਵੀ ਆਲੂ ਦੀ ਫਸਲ ਵਧੀਆ ਹੋਵੇਗੀ। ਗੁਰੂ ਮਹਾਰਾਜ ਦੇ ਸ਼ੁਕਰਾਨੇ ਵਜੋਂ ਸਾਨੂੰ ਜਿਥੇ ਪੰਜਾਬੀਆਂ ਦੀ ਵਸੋਂ ਬਹੁਤੀ ਹੋਵੇ, ਉਥੇ ਗੁਰਦੁਆਰਾ ਬਣਾਉਣਾ ਚਾਹੀਦਾ ਹੈ। ਨਿਸ਼ਾਨ ਸਾਹਿਬ ਲਹਿਰਾਇਆ ਜਾਵੇ, ਹਿੰਦੋਸਤਾਨ ਵਿਚੋਂ ਆਏ ਹਰ ਪ੍ਰਾਣੀ ਲਈ ਬਗੈਰ ਮਜ਼ਹਬ ਤੋਂ ਆਰਾਮ ਕਰਨ ਅਤੇ ਨਾਲ ਹੀ ਪ੍ਰਸ਼ਾਦਾ ਛਕਣ ਲਈ ਲੰਗਰ ਦੀ ਪ੍ਰਥਾ ਸ਼ੁਰੂ ਕੀਤੀ ਜਾਵੇ। ਜਵਾਲਾ ਸਿੰਘ ਕਹਿਣ ਲੱਗੇ, ਨੇਕੀ ਦੇ ਕੰਮ ਵਿਚ ਦੇਰੀ ਨਹੀਂ ਕਰਨੀ ਚਾਹੀਦੀ।

ਉਨ੍ਹਾਂ ਦਿਨਾਂ ਵਿਚ ਸਟਾਕਟਨ ਸ਼ਹਿਰ ਵਿਚ ਪੰਜਾਬੀ ਵਸੋਂ ਕਾਫੀ ਸੀ। ਉਨ੍ਹਾਂ ਸਟਾਕਟਨ ਵਿਚ ਜ਼ਮੀਨ ਦਾ ਇਕ ਟੁਕੜਾ ਦੇਖਿਆ, ਜਿਸ ਵਿਚ ਮਕਾਨ ਵੀ ਸੀ। ਇਹ ਜ਼ਮੀਨ ਨੌਂ ਹਜ਼ਾਰ ਡਾਲਰ ਵਿਚ ਖਰੀਦ ਕੇ ਗੁਰਦੁਆਰਾ ਬਣਵਾਇਆ ਤੇ ਕੇਸਰੀ ਨਿਸ਼ਾਨ ਝੁਲਾ ਦਿੱਤਾ। ਅਮਰੀਕਾ ਦੇ ਸਰਕਾਰੀ ਰਿਕਾਰਡ ਵਿਚ 27 ਮਈ 1912 ਨੂੰ ਇਸ ਦਾ ਇੰਦਰਾਜ਼ ਹੋਇਆ। ਇਸ ਗੁਰਦੁਆਰੇ ਨੂੰ ਅੱਜ ਵੀ ਗਦਰੀ ਬਾਬਿਆਂ ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ। ਸੰਗਤ ਵਲੋਂ ਹਰ ਸਾਲ ਵਧ-ਚੜ੍ਹ ਕੇ ਗੁਰਪੁਰਬ ਮਨਾਏ ਜਾਂਦੇ ਹਨ। ਪਰਦੇਸਾਂ ਵਿਚ ਆਏ ਹਰ ਪ੍ਰਾਣੀ ਲਈ ਜਿਥੇ ਇਹ ਆਸਰਾ ਘਰ ਹੈ, ਉਥੇ ਦਿਨ ਰਾਤ ਲੰਗਰ ਵੀ ਛਕਣ ਨੂੰ ਮਿਲਦਾ ਹੈ।

ਜਵਾਲਾ ਸਿੰਘ ਤੇ ਵਿਸਾਖਾ ਸਿੰਘ ਨੇ ਉਸੇ ਸਾਲ ਗੁਰਦੁਆਰੇ ਵਿਚ ਗੁਰਪੁਰਬ ਮਨਾਉਣ ਦਾ ਫੈਸਲਾ ਕੀਤਾ। ਦੂਰੋਂ ਨੇੜਿਉਂ ਸਾਰੇ ਹਿੰਦੋਸਤਾਨੀ, ਪੰਜਾਬੀ ਭਾਈਚਾਰੇ ਨੂੰ ਇਸ ਸ਼ੁਭ ਦਿਹਾੜੇ 'ਤੇ ਸ਼ਮੂਲੀਅਤ ਲਈ ਖੁੱਲ੍ਹਾ ਸੱਦਾ ਦਿੱਤਾ ਗਿਆ। ਸੰਗਤਾਂ ਵੱਡੀ ਗਿਣਤੀ ਵਿਚ ਇਕੱਠੀਆਂ ਹੋਈਆਂ। ਭਾਈ ਸੰਤੋਖ ਸਿੰਘ, ਜੋ ਕਾਫੀ ਪੜ੍ਹੇ-ਲਿਖੇ ਸਨ ਤੇ ਨਾਲ ਦੀ ਸਟੇਟ ਵਿਚ ਕੰਮ ਕਰਦੇ ਸਨ, ਉਹ ਵੀ ਇਸ ਵਿਚ ਹਾਜ਼ਰ ਹੋਏ।

ਹਿੰਦੋਸਤਾਨੀਆਂ, ਪੰਜਾਬੀਆਂ ਨੂੰ ਗੁਲਾਮ ਦੇਸ਼ ਦੇ ਵਾਸੀ ਹੋਣ ਕਰਕੇ ਅਮਰੀਕਾ ਦੀਆਂ ਵੱਖ-ਵੱਖ ਰਿਆਸਤਾਂ ਵਿਚ ਕੰਮ ਕਰਦੇ ਕਾਮਿਆਂ ਨੂੰ ਜੋ ਸਾਂਝੀ ਚੀਜ਼ ਬੇਚੈਨ ਕਰ ਰਹੀ ਸੀ, ਉਹ ਸੀ, ਉਨ੍ਹਾਂ ਪ੍ਰਤੀ ਗੁਲਾਮਾਂ ਵਾਲਾ ਵਤੀਰਾ। ਗੁਰਪੁਰਬ ਵਾਲੇ ਦਿਨ ਸਾਰੀ ਸੰਗਤ ਵਿਚ ਇਹ ਗੁਲਾਮੀ ਵਾਲੀ ਗੱਲ ਭਾਰੂ ਰਹੀ। ਸੰਤ ਵਿਸਾਖਾ ਸਿੰਘ ਤੇ ਜਵਾਲਾ ਸਿੰਘ ਗੁਰਪੁਰਬ ਦੀ ਸਮਾਪਤੀ ਪਿਛੋਂ ਭਾਈ ਸੰਤੋਖ ਸਿੰਘ ਨੂੰ ਕਹਿਣ ਲੱਗੇ, ਤੁਸੀਂ ਇਥੇ ਰਹੋ। ਹੋਰਟਵਿਲ ਫਾਰਮ ਵਿਚ ਆਪਾਂ ਤਿੰਨੇ ਬਰਾਬਰ ਦੇ ਭਾਈਵਾਲ ਹੋਵਾਂਗੇ। ਭਾਈ ਸੰਤੋਖ ਸਿੰਘ ਮੰਨ ਗਏ। ਜਦੋਂ ਵੀ ਵਕਤ ਮਿਲਦਾ, ਇਹ ਤਿੰਨੇ ਇਕੱਠੇ ਬੈਠਦੇ ਤਾਂ ਹਿੰਦੋਸਤਾਨ ਦੀਆਂ ਗੱਲਾਂ ਕਰਦੇ। ਸ਼ੁਰੂ ਸ਼ੁਰੂ ਵਿਚ ਤਾਂ ਜਵਾਲਾ ਸਿੰਘ ਦੀਆਂ ਅੱਖਾਂ ਵਿਚ ਚਮਕ ਹੁੰਦੀ ਤੇ ਹੱਸ-ਹੱਸ ਗੱਲਾਂ ਕਰਦੇ ਪਰ ਜਦੋਂ ਗੱਲ ਤੁਰਦੀ-ਤੁਰਦੀ ਦੇਸ਼ ਦੀ ਗੁਲਾਮੀ ਤਕ ਅਪੜ ਜਾਂਦੀ ਤਾਂ ਜਵਾਲਾ ਸਿੰਘ ਦੀਆਂ ਅੱਖਾਂ ਵਿਚੋਂ ਅੱਥਰੂ ਆਪ ਮੁਹਾਰੇ ਨਿਕਲ ਤੁਰਦੇ। ਇਸ ਤਰ੍ਹਾਂ ਮਾਲੂਮ ਹੁੰਦਾ, ਜਿਵੇਂ ਗੁਲਾਮੀ ਦਾ ਦਰਦ ਅੱਖਾਂ ਵਿਚੋਂ ਵਗ ਰਿਹਾ ਹੋਵੇ।

ਇਕ ਦਿਨ ਤਿੰਨਾਂ ਨੇ ਸਲਾਹ ਕੀਤੀ ਕਿ ਆਪਣੇ ਖਰਚੇ 'ਤੇ ਪੜ੍ਹਾਈ ਵਿਚੋਂ ਚੰਗੇ ਪਾੜ੍ਹੇ ਹਿੰਦੋਸਤਾਨ ਵਿਚੋਂ ਮੰਗਵਾਈਏ, ਵਿਦਿਆ ਪੂਰੀ ਕਰਨ ਪਿਛੋਂ ਉਹ ਦੇਸ਼ ਦੀ ਸੇਵਾ ਵਿਚ ਜੁੱਟ ਜਾਣਗੇ। ਚਾਰ ਪਾੜ੍ਹੇ ਨੌਜਵਾਨ ਮੰਗਵਾਏ ਗਏ। ਉਨ੍ਹਾਂ ਦੀ ਰਿਹਾਇਸ਼ਗਾਹ ਦਾ ਨਾਂ ਗੁਰੂ ਨਾਨਕ ਦੇਵ ਵਿਦਿਆਰਥੀ ਆਸ਼ਰਮ ਰੱਖਿਆ ਗਿਆ। ਵਿਦਿਆ ਪੂਰੀ ਕਰਨ ਪਿਛੋਂ ਉਹ ਵਿਦਿਆਰਥੀ ਆਪੋ-ਆਪਣੇ ਕੰਮਾਂ-ਕਾਰਾਂ 'ਤੇ ਚਲੇ ਗਏ। ਜਵਾਲਾ ਸਿੰਘ ਦੀ ਮਨਸ਼ਾ ਪੂਰੀ ਨਾ ਹੋ ਸਕੀ। ਜਵਾਲਾ ਸਿੰਘ ਦੇ ਦਿਮਾਗ ਵਿਚ ਹਰ ਵਕਤ ਆਜ਼ਾਦੀ ਹਾਸਲ ਕਰਨ ਵਾਲਾ ਤੂਫਾਨ ਚੱਕਰ ਲਾਉਂਦਾ ਰਹਿੰਦਾ। ਭਾਈ ਸੰਤੋਖ ਸਿੰਘ ਬਾਰੇ ਇਹ ਗੱਲ ਯਾਦ ਰੱਖਣ ਵਾਲੀ ਹੈ ਕਿ ਪੰਜਾਬ ਵਿਚ ਚਲਾਈ ਕਿਰਤੀ ਲਹਿਰ ਦੇ ਉਹ ਬਾਨੀ ਸਨ।

ਆਜ਼ਾਦੀ ਹਾਸਲ ਕਰਨ ਲਈ ਗਦਰ ਪਾਰਟੀ ਬਣਾਉਣ ਦੀਆਂ ਤਿਆਰੀਆਂ ਹੋ ਰਹੀਆਂ ਸਨ। ਇਸੇ ਸਬੰਧ ਵਿਚ ਲਾਲਾ ਹਰਦਿਆਲ ਇਕ ਦਿਨ ਹਿੰਦੋਸਤਾਨੀਆਂ ਦੇ ਭਰਵੇਂ ਇਕੱਠ ਵਿਚ ਵਿਦੇਸ਼ੀ ਅੰਗਰੇਜ਼ ਹਕੂਮਤ ਦੀ ਨੁਕਤਾਚੀਨੀ ਕਰਦੇ ਆਪਣੇ ਦੇਸ਼ਵਾਸੀਆਂ ਦੀ ਏਕਤਾ 'ਤੇ ਜ਼ੋਰ ਦੇ ਰਹੇ ਸਨ। ਇਕ ਅਮਰੀਕਨ ਜੋੜਾ ਸੁਣਨ ਲੱਗ ਪਿਆ। ਜਦੋਂ ਲਾਲਾ ਹਰਦਿਆਲ ਬੋਲ ਕੇ ਹਟ ਗਏ ਤਾਂ ਅਮਰੀਕਨ ਜੋੜੇ ਨੇ ਸੁਆਲ ਕੀਤਾ ਕਿ ਹਿੰਦੋਸਤਾਨ ਦੀ ਆਬਾਦੀ ਕਿੰਨੀ ਹੈ? ਲਾਲਾ ਹਰਦਿਆਲ ਕਹਿਣ ਲੱਗੇ, ਕੋਈ 30 ਕਰੋੜ। ਅਮਰੀਕਨ ਔਰਤ ਬੋਲੀ, ਅੰਗਰੇਜ਼ ਹਿੰਦੋਸਤਾਨ ਵਿਚ ਕਿੰਨੇ ਹੋਣਗੇ? ਜਵਾਬ ਦਿਤਾ, ਮੈਡਮ, ਇਹੀ ਕੋਈ ਦੋ ਕਰੋੜ। ਮੈਡਮ ਕਹਿਣ ਲੱਗੀ, ਜੇ ਸਾਰੇ ਹਿੰਦੋਸਤਾਨੀ ਆਜ਼ਾਦੀ ਚਾਹੁੰਦੇ ਹੋਣ ਤਾਂ ਇਨ੍ਹਾਂ ਨੂੰ ਕੋਈ ਰੋਕ ਨਹੀਂ ਸਕਦਾ ਤੇ ਨਾ ਹੀ ਗੁਲਾਮ ਬਣਾ ਸਕਦਾ ਹੈ। ਇਸ ਤਰ੍ਹਾਂ ਦੀਆਂ ਨਿੱਤ ਦਿਨ ਹੋਣ ਵਾਲੀਆਂ ਗੱਲਾਂ ਤੇ ਹਾਲਤਾਂ ਨੇ ਹਿੰਦੋਸਤਾਨੀਆਂ, ਖਾਸ ਕਰ ਪੰਜਾਬੀਆਂ ਦੀ ਅਣਖ ਨੂੰ ਟੁੰਬਿਆ ਤੇ ਝੰਜੋੜਿਆ ਅਤੇ ਉਹ ਆਪਣੇ ਪਿਛੋਕੜ ਤੇ ਬਹਾਦਰੀ ਵਾਲੇ ਇਤਿਹਾਸ ਨੂੰ ਯਾਦ ਕਰਦੇ ਰਹਿੰਦੇ।

ਹੁਣ ਸਮਾਂ ਆ ਗਿਆ ਸੀ ਫੈਸਲਾ ਕਰਨ ਦਾ। ਜੇ ਚੁੱਪ-ਚਪੀਤੇ ਆਪਣੇ ਵਤਨ ਨੂੰ ਮੁੜਦੇ ਤਾਂ ਮਾਲੀ ਨੁਕਸਾਨ ਤੋਂ ਇਲਾਵਾ ਕੌਮ ਦੀ ਬੇਇੱਜਤੀ ਤੇ ਬੁਜ਼ਦਿਲੀ ਵਾਲਾ ਇਲਜ਼ਾਮ ਲਗਦਾ ਸੀ। ਪੰਜਾਬੀਆਂ ਲਈ ਇਹ ਵੀ ਨਾ ਸਹਾਰਨ ਯੋਗ ਸੀ। ਦੂਜਾ ਰਾਹ ਸੀ, ਆਜ਼ਾਦੀ ਹਾਸਲ ਕਰਨ ਲਈ ਜਥੇਬੰਦ ਹੋਣ ਤੇ ਆਜ਼ਾਦੀ ਦਾ ਘੋਲ ਲੜਨ ਦਾ। ਸੋ, ਇਨ੍ਹਾਂ ਦੀ ਜ਼ਮੀਰ ਨੇ ਫੈਸਲਾ ਕੀਤਾ ਕਿ ਬੁਜ਼ਦਿਲਾਂ ਵਾਂਗ ਮੈਦਾਨ ਵਿਚੋਂ ਭੱਜਣ ਦੀ ਥਾਂ ਇਥੇ



*ਜਵਾਲਾ ਸਿੰਘ ਠਠੀਆਂ*

ਰਹਿ ਕੇ ਮਰਦਾਂ ਵਾਂਗ ਹਿੰਦੋਸਤਾਨ ਦੀ ਆਜ਼ਾਦੀ ਹਾਸਲ ਕਰ ਲੈਣ ਤਕ ਜਦੋ-ਜਹਿਦ ਜਾਰੀ ਰੱਖੀ ਜਾਵੇ। ਇਸ ਕਾਰਜ ਲਈ ਤਨ, ਮਨ ਤੇ ਧਨ ਦੀ ਕੁਰਬਾਨੀ ਵੀ ਦੇਣੀ ਪਵੇ ਤਾਂ ਹੱਸਦੇ-ਹੱਸਦੇ ਦੇਈਏ।

ਹੋਰਟਵਿਲ ਫਾਰਮ ਵਿਚ ਜਵਾਲਾ ਸਿੰਘ, ਸੰਤ ਵਿਸਾਖਾ ਸਿੰਘ ਤੇ ਭਾਈ ਸੰਤੋਖ ਸਿੰਘ ਹਿੰਦੋਸਤਾਨ ਦੀ ਆਜ਼ਾਦੀ ਲਈ ਜਦੋਂ ਵੀ ਵਕਤ ਮਿਲਦਾ, ਇਕੱਠੇ ਬੈਠ ਕੇ ਵਿਚਾਰਾਂ ਕਰਦੇ। ਇਕ ਦਿਨ ਇਨ੍ਹਾਂ ਤਿੰਨਾਂ ਕੌਮਪ੍ਰਸਤਾਂ ਨੇ ਅੰਮ੍ਰਿਤ ਵੇਲੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਆਜ਼ਾਦੀ ਦੇ ਇਸ ਪਵਿੱਤਰ ਕਾਰਜ ਲਈ ਅਰਦਾਸ ਕੀਤੀ: ਅੱਜ ਤੋਂ ਸਾਡਾ ਤਨ, ਮਨ ਤੇ ਧਨ ਮੁਲਕ ਦਾ ਹੋ ਚੁਕਾ ਹੈ। ਉਸ ਦਿਨ ਤੋਂ ਇਹ ਤਿੰਨੇ ਤਿਆਗੀ ਦੇਸ਼ ਭਗਤ, ਦੇਸ਼ ਦੀ ਅਮਾਨਤ ਬਣ ਗਏ। ਇਉਂ ਮਾਲੂਮ ਹੋਣ ਲੱਗਾ ਜਿਵੇਂ ਆਲੂਆਂ ਦੇ ਖੇਤਾਂ ਵਿਚ ਆਜ਼ਾਦੀ ਦੇ ਬੀਜ ਪੁੰਗਰਨ ਲੱਗੇ ਹੋਣ। ਹੋਰਟਵਿਲ ਫਾਰਮ ਵਿਚ ਹੋਰ ਵੀ ਕੰਮ ਕਰਦੇ ਪੰਜਾਬੀ ਅਤੇ ਕਰਤਾਰ ਸਿੰਘ ਸਰਾਭਾ ਵਰਗੇ ਨੌਜਵਾਨ ਇਨ੍ਹਾਂ ਵਿਚਾਰਾਂ ਨਾਲ ਸਹਿਮਤ ਹੁੰਦੇ ਰਹੇ ਤੇ ਦਿਨ-ਬ-ਦਿਨ ਕਤਾਰ ਲੰਮੀ ਹੁੰਦੀ ਚਲੀ ਗਈ।

ਰਿਆਸਤ ਓਰੇਗਾਨ ਵਿਚ ਵੀ ਗੁਲਾਮੀ ਕਾਰਨ ਨਿਤ ਦਿਨ ਆਉਂਦੀਆਂ ਔਕੜਾਂ, ਮੁਸ਼ਕਿਲਾਂ ਨੂੰ ਦੇਖਦਿਆਂ ਕਾਂਸੀ ਰਾਮ, ਕੇਸਰ ਸਿੰਘ, ਸੋਹਨ ਸਿੰਘ, ਮਾਸਟਰ ਊਧਮ ਸਿੰਘ, ਹਰਨਾਮ ਸਿੰਘ ਤੇ ਕਈ ਹੋਰ ਸਾਥੀ ਹਰਕਤ ਵਿਚ ਆ ਚੁਕੇ ਸਨ। ਉਨ੍ਹਾਂ ਆਪਣੀ ਹਿੰਦੀ ਐਸੋਸੀਏਸ਼ਨਾਂ ਦੀ ਜਥੇਬੰਦੀ ਬਣਾ ਰੱਖੀ ਸੀ। ਹੁਣ ਹਾਲਾਤ ਬਣ ਚੁਕੇ ਸਨ, ਲੋੜ ਸੀ ਤਾਂ ਇਕ ਸਾਂਝੀ ਜਥੇਬੰਦੀ ਵਿਚ ਪਰੋਏ ਜਾਣ ਦੀ।

31 ਦਸੰਬਰ 1913 ਨੂੰ ਕ੍ਰਿਸਮਸ ਦੀਆਂ ਛੁੱਟੀਆਂ ਸਨ। ਜਵਾਲਾ ਸਿੰਘ ਦੇ ਉਦਮ ਸਦਕਾ ਸੈਕਰਾਮੈਂਟੋ ਵਿਚ ਇਤਿਹਾਸਕ ਕਾਨਫਰੰਸ ਰੱਖੀ ਗਈ, ਜੋ ਜਵਾਲਾ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਸਾਰਾ ਖਰਚਾ ਫੋਰਮ ਨੇ ਕੀਤਾ। ਹਿੰਦੋਸਤਾਨੀਆਂ, ਪੰਜਾਬੀਆਂ ਦੀ ਭਰਵੀਂ ਹਾਜ਼ਰੀ ਹੋਈ। ਪੰਡਾਲ ਵਿਚ ਲਾਲਾ ਹਰਦਿਆਲ, ਸੋਹਨ ਸਿੰਘ ਭਕਨਾ, ਪੰਡਿਤ ਕਾਂਸੀ ਰਾਮ, ਕੇਸਰ ਸਿੰਘ ਠਠਗੜ੍ਹ ਵਾਲੇ ਤੇ ਜਵਾਲਾ ਸਿੰਘ ਨੇ ਬਰਤਾਨੀਆ ਸਰਕਾਰ ਖਿਲਾਫ ਜੋਸ਼ੀਲੇ ਭਾਸ਼ਨ ਦਿਤੇ। ਇਸ ਕਾਨਫਰੰਸ ਦੇ ਅਖੀਰ 'ਤੇ ਸਾਂਝੇ ਫੈਸਲੇ ਸਰਬਸੰਮਤੀ ਨਾਲ ਲਏ ਗਏ ਅਤੇ ਜਥੇਬੰਦੀ ਬਣਾਈ ਗਈ।

ਜਥੇਬੰਦੀ ਦੇ ਪ੍ਰਚਾਰ ਲਈ ਅਖਬਾਰ ਦਾ ਨਾਂ 'ਗਦਰ' ਰੱਖਿਆ ਗਿਆ। ਫੈਸਲਾ ਹੋਇਆ ਕਿ ਅਖਬਾਰ ਦੀ ਛਪਾਈ ਲਈ ਪ੍ਰੈਸ ਖਰੀਦੀ ਜਾਵੇ ਤੇ ਉਸ ਦਾ ਨਾਂ ਵੀ ਗਦਰ ਪ੍ਰੈਸ ਹੀ ਰੱਖਿਆ ਜਾਵੇ। ਸੈਨ ਫਰਾਂਸਿਸਕੋ ਕਿਉਂਕਿ ਵੱਡੀ ਸਮੁੰਦਰੀ ਬੰਦਰਗਾਹ ਹੈ, ਇਸ ਲਈ ਗਦਰ ਪਾਰਟੀ ਦਾ ਦਫਤਰ ਸੈਨ ਫਰਾਂਸਿਸਕੋ ਹੀ ਖੋਲ੍ਹਿਆ ਜਾਵੇ ਤੇ ਉਸ ਦਾ ਨਾਂ ਯੁਗਾਂਤਰ ਆਸ਼ਰਮ ਰੱਖਿਆ ਜਾਵੇ। ਇਸ ਮੌਕੇ ਜਿਨ੍ਹਾਂ ਅਹੁਦੇਦਾਰਾਂ ਦੀ ਚੋਣ ਕੀਤੀ ਗਈ, ਉਹ ਸਨ-ਪ੍ਰਧਾਨ ਸੋਹਨ ਸਿੰਘ ਭਕਨਾ, ਮੀਤ ਪ੍ਰਧਾਨ ਕੇਸਰ ਸਿੰਘ ਤੇ ਜਵਾਲਾ ਸਿੰਘ, ਜਨਰਲ ਸਕੱਤਰ ਲਾਲਾ ਹਰਦਿਆਲ, ਖਜਾਨਚੀ ਪੰਡਿਤ ਕਾਂਸੀ ਰਾਮ ਤੇ ਹਰਨਾਮ ਸਿੰਘ ਟੁੰਡੀਲਾਟ ਅਤੇ ਜਥੇਬੰਦਕ ਸਕੱਤਰ ਮੁਨਸ਼ੀ ਰਾਮ ਤੇ ਕਰੀਮ ਬਖਸ਼।

ਉਨ੍ਹੀਂ ਦਿਨੀਂ ਕੈਨੇਡਾ ਵਿਚ ਕੰਮ ਕਰਦੇ ਹਿੰਦੀਆਂ ਜਾਂ ਪੰਜਾਬੀਆਂ 'ਤੇ ਗੁਲਾਮੀ ਵਾਲਾ ਟੀਕਾ ਲੱਗ ਰਿਹਾ ਸੀ ਅਤੇ ਪ੍ਰੇਸ਼ਾਨ ਕਰ ਰਿਹਾ ਸੀ। ਉਹ ਵੀ ਗੁਲਾਮੀ ਵਾਲੀ ਇਸ ਬਿਮਾਰੀ ਦਾ ਹੱਲ ਲੱਭ ਰਹੇ ਸਨ। ਗਦਰ ਪਾਰਟੀ ਵਜੂਦ ਵਿਚ ਆਉਂਦਿਆਂ ਹੀ ਉਹ ਵੀ ਇਸ ਵਿਚ ਸ਼ਾਮਲ ਹੁੰਦੇ ਚਲੇ ਗਏ। ਇਸ ਤਰ੍ਹਾਂ ਅਮਰੀਕਾ, ਕੈਨੇਡਾ, ਪਨਾਮਾ ਤੇ ਹੋਰ ਜਿਥੇ ਜਿਥੇ ਵੀ ਵਿਦੇਸ਼ਾਂ ਵਿਚ ਹਿੰਦੋਸਤਾਨੀ, ਪੰਜਾਬੀ ਕੰਮ ਕਰਦੇ ਸਨ, ਗਦਰ ਪਾਰਟੀ ਦੇ ਝੰਡੇ ਹੇਠ ਇਕੱਠੇ ਹੁੰਦੇ ਚਲੇ ਗਏ। ਗਦਰ ਪਾਰਟੀ ਦਾ ਉਦੇਸ਼ ਸੀ: ਆਜ਼ਾਦੀ ਤੇ ਬਰਾਬਰੀ।

ਉਨ੍ਹੀਂ ਦਿਨੀਂ ਕਾਮਾਗਾਟਾ ਮਾਰੂ ਜਹਾਜ਼ ਕੈਨੇਡਾ ਸਰਕਾਰ ਵਲੋਂ ਲਾਈਆਂ ਸਾਰੀਆਂ ਸ਼ਰਤਾਂ ਪੂਰੀਆਂ ਕਰਦਾ ਕੈਨੇਡਾ ਦੀ ਵੈਨਕੂਵਰ ਬੰਦਰਗਾਹ ਦੇ ਪਾਣੀਆਂ ਵਿਚ ਜਾ ਲੱਗਾ। ਕੈਨੇਡਾ ਸਰਕਾਰ ਨੇ ਬਰਤਾਨੀਆ ਸਰਕਾਰ ਦੇ ਇਸ਼ਾਰੇ 'ਤੇ ਜਹਾਜ਼ ਨੂੰ ਬੰਦਰਗਾਹ ਦੇ ਸਾਹਿਲ 'ਤੇ ਨਾ ਲੱਗਣ ਦਿੱਤਾ। ਇਸ ਨਾਲ ਕੈਨੇਡਾ ਵਾਸੀ ਪੰਜਾਬੀਆਂ ਦੇ ਦਿਲਾਂ 'ਤੇ ਗਹਿਰੀ ਸੱਟ ਵੱਜੀ। ਬੜੀ ਜਦੋਜਹਿਦ ਪਿਛੋਂ ਆਖਰ 23 ਜੁਲਾਈ 1914 ਨੂੰ ਮੁਸਾਫਰਾਂ ਸਮੇਤ ਜਹਾਜ਼ ਨੂੰ ਵਾਪਸ ਹਿੰਦੋਸਤਾਨ ਮੁੜਨਾ ਪਿਆ।

ਇਸੇ ਦੌਰਾਨ ਪਹਿਲਾ ਸੰਸਾਰ ਯੁੱਧ ਸ਼ੁਰੂ ਹੋ ਗਿਆ। ਆਜ਼ਾਦੀ ਹਾਸਲ ਕਰਨ ਲਈ 'ਗਦਰ' ਅਖਬਾਰ ਦੇ ਪਹਿਲੇ ਸਫੇ 'ਤੇ ਬਰਤਾਨੀਆ ਸਰਕਾਰ ਖਿਲਾਫ ਐਲਾਨ-ਏ-ਜੰਗ ਛਾਪ ਦਿੱਤਾ ਗਿਆ ਅਤੇ ਗਦਰ ਪਾਰਟੀ ਨੂੰ ਸਿਰ ਵੇਚਣ ਵਾਲੇ ਸਾਰੇ ਕਾਰਕੁਨਾਂ ਨੂੰ ਵਤਨ ਪਹੁੰਚਣ ਦਾ ਸੱਦਾ ਵੀ ਦਿੱਤਾ ਗਿਆ। ਸੈਨ ਫਰਾਂਸਿਸਕੋ ਤੋਂ ਚੱਲਣ ਵਾਲੇ ਕੋਰੀਆ ਨਾਮੀ ਜਹਾਜ਼ ਵਿਚ 60 ਗਦਰੀ ਸਵਾਰ ਹੋ ਗਏ। ਇਨ੍ਹਾਂ ਵਿਚ ਆਪਣੀ ਬਾਦਸ਼ਾਹਤ ਨੂੰ ਆਜ਼ਾਦੀ ਤੋਂ ਕੁਰਬਾਨ ਕਰਨ ਵਾਲਾ ਜਵਾਲਾ ਸਿੰਘ ਵੀ ਸ਼ਾਮਿਲ ਸੀ।

ਸਮੁੰਦਰ 'ਤੇ ਜਰਮਨੀ ਦੇ ਐਮਡਨ ਜੰਗੀ ਜਹਾਜ਼ ਦਾ ਰਾਜ ਸੀ। ਉਹ ਕਈ ਜਹਾਜ਼ ਸਮੁੰਦਰ ਵਿਚ ਡੋਬ ਚੁਕਾ ਸੀ। ਇਸ ਕਰਕੇ ਤੋਸ਼ਾ ਮਾਰੂ ਜਹਾਜ਼ ਸਿੰਗਾਪੁਰ ਬੰਦਰਗਾਹ 'ਤੇ ਰੁਕਿਆ ਰਿਹਾ। ਜਦੋਂ ਇਹ ਜਹਾਜ਼ ਤੋਸ਼ਾ ਮਾਰੂ ਆਪਣੀ ਮੰਜ਼ਿਲ ਨੂੰ ਰਵਾਨਾ ਹੋਇਆ ਤਾਂ ਐਮਡਨ ਜਹਾਜ਼ ਨੇ ਇਸ ਦਾ ਪਿੱਛਾ ਕੀਤਾ। ਗਦਰੀਆਂ ਨੇ ਬੜੀ ਦਲੇਰੀ ਤੇ ਹੌਸਲੇ ਦਾ ਸਬੂਤ ਦਿੰਦਿਆਂ ਜਹਾਜ਼ ਦੀ ਉਪਰ ਵਾਲੀ ਮੰਜ਼ਿਲ 'ਤੇ ਜਾ ਕੇ ਗਦਰ ਲਹਿਰ ਦਾ ਝੰਡਾ ਝੁਲਾ ਕੇ ਐਮਡਨ ਜਹਾਜ਼ ਨੂੰ ਖਬਰਦਾਰ ਕੀਤਾ ਕਿ ਇਸ ਵਿਚ ਅਮਰੀਕਾ ਤੋਂ ਆਏ ਸਾਰੇ ਇਨਕਲਾਬੀ ਦੇਸ਼ ਭਗਤ ਹਨ। ਜਰਮਨੀ ਦੇ ਐਮਡਨ ਜਹਾਜ਼ ਨੇ ਹਮਲਾ ਨਾ ਕੀਤਾ। ਜਦੋਂ ਇਹ ਜਹਾਜ਼ ਪਿਲਾਂਗ ਪਹੁੰਚਾ ਤਾਂ ਐਮਡਨ ਉਥੇ ਬੰਦਰਗਾਹ 'ਤੇ ਖੜ੍ਹੇ ਦੋ ਜਹਾਜ਼ ਪਾਣੀ ਵਿਚ ਡੋਬ ਕੇ ਪਤਰਾ ਵਾਚ ਗਿਆ। ਹੁਣ ਤੋਸ਼ਾ ਮਾਰੂ ਜਹਾਜ਼ ਆਪਣੀ ਆਖਰੀ ਮੰਜ਼ਿਲ ਵਲ ਵਧ ਰਿਹਾ ਸੀ।

ਇਸ ਤੋਂ ਪਹਿਲਾਂ ਕਲਕੱਤੇ ਦੀ ਬੰਦਰਗਾਹ ਬਜਬਜ ਘਾਟ 'ਤੇ ਕਾਮਾਗਾਟਾ ਮਾਰੂ ਜਹਾਜ਼ ਵਾਲਾ ਖੂਨੀ ਸਾਕਾ ਵਰਤ ਚੁਕਾ ਸੀ। ਸਰਕਾਰ ਪੂਰੀ ਤਰ੍ਹਾਂ ਚੌਕਸ ਸੀ। ਜਦੋਂ ਜਹਾਜ਼ ਬੰਦਰਗਾਹ 'ਤੇ ਲੱਗਾ ਤਾਂ ਇਸ ਨੂੰ ਹਿਰਾਸਤ ਵਿਚ ਲੈ ਲਿਆ ਗਿਆ। 120 ਮੁਸਾਫਰ ਮਿੰਟਗੁਮਰੀ ਜੇਲ੍ਹ ਅਤੇ ਕੁਝ ਮੁਲਤਾਨ ਦੀ ਜੇਲ੍ਹ ਵਿਚ ਡੱਕ ਦਿੱਤੇ ਗਏ। ਜੋ ਮੁਸਾਫਰ ਬਾਕੀ ਸਨ, ਉਹ ਸਾਰੇ ਜੂਹਬੰਦ ਕਰ ਦਿੱਤੇ ਗਏ।

ਲਾਹੌਰ ਸਾਜ਼ਿਸ਼ ਕੇਸ ਦੇ ਨਾਂ ਹੇਠ 64 ਇਨਕਲਾਬੀ ਦੇਸ਼ ਭਗਤ ਗਦਰੀਆਂ 'ਤੇ ਲਾਹੌਰ ਵਿਚ ਮੁਕੱਦਮਾ ਚਲਾਇਆ ਗਿਆ। ਪੇਸ਼ੀ ਦੌਰਾਨ ਸਰਕਾਰੀ ਵਕੀਲ ਨੇ ਇਕ ਇਨਕਲਾਬੀ ਬਾਰੇ ਕਿਹਾ ਕਿ ਅੱਜ ਇਸ ਨੇ ਪਗੜੀ ਬਦਲੀ ਹੋਈ ਹੈ ਤਾਂ ਜਵਾਲਾ ਸਿੰਘ ਬੋਲੇ, ਪਗੜੀ ਹੀ ਬਦਲੀ ਹੈ, ਚਿਹਰਾ ਤਾਂ ਨਹੀਂ ਬਦਲਿਆ। ਇਸ 'ਤੇ ਸਰਕਾਰੀ ਵਕੀਲ ਨੇ ਕਿਹਾ, ਤੂੰ ਚੁੱਪ ਕਰ ਓਏ। ਇਸ 'ਤੇ ਜਵਾਲਾ ਸਿੰਘ ਨੇ ਸਰਕਾਰੀ ਵਕੀਲ ਨੂੰ ਕਿਹਾ, ਤੂੰ ਵੀ ਹੋਸ਼ ਨਾਲ ਗੱਲ ਕਰੀਂ। ਇਸ ਦੌਰਾਨ ਜੱਜ ਨੇ ਅਦਾਲਤ ਦੀ ਤੌਹੀਨ ਕਹਿ ਕੇ ਸਾਰਿਆਂ ਨੂੰ ਅਗਲੀ ਪੇਸ਼ੀ ਤਕ ਕੋਠੀਆਂ ਵਿਚ ਬੰਦ ਕਰਨ ਦੇ ਨਾਲ ਜਵਾਲਾ ਸਿੰਘ ਨੂੰ 132 ਬੈਂਤ ਮਾਰਨ ਦੀ ਸਜ਼ਾ ਸੁਣਾਈ। ਆਫਰੀਨ ਜਵਾਲਾ ਸਿੰਘ! ਉਸ ਨੇ ਮਾਰੀਆਂ ਬੈਂਤਾਂ ਦੀ ਗਿਣਤੀ ਖੁਦ ਕੀਤੀ।

1915 ਤੋਂ 1933 ਤਕ ਜਵਾਲਾ ਸਿੰਘ ਵੱਖ ਵੱਖ ਜੇਲ੍ਹਾਂ ਵਿਚ ਰਹੇ। ਮੁਕੱਦਮੇ ਦਾ ਫੈਸਲਾ 13 ਸਤੰਬਰ 1915 ਨੂੰ ਸੁਣਾਇਆ ਗਿਆ। ਬਹੁਤਿਆਂ ਨੂੰ ਫਾਂਸੀ ਦੀ ਸਜ਼ਾ ਤੇ ਬਾਕੀਆਂ ਨੂੰ ਹੋਰ ਸਖਤ ਸਜ਼ਾਵਾਂ ਹੋਈਆਂ। ਇਸ ਫੈਸਲੇ ਖਿਲਾਫ ਮੁਲਕ ਵਿਚ ਹਾਹਾਕਾਰ ਮਚ ਗਈ। ਵਾਇਸਰਾਏ ਨੇ ਫੈਸਲਾ ਬਦਲ ਕੇ ਸੱਤ ਨੂੰ ਫਾਂਸੀ ਅਤੇ 24 ਨੂੰ ਉਮਰ ਕੈਦ ਤੇ ਬਾਕੀਆਂ ਨੂੰ 10 ਸਾਲ ਤੋਂ 2 ਸਾਲ ਤਕ ਦੀਆਂ ਸਜ਼ਾਵਾਂ ਸੁਣਾਈਆਂ। ਇਤਿਹਾਸ ਗਵਾਹ ਹੈ ਕਿ ਇਕ ਵਾਰ ਫਿਰ ਜਦੋਂ ਜਵਾਲਾ ਸਿੰਘ ਕੈਂਬਲਪੁਰ ਜੇਲ੍ਹ ਵਿਚ ਤਬਦੀਲ ਕੀਤੇ ਗਏ, ਉਥੇ ਵੀ ਸੁਪਰਡੈਂਟ ਨੇ 30 ਬੈਂਤਾਂ ਦੀ ਸਜ਼ਾ ਦਿੱਤੀ, ਜੋ ਜਵਾਲਾ ਸਿੰਘ ਨੇ ਪਹਿਲਾਂ ਵਾਂਗ ਖਿੜੇ ਮੱਥੇ ਸਹਾਰੀ। ਉਨ੍ਹਾਂ ਛੇ ਸਾਲ ਅੰਡੇਮਾਨ ਜੇਲ੍ਹ ਵਿਚ ਗੁਜ਼ਾਰੇ ਅਤੇ ਦੋ ਵਾਰ ਬੈਂਤਾਂ ਦੀ ਸਜ਼ਾ ਸਹਾਰੀ। ਡੰਡਾ ਬੇੜੀ ਤੇ ਕੋਡੀ ਤੋਂ ਇਲਾਵਾ ਉਹ ਲੋਹੇ ਦੇ ਪਿੰਜਰੇ 'ਚ ਵੀ ਰਹੇ ਪਰ ਸਰਕਾਰੀ ਦਬਾਅ ਅੱਗੇ ਸਿਰ ਝੁਕਾਉਣਾ ਉਨ੍ਹਾਂ ਦੀ ਆਦਤ ਦੇ ਉਲਟ ਸੀ।

ਸਜ਼ਾਵਾਂ ਪੂਰੀਆਂ ਹੋਣ 'ਤੇ ਬਹੁਤੇ ਇਨਕਲਾਬੀ ਦੇਸ਼ ਭਗਤ ਗਦਰ 1933 ਵਿਚ ਰਿਹਾ ਹੋਏ। ਇਨ੍ਹਾਂ ਵਿਚ ਜਵਾਲਾ ਸਿੰਘ ਵੀ ਸਨ। ਇਹ ਇਨਕਲਾਬੀ ਗਦਰੀ ਦੇਸ਼ ਭਗਤ, ਸੱਜ ਫੁੱਟ ਗੱਭਰੂ ਜੇਲ੍ਹਾਂ ਵਿਚ ਗਏ ਸਨ ਅਤੇ ਸਫੈਦ ਵਾਲਾਂ ਨਾਲ ਬਾਬੇ ਬਣ ਕੇ ਜੇਲ੍ਹਾਂ ਤੋਂ ਬਾਹਰ ਆਏ। ਉਦੋਂ ਤਾਈਂ ਜਿਸਮਾਨੀ ਸਿਹਤ ਤਬਾਹ ਹੋ ਚੁਕੀ ਸੀ।

ਸੰਤ ਵਿਸਾਖਾ ਸਿੰਘ ਨੂੰ ਸਰਕਾਰ ਨੇ 1934 ਵਿਚ ਫਿਰ ਜੂਹ ਬੰਦ ਕਰ ਦਿੱਤਾ। ਉਨ੍ਹਾਂ ਦੀ ਜਗ੍ਹਾ 1934 ਵਿਚ ਜਵਾਲਾ ਸਿੰਘ ਨੂੰ ਪਰਿਵਾਰਕ ਸਹਾਇਕ ਕਮੇਟੀ ਦਾ ਐਕਟਿੰਗ ਪ੍ਰਧਾਨ ਬਣਾਇਆ ਗਿਆ। ਨੀਲੀਬਾਰ ਕਹੇ ਜਾਣ ਵਾਲੇ ਪਾਸੇ ਜਿਲਾ ਮਿੰਟਗੁਮਰੀ ਵਿਚ ਮੁਜਾਰਾ ਪਰਿਵਾਰ ਬੁਰੀ ਤਰ੍ਹਾਂ ਪਿਸ ਰਹੇ ਸਨ। ਉਨ੍ਹਾਂ ਦੀ ਮਦਦ ਲਈ ਜਵਾਲਾ ਸਿੰਘ ਨੀਲੀਬਾਰ ਚਲੇ ਗਏ। ਪਿੰਡ-ਪਿੰਡ ਘੁੰਮ ਕੇ 50 ਹਜ਼ਾਰ ਕੇ ਕਰੀਬ ਕਿਰਸਾਣੀ ਨਾਲ ਜੁੜੇ ਮੁਜਾਰਿਆਂ ਨੂੰ ਜਥੇਬੰਦ ਕੀਤਾ। ਉਸ ਨਾਲ ਮੁਜਾਰਾ ਲਹਿਰ ਨੂੰ ਬਹੁਤ ਕਾਮਯਾਬੀ ਮਿਲੀ।

ਬੰਗਾਲ ਵਿਚ ਕਮੀਲਾ ਦੇ ਸਥਾਨ 'ਤੇ ਕਿਸਾਨਾਂ ਨੇ ਕਾਨਫਰੰਸ ਰੱਖੀ। ਉਸ ਵਿਚ ਹਿੱਸਾ ਲੈਣ ਲਈ 6 ਮਈ 1938 ਨੂੰ ਜਵਾਲਾ ਸਿੰਘ ਤਹਿਸੀਲ ਓਕਾੜਾ ਤੋਂ ਲਾਹੌਰ ਵੱਲ ਜਾਣ ਵਾਲੀ ਬੱਸ ਦੀ ਫਰੰਟ ਸੀਟ 'ਤੇ ਬੈਠੇ ਸਫਰ ਕਰ ਰਹੇ ਸਨ ਕਿ ਅਚਾਨਕ ਦੋ ਬੱਸਾਂ ਦੀ ਆਹਮੋ-ਸਾਹਮਣੇ ਟੱਕਰ ਹੋ ਗਈ। ਉਹ ਬੁਰੀ ਤਰ੍ਹਾਂ ਜ਼ਖਮੀ ਹੋ ਗਏ। ਸਾਰੀ ਉਮਰ ਇਨਕਲਾਬੀ ਜ਼ਿੰਦਗੀ ਗੁਜ਼ਾਰਨ ਵਾਲਾ ਹਸਪਤਾਲ ਵਿਚ ਆਖਰੀ ਵਕਤ ਤਕ ਜ਼ਖਮਾਂ ਦਾ ਮੁਕਾਬਲਾ ਕਰਦਾ ਆਖਰ ਇਹ ਗਦਰੀ ਸੂਰਮਾ ਜਵਾਲਾ ਸਿੰਘ ਠਠੀਆਂ 9 ਮਈ 1938 ਨੂੰ ਸਵੇਰੇ 72 ਸਾਲ ਦੀ ਉਮਰ ਭੋਗ ਕੇ ਹਸਪਤਾਲ ਵਿਚ ਹੀ ਹਿੰਦੋਸਤਾਨ ਵਾਸੀਆਂ ਨੂੰ ਸਦਾ ਲਈ ਅਲਵਿਦਾ ਆਖ ਗਿਆ।

ਕਹਾਣੀ

# ਘਸਿਆ ਹੋਇਆ ਆਦਮੀ

***ਬਲਜਿੰਦਰ ਨਸਰਾਲੀ ਦੀ ਕਹਾਣੀ 'ਘਸਿਆ ਹੋਇਆ ਆਦਮੀ' ਵਿਚ ਪੰਜਾਬ ਦਾ ਤਿੰਨ ਦਹਾਕੇ ਪਹਿਲਾਂ ਦਾ ਰੰਗ ਘੁਲਿਆ ਹੋਇਆ ਹੈ। ਇਹ ਉਹ ਵਕਤ ਸੀ, ਜਦੋਂ ਯੂ. ਪੀ.-ਬਿਹਾਰ ਤੋਂ ਪਰਵਾਸੀ ਕਾਮਿਆਂ ਦੀ ਆਮਦ ਅਜੇ ਸ਼ੁਰੂ ਹੀ ਹੋਈ ਸੀ। ਜੱਟਾਂ ਨੇ ਅਜੇ ਕੰਮ ਨਹੀਂ ਸੀ ਛੱਡਿਆ। ਬਿਮਾਰੀ ਦਾ ਝੰਬਿਆ ਕਹਾਣੀ ਦਾ ਮੁੱਖ ਪਾਤਰ ਆਪਣੀ ਮਿਟ ਰਹੀ ਹੋਂਦ ਨਾਲ ਦੋ-ਚਾਰ ਹੋ ਰਿਹਾ ਹੈ। ਪ੍ਰਸਿਧ ਰੰਗਕਰਮੀ ਸੈਮੂਅਲ ਜੌਹਨ ਨੇ ਇਸ ਕਹਾਣੀ ਨੂੰ ਆਧਾਰ ਬਣਾ ਕੇ ਤਿਆਰ ਕੀਤੇ ਨਾਟਕ ਦੀਆਂ ਸੈਂਕੜੇ ਪੇਸ਼ਕਾਰੀਆਂ ਦੇਸ਼-ਵਿਦੇਸ਼ ਵਿਚ ਕੀਤੀਆਂ ਹਨ। -ਸੰਪਾਦਕ***

ਖੁੱਲ੍ਹੇ ਦਰਾਂ 'ਚੋਂ ਕਦੇ-ਕਦੇ ਹਵਾ ਦਾ ਬੁੱਲ੍ਹਾ ਆਉਂਦਾ ਤੇ ਵਿਹੜੇ ਵਿਚ ਖੜ੍ਹੀ ਡੇਕ ਦੀਆਂ ਟਾਹਣੀਆਂ ਨੂੰ ਹਿਲਾ ਜਾਂਦਾ। ਨਾਲੇ ਹਰ ਵਾਰ ਇਕ ਦੋ ਅੱਧ-ਪੀਲੇ ਪੱਤੇ ਝੜ ਕੇ ਹੇਠਾਂ ਆ ਡਿੱਗਦੇ।

ਅੰਦਰੋਂ ਆਪਣੀ ਵਹੀ ਜਿਹੀ ਲਿਆ ਕੇ ਬੱਗਾ ਲੰਬੜਦਾਰ ਵਾਣ ਦੇ ਮੰਜੇ 'ਤੇ ਬਹਿ ਗਿਆ। ਅਰਜਣ ਭੁੰਜੇ ਬੈਠਾ ਸੀ, ਉਸ ਨੇ ਗੋਡਿਆਂ ਦੁਆਲੇ ਹੱਥਾਂ ਦੀ ਕੰਘੀ ਪਾਈ ਹੋਈ ਸੀ। ਲੰਬੜਦਾਰ ਵਰਕੇ ਪਰਤਣ ਲੱਗਾ ਤੇ ਅਰਜਣ ਖਾਲੀ-ਖਾਲੀ ਨਜ਼ਰਾਂ ਨਾਲ ਆਲੇ-ਦੁਆਲੇ ਝਾਕ ਰਿਹਾ ਸੀ। ਇਕ ਸ਼ੈਅ ਤੋਂ ਦੂਜੀ ਸ਼ੈਅ 'ਤੇ ਉਸ ਦੀਆਂ ਨਜ਼ਰਾਂ ਬੜੀ ਸੁਸਤੀ ਨਾਲ ਪਹੁੰਚਦੀਆਂ। ਖੁਰਲੀ 'ਤੇ ਖੜ੍ਹੇ ਡੰਗਰ ਆਥਣ ਵਕਤ ਦੇ ਕੱਖਾਂ ਨੂੰ ਉਡੀਕਦੇ ਘਰ ਦੇ ਬੰਦਿਆਂ ਵੱਲ ਝਾਕਦੇ ਅੜਿੰਗ ਰਹੇ ਸਨ। ਲੰਬੜਦਾਰਨੀ ਤੇ ਉਸ ਦੀ ਵੱਡੀ ਨੂੰਹ ਕੱਤ ਰਹੀਆਂ ਸਨ। ਛੋਟੀ ਬਹੂ ਚਾਹ ਬਣਾ ਰਹੀ ਸੀ। ਧੂੰਆਂ ਹੌਲੀ-ਹੌਲੀ ਉਠਦਾ ਚਿਮਨੀ ਵਿਚ ਵੜ ਕੇ ਕੋਠੇ ਉਤੇ ਜਾ ਕੇ ਨਿਕਲਦਾ ਸੀ।



**ਬਲਜਿੰਦਰ ਨਸਰਾਲੀ**

ਲੰਬੜਦਾਰ ਨੇ ਲੱਤਾਂ ਨਿਸਾਲੀਆਂ ਤੇ ਸੂਤ ਹੋ ਕੇ ਬਹਿੰਦਾ ਬੋਲਿਆ, "ਅਰਜਣ ਸਿਆਂ! ਊਂ ਤਾਂ ਅਸੀਂ ਸੀਰੀ ਤੈਨੂੰ ਹੀ ਰੱਖਣਾ ਤੀ, ਪਰ ਤੂੰ ਖੁਦ ਸਮਝਦਾਰ ਏਂ, ਤੈਥੋਂ ਹੁਣ ਕੰਮ ਨੀ ਕਰ ਹੋਣਾ ਸਾਡੇ ਨਾ', ਹੁਣ ਤੂੰ ਸਿਆਣਾ ਹੋ ਗਿਆਂ। ਆਪਣੀ ਖੇਤੀ ਤਾਂ ਤੈਨੂੰ ਪਤਾ, ਬਈ ਤਕੜੇ ਜਵਾਨ ਆਦਮੀ ਦੀ ਐ, ਛੇ-ਸੱਤ ਸਾਲ ਆਪਣੀ ਚੰਗੀ ਨਿਭਗੀ।" ਥੋੜ੍ਹਾ ਰੁਕ ਕੇ ਵਰਕੇ 'ਤੇ ਝਾਕਦਾ ਲੰਬੜਦਾਰ ਫਿਰ ਬੋਲਿਆ, "ਤੂੰ ਏਕਣ ਕਰੀਂ, ਕਿਸੇ ਛੋਟੇ ਲਾਣੇ ਨਾਲ ਰਲ ਜੀਂ, ਕੀ ਕਹਿੰਦਾ?"

ਅਰਜਣ ਨੇ ਉਸ ਦੀ ਗੱਲ ਸੁਣੀ ਪਰ ਬੋਲਿਆ ਕੁਝ ਨਾ। ਲੰਬੜਦਾਰ ਵੀ ਜਵਾਬ ਉਡੀਕੇ ਬਿਨਾ ਵਰਕੇ ਪਰਤਣ ਲੱਗਾ, "ਲੈ ਫਿਰ ਹਿਸਾਬ ਸੁਣ ਲੈ ਆਪਦਾ...।"

ਅਰਜਣ ਨੇ ਸਿਰ ਚੁੱਕਿਆ ਤੇ ਸ਼ਾਂਤ ਨਜ਼ਰਾਂ ਨਾਲ ਲੰਬੜਦਾਰ ਵੱਲ ਝਾਕਣ ਲੱਗਾ। ਲੰਬੜਦਾਰ ਬੋਲਣ ਲੱਗਾ, "ਕੁਲ ਤੇਰਾ ਸੀਗਾ ਚਾਰ ਹਜ਼ਾਰ ਸਾਲ ਦਾ, ਸੌ ਦਾ ਤੂੰ ਦੁੱਧ ਲਿਆ ਤੀ ਸਿਆਲਾਂ ਵਿਚ ਖੋਆ ਕੱਢਣ ਲਈ, ਫੇਰ ਭਾਈ ਰੱਬ ਤੇਰਾ ਭਲਾ ਕਰੇ, ਦੋ ਸੌ ਤੂੰ ਜਰਗ ਵਾਲੇ ਸਾਂਢੂ ਦੀ ਕੁੜੀ ਦੇ ਵਿਆਹ ਵੇਲੇ ਲੈ ਗਿਆ ਤੀ। ਜਦੋਂ ਤੇਰੀ ਘਰਵਾਲੀ ਮਰੀ ਉਦੋਂ ਤੂੰ ਸੌ ਉਤੇ ਚਾਰ ਵੀਹਾਂ ਲੈ ਗਿਆ ਤੀ, ਫੇਰ ਪੰਜ ਸੌ ਪਿਛਲੇ ਮਹੀਨੇ ਤੇਰੀ ਬਿਮਾਰੀ 'ਤੇ ਲੱਗ ਗਿਆ ਤੇ ਬਾਕੀ ਬਚਦੇ ਆਹ ਫੜ ਲੈ।"

ਅਰਜਣ ਨੇ ਹੱਥ ਵਧਾ ਕੇ ਪੈਸੇ ਫੜ ਲਏ। ਖੀਸੇ 'ਚੋਂ ਮੋਮੀ ਕਾਗਜ਼ ਦਾ ਲਿਫਾਫਾ ਕੱਢਦਿਆਂ ਉਸ ਨੇ ਖਾਸਾ ਚਿਰ ਲਾ ਦਿੱਤਾ। ਉਹ ਕੁਝ ਸੋਚ ਰਿਹਾ ਸੀ ਤੇ ਲੰਬੜਦਾਰ ਉਸ ਵੱਲ ਝਾਕ ਰਿਹਾ ਸੀ।

"ਗਿਣ ਲੈ ਮਖਾਂ ਅਰਜਣ...।" ਲੰਬੜਦਾਰ ਨੇ ਕਿਹਾ।

"ਬਾਪੂ ਅਰਜਣ ਦੋ ਕਿੱਲੋ ਘਿਉ ਵੀ ਲੈ ਗਿਆ ਤੀ।" ਗੁਰਦੁਆਰੇ ਵਾਸਤੇ ਕਣਕ ਥੈਲੇ ਵਿਚ ਪਾ ਰਹੇ ਲੰਬੜਦਾਰ ਦੇ ਮੁੰਡੇ ਬੇਲੂ ਨੇ ਕਿਹਾ। ਅਰਜਣ ਨੇ ਹੱਥ ਵਿਚ ਫੜੇ ਪੈਸੇ ਲੰਬੜਦਾਰ ਵੱਲ ਵਧਾ ਦਿੱਤੇ ਪਰ ਲੰਬੜਦਾਰ ਨੇ ਮਨ੍ਹਾ ਕਰਦਿਆਂ ਕਿਹਾ, "ਕੋਈ ਗੱਲ ਨ੍ਹੀਂ, ਉਹਦੇ ਪੈਸੇ ਨ੍ਹੀਂ ਮੈਂ ਲੈਣੇ।"

"ਸਾਧ ਸੰਗਤ ਜੀ, ਅੱਜ ਗੁਰੂ ਅਰਜਣ ਦੇਵ ਜੀ ਦਾ ਸ਼ਹੀਦੀ ਦਿਹਾੜਾ ਹੈ।" ਗੁਰਦੁਆਰੇ ਵਾਲੇ ਸਪੀਕਰ ਤੇ ਅਨਾਊਂਸਮੈਂਟ ਹੋ ਰਹੀ ਸੀ।

ਅੱਜ ਸੱਤ ਸਾਲਾਂ ਬਾਅਦ ਉਹ ਇਸ ਘਰ ਵਿਚੋਂ ਜਾ ਰਿਹਾ ਸੀ ਪਰ ਸਭ ਚੀਜ਼ਾਂ ਬੇਹਰਕਤ ਪਈਆਂ ਸਨ। ਉਂਜ, ਡੇਕ ਦਾ ਸਿਰ ਹਿੱਲ ਰਿਹਾ ਸੀ। ਦੁਪਹਿਰ ਢਲ ਚੁਕੀ ਸੀ ਤੇ ਤੀਆ ਪਹਿਰ ਹੋਇਆ ਪਿਆ ਸੀ। ਹਵਾ ਵੀ ਓਕਣੋ ਖੁੱਲ੍ਹੇ ਦਰਾਂ ਵਿਚੋਂ ਅੰਦਰ ਆਉਂਦੀ ਪਈ ਸੀ ਤੇ ਸਾਹਮਣੇ ਮਕਾਨ ਦੀ ਕੰਧ ਨਾਲ ਟਕਰਾ ਕੇ ਉਤੇ ਚੜ੍ਹ ਜਾਂਦੀ। ਕੱਪ ਤੇ ਕੌਲੀ ਚੁੱਕ ਕੇ ਉਹ ਓਪਰੇ ਜਿਹੇ ਕਦਮ ਚੁੱਕਦਾ ਬਾਹਰ ਨੂੰ ਤੁਰ ਪਿਆ।

"ਵੇ ਅਰਜਣ। ਚੱਲਿਆ ਤੂੰ?" ਪਿੱਛੋਂ ਲੰਬੜਦਾਰਨੀ ਦੀ ਆਵਾਜ਼ ਆਈ ਤਾਂ ਅਰਜਣ ਨੇ ਰੁਕਦਿਆਂ ਪਿੱਛੇ ਝਾਕ ਕੇ ਕਿਹਾ, "ਹਾਂ ਜੀ।"

"ਮਿਲ ਜਿਆ ਕਰੀਂ, ਕਿਸੇ ਚੀਜ਼ ਦੀ ਲੋੜ ਹੁੰਦੀ ਐ, ਲੈ ਜਿਆ ਕਰੀਂ।" ਲੰਬੜਦਾਰਨੀ ਨੇ ਬੋਹੀਏ 'ਚੋਂ ਪੂਣੀ ਚੁੱਕਦਿਆਂ ਕਿਹਾ।

"ਕੋਈ ਨੀ ਜੀ...।" ਕਹਿ ਕੇ ਅਰਜਣ ਤੁਰਨ ਲੱਗਾ।

"ਅਰਜਣ! ਚਲਿਆ ਵੀ...? ਚਾਹ ਬਣਦੀ ਐ, ਪੀ ਕੇ ਚਲੇ ਜਾਈਂ।" ਅੰਦਰ ਵਹੀ ਰੱਖ ਕੇ ਆਉਂਦਾ ਲੰਬੜਦਾਰ ਬੋਲਿਆ।

"ਬੱਸ ਲਾਣੇਦਾਰਾ।" ਮਸਾਂ ਹੀ ਕਿਹਾ ਉਸ ਨੇ। ਉਸ ਨੂੰ ਜਾਪਿਆ ਜਿਵੇਂ ਉਸ ਦੀ ਆਵਾਜ਼ ਬਹਿ ਗਈ ਹੋਵੇ। ਸੁੱਕੇ ਖੰਘੂਰੇ ਜਿਹੇ ਮਾਰਦਾ ਉਹ ਬਾਹਰ ਆ ਗਿਆ। ਫਿਰਨੀ-ਫਿਰਨੀ ਤੁਰਨ ਲੱਗਾ। ਦੂਰੋਂ ਦੇਖਿਆਂ ਉਹ ਮਾੜਚੂ ਜਿਹਾ ਬੰਦਾ ਦਿਸਦਾ। ਬਾਹਾਂ ਪਿੱਠ ਪਿੱਛੇ ਕਰਕੇ ਉਸ ਨੇ ਖੱਬੇ ਗੁੱਟ ਨੂੰ ਸੱਜੇ ਨਾਲ ਫੜਿਆ ਹੋਇਆ ਸੀ। ਕੱਪ ਤੇ ਕੌਲੀ ਉਸ ਦੇ ਹੱਥ ਵਿਚ ਫੜੇ ਹੋਏ ਸਨ। ਉਹ ਹੌਲੀ-ਹੌਲੀ ਤੁਰ ਰਿਹਾ ਸੀ। ਉਸ ਦਾ ਪ੍ਰਛਾਵਾਂ ਵੀ ਉਸ ਦੇ ਬਰਾਬਰ ਹੌਲੀ-ਹੌਲੀ ਚਲ ਰਿਹਾ ਸੀ।

ਉਸ ਦੇ ਚਿੱਤ ਵਿਚ ਰੋਸਾ ਸੀ। ਅਜਿਹਾ ਰੋਸਾ ਜਿਸ ਦੇ ਛੇਤੀ ਸ਼ਾਂਤ ਹੋਣ ਦੀ ਕੋਈ ਆਸ ਨਹੀਂ ਸੀ। ਇਸ ਰੋਸੇ ਕਾਰਨ ਹੀ ਉਸ ਦੇ ਚਿਹਰੇ ਉਤਲੇ ਅੰਗ ਕੱਸੇ ਪਏ ਸਨ। ਅੱਖਾਂ ਸੁੰਗੜੀਆਂ ਹੋਈਆਂ ਸਨ ਤੇ ਉਨ੍ਹਾਂ ਦੁਆਲੇ ਮਾਸ ਦੇ ਵਲ ਪਏ ਹੋਏ ਸਨ।

ਅਕਸਰ ਨੂੰ ਲੰਬੜਦਾਰ ਨਾਲ ਉਸ ਨੇ ਸੱਤ ਸਾਲ ਸੀਰ ਕਮਾਇਆ ਸੀ। ਸੱਤੇ ਸਾਲ ਕੰਮ ਪਿੱਛੇ ਕਦੇ 'ਉਏ' ਨਹੀਂ ਸੀ ਅਖਵਾਈ। ਕੰਮ ਕਰਨ ਨੂੰ ਤਾਂ ਉਹ ਪਹਿਲਾਂ ਹੀ ਪਿੰਡ ਵਿਚ ਮਸ਼ਹੂਰ ਸੀ ਪਰ ਚਾਰ ਕੁ ਮਹੀਨੇ ਪਹਿਲਾਂ ਉਸ ਦੀ ਘਰਵਾਲੀ ਬਚਨ ਕੁਰ ਮਰ ਗਈ ਸੀ। ਉਸ ਦੇ ਮਰਨ ਨਾਲ ਅਰਜਣ ਨੂੰ ਜਾਪਿਆ, ਜਿਵੇਂ ਉਸ ਦੇ ਅੰਦਰੋਂ ਕੁਝ ਟੁੱਟ ਗਿਆ ਹੋਵੇ। ਹਨੇਰੇ ਖੂੰਜਿਆਂ ਵਾਲਾ ਕੱਚਾ ਘਰ ਉਸ ਨੂੰ ਵੱਢ ਖਾਣ ਨੂੰ ਆਉਂਦਾ। ਜਿਉਂਦੇ ਜੀਅ ਬਚਨ ਕੁਰ ਦਾ ਰੱਬ ਵਰਗਾ ਆਸਰਾ ਸੀ। ਇਕ ਉਹੀ ਸੀ ਜਿਸ ਨਾਲ ਉਹ ਪਿੰਡ ਵਿਚ ਵਾਪਰਦੀ ਹਰ ਘਟਨਾ ਦੀ ਚੀਰ-ਫਾੜ ਬਿਨਾ ਕਿਸੇ ਡਰ ਤੋਂ ਕਰ ਸਕਦਾ ਸੀ। ਭਾਵੇਂ ਬਚਨ ਕੁਰ ਦੇ ਕੋਈ ਜੁਆਕ ਨਹੀਂ ਸੀ ਹੋ ਸਕਿਆ ਪਰ ਅਰਜਣ ਨੇ ਉਸ ਨੂੰ ਕਦੇ ਕੁਝ ਨਹੀਂ ਸੀ ਕਿਹਾ। ਬਚਨ ਕੁਰ ਦੇ ਹੁੰਦੇ ਘਰ ਦੀ ਹੋਂਦ ਸੀ। ਨਿੱਘ ਸੀ। ਘਰੇ ਆਉਣ ਦੀ ਕਾਹਲ ਸੀ। ਘਰ ਦੀ ਸਲਵਾੜ ਵਾਲੀ ਛੱਤ 'ਚੋਂ ਮਿੱਟੀ ਕਿਰਦੀ ਰਹਿੰਦੀ। ਥੱਲੇ ਅਰਜਣ ਦਾ ਸਰੀਰ ਕਿਰਦਾ ਗਿਆ। ਦਿਨੇ ਦੇਹ ਤੋੜ ਕੇ ਕੰਮ ਕਰਨਾ, ਰਾਤੀਂ ਬਚਨ ਕੁਰ ਨੂੰ ਯਾਦ ਕਰ-ਕਰ ਝੂਰੀ ਜਾਣਾ। ਉਸ ਦਾ ਸਰੀਰ ਬਿਮਾਰ ਪੈ ਗਿਆ। ਦੋ ਮਹੀਨੇ ਉਹ ਬਿਮਾਰ ਪਿਆ ਰਿਹਾ। ਬਿਮਾਰੀ ਕਾਰਨ ਹੀ ਉਸ ਦੇ ਸਰੀਰ 'ਤੇ ਪੈਂਦੀ ਫਿੱਕੀ-ਫਿੱਕੀ ਬੁਢਾਪੇ ਦੀ ਝਲਕ ਹੋਰ ਗੂੜ੍ਹੀ ਹੋ ਗਈ ਸੀ। ਪੂਰੇ ਦੋ ਮਹੀਨੇ ਬਾਅਦ ਉਹ ਕੰਮ 'ਤੇ ਗਿਆ ਪਰ ਲੰਬੜਦਾਰ ਨੇ ਕੋਈ ਭੱਈਆ ਕੰਮ 'ਤੇ ਰੱਖ ਲਿਆ ਸੀ। ਇਹ ਭੱਈਏ ਇਧਰੋਂ ਪੂਰਬ ਵਲੋਂ ਯੂ. ਪੀ., ਬਿਹਾਰ ਤੋਂ ਆਉਂਦੇ ਸਨ। ਕੁਝ ਸਾਲ ਪਹਿਲਾਂ ਹੀ ਪੰਜਾਬ ਦੇ ਪਿੰਡਾਂ ਵਿਚ ਆਉਣ ਲੱਗੇ ਸਨ। ਇਨ੍ਹਾਂ ਦੇ ਆਉਣ ਨਾਲ ਅਰਜਣ ਵਰਗੇ ਸੀਰੀਆਂ ਦੇ ਵਧਦੇ ਭਾਅ ਰੁਕ ਗਏ ਸਨ। ਫੇਰ ਵੀ ਅਰਜਣ 15-20 ਦਿਨ ਡੰਗਰ ਪੱਠੇ ਦਾ ਕੰਮ ਕਰਦਾ ਰਿਹਾ।

...ਤੇ ਅੱਜ ਲੰਬੜਦਾਰ ਨੇ ਉਸ ਦਾ ਹਿਸਾਬ ਕਰ ਦਿੱਤਾ ਸੀ।

ਫਿਰਨੀ ਉਤੇ ਜੱਟਾਂ ਦੇ ਘਰਾਂ ਦੀ ਲੰਬੀ ਪਾਲ ਸੀ। ਨੀਵੀਂ ਪਾਈ ਤੁਰੇ ਜਾਂਦੇ ਅਰਜਣ ਨੇ ਅੱਖਾਂ ਸੁਕੇੜ ਕੇ ਸਾਹਮਣੇ ਤਕਿਆ। ਧੁੱਪ ਅਜੇ ਵੀ ਪੂਰੇ ਜ਼ੋਰ ਨਾਲ ਕੰਧਾਂ 'ਤੇ ਪੈ ਰਹੀ ਸੀ। ਅੰਦਰ ਵੜਦਾ-ਵੜਦਾ ਜੱਟਾਂ ਦਾ ਪਾਲੂ ਅਰਜਣ ਨੂੰ ਆਉਂਦਾ ਦੇਖ ਕੇ ਦਰਾਂ ਮੂਹਰੇ ਖੜ੍ਹ ਗਿਆ। ਪਾਲੂ ਨੇ ਇਕ ਦਿਨ ਅਰਜਣ ਨੂੰ ਰਲਣ ਬਾਰੇ ਪੁੱਛਿਆ ਸੀ ਪਰ ਜਿੰਨੇ ਪੈਸੇ ਅਰਜਣ ਨੇ ਮੰਗੇ ਸਨ, ਓਨੇ ਪਾਲੂ ਨੂੰ ਜ਼ਿਆਦਾ ਲੱਗੇ ਸਨ। ਜਦੋਂ ਅਰਜਣ ਉਸ ਦੇ ਲਵੇ ਪਹੁੰਚਿਆ ਤਾਂ ਕੌਲੇ ਨਾਲ ਢੋ ਲਾਈ ਖੜ੍ਹਾ ਕਹਿਣ ਲੱਗਾ, "ਕਿਉਂ ਬਈ ਅਰਜਣ! ਕੀਤੀ ਸਲਾਹ ਫਿਰ?"

ਸਾਰੇ ਵਿਹੜੇ ਵਿਚੋਂ ਕੁਲ ਪੰਜ-ਚਾਰ ਬੰਦੇ ਹੀ ਅਰਜਣ ਵਰਗੇ ਸੀਰੀ ਰਲਣ ਜੋਗੇ ਰਹਿ ਗਏ ਸਨ। ਨਹੀਂ ਤਾਂ ਕੁਝ ਸ਼ਹਿਰ ਦਿਹਾੜੀ ਜਾਣ ਲੱਗ ਪਏ ਸਨ, ਕੁਝ ਭੱਠੇ 'ਤੇ ਜਾਂਦੇ ਸਨ ਤੇ ਕੁਝ ਨੂੰ ਉਨ੍ਹਾਂ ਦੇ ਮੁੰਡਿਆਂ ਨੇ ਨੌਕਰੀ 'ਤੇ ਲੱਗ ਕੇ ਹਟਾ ਲਿਆ ਸੀ। ਸੀਰੀਆਂ ਦੀ ਜੱਟਾਂ ਨੂੰ ਤੰਗੀ ਤਾਂ ਬੜੀ ਸੀ ਪਰ ਦਿਹਾੜੀ ਜੋਤੇ 'ਤੇ ਭੱਈਏ ਰੱਖ ਕੇ ਡੰਗ ਟਪਾਈ ਕਰੀ ਜਾਂਦੇ ਸਨ।

"ਸਲਾਹ ਆਪਾਂ ਕੀਹਦੇ ਨਾਲ ਕਰਨੀ ਐ ਸਰਦਾਰਾ, ਤੈਨੂੰ ਉਦਣ ਦੱਸਿਆ ਤਾਂ ਸੀਗਾ ਮੈਂ!"

ਤੁਰੇ ਜਾਂਦੇ ਅਰਜਣ ਨੇ ਪਾਲੂ ਵੱਲ ਝਾਕਦਿਆਂ ਪੈਰ ਮਲਦਿਆਂ ਕਿਹਾ। ਪਾਲੂ ਨੇ ਦੋ ਕਦਮ ਉਸ ਵੱਲ ਪੁੱਟੇ ਤੇ ਆਪਣੀ ਲੰਮੀ ਦਾਹੜੀ 'ਤੇ ਹੱਥ ਫੇਰਦਾ ਆਪਣੀਆਂ ਨਿੱਕੀਆਂ ਅੱਖਾਂ ਨਾਲ ਅਰਜਣ ਵੱਲ ਝਾਕਦਾ ਕਹਿੰਦਾ, "ਅਰਜਣ ਪੈਸੇ ਤੈਂ ਜ਼ਿਆਦਾ ਮੰਗੇ ਨੇ, ਕਮਲਿਆ ਹੁਣ ਤੂੰ ਬੁੜ੍ਹਾ ਤਾਂ ਹੋਇਆ ਪਿਆਂ, ਹੁਣ ਤੂੰ ਡੰਗਰਾਂ ਨੂੰ ਹੀ ਸਾਂਭ ਸਕੇਂਗਾ।"

ਪਾਲੂ ਦੀ ਸਮਝੌਤੀ ਸੁਣ ਕੇ ਅਰਜਣ ਨੂੰ



*ਪ੍ਰਸਿਧ ਰੰਗਕਰਮੀ ਸੈਮੂਅਲ ਜੌਹਨ*

ਗੁੱਸਾ ਆਇਆ, ਉਸ ਨੂੰ ਖੜ੍ਹਨਾ ਔਖਾ ਹੋ ਗਿਆ ਤੇ ਉਹ ਚੁੱਪ ਵੱਟ ਕੇ ਤੁਰ ਪਿਆ।

"ਓਹ ਤੂੰ ਤੁਰ ਵੀ ਪਿਆ। ਅਰਜਣ ਗੱਲ ਤਾਂ ਸੁਣ, ਚੰਗਾ ਫੇਰ ਤੇਰੀ ਮਰਜ਼ੀ। ਸਾਲੇ 'ਚ ਸੱਤਾਂ ... ਜਿੰਨੀ ਆਕੜ ਆ।"

ਪਰ ਅਰਜਣ ਰੁਕਿਆ ਨਹੀਂ। ਭਾਵੇਂ ਪਾਲੂ ਦੀ ਕਹੀ ਪਿਛਲੀ ਗੱਲ ਉਸ ਨੂੰ ਸੁਣੀ ਨਹੀਂ ਸੀ, ਤਾਂ ਵੀ ਉਸ ਦੇ ਚਿਹਰੇ 'ਤੇ ਅਕੇਵੇਂ ਅਤੇ ਦੁੱਖ ਦੇ ਪ੍ਰਛਾਵੇਂ ਗੂੜ੍ਹੇ ਹੋ ਗਏ। ਅੱਜ ਪਹਿਲਾਂ ਦਿਨ ਸੀ, ਜਦੋਂ ਉਸ ਨੂੰ ਆਪਣੇ ਬੁੱਢੇ ਹੋਣ ਦਾ ਅਹਿਸਾਸ ਏਨੀ ਤੀਖਣਤਾ ਨਾਲ ਹੋਇਆ ਸੀ ਤੇ ਇਸ ਅਹਿਸਾਸ ਨਾਲ ਹੀ ਉਹ ਆਪਣੇ ਜਵਾਨੀ ਦੇ ਦੌਰ ਨੂੰ ਚੇਤੇ ਕਰਨ ਲੱਗਾ।

ਜਵਾਨੀ ਵਾਰੇ ਉਹ ਕੰਮ ਦੀਆਂ ਧੂੜਾਂ ਪੁੱਟ ਦਿੰਦਾ ਸੀ। ਆਪਣਾ ਸਮਝ ਕੇ ਕੰਮ ਕਰਨਾ। ਜੱਟ ਨੂੰ ਅਰਜਣ ਹੁੰਦੇ ਕੋਈ ਚਿੰਤਾ ਨਾ ਰਹਿੰਦੀ। ਪਿੰਡ ਵਿਚ ਹੋਰ ਵੀ ਸੀਰੀ ਸਨ ਜਿਨ੍ਹਾਂ ਨੂੰ ਕਹਿ-ਕਹਿ ਕੇ ਕੰਮ ਕਰਵਾਉਣਾ ਪੈਂਦਾ ਸੀ ਪਰ ਅਰਜਣ ਸਗੋਂ ਆਪ ਦਿਹਾੜੀਦਾਰਾਂ ਨੂੰ ਪਿੱਛੇ ਲਾਈ ਫਿਰਦਾ ਸੀ। ਅੱਜ ਕੱਲ੍ਹ ਨਿਮਾਣੀ ਦੇ ਦਿਨਾਂ ਵਿਚ ਉਸ ਦੀ ਕਿੰਨੀ ਪੁੱਛ ਹੁੰਦੀ ਸੀ। ਹਰ ਲਾਣਾ ਉਸ ਨੂੰ ਪੈਸੇ ਵੱਧ ਦੇ ਕੇ ਪੱਟਣ ਦੀ ਕੋਸ਼ਿਸ਼ ਕਰਦਾ ਪਰ ਅਰਜਣ ਉਸ ਨਾਲ ਹੀ ਰਲਦਾ, ਜਿਹੜਾ ਸੀਰੀ ਨੂੰ ਘਰ ਨਾਲ ਦੀ ਰੋਟੀ ਦਿੰਦਾ ਸੀ। ਬਿਮਾਰ ਹੋਣ ਤੋਂ ਪਹਿਲਾਂ ਵੀ, ਪੁਰਾਣੀਆਂ ਖੁਰਾਕਾਂ ਖਾਧੀਆਂ ਹੋਈਆਂ ਹੋਣ ਕਰਕੇ ਉਹ ਕੰਮ ਵਿਚ ਜੁਆਨਾਂ ਨੂੰ ਪਿੱਛੇ ਛੱਡ ਜਾਂਦਾ ਹੁੰਦਾ ਸੀ।

ਅਰਜਣ ਮੋੜ ਮੁੜ ਰਿਹਾ ਸੀ। ਸੂਰਜ ਉਸ ਦੀ ਪਿੱਠ ਪਿੱਛੇ ਸੀ ਜਿਸ ਕਾਰਨ ਉਸ ਦਾ ਪ੍ਰਛਾਵਾਂ ਉਸ ਦੇ ਅੱਗੇ-ਅੱਗੇ ਤੁਰਿਆ ਜਾ ਰਿਹਾ ਸੀ। ਹੁਣ ਉਹ ਕਾਫੀ ਲੰਮਾ ਸੀ। ਸਾਹਮਣਿਉਂ ਕੈਲਾ ਬਲਦਾਂ ਨੂੰ ਟਿੱਚ-ਟਿੱਚ ਕਰਦਾ ਰੇਹੜੀ ਲਈ ਆ ਰਿਹਾ ਸੀ।

"ਆ ਬਈ ਅਰਜਣ! ਸੁਣਿਆ ਲੰਬੜਦਾਰ ਨਾਲੋਂ ਤਾਂ ਤੂੰ ਹਟ ਗਿਆ, ਐਤਕੀਂ ਫਿਰ ਸਾਡੇ ਵੱਲ ਲਾ ਦੇ ਸਾਲ?" ਵਿੱਢ ਨਾਲ ਢੋ ਲਾਈ ਬੈਠਾ ਕੈਲਾ ਬਲਦ ਰੋਕਦਾ ਬੋਲਿਆ।

"ਮਰਜ਼ੀ ਐ ਤੇਰੀ ਬਾਈ, ਆਪਾਂ ਤਾਂ ਕੰਮੇ ਕਰਨਾ...।" ਕਹਿੰਦਾ ਅਰਜਣ ਰੁਕ ਗਿਆ ਤੇ ਕੈਲੇ ਨੇ ਸਿਰ ਘੁਮਾ ਕੇ ਰੇਹੜੀ ਦੇ ਪਿੱਛੇ ਤੁਰੇ ਆ ਰਹੇ ਆਪਣੇ ਬਾਪੂ ਤੋਂ ਪੁੱਛਿਆ।

"ਬਾਪੂ! ਮੈਖਿਆ ਆਪਾਂ ਅਰਜਣ ਨੂੰ ਰੱਖ ਲੀਏ ਐਤਕੀਂ?"

"ਉਏ ਤੂੰ ਕਮਲਾ ਹੋਇਆ ਪਿਆਂ, ਏਹਤੋਂ ਭਲਿਆ ਮਾਣਸਾ ਕਿਥੇ ਕੰਮ ਕਰ ਹੋਜੂ ਆਪਣਾ? ਚੱਲ ਤੋਰ...।"

ਭਾਰੀ ਦੇਹ ਵਾਲੇ ਕੈਲੇ ਦੇ ਬਾਪੂ ਨੇ ਖਾਲੀ ਹੋਈਆਂ ਪੱਲੀਆਂ ਦੀ ਪੰਡ ਰੇਹੜੀ 'ਤੇ ਲਿਆ ਰੱਖੀ ਤੇ ਫਿਰ ਅੱਗੇ ਕਹਿੰਦਾ, "ਮੈਂ ਭੀਲੇ ਨਾਲ ਗੱਲ ਕਰ ਲਈ ਐ, ਉਹਨੇ ਆਪਦਾ ਮੁੰਡਾ ਐਤਕੀਂ ਪੜ੍ਹਨੋਂ ਹਟਾ ਲਿਆ, ਨਾਲੇ ਉਹਦੀ ਕੁੜੀ ਦੇ ਵਿਆਹ ਵੇਲੇ ਦੇ ਪੈਸੇ ਵੀ ਤਾਂ ਰਹਿੰਦੇ ਨੇ ਆਪਣੇ ਉਹਦੇ ਵੱਲ।"

ਕੈਲੇ ਦੇ ਬਾਪੂ ਨੇ ਸਿਰ ਤੋਂ ਪਰਨਾ ਲਾਹ ਕੇ ਤੂੜੀ ਅਤੇ ਗਰਦ ਝਾੜੀ ਤੇ ਫਿਰ ਅਰਜਣ ਵੱਲ ਦੇਖਦਿਆਂ ਕਹਿੰਦਾ, "ਅਰਜਣ! ਤੂੰ ਤਾਂ ਕੋਹੜੀਆ ਜਮਾਂ ਈ ਹਾਰ ਗਿਆ, ਬਿਮਾਰੀ ਵੀ ਸਹੁਰੀ ਬੰਦੇ ਨੂੰ ਸੁਕਾ ਦਿੰਦੀ ਐ।"

"ਚਲੋ ਉਹ ਜਾਣੇ, ਜਿਥੇ ਉਹ ਰੱਖੇ, ਉਥੇ ਹੀ ਰਹਿਣਾ ਪੈਂਦਾ।" ਕਹਿ ਕੇ ਅਰਜਣ ਤੁਰ ਪਿਆ। ਉਸ ਦਾ ਦਿਲ ਤੇਜ਼ ਤੇਜ਼ ਧੜਕ ਰਿਹਾ ਸੀ। ਚਿਤ ਨੂੰ ਡੋਬੇ ਜਿਹੇ ਪੈ ਰਹੇ ਸਨ। ਦਰਵਾਜੇ ਵਿਚ ਲੋਕ ਨਿਮਾਣੀ ਦਾ ਪਾਣੀ ਪਿਆ ਰਹੇ ਸਨ। ਇਕ ਜਣਾ ਵਿਹੜੇ ਦੇ ਤਿੰਨ ਚਾਰ ਜੁਆਕਾਂ ਨੂੰ ਘੇਰੀ ਖੜ੍ਹਾ ਘੂਰ ਰਿਹਾ ਸੀ। ਜੁਆਕ ਤੂੰਬੇ ਪਾਣੀ ਦੇ ਭਰ ਕੇ ਘਰ ਨੂੰ ਲਿਜਾ ਰਹੇ ਸਨ। ਘੂਰਨ ਵਾਲਾ ਕਹਿੰਦਾ ਸੀ ਕਿ ਉਰੇ ਪੀ ਲੈ ਜਿਹੜਾ ਪੀਣਾ, ਘਰ ਦਾ ਠੇਕਾ ਨਹੀਂ ਲਿਆ ਹੋਇਆ।

ਅਰਜਣ ਚੌਂਕੜੀ ਉਤੇ ਬਰੋਟੇ ਦੀ ਛਾਂਵੇਂ ਬੈਠੇ ਬੰਦਿਆਂ ਕੋਲ ਜਾ ਖੜ੍ਹਿਆ। ਹਾੜ੍ਹੀ ਦੇ ਥਕਾਏ ਜੱਟ ਸੀਰੀ ਲਾਉਣ ਦੀ ਤਾਕ ਵਿਚ ਸਨ। ਅਰਜਣ ਨੇ ਇਕ ਪੈਰ ਚੌਂਤਰੇ 'ਤੇ ਰੱਖ ਲਿਆ ਤੇ ਐਵੇਂ ਖੜ੍ਹ ਗਿਆ। 'ਅੱਗ ਲੱਗੀ ਆਲਿਆ' ਦਾ ਚਰਨਾਂ ਉਚੀ ਆਵਾਜ਼ ਵਿਚ ਕਹਿ ਰਿਹਾ ਸੀ, "ਉਏ ਕੋਈ ਘੱਟ ਵੀ ਕਹਿ ਦਿਆ ਕਰੋ, ਝਾੜ ਨਿਕਲਿਆ ਹੋਊ ਪੰਦਰਾਂ ਕੁਐਂਟਲ, ਦੱਸਣਗੇ ਵੀਹ। ਇਕ ਦੂਜੇ ਤੋਂ ਵਧ ਕੇ ਦੱਸਣਗੇ, ਬਈ ਕੋਈ ਨਾਮਣਾ ਖੱਟਣਾ ਵਧ ਦੱਸ ਕੇ? ਜੇ ਏਨਾ ਝਾੜ ਨਿਕਲੇ ਤਾਂ ਘਰਾਂ ਦੀ ਆਹ ਘੀਸੀ ਨਾ ਹੋਵੇ, ਜਦੋਂ ਤਕਾਵੀ ਆਲੇ ਔਂਦੇ ਨੇ, ਫੇਰ ਕੰਧਾਂ ਤੋਂ ਛਾਲਾਂ ਮਾਰ ਕੇ ਭੱਜ ਲੈਂਦੇ ਨੇ।"

ਚਰਨੇ ਦੀ ਗੱਲ 'ਤੇ ਕਾਣੇ ਮੱਘਰ ਨੇ ਜਰਦਾ ਮਲਦਿਆਂ ਆਪਣੇ ਲੰਮੂ ਜਿਹੇ ਮੂੰਹ ਨੂੰ ਹੋਰ ਲੰਮਾ ਕਰਦਿਆਂ ਕਿਹਾ, "ਤਾਂ ਹੀ ਤਾਂ ਕਹਿੰਦੇ ਹੁੰਦੇ ਨੇ, ਅਖੇ ਧਨ ਪਚਾਵੇ ਬਾਣੀਆ, ਦੁੱਧ ਪਚਾਵੇ ਗੁਜਰੀ। ਬਾਣੀਏ ਨੂੰ ਪੁੱਛੋ ਤਾਂ ਕਹੂ ਬੱਸ ਜੀ, ਬਰੋਬਰ-ਸਰੋਬਰੇ ਐ ਕੰਮ, ਗੁਜਰੀ ਕਹੂ, ਕਾਹਦਾ ਸਿਰਦਾਰਾ, ਆਹ ਝੋਟੀ ਲੱਤ ਮਾਰਗੀ, ਅਹੁ ਤੂਗੀ, ਅਹੁ ਹਰੀ ਨ੍ਹੀਂ ਹੋਈ। ਜੱਟ ਨੂੰ ਪੁੱਛੋ ਤਾਂ ਕਹੂ, ਆਪਣੇ ਤਾਂ ਬਾਈ ਬੜਾ ਨਿਕਲਿਆ... ਤਾਂ ਹੀ ਕਹਿੰਦੇ ਹੁੰਦੇ ਨੇ ਜੱਟ ਕੌਮ ਨੂੰ ਕਦੇ ਅਕਲ ਨ੍ਹੀਂ ਆਉਣੀ।"

ਹੋਰ ਹੱਸ ਪਏ ਪਰ ਅਰਜਣ ਫਿੱਕਾ ਜਿਹਾ ਮੁਸਕਰਾਇਆ। ਉਸ ਦਾ ਮਨ ਉਨ੍ਹਾਂ ਦੀਆਂ ਬੁੜ੍ਹਕਵੀਆਂ ਗੱਲਾਂ ਵੱਲ ਨਾ ਲੱਗ ਸਕਿਆ। ਉਦਰੇਵੇਂ ਦੇ ਭਾਵ ਉਸ ਦੇ ਮਨ 'ਤੇ ਭਾਰੂ ਹੋ ਗਏ। ਬੀੜੀਆਂ ਦਾ ਬੰਡਲ ਲੈਣ ਦੇ ਇਰਾਦੇ ਨਾਲ ਉਹ ਦਰਵਾਜੇ ਵੱਲ ਹੋ ਤੁਰਿਆ। ਦਰਵਾਜੇ ਤੋਂ ਦੋ ਬੀਹੀਆਂ ਸ਼ੁਰੂ ਹੁੰਦੀਆਂ ਸਨ। ਇਕ ਬੀਹੀ ਸਿੱਧੀ ਸੁਨਿਆਰਾਂ-ਛੀਂਬਿਆਂ ਦੇ ਘਰਾਂ ਵੱਲ ਜਾਂਦੀ ਸੀ ਤੇ ਦੂਸਰੀ ਤਿਰਛੀ-ਤਿਰਛੀ ਵਿਹੜੇ ਵਿਚ ਜਾ ਵੜਦੀ ਸੀ। ਅਰਜਣ ਛੀਂਬਿਆਂ ਦੀ ਹੱਟੀ ਵੱਲ ਸਿੱਧਾ ਲੰਘ ਗਿਆ।

ਬੰਡਲ ਲੈ ਕੇ ਜਦੋਂ ਉਹ ਮੁੜਿਆ ਆ ਰਿਹਾ ਸੀ ਤਾਂ ਉਸ ਨੂੰ ਸਰੀਰ ਥਕਿਆ-ਥਕਿਆ ਜਾਪ ਰਿਹਾ ਸੀ। ਉਪਰ ਉਠਦੇ ਤੇ ਅੱਗੇ ਵਧਦੇ ਖਲਪਾੜਾਂ ਵਰਗੇ ਖੁਰਦਰੇ ਪੈਰ ਬੜੇ ਓਪਰੇ ਜਾਪ ਰਹੇ ਸਨ। ਉਸ ਦਾ ਪ੍ਰਛਾਵਾਂ ਮਕਾਨਾਂ ਦੀ ਛਾਂ ਵਿਚ ਲੋਪ ਹੋ ਜਾਂਦਾ ਤੇ ਕਦੇ ਫਿਰ ਉਭਰ ਕੇ ਉਸ ਦੇ ਪਿੱਛੇ-ਪਿੱਛੇ ਹੋ ਤੁਰਦਾ। ਉਸ ਨੂੰ ਪਤਾ ਹੀ ਨਾ ਲੱਗਾ ਕਿ ਕਦੋਂ ਉਹ ਵਿਹੜੇ ਦੇ ਜੁਆਕਾਂ ਦੇ ਚੀਕ-ਚਿਹਾੜੇ ਵਿਚੀਂ ਲੰਘਦਾ, ਗਲੀਆਂ ਵਿਚ ਥਾਂ-ਥਾਂ ਰੁਕੇ ਪਾਣੀ ਤੋਂ ਪੈਰ ਬਚਾਉਂਦਾ ਆਪਣੇ ਘਰ ਦੇ ਦਰਾਂ ਮੂਹਰੇ ਅੱਪੜ ਗਿਆ। ਬਾਹਰਲੇ ਦਰ ਖੋਲ੍ਹ ਕੇ ਵਿਹੜੇ ਵਿਚ ਆ ਗਿਆ। ਗੁਆਂਢੀ ਕੀੜੂ ਦੀ ਮਾਂ ਹੌਲੀ-ਹੌਲੀ ਪੌੜੀ ਚੜ੍ਹ ਰਹੀ ਸੀ। ਵਿਹੜੇ ਵਿਚ ਖੜ੍ਹੇ ਅਰਜਣ ਨੇ ਉਸ ਨੂੰ ਦੇਖਿਆ ਤਾਂ ਉਸ ਦੇ ਖਿਆਲ ਪੱਚੀ ਵਰ੍ਹੇ ਪਿੱਛੇ ਚਲੇ ਗਏ। ਜਦੋਂ ਉਸ ਦਾ ਨਵਾਂ-ਨਵਾਂ ਵਿਆਹ ਹੋਇਆ ਸੀ। ਜਦੋਂ ਬਚਨੀ ਵਿਆਹ ਦੇ ਲਾਲ ਸੂਟ ਵਿਚ ਗੁਲਾਬ ਦੇ ਫੁੱਲ ਵਰਗੀ ਲਗਦੀ ਹੁੰਦੀ ਸੀ। ਅਰਜਣ ਸਾਂਝੀ ਜੱਟ ਦੇ ਘਰੋਂ ਰੋਟੀ ਪਰਨੇ ਦੇ ਲੜ ਬੰਨ੍ਹ ਕੇ ਗਲਾਸ ਵਿਚ ਦਾਲ ਪਵਾ ਕੇ ਕਾਹਲੀ-ਕਾਹਲੀ ਘਰ ਨੂੰ ਤੁਰ ਆਉਂਦਾ ਹੁੰਦਾ ਸੀ। ਬਚਨੀ ਆਪਣੇ ਜੋਗੀਆਂ ਰੋਟੀਆਂ ਲਾਹ ਕੇ ਬੈਠੀ ਹੁੰਦੀ। ਵਿਹੜੇ ਵਿਚ ਮੰਜੇ 'ਤੇ ਬਹਿ ਕੇ ਦੋਵੇਂ ਜਣੇ ਇਕ ਦੂਜੇ ਦੇ ਮੂੰਹ ਵਿਚ ਬੁਰਕੀਆਂ ਪਾਉਂਦੇ। ਕਦੇ-ਕਦੇ ਰਤਨੀ, ਕੀੜੂ ਦੀ ਮਾਂ ਉਨ੍ਹਾਂ ਨੂੰ ਚਾਹਮਲੇ ਦੇਖ ਕੇ ਪੌੜੀਆਂ 'ਚ ਖੜ੍ਹ ਕੇ ਛੇੜਦੀ, "ਕਰਲੋ-ਕਰਲੋ ਚੌੜਾ ਨਿੱਤ-ਨਿੱਤ ਨ੍ਹੀਂ ਇਹ ਦਿਨ ਰਹਿਣੇ...।"

ਬੁਰਕੀ ਅਰਜਣ ਦੇ ਮੂੰਹ ਵਿਚ ਪਾਉਂਦੀ ਬਚਨੀ ਸ਼ਰਮਾ ਜਾਂਦੀ। ਘੁੱਟਵਾਂ ਜਿਹਾ ਮੁਸਕਰਾਉਂਦੀ ਉਹ ਨੀਵੀਂ ਪਾ ਲੈਂਦੀ ਤੇ ਅਰਜਣ ਬੁਰਕੀ ਸੰਘੋਂ ਪਾਰ ਲੰਘਾ ਕੇ ਆਖਦਾ, "ਕੇਰਾਂ ਤਾਂ ਭਾਬੀ ਇਹ ਦਿਨ ਸਭ 'ਤੇ ਈ ਆਏ, ਸੋਡੇ 'ਤੇ ਵੀ ਆਏ ਤੀ। ਜਦੋਂ ਤੇਰਾ ਵਿਆਹ ਹੋਇਆ ਤੀ ਨਾ, ਤੂੰ ਤੇ ਬੜਾ ਭਾਈ ਅੰਦਰ ਵੜੇ ਰਹਿੰਦੇ ਹੁੰਦੇ ਤੀ, ਬਾਹਰ ਜੱਟ ਟੋਲ੍ਹਦੇ ਫਿਰਦੇ ਹੁੰਦੇ ਤੀ!"

ਅਰਜਣ ਦੀ ਗੱਲ ਸੁਣ ਕੇ ਰਤਨੀ ਕੱਚੀ ਪੈ ਜਾਂਦੀ। ਫੇਰ ਵੀ ਹੱਸ ਕੇ ਆਖਦੀ, "ਐਸ਼ਾਂ ਕਰੋ, ਮੌਜਾਂ ਲੁੱਟੋ, ਅਸੀਂ ਤਾਂ ਭਾਈ ਹੁਣ ਬੁੜ੍ਹੇ ਹੋਗੇ।" ਆਪਣੇ ਪਤਲੇ ਕਾਲੇ ਮੂੰਹ 'ਤੇ ਮੁਸਕਰਾਹਟ ਸਾਂਭਦੀ ਰਤਨੀ ਚੀਕਾਂ ਮਾਰ ਰਹੇ ਕੀੜੂ ਦੇ ਮੰਜੇ 'ਤੇ ਜਾ ਪੈਂਦੀ।

ਉਸ ਨੇ ਅੰਦਰਲੇ ਤਖਤ ਖੋਲ੍ਹੇ। ਆਥਣ ਦੇ ਟੇਢੇ ਹੋਏ ਸੂਰਜ ਦੀਆਂ ਕਿਰਨਾਂ ਭੱਜ ਕੇ ਅੰਦਰ ਜਾ ਵੜੀਆਂ ਪਰ ਖੂੰਜਿਆਂ ਵਿਚ ਹਨੇਰਾ ਅਜੇ ਵੀ ਦੁਬਕਿਆ ਬੈਠਾ ਸੀ। ਅਰਜਣ ਨੇ ਕੱਪ ਤੇ ਕੌਲੀ ਨੂੰ ਫਿਕੀ ਨੁਹਾਰ ਵਾਲੇ ਪੀੜ੍ਹੇ ਵਿਚ ਰੱਖ ਦਿਤਾ ਤੇ ਆਪ ਮੰਜੇ 'ਤੇ ਪਏ ਬਿਸਤਰੇ ਨੂੰ ਢੋ ਲਾ ਕੇ ਬਹਿ ਗਿਆ। ਲੰਮਾ ਸਾਹ ਭਰ ਕੇ ਛੱਡਿਆ। ਨੰਗੇ ਹੋਏ ਪੱਟਾਂ ਵੱਲ ਦੇਖਿਆ ਜਿਨ੍ਹਾਂ 'ਤੇ ਜਰਗ ਦੇ ਮੇਲੇ ਤੋਂ ਪਵਾਈਆਂ ਮੋਰਨੀਆਂ ਸੁੰਗੜੀਆਂ ਪਈਆਂ ਸਨ ਤੇ ਉਨ੍ਹਾਂ ਦਾ ਰੰਗ ਵੀ ਸਰੀਰ ਦੇ ਕਾਲੇ ਪੈਂਦੇ ਜਾਂਦੇ ਰੰਗ ਵਿਚ ਮਿਲਦਾ ਜਾਂਦਾ ਸੀ।

ਫੇਰ ਉਸ ਦੀ ਨਿਗਾਹ ਸਾਹਮਣੇ ਕੰਸ 'ਤੇ ਪਈ ਫੋਟੋ 'ਤੇ ਚਲੀ ਗਈ। ਇਕ ਰੀਝ ਤੇ ਇਕ ਖਿੱਚ ਜਿਹੀ ਨਾਲ ਉਠ ਕੇ ਉਹ ਕੰਸ ਲਵੇ ਜਾ ਖੜ੍ਹਿਆ। ਚੇਤੇ ਆਇਆ, ਜਦੋਂ ਉਹ ਆਪਣੇ ਵਿਆਹ ਤੋਂ ਮਹੀਨੇ ਕੁ ਬਾਅਦ ਬਚਨੀ ਨੂੰ ਉਸ ਦੇ ਪੇਕੀਂ ਮਿਲਾ ਕੇ ਮੁੜਿਆ ਆ ਰਿਹਾ ਸੀ ਤਾਂ ਖੰਨੇ ਆ ਕੇ ਬਚਨੀ ਨੇ ਕਿਹਾ ਸੀ, "ਮੈਖਿਆ ਜੀ! ਆਪਾਂ ਇਕ ਮੂਰਤ ਲੁਹਾ ਲੀਏ?"

"ਹਾਂ ਲੁਹਾ ਲੈਨੇ ਆਂ, ਮੈਂ ਤਾਂ ਆਪ ਨੀ ਕਦੇ ਲੁਹਾਈ...।" ਅਰਜਣ ਨੇ ਕਿਹਾ ਸੀ ਤੇ ਫੇਰ ਉਨ੍ਹਾਂ ਇਹ ਫੋਟੋ ਲੁਹਾ ਲਈ ਸੀ। ਉਸ ਨੇ ਫੋਟੋ ਨੂੰ ਗਹੁ ਨਾਲ ਤੱਕਿਆ। ਮੱਧਮ ਪੈ ਗਈ ਫੋਟੋ ਵਿਚ ਸੰਗਦੀ ਜਿਹੀ ਬਚਨੀ ਉਸ ਦੇ ਇਕ ਪਾਸੇ ਖੜ੍ਹੀ ਸੀ ਤੇ ਉਹ ਆਪ ਸੋਫੀ ਵੱਟੀਂ ਸਾਹਮਣੇ ਝਾਕ ਰਿਹਾ ਸੀ। ਇਕ ਪਲ ਲਈ ਅਰਜਣ ਨੂੰ ਲੱਗਿਆ, ਜਿਵੇਂ ਇਹ ਫੋਟੋ ਕਿਸੇ ਹੋਰ ਦੀ ਹੋਵੇ।

***(ਅਗਲੇ ਸਫੇ 'ਤੇ ਜਾਰੀ)***

# ਆਲਮ ਲੁਹਾਰ ਦੀ ਗਾਇਕੀ ਦਾ ਆਲਮ

ਗੀਤ-ਸੰਗੀਤ

ਗੁਰਦਾਸ ਮਾਨ ਅਤੇ ਹੰਸ ਰਾਜ ਹੰਸ ਗਾਉਂਦੇ ਚੜ੍ਹਦੇ ਪੰਜਾਬ 'ਚ ਨੇ, ਪਰ ਬਹੁਤੇ ਵਸਦੇ ਲਹਿੰਦੇ ਪੰਜਾਬ ਦੇ ਪੰਜਾਬੀਆਂ ਦੇ ਦਿਲਾਂ 'ਚ ਹਨ। ਆਲਮ ਲੁਹਾਰ, ਰੇਸ਼ਮਾ, ਨੂਰਜਹਾਂ, ਇਨਾਇਤ ਹੁਸੈਨ ਭੱਟੀ ਗਾਉਂਦੇ ਰਹੇ ਤਾਂ ਸਰਹੱਦਾਂ 'ਤੇ ਲੱਗੀਆਂ ਕੰਡਿਆਲੀਆਂ ਤਾਰਾਂ ਤੋਂ ਲਹਿੰਦੇ ਵੱਲ ਹਨ, ਪਰ ਚੜ੍ਹਦੇ ਪੰਜਾਬ ਦੇ ਪੰਜਾਬੀਆਂ ਲਈ। ਇਹ ਮਹਾਨ ਗਾਇਕ ਭਲਾ ਓਪਰੇ ਕਿਵੇਂ ਹੋ ਸਕਦੇ ਹਨ? ਇਹ ਤਾਂ ਦਿਲਾਂ ਦੀਆਂ ਯਾਦਾਂ 'ਚ ਵਸਦੇ ਹਨ ਤੇ ਯਾਦਾਂ 'ਚ ਵਸਣ ਵਾਲੇ ਮਰ ਕੇ ਵੀ ਨਹੀਂ ਮਰਦੇ।

ਅਜਿਹੇ ਦਿਲ ਬਹਿਲਾਉਣ ਵਾਲੇ ਹਨ ਸਾਡੇ ਗਾਇਕ, ਜਿਨ੍ਹਾਂ ਦੀ ਸੰਸਾਰ ਭਰ 'ਚ ਆਪਣੀ ਅਲੱਗ ਸ਼ਨਾਖਤ ਹੈ। ਪੰਜਾਬੀ ਗਾਇਕ ਆਲਮ ਲੁਹਾਰ ਜਿਹਾ ਵੀ ਹੋਰ ਕੋਈ ਨਾ। ਉਚੀ ਪਰ


ਤਾਹਿਰ ਮਹਿਮੂਦ

ਸੁਰੀਲੀ ਆਵਾਜ਼ ਨਾਲ ਚਿਮਟੇ ਦੀ ਤਾਲ। ਦਿਲਾਂ 'ਚ ਆਪਣੀ ਗਾਇਕੀ ਨਾਲ ਜੋਸ਼ ਭਰ ਦੇਣ ਵਾਲੇ ਆਲਮ ਲੁਹਾਰ ਦੀ ਰੀਸ ਪੰਜਾਬ ਦਾ ਕੋਈ ਗਾਇਕ ਨਾ ਕਰ ਸਕਿਆ।

ਆਲਮ ਲੁਹਾਰ ਦਾ ਜਨਮ 1928 'ਚ ਜ਼ਿਲ੍ਹਾ ਗੁਜਰਾਤ ਦੀ ਤਹਿਸੀਲ ਖਾਰੀਆਂ ਦੇ ਪਿੰਡ ਅੱਚ 'ਚ ਹੋਇਆ, ਕਸਬਾ ਲਾਲਾ ਮੂਸਾ ਦੇ ਲਾਗੇ ਹੈ। ਪੰਜਾਬੀ ਲੋਕ ਗਾਇਕੀ ਦੇ ਸਰਦਾਰ ਗਾਇਕ ਦੇ ਹੱਥ 'ਚ ਚਿਮਟਾ, ਨਾਲ ਦੋ ਅਲਗੋਜ਼ਿਆਂ ਰਾਹੀਂ ਵੰਝਲੀ ਦੀ ਉਚੀ ਕੂਕ ਵਾਂਗੂ ਸੁਰਾਂ ਲਾਉਣ ਵਾਲਾ ਬੰਦਾ ਫਜ਼ਲ ਕਰੀਮ ਕਿਸਾਈ ਹੁੰਦਾ ਸੀ। ਆਲਮ ਲੁਹਾਰ ਨੇ ਨਵੇਂ ਅੰਦਾਜ਼ ਦੀ ਗਾਇਕੀ ਪੇਸ਼ ਕੀਤੀ, ਜਿਸ ਨੂੰ ਆਮ ਪੰਜਾਬੀ ਜ਼ਬਾਨ 'ਚ ਵਾਰਾਂ ਕਿਹਾ ਜਾਂਦਾ ਹੈ। ਉਹ ਪੰਜਾਬ ਦੇ ਵੱਖ-ਵੱਖ ਪਿੰਡਾਂ, ਕਸਬਿਆਂ ਤੇ ਸ਼ਹਿਰਾਂ 'ਚ ਲੱਗਦੇ ਮੇਲਿਆਂ 'ਚ ਥੀਏਟਰ ਲਾ ਕੇ ਸੈਂਕੜੇ ਪੰਜਾਬੀਆਂ ਨੂੰ ਇਕੱਠਾ ਕਰਕੇ ਸਾਰੀ ਜ਼ਿੰਦਗੀ ਗਾਉਂਦਾ ਰਿਹਾ।

ਆਲਮ ਲੁਹਾਰ ਨੇ ਆਪਣੀ ਗਾਇਕੀ ਦਾ ਪਹਿਲਾ ਐਲਬਮ 13 ਸਾਲ ਦੀ ਉਮਰ 'ਚ ਰਿਕਾਰਡ ਕਰਵਾਇਆ। ਮੀਆਂ ਮੁਹੰਮਦ ਬਖਸ਼ ਦੀ ਲਿਖੀ ਸੈਫੁਲ ਮਲੂਕ 1948 'ਚ ਗਾਈ। ਕਿੱਸਾ ਯੂਸਫ ਜੁਲੈਜ਼ 1961 'ਚ ਗਾਇਆ। ਬਹੁਤ ਮਕਬੂਲ ਹੋਇਆ ਗੀਤ 'ਬੋਲ ਮਿੱਟੀ ਦਿਆ ਬਾਵਿਆ' 1964 ਵਿਚ ਤੇ ਕਿੱਸਾ ਦੁੱਲਾ ਭੱਟੀ 1959 'ਚ ਗਾਇਆ। ਕਿੱਸਾ ਮਿਰਜ਼ਾ ਜੱਟ 1967 'ਚ, ਕਿੱਸਾ ਹੀਰ-ਰਾਂਝਾ 1969 ਤੇ ਕਿੱਸਾ ਸੱਸੀ-ਪੁੰਨੂੰ 1972 'ਚ ਗਾਇਆ। ਉਹਨੇ ਕਿੱਸਾ ਹਰਨੀ 1963, ਮਿਰਜ਼ਾ ਜੱਟ ਦੀ ਮਾਂ 1968, ਮਾਂ ਦਾ ਪਿਆਰ 1971 ਤੇ ਕਿੱਸਾ ਬਾਰਾਂ ਮਾਂਹ 1974 'ਚ ਗਾਇਆ। ਉਹਨੇ 1973 ਵਿਚ 'ਵਾਜਾਂ ਮਾਰੀਆਂ ਬੁਲਾਇਆ ਕਈ ਵਾਰ ਮੈਂ' ਪੰਜਾਬੀਆਂ ਸਾਹਮਣੇ ਪੇਸ਼ ਕੀਤਾ।

ਆਲਮ ਲੁਹਾਰ ਨੂੰ 1960 ਤੋਂ ਲੈ ਕੇ 1970 ਤੱਕ ਦੱਖਣੀ ਏਸ਼ੀਆ 'ਚ ਸਭ ਤੋਂ ਵੱਧ ਸੁਣਿਆ ਜਾਂਦਾ ਗਾਇਕ ਮੰਨਿਆ ਗਿਆ ਹੈ। ਇਸੇ ਹੀ ਸਮੇਂ ਦੌਰਾਨ ਆਲਮ ਲੁਹਾਰ ਕੈਨੇਡਾ, ਇੰਗਲੈਂਡ, ਅਮਰੀਕਾ, ਨਾਰਵੇ ਅਤੇ ਜਰਮਨੀ ਜਾ ਕੇ ਪੰਜਾਬੀਆਂ ਨੂੰ ਆਪਣੀ ਜੋਸ਼ੀਲੀ ਤੇ ਮਸਤ ਕਰ ਦੇਣ ਵਾਲੀ ਗਾਇਕੀ ਨਾਲ ਨਿਹਾਲ ਕਰਦਾ ਰਿਹਾ। ਪੰਜਾਬੀ ਜ਼ਬਾਨ ਦੇ ਇਸ ਗਾਇਕ ਨੂੰ ਸੁਣਨ ਦੇ ਸ਼ੌਕੀਨ ਪੰਜਾਬੀ ਸ਼ੇਰ-ਏ-ਪੰਜਾਬ ਤੇ ਹੀਰਾ ਦੇ ਨਾਂ ਨਾਲ ਵੀ ਯਾਦ ਕਰਦੇ ਹਨ। ਆਲਮ ਲੁਹਾਰ ਦੇ ਪਿੰਡ ਤੋਂ ਜੋ ਸੜਕ ਜੀ. ਟੀ. ਰੋਡ ਨੂੰ ਜਾਂਦੀ ਹੈ, ਉਸ ਦਾ ਨਾਂ ਵੀ ਆਲਮ ਲੁਹਾਰ ਰੋਡ ਰੱਖਿਆ ਗਿਆ ਹੈ। ਆਲਮ ਲੁਹਾਰ ਨੂੰ 'ਜੁਗਨੀ ਦਾ ਸਰਦਾਰ' ਵੀ ਕਿਹਾ ਜਾਂਦਾ ਹੈ।



ਚਿਮਟੇ ਨਾਲ ਉਘਾ ਗਾਇਕ ਆਲਮ ਲੁਹਾਰ।

ਆਲਮ ਲੁਹਾਰ ਗਰੀਬ ਲੁਹਾਰ ਪਰਿਵਾਰ ਤੋਂ ਸੀ। ਲੁਹਾਰਾਂ ਨੂੰ ਮੁਗਲ ਬਰਾਦਰੀ ਵੀ ਕਿਹਾ ਜਾਂਦਾ ਹੈ। ਆਲਮ ਲੁਹਾਰ ਦਾ ਜੱਦੀ ਪੇਸ਼ਾ ਗਾਇਕੀ ਨਹੀਂ ਸੀ। ਆਪਣੇ ਇਕ ਗਾਣੇ 'ਚ ਵੀ ਆਲਮ ਲੁਹਾਰ ਨੇ ਕਿਹਾ ਹੈ,

ਛੱਡ ਲੁਹਾਰਾ ਗਾਉਣ ਦਾ ਖਹਿੜਾ
ਤੇ ਸਨ੍ਹੀ ਹਥੌੜਾ ਵਾਹੀਏ।

ਗਾਇਕੀ ਆਲਮ ਲੁਹਾਰ ਦਾ ਭਾਵੇਂ ਜੱਦੀ ਪੇਸ਼ਾ ਨਹੀਂ ਸੀ, ਪਰ ਇਸ ਮਹਾਨ ਹਸਤੀ ਨੂੰ ਨਿੱਕੇ ਹੁੰਦਿਆਂ ਤੋਂ ਹੀ ਗਾਉਣ ਦਾ ਸ਼ੌਕ ਸੀ। ਪਹਿਲਾਂ ਤਾਂ ਆਲਮ ਲੁਹਾਰ ਘਰ 'ਚ ਹੀ ਗੁਣਗੁਣਾਉਂਦਾ ਰਹਿੰਦਾ। ਉਹ ਘਰੇ ਹੀ ਸਾਰਾ ਦਿਨ ਕਦੀ ਗੜਵੀ, ਕਦੀ ਪਰਾਤ ਤੇ ਕਦੀ ਘੜਾ ਵਜਾ ਕੇ ਖਾਸ ਰਿਦਮ ਤੇ ਲੈਅ ਨਾਲ ਗਾਉਂਦਾ। ਉਹਨੂੰ ਖਾਸ ਤਰਜ਼ (ਅੰਦਾਜ਼) ਦੀ ਗਾਇਕੀ ਨਾਲ ਬਹੁਤ ਮੁਹੱਬਤ ਸੀ। ਮੁੰਡਾ-ਖੁੰਡਾ ਆਲਮ ਲੁਹਾਰ ਆਪਣੇ ਹੀ ਪਰਿਵਾਰ ਸਾਹਮਣੇ ਗਾ ਕੇ ਆਪਣਾ ਸ਼ੌਕ, ਗਾਇਕੀ ਪੂਰਾ ਕਰ ਲਿਆ ਕਰਦਾ ਸੀ।

ਆਲਮ ਲੁਹਾਰ ਦੀ ਆਵਾਜ਼ 'ਚ ਖਾਸ ਜਾਦੂ ਸੀ। ਉਸ ਨੇ ਗਾਉਣ ਲਈ ਬਿਲਕੁਲ ਵੱਖਰੀ ਤਰਜ਼ (ਸੁਰ) ਅਪਨਾਈ। ਉਹਨੇ ਆਪਣੀ ਗਾਇਕੀ ਦੇ ਇਸ ਨਿਵੇਕਲੇ ਅੰਦਾਜ਼ ਕਾਰਨ ਕੇਵਲ ਪੰਜਾਬ ਹੀ ਨਹੀਂ, ਸਗੋਂ ਪੂਰੀ ਦੁਨੀਆਂ 'ਚ ਆਪਣੀ ਅਲੱਗ ਪਛਾਣ ਬਣਾਈ। ਉਹਦੀ ਉਚੀ ਆਵਾਜ਼ 'ਚ ਅੱਗ ਲਾਉਣ ਵਾਲਾ ਤੇ ਪੰਜਾਬੀਆਂ ਦੇ ਮਨਾਂ ਨੂੰ ਭਰਪੂਰ ਜੋਸ਼ ਤੇ ਜਜ਼ਬਾਤ ਨਾਲ ਭੜਕਾਉਣ ਵਾਲਾ ਜਾਦੂ ਸੀ। ਅਜਿਹਾ ਜਾਦੂ, ਜੋ ਸਿਰ ਚੜ੍ਹ ਕੇ ਬੋਲਦਾ ਹੈ।

ਆਲਮ ਲੁਹਾਰ ਦੇ ਅੰਦਾਜ਼-ਏ-ਗਾਇਕੀ ਦੀ ਨਕਲ ਬਹੁਤ ਸਾਰੇ ਪੰਜਾਬੀ ਗਾਇਕਾਂ ਨੇ ਕਰਨ ਦੀ ਕੋਸ਼ਿਸ਼ ਕੀਤੀ। ਦਰਜਨਾਂ ਪੰਜਾਬੀ ਗਾਇਕਾਂ ਨੇ ਆਲਮ ਲੁਹਾਰ ਦੇ ਲਹਿਜ਼ਾ-ਏ-ਆਵਾਜ਼ ਤੇ ਉਚੀ ਸੁਰ 'ਚ ਗਾਉਣ ਦਾ ਢੰਗ ਅਪਨਾਇਆ, ਪਰ ਕੁਦਰਤ ਜਿਸ ਬੰਦੇ ਨੂੰ ਜੋ ਵੀ ਸਰੀਰਕ ਸਿਫਤ ਭੇਟ ਕਰਦੀ ਹੈ, ਕੋਈ ਹੋਰ ਬੰਦਾ ਉਸ ਸਿਫਤ ਨੂੰ ਖੋਹਣਾ ਵੀ ਚਾਹੇ ਤਾਂ ਨਹੀਂ ਖੋਹ ਸਕਦਾ। ਅਸਲ 'ਚ ਉਸ ਦੀ ਨਕਲ ਕਰਨ ਵਾਲਿਆਂ 'ਚ ਫਰਕ ਸੋਨੇ ਤੇ ਪਿੱਤਲ ਵਰਗਾ ਹੀ ਹੁੰਦਾ ਹੈ। ਸੋ, ਆਲਮ ਲੁਹਾਰ ਦੀ ਗਾਇਕੀ ਦੀ ਨਕਲ ਕਰਨ ਵਾਲਿਆਂ ਨੂੰ ਸਫਲਤਾ ਨਾ ਮਿਲ ਸਕੀ। ਅਜਿਹੇ ਗਾਇਕ ਆਲਮ ਲੁਹਾਰ ਦਾ ਬਦਲ ਨਾ ਬਣ ਸਕੇ ਤੇ ਨਾ ਹੀ ਪੰਜਾਬੀ ਸਰੋਤਿਆਂ ਨੇ ਆਲਮ ਲੁਹਾਰ ਦੀ ਗੱਦੀ 'ਤੇ ਬੈਠਣਾ ਤੇ ਨਕਲ ਕਰਨ ਵਾਲੇ ਗਾਇਕਾਂ ਨੂੰ ਕਬੂਲ ਕੀਤਾ।

ਆਲਮ ਲੁਹਾਰ ਜਦ ਮਿਰਜ਼ਾ-ਸਾਹਿਬਾਂ ਆਪਣੀ ਤਿੱਖੀ, ਉਚੀ ਤੇ ਸੁਰੀਲੀ ਆਵਾਜ਼ 'ਚ ਗਾਉਂਦਾ ਸੀ ਤਾਂ ਪੰਜਾਬੀਆਂ ਦੇ ਮੁਖੜੇ ਲਾਲੋ-ਲਾਲ ਹੋ ਜਾਂਦੇ ਸਨ। ਉਹਨੂੰ ਸਭ ਤੋਂ ਵੱਧ ਸ਼ੁਹਰਤ ਮਿਰਜ਼ਾ-ਸਾਹਿਬਾਂ ਗਾਉਣ 'ਤੇ ਹੀ ਮਿਲੀ, ਇਹ ਉਸ ਦੀ ਪਛਾਣ ਬਣ ਗਏ। ਜਦ ਆਲਮ ਲੁਹਾਰ ਮਿਰਜ਼ਾ-ਸਾਹਿਬਾਂ ਗਾਉਂਦਾ ਤਾਂ ਇੰਜ ਲਗਦਾ ਜਿਵੇਂ ਹਵਾਵਾਂ-ਫਿਜ਼ਾਵਾਂ 'ਚ ਦਲੇਰੀ ਤੇ ਆਸ਼ਕੀ ਦਾ ਤੂਫਾਨ ਮਚ ਗਿਆ ਹੋਵੇ।

ਇਨਸਾਨੀ ਫਿਤਰਤ, ਮਕਰ-ਫਰੇਬ ਤੇ ਚਤੁਰਾਈ ਨੂੰ ਜਿਵੇਂ ਆਲਮ ਲੁਹਾਰ ਨੇ ਖੂਬਸੂਰਤੀ ਤੇ ਸੋਚਾਂ ਦੀ ਡੂੰਘਾਈ ਨਾਲ ਗਾਇਆ ਹੈ, ਉਹ ਹਰ ਪੰਜਾਬੀ ਲਈ ਹੈਰਾਨਕੁਨ ਤੇ ਰਿਸ਼ਤਿਆਂ ਦੇ ਰੰਗ ਦੇਖਣ ਤੇ ਮਹਿਸੂਸ ਕਰਨ ਦਾ ਸਭ ਤੋਂ ਕਮਾਲ ਦਾ ਅਨੋਖਾ ਅੰਦਾਜ਼ ਹੈ।

ਉਹਨੇ ਸਦਾ ਪੰਜਾਬੀ ਸੱਭਿਆਚਾਰ ਨੂੰ ਹੀ ਆਪਣੀ ਪਛਾਣ ਬਣਾਇਆ। ਗਲ ਕੱਢਿਆ ਹੋਇਆ ਰੰਗ-ਰੰਗੀਲਾ ਕੁੜਤਾ। ਲੱਕ ਸੋਹਣੇ ਤੇ ਗੂੜ੍ਹੇ ਰੰਗ ਵਾਲਾ ਲਾਚਾ (ਧੋਤੀ), ਪੈਰੀਂ ਚਮਕੀਲੇ ਤਿੱਲੇ ਨਾਲ ਕੱਢਿਆ ਹੋਇਆ ਖੁੱਸਾ; ਲੰਮੀਆਂ ਜ਼ੁਲਫਾਂ, ਭਰਿਆ-ਭਰਿਆ ਸਰੀਰ, ਕੱਦ ਦਰਮਿਆਨਾ ਤੇ ਹੱਥ ਵਿਚ ਚਿਮਟਾ; ਗਾਉਂਦਿਆਂ ਜਦ ਇਕ ਖਾਸ ਅੰਦਾਜ਼ ਨਾਲ ਸਿਰ ਨੂੰ ਝਟਕਾ ਦਿੰਦਾ ਤਾਂ ਕੇਸ ਖਾਸ ਅੰਦਾਜ਼ ਨਾਲ ਹਵਾ 'ਚ ਲਹਿਰਾ ਜਾਂਦੇ, ਜਿਵੇਂ ਕਬੂਤਰ ਦੇ ਪਰ ਫਿਜ਼ਾ 'ਚ ਦਿਲ ਮੋਹ ਲੈਣ ਵਾਲੇ ਢੰਗ ਨਾਲ ਫੜਫੜਾਉਂਦੇ ਹਨ।

ਮਹਾਨ ਗਾਇਕ ਸੀ, ਆਲਮ ਲੁਹਾਰ।



ਆਲਮ ਲੁਹਾਰ ਦਾ ਪੁੱਤਰ ਆਰਿਫ ਲੁਹਾਰ।

ਗਾਇਕੀ 'ਚ ਉਸ ਦਾ ਸਾਥ ਫਜ਼ਲ ਕਰੀਮ ਕਿਸਾਈ ਅਲਗੋਜ਼ੇ ਵਾਲਾ ਦਿੰਦਾ ਸੀ। ਫਜ਼ਲ ਕਰੀਮ ਕਿਸਾਈ ਦੋ ਅਲਗੋਜ਼ੇ ਇਕੱਠੇ ਮੂੰਹ 'ਚ ਲੈ ਕੇ ਵਜਾਉਂਦਾ ਸੀ। ਆਲਮ ਲੁਹਾਰ ਦੀ ਬੜ੍ਹਕਾਂ ਮਾਰਦੀ ਤੇ ਲਹਿਰਾਉਂਦੀ ਆਵਾਜ਼ ਅਤੇ ਫਜ਼ਲ ਕਰੀਮ ਕਿਸਾਈ ਦੇ ਅਲਗੋਜ਼ਿਆਂ ਦੀਆਂ ਮਦ ਭਰੀਆਂ ਕੂਕਾਂ ਮਾਰਦੀਆਂ ਆਵਾਜ਼ਾਂ, ਦਿਲ 'ਚ ਇਸ਼ਕੀਆ ਜੋਸ਼ ਨੂੰ ਉਬਾਲੇ ਚਾੜ੍ਹ ਦਿੰਦੀਆਂ।

ਆਲਮ ਲੁਹਾਰ ਮਸ਼ਹੂਰ ਸੂਫੀ ਬਜ਼ੁਰਗ ਲਾਲ ਸ਼ਾਹਬਾਜ਼ ਕਲੰਦਰ ਦੇ ਮਜ਼ਾਰ 'ਤੇ ਸਲਾਮ ਕਰਨ ਰੇਲ ਗੱਡੀ ਰਾਹੀਂ ਸੂਬਾ ਸਿੰਧ ਦੇ ਸ਼ਹਿਰ ਹੈਦਰਾਬਾਦ ਜਾ ਰਿਹਾ ਸੀ। ਹੈਦਰਾਬਾਦ ਦੇ ਸਟੇਸ਼ਨ 'ਤੇ ਉਤਰ ਕੇ ਆਲਮ ਲੁਹਾਰ ਤੇ ਉਸ ਦੇ ਚਾਰ ਸਾਥੀ ਵੈਗਨ 'ਚ ਸਵਾਰ ਹੋ ਕੇ, ਲਾਲ ਸ਼ਾਹਬਾਜ਼ ਕਲੰਦਰ ਦੇ ਮਜ਼ਾਰ ਵੱਲ ਰਾਹੇ ਪੈ ਗਏ। ਰਾਹ 'ਚ 80-100 ਕਿਲੋਮੀਟਰ ਤੋਂ ਵੀ ਵੱਧ ਰਫਤਾਰ 'ਤੇ ਦੌੜਦੀ ਵੈਗਨ ਬੱਸ ਨਾਲ ਟਕਰਾ ਗਈ। ਇਸ ਸੜਕ ਹਾਦਸੇ ਕਾਰਨ ਆਲਮ ਲੁਹਾਰ ਦੀ ਲੱਤ ਟੁੱਟ ਗਈ। ਹਸਪਤਾਲ 'ਚ ਕਈ ਦਿਨ ਇਲਾਜ ਚਲਦਾ ਰਿਹਾ। ਇਲਾਜ ਪਿਛੋਂ ਪੰਜਾਬ ਪਰਤ ਕੇ ਉਹਨੇ ਗੀਤ ਲਿਖਿਆ ਤੇ ਆਪ ਹੀ ਗਾਇਆ। ਇਹ ਗੀਤ ਪੰਜਾਬੀਆਂ ਦੇ ਬਹੁਤ ਦਿਲ ਲੱਗਾ ਸੀ। ਗੀਤ ਦੇ ਬੋਲ ਸਨ:

ਵਾਜਾਂ ਮਾਰੀਆਂ ਬੁਲਾਇਆ ਕਈ ਵਾਰ ਮੈਂ
ਕਿਸੇ ਨੇ ਮੇਰੀ ਗੱਲ ਨਾ ਸੁਣੀ।
ਸੀਨੇ ਲਾ ਕੇ ਘੁੱਟ ਲਈਆਂ ਬਾਹਾਂ ਮੇਰੀਆਂ
ਆਲਮ ਦੇਖਿਆ ਤੇ ਲੋਕਾਂ ਅੱਖਾਂ ਫੇਰੀਆਂ।
ਟੁੱਟੀ ਲੱਤ ਨੂੰ ਦਿਖਾਇਆ ਕਈ ਵਾਰ ਮੈਂ,
ਕਿਸੇ ਨੇ ਮੇਰੀ ਗੱਲ ਨਾ ਸੁਣੀ।

ਆਲਮ ਲੁਹਾਰ ਦੇ 8 ਪੁੱਤਰ ਹਨ। ਇਨ੍ਹਾਂ ਵਿਚੋਂ ਸਭ ਤੋਂ ਛੋਟਾ ਪੁੱਤਰ ਆਰਫ ਲੁਹਾਰ ਪੰਜਾਬੀ ਗਾਇਕੀ ਦੇ ਮੈਦਾਨ 'ਚ ਨਿੱਤਰ ਕੇ ਪੰਜਾਬੀਆਂ ਦੇ ਦਿਲਾਂ 'ਚ ਵਸਦਾ ਹੈ। ਆਲਮ ਲੁਹਾਰ ਦੇ ਸੱਤ ਪੁੱਤਰ ਇੰਗਲੈਂਡ ਦੇ ਵਸਨੀਕ ਬਣ ਗਏ ਹਨ। ਕੇਵਲ ਆਰਫ ਲੁਹਾਰ ਹੀ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਵਿਰਸੇ ਦੀਆਂ ਕਹਾਣੀਆਂ ਗੀਤਾਂ ਦੇ ਰੂਪ ਵਿਚ ਗਾ ਕੇ ਪੰਜਾਬੀਆਂ ਨੂੰ ਪੰਜਾਬੀ ਵਿਰਸੇ ਤੇ ਸਭਿਆਚਾਰ ਨਾਲ ਜੋੜਨ ਦੇ ਭਰਪੂਰ ਯਤਨ ਕਰ ਰਿਹਾ ਹੈ।

ਜੁਗਨੀ ਆਲਮ ਲੁਹਾਰ ਦੀ ਖਾਸ ਪਛਾਣ ਬਣ ਗਈ ਸੀ। ਉਹਨੇ ਅਜਿਹੀ ਜੁਗਨੀ ਗਾਈ ਕਿ ਉਹ ਪੂਰੀ ਦੁਨੀਆਂ 'ਚ ਪ੍ਰਸਿਧੀ ਦੇ ਅੱਧ-ਅਸਮਾਨ ਤੱਕ ਪਹੁੰਚ ਗਿਆ। ਜੁਗਨੀ ਤਾਂ ਕਈ ਗਾਇਕਾਂ ਨੇ ਗਾਈ, ਪਰ ਆਲਮ ਲੁਹਾਰ ਵਰਗੀ ਗੱਲ ਨਾ ਬਣੀ। ਆਲਮ ਲੁਹਾਰ ਤੇ ਜੁਗਨੀ ਦੋ ਹੋ ਕੇ ਵੀ ਇਕ ਹਨ। ਇਹ ਪਛਾਣ ਪੰਜਾਬੀਆਂ ਦੇ ਦਿਲਾਂ ਵਿਚੋਂ ਕਦੀ ਨਹੀਂ ਨਿਕਲੇਗੀ।

3 ਜੁਲਾਈ 1984 ਨੂੰ ਹੋਇਆ ਖਤਰਨਾਕ ਕਾਰ ਹਾਦਸਾ ਆਲਮ ਲੁਹਾਰ ਦੀ ਮੌਤ ਦਾ ਸਬਬ ਬਣ ਗਿਆ। ਉਸ ਨੇ ਆਪਣੇ ਪੁੱਤਰ ਆਰਿਫ ਲੁਹਾਰ ਨੂੰ ਫੋਨ ਕੀਤਾ, ਪੁੱਤਰ ਮੈਂ 12 ਵਜੇ ਦੁਪਹਿਰ ਤੱਕ ਘਰ ਪਹੁੰਚ ਜਾਵਾਂਗਾ। ਉਸ ਸਮੇਂ ਤੱਕ ਤੂੰ ਮੇਰੇ ਲਈ ਖਾਣਾ ਤਿਆਰ ਕਰਵਾ ਛੱਡੀਂ। ਆਪਾਂ ਰਲ-ਮਿਲ ਬਹਿ ਕੇ ਖਾਣਾ ਖਾਵਾਂਗੇ। ਉਨ੍ਹਾਂ ਦਿਨਾਂ 'ਚ ਆਲਮ ਲੁਹਾਰ ਸਮਨਾਂਬਾਦ (ਲਾਹੌਰ) ਰਹਿੰਦਾ ਸੀ।

ਘਰ ਵਾਲਿਆਂ ਖਾਣਾ ਤਿਆਰ ਕਰਕੇ ਰੱਖ ਲਿਆ, ਪਰ ਆਲਮ ਲੁਹਾਰ ਨਾ ਆਇਆ। ਉਸ ਦੀ ਫੁੱਲਾਂ ਨਾਲ ਲੱਦੀ ਲਾਸ਼ ਘਰ ਪਹੁੰਚੀ। ਅਜਿਹੀ ਹੀ ਅਫਸੋਸਨਾਕ ਦੁਰਘਟਨਾ ਦੇ ਸਮੇਂ ਲਈ ਆਲਮ ਲੁਹਾਰ ਦੇ ਮੂੰਹੋਂ ਇਹ ਵਿਛੋੜੇ ਭਰਿਆ ਗੀਤ ਕੁਦਰਤ ਨੇ ਗਵਾਇਆ ਸੀ, ਗੀਤ ਦੇ ਸ਼ਿਅਰ ਦੇਖੋ:

ਦਿਲ ਵਾਲਾ ਦੁਖੜਾ ਨਈਂ
ਕਿਸੇ ਨੂੰ ਸੁਣਾਈਦਾ।
ਆਪਣੀਆਂ ਸੋਚਾਂ ਵਿਚ
ਆਪੇ ਡੁੱਬ ਜਾਈਦਾ।
ਆਪ ਵੀ ਨਾ ਆਇਓਂ
ਸਾਨੂੰ ਖਤ ਵੀ ਨਾ ਘੱਲਿਆ।
ਜ਼ਿੰਦਗੀ ਦਾ ਦੀਵਾ ਮੇਰਾ
ਇਵੇਂ ਬੁਝ ਚੱਲਿਆ।
ਹੋਰ ਕੀ ਮੈਂ ਆਖਾਂ,
ਤੈਨੂੰ ਇੰਜ ਨਈਂ ਸੀ ਚਾਹੀਦਾ।

ਸਾਰਾ ਪੰਜਾਬ ਆਲਮ ਲੁਹਾਰ ਦੇ ਅਚਾਨਕ ਵਿਛੋੜੇ ਦੇ ਦੁੱਖ 'ਚ ਡੁੱਬ ਗਿਆ। ਪੰਜਾਬੀ ਗਾਇਕੀ ਦਾ ਚੰਨ ਚੌਦਵੀਂ ਰਾਤ ਨੂੰ ਹੀ ਡੁੱਬ ਕੇ ਦਿਲਾਂ 'ਚ, ਦੁੱਖ ਤੇ ਜੁਦਾਈਆਂ ਦਾ ਹਨੇਰ ਪਾ ਗਿਆ। ਸਾਡੇ ਪੰਜਾਬ ਦੇ ਗਾਇਕ ਪੰਜਾਬ, ਪੰਜਾਬੀ ਤੇ ਪੰਜਾਬੀਅਤ ਨੂੰ ਜੋੜੀ ਰੱਖਣ ਲਈ ਕੜੀ ਦਾ ਕਿਰਦਾਰ ਨਿਭਾਉਂਦੇ ਆ ਰਹੇ ਹਨ ਤੇ ਨਿਭਾਉਂਦੇ ਰਹਿਣਗੇ। ਆਲਮ ਲੁਹਾਰ ਸਭ ਦਾ ਹੈ; ਜਿਵੇਂ ਚੜ੍ਹਦਾ ਤੇ ਲਹਿੰਦਾ ਪੰਜਾਬ ਦੋਹਾਂ ਪਾਸਿਆਂ ਦਾ ਹੈ। ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਪੰਜਾਬੀਆਂ ਦੇ ਦਿਲਾਂ ਵਿਚੋਂ ਆਲਮ ਲੁਹਾਰ ਦੀ ਯਾਦ ਨੂੰ ਕਦੀ ਨਹੀਂ ਮਿਟਾਇਆ ਜਾ ਸਕਦਾ।

# ਘਸਿਆ ਹੋਇਆ ਆਦਮੀ

(ਪਿਛਲੇ ਸਫੇ ਦੀ ਬਾਕੀ)

ਉਚਾ ਲੰਮਾ ਰਾਜੀ ਸਰੀਰ ਵਾਲਾ ਜਵਾਨ ਕੋਈ ਹੋਰ ਹੋਵੇ! ਤੇ ਹੁਣ ਤੱਕ ਦੀ ਜ਼ਿੰਦਗੀ ਜਿਹੜੀ ਉਸ ਨੇ ਜੀਵੀ ਸੀ, ਇਕ ਸੁਪਨਾ ਹੋਵੇ!

ਹਉਕਾ ਜਿਹਾ ਭਰ ਕੇ ਉਹ ਕੰਧ ਕੋਲੋਂ ਹਟ ਕੇ ਮੰਜੇ 'ਤੇ ਆ ਪਿਆ। ਕੁਝ ਦੇਰ ਛੱਤ ਦੀਆਂ ਧੁਆਂਖੀਆਂ ਕੜੀਆਂ ਵੱਲ ਝਾਕੀ ਗਿਆ। ਢਕੇ ਹੋਏ ਮੋਘੇ ਵਿਚੋਂ ਮਾੜਾ-ਮਾੜਾ ਚਾਨਣ ਅੰਦਰ ਨੂੰ ਕਿਰ ਰਿਹਾ ਸੀ। ਇਕ ਚੁੱਪ ਉਸ ਦੇ ਅੰਦਰ ਪਸਰਦੀ ਗਈ। ਫੇਰ ਉਸ ਨੇ ਬੀੜੀ ਲਾ ਲਈ। ਧੂੰਏਂ ਦੇ ਬੱਦਲ ਉਘੜ-ਦੁਘੜੇ ਜਿਹੇ ਉਡਦੇ ਛੱਤ ਵੱਲ ਚੜ੍ਹੀ ਗਏ। ਉਹ ਘਰੋਂ ਬਾਹਰ ਆ ਕੇ ਸੜਕ 'ਤੇ ਜਾ ਚੜ੍ਹਿਆ।

ਸਾਹਮਣਿਓਂ ਜੱਟਾਂ ਦੇ ਗਿੰਦਰ ਸਿਹੁੰ ਦੀ ਭੈਣ ਬੱਸ ਉਤਰ ਕੇ ਤੁਰੀ ਆਉਂਦੀ ਦਿਸੀ। ਉਸ ਦਾ ਦਿਲ ਤੇਜ਼ੀ ਨਾਲ ਧੜਕਿਆ। ਉਸ ਨੇ ਲੰਮਾ ਸਮਾਂ ਗਿੰਦਰ ਸਿਹੁੰ ਦੇ ਪਿਤਾ ਨਾਲ ਸੀਰਪੁਣਾ ਕੀਤਾ ਸੀ। ਜੋਗਿੰਦਰ ਕੁਝ ਉਸ ਦੀ ਹਾਣਣ ਸੀ। ਗਿੰਦਰ ਸਿਹੁੰ ਛੋਟਾ ਹੁੰਦਾ ਸੀ। ਸੋਹਣੀ ਸੁਨੱਖੀ ਜੋਗਿੰਦਰ ਅਰਜਣ 'ਤੇ ਪੂਰੀ ਤਰ੍ਹਾਂ ਡੁੱਲ੍ਹਦੀ ਸੀ। ਡੁੱਲ੍ਹਿਆ ਅਰਜਣ ਵੀ ਸੀ ਪਰ ਉਹ ਜੋਗਿੰਦਰ ਦੇ ਪਿਉ ਦੀ ਸ਼ਰਮ ਮੰਨਦਾ ਸੀ। ਇਕ ਹੱਦ ਸੀ, ਜੋ ਨਾ ਅਰਜਣ ਨੇ ਆਪ ਪਾਰ ਕੀਤੀ ਤੇ ਨਾ ਜੋਗਿੰਦਰ ਨੂੰ ਕਰਨ ਦਿੱਤੀ। ਇਕ ਪਵਿੱਤਰ ਪਿਆਰ ਨੂੰ ਉਸ ਨੇ ਕਈ ਸਾਲ ਨਿਭਾਇਆ ਸੀ। ਜੋਗਿੰਦਰ ਦੇ ਵਿਆਹ ਤੋਂ ਪਹਿਲਾਂ ਉਹ ਰੋਂਦੇ-ਰੋਂਦੇ ਵਿਛੜੇ ਸਨ।

"ਵੇ ਤਕੜਾਂ ਅਰਜਣਾ?" ਨੇੜੇ ਆਈ ਜੋਗਿੰਦਰ ਕੁਰ ਨੇ ਸੋਚਾਂ ਵਿਚ ਪਏ ਅਰਜਣ ਨੂੰ ਪੁੱਛਿਆ।

"ਹਾਂ ਭਾਈ ਤਕੜਾਂ, ਤੂੰ ਸੁਣਾ ਤੇਰੇ ਪੁੱਤ ਪੋਤੇ ਰਾਜ਼ੀ ਨੇ?" ਉਸ ਤੋਂ ਬਹੁਤਾ ਬੋਲਿਆ ਨਾ ਗਿਆ। ਉਹ ਮੋਹ ਭਰੇ ਦਿਨ ਦੂਰ ਰਹਿ ਗਏ ਸਨ। ਉਨ੍ਹਾਂ ਦਿਨਾਂ ਦਾ ਆਚਾਰ ਪਾ ਕੇ ਨਹੀਂ ਰੱਖਿਆ ਜਾ ਸਕਦਾ ਸੀ।

ਸੂਰਜ ਅਜੇ ਡੁੱਬਿਆ ਨਹੀਂ ਸੀ। ਠੰਢੀਆਂ ਹੋ ਰਹੀਆਂ ਕਿਰਨਾਂ ਅਜੇ ਵੀ ਕੋਠਿਆਂ ਤੋਂ ਤਿਲ੍ਹਕ ਕੰਧਾਂ 'ਤੇ ਪੈ ਰਹੀਆਂ ਸਨ। ਤੀਵੀਆਂ ਘਾਹ ਦੀਆਂ ਪੰਡਾਂ ਚੁੱਕੀ ਆ ਰਹੀਆਂ ਸਨ। ਉਹ ਵਿਹੜੇ ਵਾਲਿਆਂ ਦੀ ਸੱਥ ਕੋਲ ਜਾ ਕੇ ਖੜ੍ਹ ਗਿਆ। ਅੱਜ ਸੀਰੀਆਂ ਦੇ ਬਦਲਣ ਦਾ ਦਿਨ ਸੀ। ਕੌਣ ਕਿਸ ਨਾਲੋਂ ਹਟ ਗਿਆ ਸੀ ਜਾਂ ਹਟਾ ਦਿੱਤਾ ਗਿਆ ਸੀ, ਇਹੀ ਗੱਲਾਂ ਚੱਲ ਰਹੀਆਂ ਸਨ। ਭਈਆਂ ਦੀ ਵਧਦੀ ਜਾਂਦੀ ਮੰਗ ਬਾਰੇ ਵੀ ਗੱਲ ਹੋ ਰਹੀ ਸੀ।

"ਏਧਰ ਕਿਸੇ ਪਿੰਡ ਕਹਿੰਦੇ ਜੱਟ ਦੇ ਖੇਤਾਂ ਵਿਚ ਭੱਈਏ ਰਹਿੰਦੇ ਸੀ, ਕਹਿੰਦੇ ਜੱਟ ਦੇ ਇਕਲੌਤੇ ਜੁਆਕ ਨੂੰ ਰਿੰਨ੍ਹ ਕੇ ਖਾਗੇ, ਲੱਭਦਾ ਲਭਾਉਂਦਾ ਜੱਟ ਖੇਤਾਂ ਵੰਨੀਂ ਆ ਗਿਆ। ਕਹਿੰਦੇ, ਉਸ ਨੂੰ ਵੀ ਜੁਆਕ ਦਾ ਮੀਟ ਪਾ ਕੇ ਦੇ'ਤਾ। ਕਹਿੰਦੇ, ਉਨ੍ਹੇ ਉਂਗਲ ਵਿਚ ਪਾਈ ਮੁੰਦਰੀ ਤੋਂ ਪਛਾਣ ਲਿਆ। ਸਾਰੇ ਭਈਏ ਫੜੇ ਗਏ। ਆਪਣੇ ਬੰਦਿਆਂ ਦਾ ਕੋਈ ਮੁਕਾਬਲਾ?" ਗਾਦੂ ਕਹਿ ਰਿਹਾ ਸੀ।

ਤੁਰਦਾ-ਤੁਰਦਾ ਅਰਜਣ ਪਿੰਡੋਂ ਬਾਹਰ ਆ ਗਿਆ। ਅੱਡੇ ਵੱਲ ਜਾਂਦੀ ਸੜਕ 'ਤੇ ਉਹ ਸੋਚਾਂ ਵਿਚ ਪਿਆ ਤੁਰਿਆ ਜਾਂਦਾ ਸੀ। ਫਿਰ ਬਿਨਾ ਕੁਝ ਸੋਚੇ ਹੀ ਸੜਕ ਤੋਂ ਸ਼ੁਰੂ ਹੁੰਦੇ ਕੱਚੇ ਰਸਤੇ ਮੁੜ ਗਿਆ। ਰਾਹ ਦੇ ਆਲੇ-ਦੁਆਲੇ ਝਾੜ ਕਸੁੰਭੜਾ ਖੜ੍ਹਾ ਸੀ। ਬੀਂਡੇ ਬੋਲ ਰਹੇ ਸਨ। ਦੂਰ ਪੱਛਮ ਵੱਲ ਸੂਰਜ ਛਿਪ ਰਿਹਾ ਸੀ। ਸਤੀ ਵਾਲੇ ਟੋਭੇ 'ਤੇ ਜਾ ਕੇ ਉਹ ਅਚਾਨਕ ਰੁਕ ਗਿਆ। ਜਿਵੇਂ ਪਿੰਡੋਂ ਬਹੁਤ ਦੂਰ ਆ ਗਿਆ ਹੋਵੇ। ਟਿਕੇ ਹੋਏ ਪਾਣੀ 'ਤੇ ਆਖਰੀ ਕਿਰਨਾਂ ਚਮਕ ਰਹੀਆਂ ਸਨ। ਕੰਢੇ 'ਤੇ ਜਾ ਕੇ ਉਸ ਨੇ ਟੇਢਾ ਹੋ ਕੇ ਪਾਣੀ ਵਿਚ ਝਾਕਿਆ। ਉਸ ਦੀਆਂ ਅੱਖਾਂ ਵਿਚ ਡੁੱਬਦੇ ਸੂਰਜ ਦੀ ਲਾਲੀ ਸੀ। ਉਸ ਦਾ ਸਰੀਰ ਜਿਹੜਾ ਖੇਤਾਂ ਵਿਚ ਮੁਸ਼ੱਕਤ ਕਰਦਿਆਂ-ਕਰਦਿਆਂ ਘਸ ਚੁਕਾ ਸੀ, ਪਾਣੀ ਦੀਆਂ ਲਹਿਰਾਂ ਨਾਲ ਹੌਲੀ-ਹੌਲੀ ਕੰਬ ਰਿਹਾ ਸੀ।

... ਤੇ ਫਿਰ ਇਕਦਮ ਏਨੀਆਂ ਲਹਿਰਾਂ ਆਈਆਂ ਕਿ ਉਸ ਦਾ ਬਿੰਬ ਲਹਿਰਾਂ ਦੀ ਭੀੜ ਵਿਚ ਗੁਆਚ ਗਿਆ।

# ਜੂਏਬਾਜ਼ਾਂ ਤੇ ਸਾਧਾਂ ਦਾ ਅੱਡਾ-ਅਖਾੜਾ

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਕੁੰਭ ਮੇਲਿਆਂ ਵਿਚ ਸਾਧੂ-ਮੰਡਲੀਆਂ ਦੇ ਅਖਾੜਿਆਂ ਦਾ ਖੂਬ ਰੋਅਬ-ਦਾਬ ਹੁੰਦਾ ਹੈ। ਇਹ ਅਖਾੜੇ ਇਕ ਤਰ੍ਹਾਂ ਸਾਧੂ ਸੰਤਾਂ ਦੇ ਜਥੇ ਜਾਂ ਡੇਰੇ ਹੁੰਦੇ ਹਨ। ਇਕ ਮਾਨਤਾ ਅਨੁਸਾਰ ਛੇਵੀਂ ਸਦੀ ਦੌਰਾਨ 'ਅਖੰਡ ਆਹਵਾਨ' ਅਖਾੜਾ ਹੋਂਦ ਵਿਚ ਆਇਆ, ਜਦਕਿ ਇਤਿਹਾਸਕਾਰਾਂ ਅਨੁਸਾਰ ਅਖਾੜਿਆਂ ਦਾ ਵਿਆਪਕ ਪੱਧਰ 'ਤੇ ਪ੍ਰਚਲਨ ਚੌਧਵੀਂ ਸਦੀ ਅਰਥਾਤ ਮੁਗਲ ਕਾਲ ਵਿਚ ਹੀ ਸ਼ੁਰੂ ਹੋਇਆ। ਇਨ੍ਹਾਂ ਵਿਚ ਸ਼ੈਵ ਮੱਤ, ਵੈਸ਼ਨਵ ਮੱਤ ਅਤੇ ਸਿੱਖਾਂ ਦੇ ਕੁਲ ਮਿਲਾ ਕੇ ਤੇਰਾਂ ਮਨਜ਼ੂਰਸ਼ੁਦਾ ਅਖਾੜੇ ਹਨ। ਹੁਣ ਤਾਂ ਕਿੰਨਰਾਂ ਦਾ ਵੀ ਇਕ ਅਖਾੜਾ ਬਣ ਗਿਆ ਹੈ। ਕੁਝ ਮੱਤਾਂ ਅਨੁਸਾਰ ਇਹ ਅਖਾੜੇ ਮਧਯੁੱਗ ਵਿਚ ਇਸਲਾਮ



ਦੀ ਹਨੇਰੀ ਰੋਕਣ ਲਈ ਹਿੰਦੂ ਧਰਮ ਵਿਚ ਜੁਝਾਰੂ ਬਿਰਤੀ ਪੈਦਾ ਕਰਨ ਹਿਤ ਸਥਾਪਤ ਕੀਤੇ ਗਏ ਸਨ। ਅਖਾੜਿਆਂ ਦੀ ਸ਼ੁਰੂਆਤ ਆਦਿ ਸ਼ੰਕਰਾਚਾਰੀਆ ਨੇ ਕੀਤੀ। ਇਨ੍ਹਾਂ ਵਿਚ ਸ਼ਾਸਤਰ ਤੇ ਸ਼ਸਤਰ ਵਿਦਿਆ ਦਿੱਤੀ ਜਾਣ ਲੱਗੀ।

ਹਾਕਮਾਂ ਅਤੇ ਜਨਤਾ ਦੇ ਦਾਨਾਂ 'ਤੇ ਨਿਰਭਰ ਇਨ੍ਹਾਂ ਅਖਾੜਿਆਂ ਦੀ ਹਾਥੀਆਂ, ਘੋੜਿਆਂ ਤੇ ਹੋਰ ਸੰਸਾਰੀ ਸਾਧਨਾਂ ਨਾਲ ਬਣਦੀ ਸ਼ਾਨੋ-ਸ਼ੌਕਤ ਤੇ ਖਲੈਰੇ ਦੇਖਿਆਂ ਹੀ ਬਣਦੇ ਹਨ। ਇਨ੍ਹਾਂ ਦੇ ਅਧਿਕਾਰੀਆਂ ਨੂੰ ਮਹੰਤ ਕਿਹਾ ਜਾਂਦਾ ਹੈ। ਅੱਜ ਅਸੀਂ ਨਾਗਾ ਸਾਧੂਆਂ ਨੂੰ ਅਖਾੜਿਆਂ ਵਿਚ ਕੁਸ਼ਤੀ ਕਰਦੇ ਦੇਖ ਸਕਦੇ ਹਾਂ। ਸ਼ਾਹੀ ਇਸ਼ਨਾਨ ਸਮੇਂ ਡੁਬਕੀ ਲਾਉਣ ਦੀ ਵਾਰੀ ਅਤੇ ਹੋਰ ਕਾਰਨਾਂ ਕਰਕੇ ਇਨ੍ਹਾਂ ਅਖਾੜਿਆਂ ਦੇ ਆਪਸ ਵਿਚ ਵੀ ਕਾਫੀ ਹਿੰਸਕ ਟਕਰਾਓ ਹੁੰਦੇ ਰਹੇ ਹਨ। ਅੰਗਰੇਜ਼ੀ ਸਰਕਾਰ ਨੇ ਇਨ੍ਹਾਂ ਦੇ ਸ਼ਾਹੀ ਇਸ਼ਨਾਨ ਦੀ ਵਾਰੀ ਨਿਸ਼ਚਿਤ ਕਰ ਦਿੱਤੀ। ਆਪਣੀ ਵਾਰੀ ਸਿਰ ਇਸ਼ਨਾਨ ਕਰ ਲੈਣ ਪਿਛੋਂ ਹੀ ਆਮ ਲੋਕਾਂ ਨੂੰ ਪਾਪ ਧੋਣ ਦਾ ਮੌਕਾ ਮਿਲਦਾ ਹੈ।

ਸਿੱਖ ਅਖਾੜਿਆਂ ਬਾਰੇ 'ਮਹਾਨ ਕੋਸ਼' ਦਾ ਬਿਆਨ ਹੈ, "ਸੰਤਾਂ ਦੀ ਮੰਡਲੀ. ਉਦਾਸੀ ਅਤੇ ਨਿਰਮਲੇ ਸਾਧੂਆਂ ਦੇ ਨਿਯਮਾਂ ਵਿਚ ਆਏ ਹੋਏ ਧਰਮ ਪ੍ਰਚਾਰਕ ਜਥੇ 'ਅਖਾੜਾ' ਨਾਉਂ ਤੋਂ ਪ੍ਰਸਿੱਧ ਹਨ।" ਉਦਾਸੀਨ ਮੱਤ ਦੇ ਮਹਾਤਮਾ ਪ੍ਰੀਤਮ ਦਾਸ ਨੇ ਨਿਜ਼ਾਮ ਹੈਦਰਾਬਾਦ ਤੋਂ ਸੱਤ ਲੱਖ ਰੁਪਏ ਦੀ ਮਦਦ ਲੈ ਕੇ ਗੁਰਮਤਿ ਪ੍ਰਚਾਰ ਹਿਤ ਸੰਮਤ 1836 ਵਿਚ ਪ੍ਰਯਾਗ ਵਿਖੇ ਸੰਨਿਆਸੀ ਵੈਰਾਗੀਆਂ ਵਾਂਗ ਉਦਾਸੀ ਪੰਥ ਦਾ ਇਕ ਵੱਖਰਾ ਪੰਚਾਇਤੀ ਅਖਾੜਾ ਬਣਾਇਆ। ਮੱਤਭੇਦਾਂ ਕਾਰਨ 1896 ਵਿਚ ਇਸ ਤੋਂ ਟੁੱਟ ਕੇ ਇਕ ਹੋਰ 'ਸ੍ਰੀ ਗੁਰੂ ਨਯਾ ਅਖਾੜਾ ਉਦਾਸੀਨ' ਬਣਾਇਆ ਗਿਆ, ਜਿਸ ਨੂੰ ਆਮ ਭਾਸ਼ਾ ਵਿਚ 'ਉਦਾਸੀਆਂ ਦਾ ਛੋਟਾ ਅਖਾੜਾ' ਵੀ ਕਿਹਾ ਜਾਂਦਾ ਹੈ। ਉਦਾਸੀਆਂ ਦੇ ਅਖਾੜਿਆਂ ਦੀ ਰੀਸੇ ਨਿਰਮਲੇ ਸੰਤਾਂ ਨੇ ਪਟਿਆਲਾ, ਨਾਭਾ ਅਤੇ ਜੀਂਦ ਦੇ ਮਹਾਰਾਜਿਆਂ ਦੀ ਮਦਦ ਨਾਲ ਸੰਮਤ 1918 ਵਿਚ ਆਪਣਾ ਅਖਾੜਾ ਸਥਾਪਤ ਕੀਤਾ, ਜਿਸ ਦਾ ਨਾਂ ਧਰਮਧੁਜਾ ਹੈ। ਇਸ ਦੀ ਇੱਕ ਸ਼ਾਖਾ ਕੰਨਖਲ (ਹਰਿਦਵਾਰ) ਵਿਚ ਵੀ ਹੈ।

ਅਸੀਂ ਅਖਾੜਾ ਸ਼ਬਦ ਨੂੰ ਮੱਲਾਂ ਦੇ ਘੋਲ ਵਾਲੇ ਪਿੜ ਵਜੋਂ ਹੀ ਵਧੇਰੇ ਸਮਝਦੇ ਹਾਂ, ਪਰ ਇਸ ਸ਼ਬਦ ਵਿਚ ਇਕ ਤਰ੍ਹਾਂ ਅਜਿਹੇ ਖੇਤਰ ਦਾ ਭਾਵ ਨਿਹਿਤ ਹੋ ਗਿਆ, ਜਿੱਥੇ ਕੋਈ ਮੁਕਾਬਲੇਬਾਜ਼ੀ ਵਾਲੀ ਸਰਗਰਮੀ ਹੋਵੇ। ਇਹ ਕਿਸੇ ਰੰਗਸ਼ਾਲਾ ਜਾਂ ਮੰਡੂਏ ਲਈ ਵੀ ਵਰਤਿਆ ਜਾਣ ਲੱਗਾ।

ਗੁਰੂ ਗ੍ਰੰਥ ਸਾਹਿਬ ਵਿਚ ਇਸ ਦੀ ਵਰਤੋਂ ਪਰਮਾਤਮਾ ਵਲੋਂ ਰਚੇ ਸਮੁੱਚੇ ਪਰਪੰਚ ਲਈ ਕੀਤੀ ਗਈ, ਮਾਨੋ ਇਹ ਪਰਮਾਤਮਾ ਦੇ ਜਗਤ ਤਮਾਸ਼ੇ ਦਾ ਖੇਤਰ ਹੋਵੇ, "ਸਭ ਤੇਰਾ ਖੇਲ ਅਖਾੜਾ ਜੀਉ॥" (ਗੁਰੂ ਅਰਜਨ ਦੇਵ)। ਇਥੋਂ ਤੱਕ ਕਿ ਇਸ ਸੰਸਾਰ ਨੂੰ ਪਰਮਾਤਮਾ ਦੀ ਰਣਭੂਮੀ ਦੇ ਸੰਕੇਤਕ ਵਜੋਂ ਵੀ ਪੇਸ਼ ਕੀਤਾ ਗਿਆ, "ਏਹੁ ਅਖਾੜਾ ਹਰਿ ਪ੍ਰੀਤਮ ਸਚੇ ਕਾ ਜਿਨਿ ਆਪਣੈ ਜੋਰਿ ਸਭ ਆਣਿ ਨਿਵਾਏ॥" (ਗੁਰੂ ਨਾਨਕ ਦੇਵ)। ਸੰਸਾਰੀ ਝਮੇਲੇ ਮਨੁੱਖ ਲਈ ਔਖੀ ਖੇਡ ਹੀ ਹਨ, "ਬਿਖਮੋ ਬਿਖਮੁ ਅਖਾੜਾ ਮੈ ਗੁਰ ਮਿਲਿ ਜੀਤਾ ਰਾਮ॥" (ਗੁਰੂ ਅਰਜਨ ਦੇਵ)। ਬੁੱਲੇ ਸ਼ਾਹ ਨੇ ਅਖਾੜਾ ਸ਼ਬਦ ਨੂੰ ਜੋਗੀ ਦੇ ਕਥਨਾਂ ਲਈ ਵਰਤਿਆ ਹੈ, ਅਰਥਾਤ ਅਖਾੜੇ ਵਿਚ ਰਹਿੰਦਿਆਂ ਵਰਤੇ ਜਾਂਦੇ ਬੋਲ:

ਏਸ ਜੋਗੀ ਦੇ ਸੁਣੋ ਅਖਾੜੇ,
ਹਸਨ ਹੁਸੈਨ ਨਬੀ ਦੇ ਪਿਆਰੇ,
ਮਾਰਿਓ ਸੂ ਵਿਚ ਜੱਦਾਲ,
ਪਾਣੀ ਬਿਨ ਤਰਸਾ ਕੇ,
ਮੈਂ ਵੈਸਾਂ ਜੋਗੀ ਦੇ ਨਾਲ,
ਮੱਥੇ ਤਿਲਕ ਲਗਾ ਕੇ।

ਤਮਾਸ਼ਾ ਦੇ ਅਰਥਾਂ ਵਿਚ:
ਰਹੁ ਇਸ਼ਕਾ ਕੀ ਕਰੇਂ ਅਖਾੜੇ,
ਸ਼ਾਹ ਮਨਸੂਰ ਸੂਲੀ 'ਤੇ ਚਾੜ੍ਹੇ,
ਆਣ ਬਣੀ ਜਦ ਨਾਲ ਅਸਾਡੇ,
ਬੁੱਲ੍ਹੇ ਮੂੰਹ ਤੋਂ ਲੋਈ ਲਾਹੀ।
ਵੇਖੋ ਨੀ ਕਰ ਗਿਆ ਮਾਹੀ।
ਲੈ ਦੇ ਕੇ ਦਿਲ ਹੋ ਗਿਆ ਰਾਹੀ।

ਸਾਧੂ ਜੋਗੀ ਅਖਾੜਿਆਂ ਵਿਚ ਧੂਣੀਆਂ ਵੀ ਮਚਾਉਂਦੇ ਹਨ। ਵਾਰਿਸ ਸ਼ਾਹ ਨੇ ਵੀ ਇਧਰ ਸੰਕੇਤ ਕੀਤਾ ਹੈ:

ਜਿਵੇਂ ਸੁਬ੍ਹਾ ਦੀ ਕਜ਼ਾ ਨਮਾਜ਼ ਹੁੰਦੀ,
ਰਾਜ਼ੀ ਹੋ ਅਬਲੀਸ ਭੀ ਨੱਚਦਾ ਏ।
ਤਿਵੇਂ ਸਹਿਤੀ ਦੇ ਜਿਉ ਵਿਚ ਖੁਸ਼ੀ ਹੋਈ,
ਜਿਉਂ ਰੰਨ ਦਾ ਛਲੜਾ ਕੱਚ ਦਾ ਏ।
ਜਾਹ ਬਖਸ਼ਿਆ ਸਭ ਗੁਨਾਹ ਤੇਰਾ,
ਤੈਨੂੰ ਇਸ਼ਕ ਕਦੀਮ ਥੋਂ ਸੱਚ ਦਾ ਏ।
ਵਾਰਸ ਸ਼ਾਹ ਚਲ ਯਾਰ ਮਨਾ ਆਈਏ,
ਏਥੇ ਨਵਾਂ ਅਖਾੜਾ ਮਚਦਾ ਏ।

ਇਸ ਸ਼ਬਦ ਦੀ ਵਿਉਤਪਤੀ ਕਈ ਤਰ੍ਹਾਂ ਕੀਤੀ ਜਾਂਦੀ ਹੈ। ਉਪਰ ਦੱਸਿਆ ਜਾ ਚੁਕਾ ਹੈ ਕਿ ਸਭ ਤੋਂ ਪਹਿਲਾਂ ਛੇਵੀਂ ਸਦੀ ਵਿਚ 'ਅਖੰਡ ਆਹਵਾਨ ਅਖਾੜਾ' ਹੋਂਦ ਵਿਚ ਆਇਆ। ਇਸ ਲਈ ਅਖਾੜਾ ਸ਼ਬਦ ਨੂੰ 'ਅਖੰਡ' ਸ਼ਬਦ ਦੇ ਵਿਕ੍ਰਿਤ ਰੂਪ ਵਜੋਂ ਵੀ ਸਮਝ ਲਿਆ ਗਿਆ। ਪਰ ਛੇਵੀਂ ਸਦੀ ਵਿਚ ਅਖਾੜਿਆਂ ਦੀ ਹੋਂਦ ਦੀ ਇਤਿਹਾਸਕਤਾ ਪ੍ਰਮਾਣਤ ਨਹੀਂ ਹੈ। ਇੱਕ ਹੋਰ ਮੱਤ ਅਨੁਸਾਰ ਇਹ ਅਲਖ ਸ਼ਬਦ ਤੋਂ ਬਣਿਆ। ਅਲਖ ਯੋਗੀਆਂ ਦਾ ਪਰਸਪਰ ਸ਼੍ਰਿਸ਼ਟਾਚਾਰ ਬੋਧਕ ਸ਼ਬਦ ਹੈ। ਇੱਕ ਹੋਰ ਮੱਤ ਅਖਾੜਾ ਨੂੰ ਅੱਖੜ ਤੋਂ ਬਣਿਆ ਦਸਦਾ ਹੈ, ਸ਼ਾਇਦ ਸਾਧੂਆਂ ਦੇ ਅਜਿਹੇ ਸੁਭਾਅ ਕਾਰਨ। ਇਸ ਨੂੰ ਆਸ਼ਰਮ ਤੋਂ ਵਿਗੜਿਆ ਵੀ ਦੱਸਿਆ ਗਿਆ ਹੈ। ਵਿਉਤਪਤੀ ਦੇ ਮਾਮਲੇ ਵਿਚ ਤੁੱਕੇਬਾਜ਼ੀ ਬਹੁਤ ਚਲਦੀ ਹੈ।

'ਮਹਾਨ ਕੋਸ਼' ਨੇ ਇਸ ਦਾ ਨਾਤਾ 'ਅਕਸ਼ਾਰ' ਸ਼ਬਦ ਨਾਲ ਜੋੜਿਆ ਹੈ। ਅਕਸ਼ਾਰ ਦਾ ਅਰਥ ਖਾਰਰਹਿਤ ਅਰਥਾਤ ਅਲੂਣਾ ਪਾਣੀ ਬਣਦਾ ਹੈ। ਪਾਣੀਆਂ ਨੂੰ ਖਾਰਰਹਿਤ ਪਾਣੀ ਸਮਝਦਿਆਂ ਅਜਿਹੀ ਵਿਉਤਪਤੀ ਕੀਤੀ ਗਈ ਹੈ। 'ਮਹਾਨ ਕੋਸ਼' ਨੇ ਇਸ ਦੀ ਕੋਈ ਵਿਆਖਿਆ ਨਹੀਂ ਕੀਤੀ। ਸ਼ਾਇਦ ਇਹ ਵਿਚਾਰ ਹੋਵੇ ਕਿ ਕੁੰਭ ਦੌਰਾਨ ਜਿਨ੍ਹਾਂ ਨਦੀਆਂ ਵਿਚ ਇਸ਼ਨਾਨ ਕੀਤਾ ਜਾਂਦਾ ਹੈ, ਉਹ ਲੂਣ-ਰਹਿਤ ਹੁੰਦੀਆਂ ਹਨ। ਧਿਆਨ ਦਿਉ, ਨਦੀਆਂ ਦੇ ਟਾਕਰੇ 'ਤੇ ਸਮੁੰਦਰਾਂ ਦਾ ਪਾਣੀ ਖਾਰਾ ਹੁੰਦਾ ਹੈ। ਹਿੰਦੀ ਵਿਚ ਅਖਾੜਾ ਦਾ ਰੂਪ ਅਖਾਰ/ਅਖਾਰਾ ਵੀ ਹੈ। ਸ਼ਾਇਦ ਭਾਈ ਕਾਹਨ ਸਿੰਘ ਨੇ ਇਸੇ ਨੂੰ ਅਕਸ਼ਾਰ ਤੋਂ ਬਣਿਆ ਸ਼ਬਦ ਸਮਝ ਕੇ ਅਕਸ਼ਾਰ ਨੂੰ ਹੀ ਅਖਾੜਾ ਦਾ ਪਹਿਲਾ ਰੂਪ ਸਮਝ ਲਿਆ। ਇਹ ਖਿੱਚ ਕੇ ਕੀਤੀ ਗਈ ਵਿਉਤਪਤੀ ਹੈ।

ਬਹੁ-ਪ੍ਰਵਾਨਤ ਮੱਤ ਹੈ ਕਿ ਅਖਾੜਾ ਸ਼ਬਦ ਦਾ ਸਬੰਧ ਜੂਏ ਨਾਲ ਹੈ। ਪ੍ਰਾਚੀਨ ਸਮਿਆਂ ਵਿਚ ਸਰਕਾਰੀ ਤੌਰ 'ਤੇ ਕਿਸੇ ਨਿਰਧਾਰਤ ਸਥਾਨ 'ਤੇ ਚੌਸਰ/ਚੌਪੜ ਜਿਹੀ ਜੂਏ ਵਾਲੀ ਖੇਡ ਦਾ ਪ੍ਰਬੰਧ ਕੀਤਾ ਜਾਂਦਾ ਸੀ। ਇਸ ਅੱਡੇ ਨੂੰ 'ਅਕਸ਼ਵਾਟ' ਕਿਹਾ ਜਾਂਦਾ ਸੀ। ਇਹ ਸ਼ਬਦ ਅਕਸ਼+ਵਾਟ ਤੋਂ ਬਣਿਆ ਹੈ। ਅਕਸ਼ ਸ਼ਬਦ ਦਾ ਅਰਥ ਚੌਸਰ/ਚੌਪੜ, ਇਸ ਖੇਡ ਦਾ ਪਾਸਾ ਹੈ। ਸੰਸਕ੍ਰਿਤ ਵਾਟ ਦਾ ਅਰਥ ਹੁੰਦਾ ਹੈ, ਘਿਰਿਆ ਸਥਾਨ। ਵਾਟ ਸ਼ਬਦ 'ਵਟ' ਧਾਤੂ ਤੋਂ ਬਣਿਆ ਹੈ, ਜਿਸ ਵਿਚ ਗੋਲ ਗੋਲ ਘੁੰਮਣ, ਘੇਰਨ ਦੇ ਅਰਥ ਹਨ। ਵਾਟਿਕਾ ਸ਼ਬਦ ਇਸੇ ਤੋਂ ਬਣਿਆ। ਪੰਜਾਬੀ ਵਾੜੀ/ਬਾੜੀ ਅਤੇ ਬਾੜਾ ਸ਼ਬਦ ਵੀ ਇਸੇ ਤੋਂ ਬਣੇ ਹਨ। ਫੁਲਵਾੜੀ, ਫਗਵਾੜਾ ਸ਼ਬਦਾਂ ਵਿਚ ਇਹ ਪਿਛੇਤਰ ਵਜੋਂ ਆਇਆ ਹੈ। 'ਵਟ' ਧਾਤੂ ਤੋਂ ਬਣੇ ਸ਼ਬਦਾਂ ਬਾਰੇ ਪਹਿਲਾਂ ਲਿਖਿਆ ਜਾ ਚੁਕਾ ਹੈ। ਇਸ ਦਾ ਇੱਕ ਰੂਪ ਬਾਗੜ ਹੈ। ਇਸ ਤਰ੍ਹਾਂ ਅਕਸ਼ਵਾਟ ਉਹ ਸਥਾਨ ਹੈ, ਜਿਥੇ ਪਾਸਿਆਂ ਦੀ ਖੇਡ ਖੇਡੀ ਜਾਏ। ਇਸ ਨੂੰ ਜੂਆਘਰ ਵੀ ਕਿਹਾ ਜਾ ਸਕਦਾ ਹੈ। ਇਸ ਸ਼ਬਦ ਦਾ ਵਿਕਾਸ ਇਸ ਤਰ੍ਹਾਂ ਉਲੀਕਿਆ ਜਾ ਸਕਦਾ ਹੈ, ਅਕਸ਼ਵਾਟ> ਅਖਾਟ> ਅਖਾਡਾ> ਅਖਾੜਾ।

ਸਮਾਂ ਪਾ ਕੇ ਅਖਵਾਟ ਸ਼ਬਦ ਸਿਰਫ



ਦਿਮਾਗੀ ਕਸਰਤ ਜਾਂ ਖੇਡ ਦੇ ਅੱਡੇ ਦੇ ਸੂਚਕ ਤੋਂ ਅੱਗੇ ਵਧ ਕੇ ਸਰੀਰਕ ਖੇਡਾਂ ਜਾਂ ਕਸਰਤਾਂ ਦੇ ਅੱਡੇ ਲਈ ਵੀ ਵਰਤਿਆ ਜਾਣ ਲੱਗਾ। ਖੇਲ/ਖੇਡ ਸ਼ਬਦ ਨੂੰ ਵੀ ਅਸੀਂ ਦਿਮਾਗੀ ਅਤੇ ਸਰੀਰਕ ਮੁਕਾਬਲੇ ਦੇ ਅਰਥਾਂ ਵਿਚ ਵਰਤਦੇ ਹਾਂ। ਪੰਜਾਬੀ ਵਿਚ ਇਸ ਲਈ ਪਿੜ ਸ਼ਬਦ ਹੈ। ਅਖਾੜਾ ਨਾਚ-ਗਾਣੇ ਲਈ ਬਣਾਈ ਥਾਂ ਵੀ ਹੈ। ਅੱਜ ਕਲ੍ਹ ਗਤਕੇ, ਹੋਰ ਸਰੀਰਕ ਕਸਰਤਾਂ ਅਤੇ ਨੱਚਣ, ਗਾਉਣ, ਵਜਾਉਣ ਦੇ ਅਖਾੜੇ ਲਗਦੇ ਹਨ। ਪੁਆਧੀ ਦਾ ਅਖਾੜਾ ਮਸ਼ਹੂਰ ਹੈ, ਜਿਸ ਵਿਚ ਹਰ ਸਾਲ ਰਾਤ ਦੇ ਸਮੇਂ ਗਾਇਕੀ ਦੇ ਮਜਮੇ ਲਗਦੇ ਹਨ। ਕਿਸੇ ਇਕ ਗਾਇਕ ਵਲੋਂ ਲਗਤਾਰ ਗਾਏ ਜਾਣ ਵਾਲੇ ਪ੍ਰੋਗਰਾਮ ਨੂੰ ਵੀ ਅਖਾੜਾ ਕਿਹਾ ਜਾਣ ਲੱਗਾ ਹੈ। ਗੱਲ ਕੀ ਕਿਸੇ ਪ੍ਰਕਾਰ ਦੇ ਮਜਮੇ ਲਈ ਅਖਾੜਾ ਸ਼ਬਦ ਪ੍ਰਚਲਿਤ ਹੋ ਰਿਹਾ ਹੈ। ਲੁਧਿਆਣੇ ਅਤੇ ਜਲੰਧਰ ਵਿਚ ਅਖਾੜਾ ਨਾਂ ਦੇ ਪਿੰਡ ਹਨ। ਸੰਭਵ ਹੈ ਇਹ ਪਿੰਡ ਉਥੇ ਵਸੇ ਹੋਣ ਜਿੱਥੇ ਕਿਸੇ ਵੇਲੇ ਅਖਾੜੇ ਲਗਦੇ ਸਨ।

ਅਕਸ਼ਵਾਟ (ਅਖਾੜਾ) ਸ਼ਬਦ ਵਿਚ ਆਏ ਅਕਸ਼ ਸ਼ਬਦ ਦੇ ਸੰਸਕ੍ਰਿਤ ਵਿਚ ਚਾਰ ਅਣਜੋੜ ਅਰਥ ਹਨ। ਇਸ ਦੇ ਦੋ ਅਰਥਾਂ ਦੀ ਵਿਆਖਿਆ ਦੀ ਲੋੜ ਮਹਿਸੂਸ ਹੋ ਰਹੀ ਹੈ। ਇਸ ਦਾ ਪਹਿਲਾ ਅਰਥ ਤਾਂ ਚੌਸਰ/ਚੌਪਟ, ਪਾਸਾ ਹੈ ਜਿਸ ਤੋਂ ਅਸੀਂ ਜੂਏ ਦੀ ਇਹ ਖੇਡ ਖੇਡਣ ਵਾਲੀ ਥਾਂ ਲਈ ਇਹ ਸ਼ਬਦ ਬਣਿਆ ਦੱਸਿਆ ਹੈ। ਇਸ ਦੀ ਬਹੁ-ਪ੍ਰਵਾਨਤ ਵਿਆਖਿਆ ਇਹੋ ਹੈ। ਪਰ ਟਰਨਰ ਨੇ ਇਸ ਦੇ ਇੱਕ ਦੂਜੇ ਅਰਥ ਤੋਂ ਵੀ ਇਸ ਦੇ ਅਖਾੜਾ ਜਿਹੇ ਸ਼ਬਦ ਬਣਨ ਦੀ ਸੰਭਾਵਨਾ ਦਰਸਾਈ ਹੈ। ਇਸ ਦੇ ਦੂਜੇ ਅਰਥ (ਪਹੀਏ ਦਾ) ਧੁਰਾ, ਬੱਲੀ, ਲੱਠ; ਗੱਡੇ ਦਾ ਡੰਡਾ; ਤੱਕੜੀ ਦੀ ਡੰਡੀ ਆਦਿ ਹਨ। ਇਸ ਤਰ੍ਹਾਂ ਅਕਸ਼ਵਾਟ ਦਾ ਅਰਥ ਅਜਿਹੀ ਥਾਂ ਹੋ ਸਕਦੀ ਹੈ ਜਿਸ ਦੇ ਦੁਆਲੇ ਬੱਲੀਆਂ ਗੱਡ ਕੇ ਇਸ ਨੂੰ ਵਗਲਿਆ ਗਿਆ ਹੋਵੇ। ਬਾੜੀ ਬਣਾਉਣ ਲਈ ਅਸੀਂ ਪਹਿਲਾਂ ਵਗਲੇ ਹੋਏ ਥਾਂ 'ਤੇ ਬੱਲੀਆਂ ਜਾਂ ਡੰਡੇ ਗੱਡਦੇ ਹਾਂ ਤੇ ਉਸ ਦੁਆਲੇ ਵਾੜ ਲਾਈ ਜਾਂਦੀ ਹੈ।

ਲਹਿੰਦੇ ਵਿਚ ਅਖਾੜਾ ਦਾ ਅਰਥ ਨੀਲ ਸੁਕਾਉਣ ਲਈ ਵਗਲੀ ਥਾਂ ਵੀ ਹੈ ਅਤੇ ਉਜਾੜ ਵਿਚ ਦੀ ਪਸ਼ੂਆਂ ਦਾ ਲਾਂਘਾ ਵੀ। ਦੂਜੇ ਅਰਥਾਂ ਵਾਲਾ 'ਅਕਸ਼' ਸ਼ਬਦ ਭਾਰੋਪੀ ਖਾਸੇ ਵਾਲਾ ਹੈ। ਇਸ ਦਾ ਕਲਪਿਆ ਗਿਆ ਭਾਰੋਪੀ ਮੂਲ ਹੈ, ਅਕਸ। ਇਸ ਵਿਚ 'ਧੁਰਾ' ਦਾ ਭਾਵ ਹੈ। ਧੁਰੇ ਦੇ ਅਰਥਾਂ ਵਾਲਾ ਅੰਗਰੇਜ਼ੀ ਸ਼ਬਦ ਐਕਸਲ (Axle) ਅਤੇ Axis ਇਸੇ ਨਾਲ ਜਾ ਜੁੜਦੇ ਹਨ। ਗਰੀਕ, ਲਾਤੀਨੀ ਅਤੇ ਜਰਮੈਨਿਕ ਭਾਸ਼ਾ ਪਰਿਵਾਰਾਂ ਵਿਚ ਵੀ ਇਸ ਮੂਲ ਤੋਂ ਉਪਜੇ ਕੁਝ ਸ਼ਬਦ ਮਿਲਦੇ ਹਨ।

# ਗਾਇਕੀ ਤੇ ਅਦਾਕਾਰੀ 'ਚ ਨਵੇਂ ਮੁਕਾਮ ਸਿਰਜਣ ਵਾਲਾ ਰਣਜੀਤ ਬਾਵਾ

ਸੁਰਜੀਤ ਜੱਸਲ
ਫੋਨ: 91-98146-07737

ਪੰਜਾਬੀ ਗਾਇਕੀ 'ਚ ਸਥਾਪਤੀ ਪਿਛੋਂ ਹੁਣ ਪੰਜਾਬੀ ਫਿਲਮਾਂ ਦੇ ਖੇਤਰ ਵਿਚ ਨਵੇਂ ਮੁਕਾਮ ਸਿਰਜਣ ਵਾਲਾ ਕਲਾਕਾਰ ਰਣਜੀਤ ਬਾਵਾ ਸਾਲ 2019 ਵਿਚ ਪੂਰੀ ਤਰ੍ਹਾਂ ਪੰਜਾਬੀ ਪਰਦੇ 'ਤੇ ਸਰਗਰਮ ਰਹੇਗਾ। ਇਸੇ ਮਹੀਨੇ ਉਸ ਦੀ ਜੱਸੀ ਗਿੱਲ ਅਤੇ ਨਿੰਜਾ ਨਾਲ ਇੱਕ ਵੱਡੇ ਬਜਟ ਦੀ ਫਿਲਮ 'ਹਾਈ ਐਂਡ ਯਾਰੀਆਂ' ਰਿਲੀਜ਼ ਹੋਵੇਗੀ। ਇਸ ਫਿਲਮ ਤੋਂ ਬਾਅਦ ਉਸ ਦੀ ਇੱਕ ਹੋਰ ਫਿਲਮ 'ਤਾਰਾ ਮੀਰਾ' ਵੀ ਰਿਲੀਜ਼ ਹੋਣ ਲਈ ਤਿਆਰ ਹੈ।

ਜ਼ਿਕਰਯੋਗ ਹੈ ਕਿ ਰਣਜੀਤ ਬਾਵਾ ਦੀ ਪਹਿਲੀ ਫਿਲਮ 1984 ਦੇ ਸਮਿਆਂ 'ਚ ਸਿੱਖ ਪੰਥ ਲਈ ਸ਼ਹੀਦ ਹੋਏ ਭਾਈ ਜਗਰਾਜ ਸਿੰਘ ਬਾਰੇ 'ਤੂਫਾਨ ਸਿੰਘ' ਸੀ, ਜੋ ਸੈਂਸਰ ਬੋਰਡ ਨੇ ਪੰਜਾਬ ਵਿਚ ਰਿਲੀਜ਼ ਨਾ ਹੋਣ ਦਿੱਤੀ, ਜਦਕਿ ਵਿਦੇਸ਼ਾਂ ਵਿਚ ਇਸ ਫਿਲਮ ਨੇ ਚੰਗੀ ਕਮਾਈ ਕੀਤੀ। 'ਜੱਟ ਦੀ ਅਕਲ' ਗੀਤ ਦੇ ਵੀਡੀਓ ਵਾਂਗ ਇਸ ਫਿਲਮ ਵਿਚ ਵੀ ਰਣਜੀਤ ਬਾਵਾ ਦਾ ਕਿਰਦਾਰ ਦੁਸ਼ਮਣਾਂ ਨੂੰ ਭਾਜੀ ਮੋੜਨ ਵਾਲਾ ਸੀ।

ਇਸ ਪਿਛੋਂ 'ਭਲਵਾਨ ਸਿੰਘ' ਤੇ 'ਖਿੱਦੋ ਖੂੰਡੀ' ਫਿਲਮਾਂ ਨਾਲ ਰਣਜੀਤ ਬਾਵਾ ਸਰਗਰਮ ਰਿਹਾ, ਪਰ ਪਿਛਲੇ ਸਾਲ ਆਈਆਂ 'ਵੇਖ ਬਰਾਤਾਂ ਚੱਲੀਆਂ', 'ਮਿਸਟਰ ਐਂਡ ਮਿਸਿਜ 420' ਨਾਲ ਬਾਵਾ ਇੱਕ ਨਵੇਂ ਅੰਦਾਜ ਵਿਚ ਪੰਜਾਬੀ ਪਰਦੇ 'ਤੇ ਨਜ਼ਰ ਆਇਆ ਤੇ ਸਿੱਧਾ ਦਰਸ਼ਕਾਂ ਦੇ ਦਿਲਾਂ 'ਚ ਉਤਰ ਗਿਆ। 'ਮਿਸਟਰ ਐਂਡ ਮਿਸਿਜ 420' ਵਿਚਲੇ ਲਾਡੀ ਅਮਲੀ ਦੇ ਕਿਰਦਾਰ ਨੇ ਉਸ ਨੂੰ ਇੱਕ ਨਵੀਂ ਪਛਾਣ ਦਿੱਤੀ।

ਆਪਣੇ ਮੁਢਲੇ ਗੀਤ 'ਜੱਟ ਦੀ ਅਕਲ' ਅਤੇ ਫਿਲਮ 'ਤੂਫਾਨ ਸਿੰਘ' ਵਿਚ ਰਣਜੀਤ ਬਾਵਾ ਇੱਕ ਅਣਖੀ ਯੋਧੇ ਵਾਲੇ ਕਿਰਦਾਰ ਵਿਚ ਉਭਰਿਆ, ਜਦਕਿ ਬਾਅਦ ਵਿਚ ਉਹ ਹਰ ਤਰ੍ਹਾਂ



ਦੇ ਕਿਰਦਾਰਾਂ ਵਿਚ ਨਜ਼ਰ ਆਉਣ ਲੱਗਾ ਅਤੇ ਉਸ ਦੀ ਪਛਾਣ ਵੀ ਬਣੀ। ਗੁਰਦਾਸਪੁਰ ਨੇੜਲੇ ਪਿੰਡ ਵਡਾਲਾ ਗ੍ਰੰਥੀਆਂ ਦੇ ਜੰਮਪਲ ਰਣਜੀਤ ਬਾਵਾ ਨੂੰ ਗਾਉਣ ਦਾ ਸ਼ੌਕ ਬਚਪਨ ਤੋਂ ਹੀ ਸੀ। ਸਕੂਲ-ਕਾਲਜ ਦੀਆਂ ਸਟੇਜਾਂ ਤੋਂ ਉਪਰ ਉਠ ਕੇ ਗਾਇਕੀ ਦੇ ਅੰਬਰਾਂ ਨੂੰ ਛੋਹਣ ਵਾਲਾ ਰਣਜੀਤ ਬਾਜਵਾ ਆਪਣੀ ਪਲੇਠੀ ਐਲਬਮ 'ਮਿੱਟੀ ਦਾ ਬਾਵਾ' ਦੀ ਕੌਮਾਂਤਰੀ ਪ੍ਰਸਿੱਧੀ ਨਾਲ 'ਬਾਜਵਾ' ਤੋਂ 'ਬਾਵਾ' ਬਣ ਗਿਆ। ਉਸ ਪਿਛੋਂ ਗੀਤ 'ਪੌਣੇ ਅੱਠ' ਅਤੇ 'ਤਨਖਾਹ' ਦੀ ਸਫਲਤਾ ਨਾਲ ਰਣਜੀਤ ਬਾਵਾ ਦੀ ਪਛਾਣ ਹੋਰ ਵੀ ਗੂੜ੍ਹੀ ਹੋ ਗਈ।

ਰਣਜੀਤ ਬਾਵਾ ਆਪਣੇ ਅਨੇਕਾਂ ਗੀਤਾਂ-ਤਾਰੇ ਵਾਲਿਆ ਬਾਬਾ, ਲਾਹੌਰ, ਯਾਰੀ ਚੰਡੀਗੜ੍ਹ ਵਾਲੀਏ, ਕਹਿੰਦੇ ਸ਼ੇਰ ਮਾਰਨਾ, ਮਾਣਕ ਦੀ ਕਲੀ, ਵੀਕ ਐਂਡ, ਕੰਗਣਾ, ਫੁਲਕਾਰੀ, ਕਿੱਥੇ ਜਾਂਦੀ ਤਨਖਾਹ ਆਦਿ ਨਾਲ ਸ਼ੋਹਰਤ ਦੇ ਸਿਖਰਲੇ ਡੰਡੇ 'ਤੇ ਰਿਹਾ। ਇਨ੍ਹੀਂ ਦਿਨੀਂ ਰਣਜੀਤ ਬਾਵਾ ਦੀ ਚਰਚਾ ਉਸ ਦੀ ਇਸ ਸਾਲ 22 ਫਰਵਰੀ ਨੂੰ ਆਈ ਫਿਲਮ 'ਹਾਈ ਐਂਡ ਯਾਰੀਆਂ' ਕਰਕੇ ਹੈ। ਫਿਲਮ ਦਾ ਟਰੇਲਰ ਵੇਖਦਿਆਂ ਰਣਜੀਤ ਬਾਵਾ ਦਾ ਕਿਰਦਾਰ ਦਰਸ਼ਕਾਂ ਦੀ ਪਸੰਦ 'ਤੇ ਖਰਾ ਉਤਰਿਆ ਹੈ।

ਇਕ ਮੁਲਾਕਾਤ ਵਿਚ ਰਣਜੀਤ ਬਾਵਾ ਨੇ ਦੱਸਿਆ ਕਿ ਪਟਾਰਾ ਟਾਕੀਜ਼ ਪ੍ਰਾਈਵੇਟ ਲਿਮਟਿਡ, ਪੰਕਜ ਬੱਤਰਾ ਫਿਲਮਜ਼ ਅਤੇ ਸਪੀਡ ਰਿਕਾਰਡਜ਼ ਦੇ ਬੈਨਰ ਹੇਠ ਬਣੀ ਇਸ ਫਿਲਮ ਦਾ ਨਿਰਮਾਣ ਸੰਦੀਪ ਬਾਂਸਲ, ਪੰਕਜ ਬੱਤਰਾ, ਦਿਨੇਸ਼ ਔਲਖ ਅਤੇ ਰੂਬੀ ਕੋਹਲੀ ਨੇ ਕੀਤਾ ਹੈ। ਇਸ ਫਿਲਮ ਵਿਚ ਰਣਜੀਤ ਬਾਵਾ ਦਾ ਕਿਰਦਾਰ ਮਾਲਵੇ ਦੇ ਪਿੰਡਾਂ ਵਾਲੇ ਸਾਫ ਦਿਲ ਦੇਸੀ ਮੁੰਡੇ ਦਾ ਹੈ। ਰਣਜੀਤ ਬਾਵਾ ਨੇ ਦੱਸਿਆ ਕਿ ਉਸ ਨੂੰ ਖੁਸ਼ੀ ਹੈ ਕਿ ਉਸ ਨੂੰ ਹਮੇਸ਼ਾ ਹੀ ਤਜਰਬੇਕਾਰ ਟੀਮ ਨਾਲ ਕੰਮ ਕਰਨ ਦਾ ਮੌਕਾ ਮਿਲਿਆ ਹੈ। ਗਾਇਕੀ ਤੇ ਫਿਲਮਾਂ ਦਾ ਸਫਰ ਉਹ ਨਿਰੰਤਰ ਜਾਰੀ ਰੱਖੇਗਾ ਤੇ ਭਵਿੱਖ ਵਿਚ ਚੰਗੀਆਂ ਮਨੋਰੰਜਨ ਭਰਪੂਰ ਫਿਲਮਾਂ ਦਿੰਦਾ ਰਹੇਗਾ।

# ਚੋਣਾਂ ਅਤੇ ਭਾਜਪਾ ਦੇ ਪ੍ਰਚਾਰ ਵਾਲੀਆਂ ਫਿਲਮਾਂ


2014 ਦੀਆਂ ਚੋਣਾਂ ਅਤੇ ਉਸ ਪਿਛੋਂ ਪਿਛਲੇ ਪੰਜ ਸਾਲਾਂ ਵਿਚ ਜਿਸ ਤਰ੍ਹਾਂ ਭਾਜਪਾ ਨੇ ਪ੍ਰਿੰਟ ਤੇ ਇਲੈਕਟ੍ਰਾਨਿਕ ਅਤੇ ਸੋਸ਼ਲ ਮੀਡੀਆ ਨੂੰ ਆਪਣੇ ਹਿੱਤਾਂ ਲਈ ਵਰਤਿਆ, ਉਹ ਆਪਣੀ ਮਿਸਾਲ ਆਪ ਹੈ। ਸਿਨੇਮਾ ਇਸ ਦਾ ਅਗਲਾ ਤਰਕਸ਼ੀਲ ਪੜਾਅ ਹੈ।

'ਬਾਲੀਵੁੱਡ' ਦਾ ਇਕ ਹਿੱਸਾ ਪਹਿਲਾਂ ਹੀ ਭਾਜਪਾ, ਵਿਸ਼ੇਸ਼ ਕਰਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸੋਹਲੇ ਚਿਰਾਂ ਤੋਂ ਗਾ ਰਿਹਾ ਹੈ। 2019 ਦੀਆਂ ਚੋਣਾਂ ਦੀ ਆਮਦ ਮੌਕੇ ਇਕ ਪਿਛੋਂ ਇਕ ਅਜਿਹੀਆਂ ਫਿਲਮਾਂ ਆਈਆਂ ਹਨ, ਜਾਂ ਆਉਣ ਵਾਲੀਆਂ ਹਨ, ਜਿਨ੍ਹਾਂ ਦੇ ਵਿਸ਼ੇ ਸਿੱਧੇ ਜਾਂ ਅਸਿੱਧੇ ਭਾਜਪਾ ਦੀ ਸੱਤਾ ਬਰਕਰਾਰੀ ਵਿਚ ਮਦਦ ਕਰਦੇ

**ਕੁਲਵਿੰਦਰ**

ਹਨ। ਇਸ ਸਾਲ ਦੇ ਸ਼ੁਰੂ ਵਿਚ 11 ਜਨਵਰੀ ਨੂੰ ਇਕੋ ਦਿਨ ਰਿਲੀਜ਼ ਹੋਈਆਂ ਦੋ ਫਿਲਮਾਂ ਅਜਿਹੀਆਂ ਹੀ ਫਿਲਮਾਂ ਹਨ: 'ਉਰੀ: ਦਿ ਸਰਜੀਕਲ ਸਟਰਾਈਕ' ਅਤੇ 'ਐਕਸੀਡੈਂਟਲ ਪ੍ਰਾਈਮ ਮਨਿਸਟਰ।' ਇਸ ਪਿਛੋਂ ਨਰਿੰਦਰ ਮੋਦੀ ਦੀ ਜੀਵਨੀ 'ਤੇ ਆਧਾਰਤ ਫਿਲਮ 'ਪੀ. ਐਮ. ਨਰਿੰਦਰ ਮੋਦੀ' ਕਤਾਰ ਵਿਚ ਹੈ। ਇਨ੍ਹਾਂ ਫਿਲਮਾਂ ਨਾਲ ਹੀ ਭਾਜਪਾ ਦੀ ਛੋਟੀ ਭਾਈਵਾਲ ਪਾਰਟੀ ਸ਼ਿਵ ਸੈਨਾ ਨੇ ਵੀ ਆਪਣੇ ਆਗੂ ਬਾਲ ਠਾਕਰੇ ਦੇ ਜੀਵਨ 'ਤੇ 'ਠਾਕਰੇ' ਨਾਂ ਦੀ ਫਿਲਮ ਬਣਾਈ ਹੈ। ਮਰਾਠੀ ਅਤੇ ਹਿੰਦੀ ਵਿਚ ਬਣੀ ਅਭੀਜੀਤ ਪਾਨਸੇ ਦੀ ਨਿਰਦੇਸ਼ਤ ਇਸ ਫਿਲਮ ਦੀ ਕਹਾਣੀ ਸ਼ਿਵ ਸੈਨਾ ਆਗੂ ਸੰਜੇ ਰਾਉਤ ਨੇ ਲਿਖੀ ਹੈ।

'ਉਰੀ: ਦਿ ਸਰਜੀਕਲ ਸਟਰਾਈਕ' ਫਿਲਮ ਦਾ ਨਿਰਦੇਸ਼ਨ ਅਦਿਤਿਆ ਧਰ ਨੇ ਕੀਤਾ ਹੈ। ਜਿਵੇਂ ਨਾਂ ਤੋਂ ਹੀ ਜਾਹਰ ਹੈ, ਇਹ ਫਿਲਮ 2016 ਦੀ ਉਰੀ ਦੀ ਅਖੌਤੀ ਸਰਜੀਕਲ ਸਟਰਾਈਕ 'ਤੇ ਬਣੀ ਹੈ। ਸਰਜੀਕਲ ਸਟਰਾਈਕ ਨੂੰ ਨਰਿੰਦਰ ਮੋਦੀ ਅਤੇ ਰਾਸ਼ਟਰੀ ਸਵੈਮਸੇਵਕ ਸੰਘ (ਆਰ. ਐਸ. ਐਸ.) ਪੂਰੀ ਤਰ੍ਹਾਂ ਆਪਣੀ ਸੂਰਬੀਰਤਾ ਬਣਾ ਕੇ ਪੇਸ਼ ਕਰਦਾ ਰਿਹਾ ਹੈ। ਇਸ ਦੇ ਉਲਟ ਵਿਰੋਧੀ ਇਸ ਐਕਸ਼ਨ ਦੀ ਸੱਚਾਈ ਬਾਰੇ ਹੀ ਸੁਆਲ ਉਠਾਉਂਦੇ ਰਹੇ ਹਨ। 'ਖੂਨ ਕਾ ਬਦਲਾ ਖੂਨ' ਅਤੇ 'ਯਿਹ ਨਇਆ ਹਿੰਦੁਸਤਾਨ ਹੈ, ਯਿਹ ਘਰ ਮੇਂ ਘੁਸੇਗਾ ਭੀ ਔਰ ਮਾਰੇਗਾ ਭੀ' ਜਿਹੇ ਸੰਵਾਦਾਂ ਨਾਲ ਲੈਸ 'ਉਰੀ: ਦਿ ਸਰਜੀਕਲ ਸਟਰਾਈਕ' ਅਖੌਤੀ ਦੇਸ਼ ਭਗਤੀ ਦੀ ਭਾਵਨਾ ਨੂੰ ਹੀ ਭੜਕਾ ਰਹੀ ਹੈ। ਇਸ ਤਰ੍ਹਾਂ ਦੀ ਦੇਸ਼ ਭਗਤੀ ਭਾਰਤੀ ਮੱਧਵਰਗ ਦੇ ਇਕ ਹਿੱਸੇ ਨੂੰ ਪ੍ਰਭਾਵਿਤ ਵੀ ਕਰਦੀ ਹੈ। ਇਸ ਤਰ੍ਹਾਂ ਇਹ ਫਿਲਮ ਭਾਜਪਾ ਦੇ ਅਖੌਤੀ ਦੇਸ਼ ਭਗਤੀ ਦੇ ਏਜੰਡੇ ਨੂੰ ਅੱਗੇ ਵਧਾ ਰਹੀ ਹੈ।





ਇਸੇ ਲੜੀ ਦੀ ਦੂਜੀ ਫਿਲਮ 'ਐਕਸੀਡੈਂਟਲ ਪ੍ਰਾਈਮ ਮਨਿਸਟਰ' ਹੈ। ਇਸ ਫਿਲਮ ਦਾ ਨਿਰਦੇਸ਼ਨ ਵਿਜੇ ਰਤਨਾਕਰ ਗੁੱਟੇ ਨੇ ਕੀਤਾ ਹੈ। 'ਐਕਸੀਡੈਂਟਲ ਪ੍ਰਾਈਮ ਮਨਿਸਟਰ' ਡਾ. ਮਨਮੋਹਨ ਸਿੰਘ ਦੇ ਕਮਜ਼ੋਰ ਪ੍ਰਧਾਨ ਮੰਤਰੀ ਹੋਣ ਦਾ ਦਾਅਵਾ ਕਰਦੀ ਹੈ। ਫਿਲਮ ਵਿਚ ਡਾ. ਮਨਮੋਹਨ ਸਿੰਘ ਨੂੰ ਗਾਂਧੀ ਪਰਿਵਾਰ ਦੀ ਕਠਪੁਤਲੀ ਦੱਸਿਆ ਗਿਆ ਹੈ। ਇਸ ਤੋਂ ਇਲਾਵਾ ਗਾਂਧੀ ਪਰਿਵਾਰ ਨਾਲ ਜੁੜੇ ਲੋਕਾਂ ਦੀ ਆਲੋਚਨਾ ਨੂੰ ਤਰਜੀਹ ਦਿਤੀ ਗਈ ਹੈ। ਫਿਲਮ 'ਐਕਸੀਡੈਂਟਲ ਪ੍ਰਾਈਮ ਮਨਿਸਟਰ' ਅਨੁਸਾਰ ਦੇਸ਼ ਨੂੰ ਇਕ ਪਰਿਵਾਰ-ਭਾਵ ਗਾਂਧੀ ਪਰਿਵਾਰ ਵਲੋਂ ਹੀ ਚਲਾਇਆ ਜਾਂਦਾ ਰਿਹਾ ਹੈ। 'ਐਕਸੀਡੈਂਟਲ ਪ੍ਰਾਈਮ ਮਨਿਸਟਰ' ਫਿਲਮ ਦਾ ਸੰਜੇ ਬਾਰੂ ਦੀ ਇਸੇ ਨਾਂ ਦੀ ਕਿਤਾਬ 'ਤੇ ਆਧਾਰਤ ਹੋਣ ਦਾ ਦਾਅਵਾ ਕੀਤਾ ਜਾਂਦਾ ਹੈ। ਉਂਜ, ਸੰਜੇ ਬਾਰੂ ਦਾ ਇਸ ਫਿਲਮ ਬਾਰੇ ਕਹਿਣਾ ਹੈ ਕਿ ਉਸ ਦੀ ਕਿਤਾਬ ਦੇ 70 ਫੀਸਦੀ ਹਿੱਸੇ ਵਿਚ ਡਾ. ਮਨਮੋਹਨ ਸਿੰਘ ਦੀ ਤਾਰੀਫ ਕੀਤੀ ਗਈ ਹੈ ਅਤੇ ਬਾਕੀ 30 ਫੀਸਦੀ ਹਿੱਸੇ ਵਿਚ ਉਸ ਦੀ ਆਲੋਚਨਾ ਸ਼ਾਮਲ ਹੈ; ਜਦਕਿ ਫਿਲਮ ਵਿਚ ਇਸ ਦੇ ਉਲਟ ਕੀਤਾ ਗਿਆ ਹੈ। ਇੰਜ 'ਐਕਸੀਡੈਂਟਲ ਪ੍ਰਾਈਮ ਮਨਿਸਟਰ' ਫਿਲਮ ਵਿਚ ਸਿਰਜਿਆ ਗਿਆ ਬਿਰਤਾਂਤ ਵੀ ਸੰਘ ਪਰਿਵਾਰ ਵਲੋਂ ਸਿਰਜੇ ਬਿਰਤਾਂਤ ਨਾਲ ਮੇਲ ਖਾਂਦਾ ਹੈ ਕਿ ਦੇਸ਼ ਨੂੰ ਸਿਰਫ ਇਕ ਪਰਿਵਾਰ ਵਲੋਂ ਹੀ ਚਲਾਇਆ ਜਾਂਦਾ ਰਿਹਾ ਹੈ। ਸੰਘੀ ਲਾਣੇ ਦੇ ਆਗੂਆਂ ਵਲੋਂ ਫਿਲਮ ਦੇ ਹੱਕ ਵਿਚ ਕੀਤਾ ਗਿਆ ਪ੍ਰਚਾਰ ਵੀ ਕਾਫੀ ਕੁਝ ਕਹਿ ਜਾਂਦਾ ਹੈ।




ਉਂਜ, ਸ਼ਾਇਦ ਇਸ ਲੜੀ ਦੀ ਸਭ ਤੋਂ ਅਹਿਮ ਜੀਵਨੀ ਮੂਲਕ ਫਿਲਮ ਹੈ, 'ਪੀ. ਐਮ. ਨਰਿੰਦਰ ਮੋਦੀ।' ਇਸ ਫਿਲਮ ਦਾ ਨਿਰਦੇਸ਼ਨ ਉਮੰਗ ਕੁਮਾਰ ਬੀ. ਕਰ ਰਿਹਾ ਹੈ। ਇਸ ਫਿਲਮ ਦਾ ਅਜੇ ਸਿਰਫ ਪੋਸਟਰ ਹੀ ਜਾਰੀ ਕੀਤਾ ਗਿਆ ਹੈ ਪਰ ਸੰਘ ਦਾ ਮੀਡੀਆ ਤੰਤਰ ਹੁਣੇ ਤੋਂ ਹੀ ਇਸ ਫਿਲਮ ਦੇ ਪ੍ਰਚਾਰ ਲਈ ਪੱਬਾਂ ਭਾਰ ਹੋਇਆ ਫਿਰਦਾ ਹੈ। ਇਥੋਂ ਤੱਕ ਕਿ ਮੁੰਬਈ ਵਿਚ 'ਪੀ. ਐਮ. ਨਰਿੰਦਰ ਮੋਦੀ' ਫਿਲਮ ਦੇ ਪੋਸਟਰ ਦੇ ਰਿਲੀਜ਼ ਸਮਾਗਮ ਮੌਕੇ ਮਹਾਂਰਾਸ਼ਟਰ ਦੇ ਮੁੱਖ ਮੰਤਰੀ ਦਵੇਂਦਰ ਫੜਨਵੀਸ ਖੁਦ ਮੌਜੂਦ ਸਨ। ਵਿਵੇਕ ਓਬਰਾਏ ਦੀ ਇਹ ਫਿਲਮ 23 ਭਾਸ਼ਾਵਾਂ 'ਚ ਬਣਨੀ ਹੈ। 'ਪੀ. ਐਮ. ਨਰਿੰਦਰ ਮੋਦੀ' ਫਿਲਮ ਨੂੰ ਜੰਗੀ ਪੱਧਰ 'ਤੇ ਤਿਆਰ ਕਰਕੇ 2019 ਦੀਆਂ ਚੋਣਾਂ ਤੋਂ ਠੀਕ ਪਹਿਲਾਂ ਰਿਲੀਜ਼ ਕੀਤਾ ਜਾਵੇਗਾ।


ਇਥੇ ਇਹ ਵੀ ਜ਼ਿਕਰਯੋਗ ਹੈ ਕਿ ਪਿਛਲੇ ਪੰਜ ਸਾਲਾਂ ਵਿਚ ਭਾਜਪਾ ਨੇ ਸੈਂਸਰ ਬੋਰਡ ਨੂੰ ਆਪਣੇ ਸੌੜੇ ਹਿੱਤਾਂ ਲਈ ਵਰਤਿਆ ਹੈ। ਇਸ ਨੇ ਹਰ ਉਸ ਫਿਲਮ ਦੇ ਰਾਹ ਵਿਚ ਅੜਿੱਕੇ ਡਾਹੇ ਜਿਸ ਦੀ ਥੋੜ੍ਹੀ ਜਿਹੀ ਵੀ ਸੁਰ ਮੋਦੀ ਸਰਕਾਰ ਜਾਂ ਹਿੰਦੂਤਵ ਦੀ ਫਾਸ਼ੀਵਾਦੀ ਵਿਚਾਰਧਾਰਾ ਦੀ ਆਲੋਚਨਾ ਵਾਲੀ ਸੀ। 'ਉਰੀ: ਦਿ ਸਰਜੀਕਲ ਸਟਰਾਈਕ' ਤੇ 'ਐਕਸੀਡੈਂਟਲ ਪ੍ਰਾਈਮ ਮਨਿਸਟਰ' ਦੋਵੇਂ ਫਿਲਮਾਂ ਨਾਜ਼ੁਕ ਵਿਸ਼ਿਆਂ ਨਾਲ ਸਬੰਧਤ ਹੋਣ ਦੇ ਬਾਵਜੂਦ ਸੈਂਸਰ ਬੋਰਡ ਵਲੋਂ ਇਨ੍ਹਾਂ ਫਿਲਮਾਂ ਨੂੰ ਛੇਤੀ-ਛੇਤੀ ਹੀ ਪਾਸ ਕੀਤਾ ਗਿਆ ਹੈ। ਇਹੀ ਨਹੀਂ, ਸੈਂਸਰ ਬੋਰਡ ਨੇ ਇਨ੍ਹਾਂ ਦੋਹਾਂ ਫਿਲਮਾਂ ਵਿਚਲੇ ਅਜਿਹੇ ਦ੍ਰਿਸ਼ਾਂ ਨੂੰ, ਜੋ ਭਾਜਪਾ ਦੇ ਹੱਕ ਵਿਚ ਜਾਂਦੇ ਹਨ, ਬਿਨਾ ਕਿਸੇ ਕੱਟ ਦੇ ਪਾਸ ਕੀਤਾ। ਇਸ ਦੇ ਉਲਟ ਮੋਦੀ, ਭਾਜਪਾ ਜਾਂ ਸੰਘ ਦੀ ਵਿਚਾਰਧਾਰਾ 'ਤੇ ਸੁਆਲ ਉਠਾਉਂਦੀਆਂ ਫਿਲਮਾਂ ਉਤੇ ਬੇਸਿਰ-ਪੈਰ ਇਤਰਾਜ਼ ਲਾਏ ਗਏ। ਅਜਿਹੀ ਹੀ ਇਕ ਫਿਲਮ 'ਸਮੀਰ' ਹੈ। 'ਸਮੀਰ' ਸਤੰਬਰ 2017 ਵਿਚ ਰਿਲੀਜ਼ ਹੋਈ ਸੀ ਅਤੇ ਇਸ ਫਿਲਮ ਨੂੰ ਸੈਂਸਰ ਬੋਰਡ ਨੇ ਕਈ ਕੱਟ ਲਾ ਕੇ ਪਾਸ ਕੀਤਾ ਸੀ। 'ਸਮੀਰ' ਫਿਲਮ ਦੇ ਨਿਰਦੇਸ਼ਕ ਡਿਕਸਨ ਨੇ ਇਸ ਬਾਰੇ ਸੈਂਸਰ ਬੋਰਡ ਨੂੰ ਖੁੱਲ੍ਹੀ ਚਿੱਠੀ ਲਿਖ ਕੇ ਸੈਂਸਰ ਬੋਰਡ ਦੇ ਦੋਗਲੇਪਨ 'ਤੇ ਸੁਆਲ ਉਠਾਇਆ ਹੈ।




ਇਨ੍ਹਾਂ ਭਾਜਪਾ ਸਮਰਥਕ ਫਿਲਮਾਂ ਦਾ ਚੋਣਾਂ ਮੌਕੇ ਆਉਣਾ ਭਾਜਪਾ ਦੀ ਸੱਤਾ ਨੂੰ ਕਾਇਮ ਰੱਖਣ ਦੀ ਬੇਕਰਾਰੀ ਨੂੰ ਸਾਬਤ ਕਰ ਰਿਹਾ ਹੈ। ਇਨ੍ਹਾਂ ਫਿਲਮਾਂ ਵਿਚ ਭਾਜਪਾ ਸਰਕਾਰ ਦੇ ਹੱਕ ਵਿਚ ਕੀਤੀ ਗਈ ਕਸੀਦਾਕਾਰੀ 2019 ਦੀਆਂ ਚੋਣਾਂ ਵਿਚ ਉਸ ਦੀ ਕਿੰਨੀ ਕੁ ਮਦਦ ਕਰੇਗੀ ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ ਪਰ ਇਹ ਵਰਤਾਰਾ ਇਹ ਦਰਸਾ ਰਿਹਾ ਹੈ ਕਿ ਭਾਰਤੀ ਚੋਣ ਤਮਾਸ਼ਾ, ਪ੍ਰਚਾਰ ਦੇ ਨਵੇਂ ਪੜਾਅ ਵਿਚ ਦਾਖਲ ਹੋ ਚੁਕਾ ਹੈ।

# ਈਸ਼ਾ ਦਿਓਲ ਦੀ 'ਕੇਕਵਾਕ'

ਸਾਲ 2012 ਵਿਚ ਵਿਆਹ ਪਿਛੋਂ ਈਸ਼ਾ ਦਿਓਲ ਨੇ ਅਦਾਕਾਰੀ ਨੂੰ ਅਲਵਿਦਾ ਆਖ ਦਿਤੀ ਸੀ। ਹੁਣ ਲੰਮੇ ਸਮੇਂ ਬਾਅਦ ਈਸ਼ਾ ਦੀ ਅਦਾਕਾਰੀ ਵਾਲੀ ਲਘੂ ਫਿਲਮ 'ਕੇਕਵਾਕ' ਆਈ ਹੈ।




ਇਸ ਵਿਚ ਈਸ਼ਾ ਨੇ ਵਿਆਹੁਤਾ ਔਰਤ ਸ਼ਿਲਪਾ ਸੇਨ ਦੀ ਭੂਮਿਕਾ ਨਿਭਾਈ ਹੈ। ਕੁੱਲ 27 ਮਿੰਟ ਦੀ ਇਸ ਫਿਲਮ ਵਿਚ ਸ਼ਿਲਪਾ ਦੀ ਜ਼ਿੰਦਗੀ ਦੇ ਤਣਾਅ ਭਰੇ ਦਿਨ ਦੀ ਕਹਾਣੀ ਪੇਸ਼ ਕੀਤੀ ਗਈ ਹੈ। ਫਿਲਮ ਰਾਮ ਕਮਲ ਮੁਖਰਜੀ ਨੇ ਨਿਰਦੇਸ਼ਤ ਕੀਤੀ ਹੈ। ਜ਼ਿਕਰਯੋਗ ਹੈ ਕਿ ਫਿਲਮ ਪੱਤਰਕਾਰ ਤੋਂ ਨਿਰਦੇਸ਼ਕ ਬਣੇ ਰਾਮ ਕਮਲ ਨੇ ਹੇਮਾ ਮਾਲਿਨੀ ਦੀ ਆਤਮਕਥਾ ਵੀ ਲਿਖੀ ਹੈ।

ਪਹਿਲਾਂ ਰਾਮ ਕਮਲ ਇਹ ਫਿਲਮ ਹੋਰ ਕਿਸੇ ਤੋਂ ਨਿਰਦੇਸ਼ਤ ਕਰਵਾਉਣਾ ਚਾਹੁੰਦੇ ਸਨ ਅਤੇ ਇਸ ਸਿਲਸਿਲੇ ਵਿਚ ਕੁਝ ਨਿਰਦੇਸ਼ਕਾਂ ਨਾਲ ਗੱਲ ਵੀ ਕੀਤੀ ਸੀ, ਪਰ ਗੱਲ ਸਿਰੇ ਨਾ ਚੜ੍ਹੀ। ਇਕ ਦਿਨ ਉਨ੍ਹਾਂ ਈਸ਼ਾ ਨੂੰ ਕਹਾਣੀ ਸੁਣਾਈ ਅਤੇ ਈਸ਼ਾ ਨੇ ਹੀ ਸੁਝਾਅ ਦਿੱਤਾ ਕਿ ਉਹ ਖੁਦ ਹੀ ਇਸ ਦਾ ਨਿਰਦੇਸ਼ਨ ਕਰਨ। ਫਿਲਮ ਦੀ ਕਹਾਣੀ ਸੁਣ ਕੇ ਉਹ ਇਸ ਫਿਲਮ ਵਿਚ ਕੰਮ ਕਰਨ ਲਈ ਵੀ ਤਿਆਰ ਹੋ ਗਈ।

ਈਸ਼ਾ ਦੱਸਦੀ ਹੈ ਕਿ ਵਿਆਹ ਪਿਛੋਂ ਉਹਨੇ ਸੋਚਿਆ ਨਹੀਂ ਸੀ ਕਿ ਅਦਾਕਾਰੀ ਨੂੰ ਅਲਵਿਦਾ ਕਹਿ ਹੋ ਜਾਣੀ ਹੈ, ਪਰ ਰੁਝੇਵੇਂ ਹੋਰ ਤਰ੍ਹਾਂ ਦੇ ਹੋ ਗਏ। ਉਂਜ ਉਹ ਵਿਆਹ ਪਿਛੋਂ ਵੀ ਆਪਣੀ ਮਾਂ ਹੇਮਾ ਮਾਲਿਨੀ ਨਾਲ ਡਾਂਸ ਸ਼ੋਅ ਵਿਚ ਹਿੱਸਾ ਲੈਂਦੀ ਰਹੀ। ਹੁਣ ਉਸ ਦੇ ਘਰ ਇਕ ਹੋਰ ਨੰਨ੍ਹਾ ਮਹਿਮਾਨ ਆਉਣ ਵਾਲਾ ਹੈ। ਉਸ ਮੁਤਾਬਕ ਹੁਣ ਉਹ ਫਿਲਮਾਂ ਵਿਚ ਮੁੜ ਵਾਪਸੀ ਬਾਰੇ ਡੇਢ-ਦੋ ਸਾਲ ਬਾਅਦ ਹੀ ਸੋਚ ਸਕੇਗੀ।

# ਫਿਲਮਾਂ ਦੇ ਅਣਗੌਲੇ ਪਾਤਰ

ਜਦੋਂ ਪੰਜਾਬੀ ਸਮਾਜ ਦੇ ਅਣਹੋਏ ਪਾਤਰਾਂ ਬਾਰੇ ਚਰਚਾ ਚੱਲਦੀ ਹੈ ਤਾਂ ਪੰਜਾਬੀ ਮਾਨਸਿਕਤਾ ਗੁਰਦਿਆਲ ਸਿੰਘ ਦੇ ਨਾਵਲ 'ਅਣਹੋਏ' ਵਿਚਲੇ ਉਨ੍ਹਾਂ ਲੋਕਾਂ ਤਕ ਸੁੰਗੜ ਕੇ ਰਹਿ ਜਾਂਦੀ ਹੈ, ਜੋ ਸਾਨੂੰ ਸਮਾਜ ਵਿਚ ਨਿੱਤ ਤੁਰਦੇ ਫਿਰਦੇ ਨਜ਼ਰ ਆਉਂਦੇ ਹਨ। ਇਨ੍ਹਾਂ ਵਿਚ ਖਾਸ ਤੌਰ 'ਤੇ ਦਲਿਤ

**ਜਤਿੰਦਰ ਸਿੰਘ**

ਤੇ ਘੱਟ ਗਿਣਤੀਆਂ ਦੇ ਲੋਕ ਹਨ। ਇਨ੍ਹਾਂ ਤੋਂ ਇਲਾਵਾ ਸਮਾਜ ਵਿਚ ਅਜਿਹੇ ਵਰਗ ਵੀ ਹਨ ਜੋ ਅਣਹੋਏ ਹੋਣ ਦੇ ਨਾਲ-ਨਾਲ ਅਣਗੌਲੇ ਵੀ ਹਨ। ਇਨ੍ਹਾਂ ਵਿਚ ਖਾਸ ਤੌਰ 'ਤੇ ਮੰਟੋ ਦੀ ਕਹਾਣੀ 'ਟੋਭਾ ਟੇਕ ਸਿੰਘ' ਉਤੇ ਬਣੀਆਂ ਇਸੇ ਨਾਂ ਦੀਆਂ ਦੋ ਫਿਲਮਾਂ ਹਨ, ਜਿਨ੍ਹਾਂ ਦਾ ਨਿਰਦੇਸ਼ਨ ਡਾ. ਸ਼ਕਤੀ ਪ੍ਰਭਾ ਤੇ ਕੇਤਨ ਮਹਿਤਾ ਨੇ ਕੀਤਾ ਅਤੇ 'ਬੇਗਮਜਾਨ' ਜਿਸ ਦੀ ਕਹਾਣੀ ਸੁਮੇਰ ਮਲਿਕ ਦੀ ਲਿਖੀ ਹੈ ਤੇ ਨਿਰਦੇਸ਼ਨ ਸਰੀਜੀਤ ਮੁਖਰਜੀ ਨੇ ਕੀਤਾ ਹੈ, ਸ਼ਾਮਲ ਹਨ। ਇਨ੍ਹਾਂ ਫਿਲਮਾਂ ਦੇ ਕਿਰਦਾਰਾਂ ਦੀ ਆਪਸੀ ਸਾਂਝ ਇਹ ਹੈ ਕਿ ਇਨ੍ਹਾਂ ਦੋਹਾਂ ਯਾਨਿ ਪਾਗਲਾਂ ਅਤੇ ਵੇਸਵਾਵਾਂ ਨੂੰ ਸਮਾਜ ਵਿਚ ਕਿਧਰੇ ਵੀ ਕੋਈ ਸਥਾਨ ਨਹੀਂ ਦਿਤਾ ਗਿਆ।

ਇਹ ਫਿਲਮਾਂ ਵੰਡ ਦੇ ਸੰਤਾਪ ਦੀ ਉਪਜ ਹਨ। ਜੇ ਪਹਿਲੀ ਕਿਰਤ 'ਟੋਭਾ ਟੇਕ ਸਿੰਘ' ਵੰਡ ਦੌਰਾਨ ਪਾਗਲਖਾਨੇ ਵਿਚਲੇ ਸੰਵਾਦ ਨੂੰ ਰੂਪਮਾਨ ਕਰਦੀ ਹੈ ਤਾਂ ਦੂਜੀ ਵੰਡ ਤੋਂ ਉਪਜੇ ਦੁੱਖਾਂ ਦਾ ਕਹਿਰ ਹੈ ਕਿ ਔਰਤਾਂ ਆਪਣਾ ਜਿਸਮ ਵੇਚ ਕੇ ਢਿੱਡ ਭਰਦੀਆਂ ਹਨ, ਉਨ੍ਹਾਂ 'ਤੇ ਰੈਡਕਲਿਫ ਲਾਈਨ ਦਾ ਕਹਿਰ ਡਿਗਦਾ ਹੈ। ਇਸ ਤਰ੍ਹਾਂ ਦੇ ਕਈ ਘਰਾਂ ਨੂੰ ਉਜਾੜੇ ਦਾ ਖਮਿਆਜ਼ਾ ਭੁਗਤਣਾ ਪਿਆ। ਉਹ ਭਾਵੇਂ ਵੇਸਵਾਵਾਂ ਦੇ ਹੋਣ ਜਾਂ ਫਿਰ ਸਮਾਜਕ ਤਸਵੀਰ ਵਿਚ ਵਿਚਰਨ ਵਾਲੇ ਪਾਤਰ ਹੋਣ। ਮੰਟੋ ਨੇ ਬੜੀ ਸੂਖਮਤਾ ਨਾਲ ਜਾਦੂਈ ਤੇ ਮੂਰਖਪੁਣੇ ਸੰਕਲਪਾਂ ਰਾਹੀਂ ਸਮਕਾਲੀ ਸਮਾਜ ਨੂੰ ਮਾਨਸਿਕ ਤੌਰ 'ਤੇ ਅਪੰਗ ਹੋਇਆ ਦਰਸਾਇਆ ਹੈ।

'ਟੋਭਾ ਟੇਕ ਸਿੰਘ' ਫਿਲਮ ਨੂੰ ਸਮਝਦਿਆਂ ਪੰਜਾਬੀ ਫਿਲਮ 'ਚੌਥੀ ਕੂਟ' ਵੱਲ ਵੀ ਸਬੱਬੀ ਧਿਆਨ ਚਲਾ ਜਾਂਦਾ ਹੈ। ਨਿਰਦੇਸ਼ਕ ਗੁਰਵਿੰਦਰ ਸਿੰਘ ਦੋ ਕਹਾਣੀਆਂ ਨੂੰ ਇਕ ਕੈਮਰੇ ਵਿਚ ਬੰਦ ਕਰਨ ਵਿਚ ਸਫਲ ਰਿਹਾ ਹੈ। ਜਿਵੇਂ 'ਚੌਥੀ ਕੂਟ' ਫਿਲਮ ਵਰਿਆਮ ਸੰਧੂ ਦੀ ਕਹਾਣੀ 'ਚੌਥੀ ਕੂਟ' ਅਤੇ 'ਹੁਣ ਮੈਂ ਠੀਕ ਠਾਕ ਹਾਂ' ਦਾ ਸੁਮੇਲ ਹੈ, ਉਸ ਤਰ੍ਹਾਂ ਦਾ ਹੀ ਉਪਰਾਲਾ 'ਟੋਭਾ ਟੇਕ ਸਿੰਘ' ਫਿਲਮ ਵਿਚ 'ਟੋਭਾ ਟੇਕ ਸਿੰਘ' ਅਤੇ 'ਖੋਲ੍ਹ ਦੋ' ਦਾ ਕੀਤਾ ਗਿਆ ਹੈ।

ਲੇਖਕ ਦੇ ਵਿਚਾਰਾਂ ਦਾ ਪ੍ਰਭਾਵ ਉਸ ਦੀਆਂ ਵੱਖ-ਵੱਖ ਕਿਰਤਾਂ ਵਿਚ ਦੇਖਿਆ ਜਾ ਸਕਦਾ ਹੈ। ਇਹ ਵੰਡ ਤੇ ਪਾਗਲਪੁਣੇ ਦਾ ਆਪਸੀ ਪੂਰਕ ਹਨ। ਇਸ ਨੂੰ ਵਧੇਰੇ ਸਮਝਣ ਲਈ ਸਵਰਾਜਬੀਰ ਦਾ ਨਾਟਕ 'ਪੁਲ-ਸਿਰਾਤ' ਹੈ। ਇਸ ਵਿਚ ਵੰਡ ਤੋਂ ਖਪੀ-ਤਪੀ ਮੁਸਲਿਮ ਔਰਤ ਪੂਰਬੀ ਪੰਜਾਬ ਦੇ ਮਰਦ ਦਾ ਸ਼ਿਕਾਰ ਹੁੰਦੀ ਹੈ। ਉਹ ਔਰਤ ਵੰਡ ਦੇ ਦੁੱਖ ਨੂੰ ਤਾਂ ਜ਼ਰ ਜਾਂਦੀ ਹੈ, ਪਰ ਉਸ ਪਿਛੋਂ ਪੰਜਾਬ ਦੇ ਕਾਲੇ ਦਿਨਾਂ ਦੀ ਮਾਰ ਕਰਕੇ ਪਾਗਲਪੁਣੇ ਦਾ ਸ਼ਿਕਾਰ ਹੋ ਜਾਂਦੀ ਹੈ। ਇਹ ਦੌਰ ਪੰਜਾਬੀਆਂ ਨੂੰ ਅਜੇ ਤਕ ਨਹੀਂ ਭੁੱਲਾ।

ਫਿਲਮ 'ਬੇਗਮਜਾਨ' ਵਿਚ ਜੋ ਔਰਤਾਂ ਵੇਸਵਾ ਦਾ ਧੰਦਾ ਕਰਦੀਆਂ ਹਨ, ਉਨ੍ਹਾਂ ਦਾ ਸਬੰਧ ਜ਼ਿਲ੍ਹਾ ਗੁਰਦਾਸਪੁਰ ਨਾਲ ਲੱਗਦੇ ਇਲਾਕੇ ਨਾਲ ਹੈ। ਉਨ੍ਹਾਂ ਦੇ ਘਰ ਭਾਵ ਕੋਠੇ ਵਿਚੋਂ ਰੈਡਕਲਿਫ ਲਾਈਨ ਲੰਘਦੀ ਹੈ, ਜੋ ਉਨ੍ਹਾਂ ਲਈ ਸੰਕਟ ਖੜ੍ਹਾ ਕਰ ਦਿੰਦੀ ਹੈ। ਮਸਲਾ ਫਿਰ ਮੰਟੋ ਦੀ ਕਹਾਣੀ 'ਟੋਭਾ ਟੇਕ ਸਿੰਘ' ਵਰਗਾ ਖੜ੍ਹਾ ਹੋ ਜਾਂਦਾ ਹੈ। ਸਰਕਾਰਾਂ ਸੋਚਦੀਆਂ ਹਨ ਕਿ ਪਾਗਲ ਮੁਸਲਿਮ ਪਾਕਿਸਤਾਨ ਅਤੇ ਪਾਗਲ ਹਿੰਦੂ-ਸਿੱਖ ਹਿੰਦੋਸਤਾਨ ਨੂੰ ਭੇਜੇ ਜਾਣ, ਪਰ ਇੱਥੇ 'ਬੇਗਮਜਾਨ' ਫਿਲਮ ਵਿਚ ਤਾਂ ਔਰਤਾਂ ਦੀ ਪਛਾਣ ਭਾਵੇਂ ਨਾਂਵਾਂ ਕਰਕੇ ਹੋ ਜਾਂਦੀ ਹੈ, ਪਰ ਉਨ੍ਹਾਂ ਦਾ ਧਰਮ ਹੁਣ ਹਿੰਦੂ, ਮੁਸਲਿਮ ਜਾਂ ਸਿੱਖ ਨਹੀਂ ਸੀ ਰਿਹਾ, ਸਗੋਂ ਉਹ ਧਰਮ ਬਣ ਗਿਆ ਸੀ, ਜੋ ਸਮਾਜ ਵੱਲੋਂ ਪ੍ਰਵਾਨਿਤ ਨਹੀਂ ਸੀ। ਦੋਹਾਂ ਦੇਸ਼ਾਂ ਵੱਲੋਂ ਉਨ੍ਹਾਂ ਨੂੰ ਸਵੀਕਾਰਨਾ ਮੁਸ਼ਕਿਲ ਹੀ ਨਹੀਂ, ਸਗੋਂ ਨਾ ਮੁਮਕਿਨ ਕਾਰਜ ਲੱਗਦਾ ਹੈ। ਉਹ ਔਰਤਾਂ ਵੀ ਕਿਸੇ ਦੇਸ਼ ਵੱਲ ਰੁਖ ਕਰਨਾ ਨਹੀਂ ਚਾਹੁੰਦੀਆਂ। ਇਸ ਤਰ੍ਹਾਂ ਦੀ ਸਥਿਤੀ ਪੰਜਾਬੀ ਦੇ ਦੋ ਇਕਾਂਗੀਆਂ 'ਇਕ ਵਿਚਾਰੀ ਮਾਂ' (ਹਰਸਰਨ ਸਿੰਘ) ਤੇ 'ਚਿੜੀਆਂ' (ਆਤਮਜੀਤ) ਵਰਗੀ ਉਜਾਗਰ ਤਾਂ ਹੁੰਦੀ ਹੈ, ਪਰ ਇਸ ਫਿਲਮ ਦੇ ਮਾਅਨੇ ਇਨ੍ਹਾਂ ਇਕਾਂਗੀਆਂ ਤੋਂ ਵੱਖਰੇ ਨਿਕਲਦੇ ਹਨ, ਜੋ ਔਰਤ ਹੋਣ ਦਾ ਹੀ ਸੰਤਾਪ ਹਨ। ਜ਼ਿਕਰਯੋਗ ਹੈ ਕਿ ਪਾਗਲ ਤੇ ਵੇਸਵਾਵਾਂ ਨੂੰ ਨਾਟਕ, ਇਕਾਂਗੀ, ਕਹਾਣੀ ਤੇ ਫਿਲਮਾਂ ਰਾਹੀਂ ਦੇਖਿਆ ਗਿਆ ਹੈ, ਪਰ ਉਸ ਸਮੇਂ ਹਿਜੜੇ/ਸਮਲਿੰਗੀਆਂ ਦਾ ਕੀ ਹਸ਼ਰ ਹੋਇਆ? ਇਹ ਤਾਂ ਆਪਣੇ ਆਪ ਵਿਚ ਇਕ ਸਵਾਲ ਹੈ?


ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ
ਪੰਜਾਬੀ ਢਾਬਾ
Now Open
Indiana
1480 N State Road 1, Cambridge City, IN 47327.
70
Exit 137
Diesel/Gas
ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ
ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...
ਸਹੂਲਤਾਂ
ਕੀਮਤਾਂ ਬਹੁਤ ਹੀ ਵਾਜਬ !
ਪੰਜਾਬੀ ਢਾਬਾ
ਸਸਤਾ ਡੀਜ਼ਲ
Liquor, Beer & Wine
truck repair, new showers, scale.
Free Buffet
over 100 gallons
open 6am to midnight
Phone: 765-478-6300


ਅਮਰ ਕਾਰਪੈਟਸ
ਘਰਾਂ/ਦਫਤਰਾਂ ਅਤੇ ਹਰ ਤਰ੍ਹਾਂ ਦੇ ਮਕਾਨਾਂ ਵਿਚ ਵਧੀਆ ਕੁਆਲਟੀ ਦਾ ਕਾਰਪੈਟ ਸਸਤੇ ਭਾਅ ਪੁਆਓ
ਦੀਵਾਨ ਐਵਨਿਊ, ਸ਼ਿਕਾਗੋ ਵਿਚ ਕਾਰਪੈਟਸ ਦਾ ਇੱਕੋ ਇੱਕ ਸਟੋਰ ਜਿੱਥੋਂ ਤੁਸੀ ਖਰੀਦ ਸਕਦੇ ਹੋ ਬਿਲਕੁਲ ਨਵੇਂ ਡਿਜ਼ਾਈਨ ਦੇ ਰੰਗ ਹਰ ਇਕ ਕਵਾਲਿਟੀ ਵਿਚ, ਕੀਮਤਾਂ ਇਨੀਆਂ ਘੱਟ ਕਿ ਤੁਸੀਂ ਸੋਚ ਵੀ ਨਹੀਂ ਸਕਦੇ ! ਆਓ ! ਦੇਖੋ ਅਮਰ ਕਾਰਪੈਟਸ ਦਾ ਬੇਹਤਰੀਨ ਚੋਣ ਭਰਪੂਰ ਸ਼ੋਅਰੂਮ
ਅਮਰੀਕ ਸਿੰਘ
ਹਾਰਡਵੁੱਡ ਫਲੋਰ, ਹਰ ਤਰ੍ਹਾਂ ਦੇ ਫਲੋਰ ਉਪਲਬਧ
ਫਰੀ ਐਸਟੀਮੇਟ, ਆਰਡਰ ਕਰਨ ਦੇ ਅਗਲੇ ਹੀ ਦਿਨ ਕਾਰਪੈਟ ਪਾਵਾਂਗੇ
Same day service in Chicago and suburbs
Amar Carpets Inc
ਵੈਸਟਰਨ ਐਵੇਨਿਊ ਤੋਂ ਅਧਾ ਬਲਾਕ ਵੈਸਟ, 2423 W Devon Ave. Chicago IL 60659
ਕਾਲ ਕਰੋ : ਅਮਰੀਕ ਸਿੰਘ
Ph: 773-508-5253,773-507-8043, Fax: 773-508-5249


US Business Brokers Inc.
American Financing Group LLC
101 W 22nd St, Suite 111, Lombard, IL 60148
23280 Pacific Highway South, Suite 307, Kent, WA 98032
ਬਿਜਨਸ ਵੇਚਣ ਤੇ ਖਰੀਦਣ ਅਤੇ ਫਾਇਨਾਂਸ ਕਰਵਾਉਣ ਲਈ ਸੰਪਰਕ ਕਰੋ
Financing - Loans
We do all kinds of SBA & Conventional loans.
We are specialized in Gas Stations, Liquor Stores, Hotels, Convenience Stores, Motels, Apartment Buildings, Strip Plazas, Commercial Buildings, Food Franchise.
Purchase/Refinance
Lowest Rates (With or Without Real Estate)
Best Possible Mortgage Solutions For You...
HOTEL
LIQUOR
AMERICAN AFG FINANCING GROUP LLC
Contact us Buy or Sell business
AJ Sandhu (MBA)
Managing Broker/Realtor/Consultant
Licensed in IL, IN, WA
Contact us for any Financing Need Nationwide.
916-995-0783 (Cell)
425-529-6283 (Cell)
630-206-2467 (Fax)
www.ubbchicago.com aj@ubbchicago.com
• FAST APPROVAL • QUICK CLOSINGS • SBA 504 & 7A
• CONVENTIONAL LOANS • HOTELS, MOTELS
• GAS STATIONS, TRUCK STOPS • INDUSTRIAL CLIENT
• SUBWAY, DUNKIN DONUTS
• LIQUOR STORES, C-STORES, CAR WASH